ਪੈਰਿਸ ਤੋਂ ਪਟਿਆਲਾ
ਦਰਦ ਵਿਛੋੜੇ ਦੀਆਂ ਚਿੱਠੀਆਂ

ਹਰਦੇਵ ਸਿੰਘ ਵਿਰਕ

ਅਨੁਵਾਦਕ ਦੀ ਕਲਮ ਤੋਂ:

- ਬ੍ਰਹਿਮੰਡੀ ਕਿਰਣਾਂ ਦੀ ਕਹਾਣੀ
- ਸਾਡੇ ਵਿਗਿਆਨੀ
- ਵਿਗਿਆਨ ਦੇ ਕ੍ਰਿਸ਼ਮੇ
- ਗੁਰੂ ਗ੍ਰੰਥ ਸਾਹਿਬ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ (ਅੰਗ੍ਰੇਜ਼ੀ)
- ਗੁਰਬਾਣੀ ਦੀ ਸਰਲ ਵਿਆਖਿਆ
- ਪ੍ਰੋਫੈਸਰ ਪੂਰਨ ਸਿੰਘ: ਵਿਗਿਆਨੀ, ਕਵੀ ਅਤੇ ਚਿੰਤਕ
- ਸਿੱਖ ਕੌਮ ਦਾ ਦਰਦ ਅਤੇ ਸੰਤਾਪ
- ਅਮਰੀਕਾ ਕੈਨੇਡਾ ਦੀ ਯਾਤਰਾ
- ਯੂਰਪ ਦਾ ਸਫ਼ਰਨਾਮਾ
- ਮੇਰੀ ਵਿਸ਼ਵ ਯਾਤਰਾ
- ਸਿੱਖ ਧਰਮ ਅਤੇ ਵਿਗਿਆਨ
- ਮੇਰਾ ਜੀਵਨ ਸਫ਼ਰ
- ਇੱਕਵੀਂ ਸਦੀ ਦਾ ਜਫ਼ਰਨਾਮਾ

ਪੈਰਿਸ ਤੋਂ ਪਟਿਆਲਾ
ਦਰਦ ਵਿਛੋੜੇ ਦੀਆਂ ਚਿੱਠੀਆਂ

ਹਰਦੇਵ ਸਿੰਘ ਵਿਰਕ

ਪ੍ਰਕਾਸ਼ਕ
.....

ਸਮਰਪਣ

ਪਤਨੀ ਰਣਜੀਤ ਕੌਰ ਦੀ ਘਾਲਣਾ, ਮਾਤਾ ਤੇਜ ਕੌਰ ਜੀ ਦੀਆਂ ਅਸੀਸਾਂ ਅਤੇ ਆਪਣੇ ਪੁੱਤਰਾਂ ਦੀ ਯਾਦ ਨੂੰ । ਮੇਰੇ ਜੀਵਨ ਵਿਚ ਆਏ ਪਿਆਰ ਦੇ ਪਾਤਰ ਵੀ ਇਸ ਸਮਰਪਣ ਦੇ ਹੱਕਦਾਰ ਹਨ।

ਭੂਮਿਕਾ

15 ਅਕਤੂਬਰ 1965 ਨੂੰ ਮੈਂ ਪੰਜਾਬੀ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਿੱਚ ਬਤੌਰ ਇੰਸਟਰੱਕਟਰ ਐਮ.ਐਸ.ਸੀ. ਦੀ ਕਲਾਸ ਨੂੰ ਪੜਾਉਣ ਖਾਤਰ, ਸ਼ਾਮਿਲ ਹੋ ਗਿਆ। ਅਧਿਆਪਨ ਦਾ ਕੰਮ 8 ਇੰਸਟਰੱਕਟਰ ਤੇ ਤਿੰਨ ਹੋਰ ਅਧਿਆਪਕ ਕਰ ਰਹੇ ਸਨ। ਇੱਕ ਸਾਲ ਪੂਰਾ ਹੋਣ ਤੋਂ ਪਹਿਲਾਂ ਹੀ ਮੈਨੂੰ ਲੈਕਚਰਾਰ ਦੀ ਅਸਾਮੀ ਲਈ ਚੁਣ ਲਿਆ ਗਿਆ। ਮੇਰੇ ਕੋਲ ਪੀ.ਐਚ.ਡੀ. ਦੀ ਡਿਗਰੀ ਨਹੀਂ ਸੀ ਜਿਸ ਕਰਕੇ ਯੂਨੀਵਰਸਿਟੀ ਵਿੱਚ ਅਗਲੀ ਤਰੱਕੀ ਰੁਕ ਜਾਂਦੀ ਹੈ। 1965 ਤੋਂ 1970 ਦੇ ਸਾਲਾਂ ਦੌਰਾਨ ਮੈਂ ਗਿਆਨੀ ਪਾਸ ਕਰਨ ਤੋਂ ਇਲਾਵਾ ਫਰਾਂਸੀਸੀ ਅਤੇ ਰੂਸੀ ਭਾਸ਼ਾਵਾਂ ਵਿੱਚ ਵੀ ਚੰਗੀ ਮੁਹਾਰਤ ਹਾਸਲ ਕਰ ਲਈ ਸੀ। ਵਿਗਿਆਨ ਦੇ ਵਿਸ਼ਿਆਂ ਉੱਪਰ ਮੇਰੀਆਂ ਦੋ ਪਾਠ ਪੁਸਤਕਾਂ ਵੀ ਛਪ ਚੁੱਕੀਆਂ ਸਨ। ਇਸ ਦੇ ਬਾਵਜੂਦ ਮੇਰੀ ਤਮੰਨਾ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕਰਨ ਦੀ ਸੀ।

1970 ਵਿੱਚ ਮੈਂ ਫਰਾਂਸ ਸਰਕਾਰ ਦਾ ਵਜ਼ੀਫਾ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਿਆ। 5 ਅਕਤੂਬਰ 1970 ਨੂੰ ਏਅਰ ਫਰਾਂਸ ਦੇ ਜਹਾਜ਼ ਤੇ ਸਵਾਰ ਹੋ ਕੇ ਪੈਰਿਸ ਦੀ ਮੇਰੀ ਕਿਊਰੀ ਯੂਨੀਵਰਸਿਟੀ ਵਿੱਚ ਜਾ ਦਾਖਲ ਹੋਇਆ। ਇਸ ਦਾ ਵਿਸਥਾਰ ਮੇਰੀ ਆਤਮ ਕਥਾ 'ਮੇਰਾ ਜੀਵਨ ਸਫਰ' ਵਿੱਚ ਮਿਲ ਜਾਵੇ ਗਾ।

'ਪੈਰਿਸ ਤੋਂ ਪਟਿਆਲਾ: ਦਰਦ ਵਿਛੋੜੇ ਦੀਆਂ ਚਿੱਠੀਆਂ' ਦੀ ਦਾਸਤਾਨ ਵੀ ਅਜੀਬੋ-ਗਰੀਬ ਹੈ। ਮੇਰੀ ਪਤਨੀ ਰਣਜੀਤ ਕੌਰ ਨੇ ਮੇਰੀਆਂ ਚਿੱਠੀਆਂ ਸਾਂਭ ਰੱਖੀਆਂ ਸਨ ਜਦ ਕਿ ਉਸ ਵੱਲੋਂ ਲਿਖੀਆਂ ਜਵਾਬੀ ਚਿੱਠੀਆਂ ਮੈਥੋਂ ਕਿਤੇ ਗੁੰਮ ਹੋ ਗਈਆਂ। ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਜੂਨ 2002 ਵਿੱਚ ਰਿਟਾਇਰ ਹੋ ਕੇ ਮੋਹਾਲੀ ਘਰ ਲੈ ਲਿਆ ਤਾਂ ਰਣਜੀਤ

ਕੌਰ ਦੀਆਂ ਸਾਂਭੀਆਂ ਚਿੱਠੀਆਂ ਵੀ ਮੇਰੀ ਗਲਤੀ ਕਰਕੇ ਗੁੰਮ ਹੋ ਗਈਆਂ। 2022 ਵਿੱਚ ਮੈਂ ਆਪਣੀ ਲਾਇਬਰੇਰੀ ਦੀਆਂ ਕਿਤਾਬਾਂ ਦੀ ਝਾੜ ਪੂੰਝ ਕਰ ਰਿਹਾ ਸੀ ਕਿ ਅਚਨਚੇਤ ਇੱਕ ਪਲਾਸਟਿਕ ਦਾ ਲਿਫਾਫਾ ਮੇਰੇ ਹੱਥ ਲੱਗਾ ਜਿਸ ਵਿੱਚ ਮੇਰੀਆਂ ਪੈਰਿਸ ਤੋਂ ਪਟਿਆਲੇ ਰਣਜੀਤ ਦੇ ਨਾਮ ਲਿਖੀਆਂ ਦਰਦ-ਵਿਛੋੜੇ ਦੀਆਂ ਚਿੱਠੀਆਂ ਮਿਲ ਗਈਆਂ। ਪਹਿਲੀ ਚਿੱਠੀ ਪੈਰਿਸ ਤੋਂ ਪਟਿਆਲੇ 6 ਅਕਤੂਬਰ ਨੂੰ ਲਿਖ ਭੇਜੀ ਜਿਸ ਵਿੱਚ ਸਫਰ ਦੇ ਹਾਲਾਤ ਅਤੇ ਪੈਰਿਸ ਪਹੁੰਚਣ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਤੋਂ ਅਗਲੀਆਂ ਚਿੱਠੀਆਂ ਵਿੱਚ ਆਪਣੀ ਖੋਜ ਬਾਰੇ, ਡਾਕਟਰ ਮਲਿਕ ਬਾਰੇ, ਨਵੀਆਂ ਦੋਸਤੀਆਂ ਬਾਰੇ ਅਤੇ ਸੈਰ-ਸਪਾਟੇ ਦੀਆਂ ਖਬਰਾਂ ਸਾਂਝੀਆਂ ਕੀਤੀਆਂ ਗਈਆਂ। ਮੇਰਾ ਖੋਜ ਗਾਈਡ ਇੱਕ ਚੀਨੀ ਵਿਗਿਆਨੀ ਸੀ ਅਤੇ ਮੇਰੀ ਪ੍ਰਯੋਗਸ਼ਾਲਾ ਦਾ ਡਾਇਰੈਕਟਰ ਮੈਕਸ ਮੋਰਾਂ (Max Morand) ਇੱਕ ਫਰਾਂਸੀਸੀ ਵਿਗਿਆਨੀ ਸੀ। ਬਾਕੀ ਸਾਰੇ ਸਾਥੀ ਫਰਾਂਸੀਸੀ ਮਹਿਲਾਵਾਂ ਸਨ, ਜੋ ਪੀਐਚਡੀ ਕਰ ਚੁੱਕੀਆਂ ਸਨ। ਮੇਰਾ ਵਜ਼ੀਫਾ ਤਿੰਨ ਸਾਲ ਦਾ ਸੀ ਪਰ ਮੈਂ ਆਪਣਾ ਥੀਸਿਸ ਦੋ ਸਾਲਾਂ ਵਿੱਚ ਪੂਰਾ ਕਰਕੇ ਪਟਿਆਲੇ ਪਰਤਣਾ ਚਾਹੁੰਦਾ ਸੀ।

ਮੇਰੀ ਕਾਹਲ ਦਾ ਕਾਰਣ ਮੇਰੀ ਛੁੱਟੀ ਦੋ ਸਾਲ ਦੀ ਹੋਣ ਕਰਕੇ ਸੀ। ਪ੍ਰੰਤੂ ਇਸ ਤੋਂ ਵੀ ਵੱਡਾ ਕਾਰਨ ਮੇਰੇ ਪਰਿਵਾਰ ਦੀ ਖਿੱਚ ਸੀ। ਮੈਂ ਪਟਿਆਲੇ ਆਪਣੀ ਮਾਂ, ਪਤਨੀ ਅਤੇ ਦੋ ਪੁੱਤਰਾਂ ਨੂੰ ਛੱਡ ਕੇ ਜਾ ਰਿਹਾ ਸਾਂ। ਤੀਜੇ ਪੁੱਤਰ ਦਾ ਜਨਮ ਮੇਰੇ ਪੈਰਿਸ ਪਹੁੰਚਣ ਬਾਅਦ ਹੋਇਆ ਸੀ ਜਿਸ ਕਰਕੇ ਮੇਰਾ ਧਿਆਨ ਪਰਿਵਾਰ ਦੀਆਂ ਸਮੱਸਿਆਵਾਂ ਵਿੱਚ ਹੀ ਉਲਝਿਆ ਰਹਿੰਦਾ। ਇੱਕ ਧਰਵਾਸ ਜਰੂਰ ਸੀ ਕਿ ਯੂਨੀਵਰਸਿਟੀ ਨੇ ਮੈਨੂੰ ਛੁੱਟੀ ਦੇ ਨਾਲ ਪੌਣੀ ਤਨਖਾਹ ਅਤੇ ਕੈਂਪਸ ਉੱਤੇ ਰਹਿਣ ਲਈ ਘਰ ਵੀ ਦੇ ਰੱਖਿਆ ਸੀ। ਪਰ ਮੋਹ ਦੀਆਂ ਤੰਦਾਂ ਪਟਿਆਲੇ ਤੋਂ ਪੈਰਿਸ ਪਹੁੰਚ ਕੇ ਵਧੇਰੇ ਬਲਵਾਨ ਹੋ ਕੇ ਜਕੜ ਰਹੀਆਂ ਸਨ। ਉਸ ਜਮਾਨੇ ਵਿੱਚ ਟੈਲੀਫੋਨ ਅਤੇ ਇੰਟਰਨੈਟ ਦੀ ਸਹੂਲਤ ਨਾ ਹੋਣ ਕਰਕੇ ਚਿੱਠੀਆਂ ਹੀ ਬੁੱਤਾ ਸਾਰ ਰਹੀਆਂ ਸਨ।

ਹਰ ਹਫਤੇ ਨੇਮ ਨਾਲ ਆਪਣੀ ਪਤਨੀ ਰਣਜੀਤ ਨੂੰ ਚਿੱਠੀ ਲਿਖਣੀ ਜਰੂਰੀ ਸੀ। ਕਮਾਲ ਦੀ ਗੱਲ ਹੈ ਪੈਰਿਸ ਤੋਂ ਪਟਿਆਲੇ ਤਿੰਨ ਦਿਨਾਂ ਵਿੱਚ ਚਿੱਠੀ ਪਹੁੰਚ ਜਾਂਦੀ ਸੀ। ਪਤਨੀ ਦਾ ਜਵਾਬ ਵੀ ਹਫਤੇ ਬਾਅਦ ਆ ਜਾਂਦਾ ਸੀ। ਮੈਂ ਉਸਦੀ ਮੁਸ਼ੱਕਤ ਅਤੇ ਦਲੇਰੀ ਦੀ ਦਾਦ ਦਿੰਦਾ ਹਾਂ ਜਿਸ ਨੇ ਬੱਚਿਆਂ

ਦੇ ਪਾਲਣ-ਪੋਸਣ ਅਤੇ ਘਰ ਦੀ ਸਾਂਭ-ਸੰਭਾਲ ਵਿੱਚ ਪੂਰਾ ਯੋਗਦਾਨ ਪਾਇਆ। ਮੇਰੀ ਮਾਂ ਵੀ ਉਸਦੀ ਮਦਦ ਕਰਦੀ ਰਹੀ।

ਇਹਨਾਂ ਚਿੱਠੀਆਂ ਦੇ ਵਿਸ਼ੇ ਮੇਰੇ ਜੀਵਨ ਦੀਆਂ ਗਤੀਵਿਧੀਆਂ ਨਾਲ ਓਤਪੋਤ ਹਨ। ਮੇਰੀ ਖੋਜ ਦਿਲਚਸਪ ਸੀ ਪਰ ਮੈਂ ਆਪਣੇ ਥੀਸਿਜ਼ ਵਿੱਚ ਆਪਣੇ ਚੀਨੀ ਗਾਈਡ ਦੀ ਖੋਜ ਨੂੰ ਰੱਦ ਕਰ ਦਿੱਤਾ ਜੋ ਕਿ ਬਹੁਤ ਹੀ ਜੋਖਮ ਭਰਿਆ ਕੰਮ ਸੀ। ਮੇਰਾ ਆਪਣੇ ਗੁਰੂ ਤੇ ਭਰੋਸਾ ਸੀ ਜਿਸ ਕਰਕੇ ਖੋਜ ਕੰਮ ਵਿੱਚ ਆਈਆਂ ਔਕੜਾਂ ਨੂੰ ਸਰ ਕਰ ਲਿਆ ਅਤੇ ਦੋ ਸਾਲ ਵਿੱਚ ਹੀ ਪੀ.ਐਚ.ਡੀ. ਦੀ ਡਿਗਰੀ ਹਾਸਲ ਕਰਕੇ ਪਟਿਆਲੇ ਪਰਤ ਆਇਆ।

ਪੈਰਿਸ ਜਾਣ ਤੋਂ ਪਹਿਲਾਂ ਮੇਰੇ ਘਰ ਅਖੰਡ ਪਾਠ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਕਿਰਪਾਲ ਸਿੰਘ ਨਾਰੰਗ ਵੀ ਸ਼ਾਮਿਲ ਹੋਏ। ਮੇਰੇ ਪਿਤਾ ਜੀ ਨੇ ਖਦਸ਼ਾ ਜਾਹਿਰ ਕੀਤਾ ਕਿ ਹਰਦੇਵ ਸਿੰਘ ਅੰਮ੍ਰਿਤਧਾਰੀ ਸਿੱਖ ਹੈ, ਪੈਰਿਸ ਜਾ ਕੇ ਸਿੱਖੀ ਤੋਂ ਥਿੜਕ ਨਾ ਜਾਵੇ? ਵੀ.ਸੀ. ਸਾਹਿਬ ਨੇ ਹੌਸਲਾ ਦਿੰਦੇ ਹੋਏ ਕਿਹਾ: "ਹਰਦੇਵ ਸਿੰਘ ਸਿੱਖੀ ਵਿੱਚ ਆਪ ਪਰਪੱਕ ਰਹੇਗਾ ਅਤੇ ਹੋਰਨਾਂ ਨੂੰ ਵੀ ਸਿੱਖ ਬਣਾਵੇਗਾ।" ਸੋ ਮੈਂ ਆਪਣੇ ਮਾਂ-ਬਾਪ ਦੀ ਨਸੀਹਤ ਨੂੰ ਯਾਦ ਰੱਖਿਆ ਅਤੇ ਹਮੇਸ਼ਾ ਸਿੱਖੀ ਦੀ ਚੜ੍ਹਦੀ ਕਲਾ ਵਿੱਚ ਰਹਿ ਕੇ ਜੀਵਨ ਗੁਜ਼ਾਰਿਆ।

ਮੇਰੇ ਜੀਵਨ ਦੀ ਇਹ ਵਡੰਬਨਾ ਬਣੀ ਹੈ ਕਿ ਜਿਸ ਨੇ ਪਿਆਰ ਦੇ ਦੋ ਬੋਲ ਸਾਂਝੇ ਕੀਤੇ ਮੈਂ ਉਸੇ ਦਾ ਹੋ ਗਿਆ। ਪੈਰਿਸ ਯੂਨੀਵਰਸਿਟੀ ਦੀ ਖੋਜ ਦੌਰਾਨ ਕਈ ਹਸੀਨ ਔਰਤਾਂ ਨੇ ਮੁਹੱਬਤ ਦੀ ਭੀਖ ਮੰਗੀ। ਮੇਰੀ ਸਭ ਨਾਲ ਦੋਸਤੀ ਤਾਂ ਰਹੀ ਪਰ ਕਿਸੇ ਨਾਲ ਹਮ-ਬਿਸਤਰ ਨਹੀਂ ਹੋਇਆ। ਇਸ ਪੁਸਤਕ ਦਾ ਵਧੇਰੇ ਹਿੱਸਾ ਮੇਰੇ ਪਿਆਰਾਂ ਦੀ ਕਥਾ-ਵਾਰਤਾ ਹੈ। ਮੇਰੀ ਪਤਨੀ ਨੂੰ ਹਰ ਹਫਤੇ ਆਪਣੀਆਂ ਮੁਲਾਕਾਤਾਂ ਦੀ ਕਹਾਣੀ ਸੱਚੋ-ਸੱਚ ਲਿਖ ਭੇਜਦਾ ਸਾਂ। ਉਹ ਪੂਰੀ ਜੱਟੀ ਨਿਕਲੀ ਪਰ ਕਦੇ ਕਦਾਈ ਉਸ ਦਾ ਮਨੋਬਲ ਡੋਲ ਜਾਂਦਾ ਅਤੇ ਉਹ ਰੁਸ ਜਾਂਦੀ। ਰੁਸੇ ਸੱਜਣਾਂ ਨੂੰ ਮਨਾਉਣਾ ਵੀ ਇੱਕ ਆਰਟ ਹੁੰਦਾ ਹੈ।

ਡਿਗਰੀ ਤਾਂ ਹਾਸਲ ਕਰ ਲਈ ਅਤੇ ਜੀਵਨ ਵਿੱਚ ਸਭ ਕਾਮਯਾਬੀਆਂ ਵੀ ਮਿਲੀਆਂ ਪਰ ਪਰਿਵਾਰ ਤੋਂ ਵਿਛੋੜੇ ਦਾ ਜੋ ਸੰਤਾਪ ਮੈਂ ਭੋਗਿਆ ਉਹ ਬਿਆਨ ਕਰਨਾ ਮੁਸ਼ਕਿਲ ਹੈ। ਮੇਰੇ ਬੱਚੇ ਅਜੇ ਸਕੂਲ ਵੀ ਨਹੀਂ ਜਾਣ ਲੱਗੇ

ਸਨ। ਉਹਨਾਂ ਦੀਆਂ ਤੋਤਲੀਆਂ ਗੱਲਾਂ ਸੁਣਨ ਤੋਂ ਮੈਂ ਵਾਂਝਾ ਰਹਿ ਗਿਆ। ਮੇਰੀਆਂ ਪੈਰਿਸ ਤੋਂ ਪਟਿਆਲੇ ਭੇਜੀਆਂ ਦਰਦ-ਵਿਛੋੜੇ ਦੀਆਂ ਚਿੱਠੀਆਂ, ਮੇਰੇ ਦਿਲ ਦੀ ਹੂਕ ਹਨ। ਉਮੀਦ ਹੈ ਮੇਰੇ ਪਾਠਕ ਇਸ ਹੂਕ ਦੀ ਤੀਬਰਤਾ ਨੂੰ ਸਮਝ ਕੇ ਇਸ ਪੁਸਤਕ ਦਾ ਅਧਿਅਨ ਕਰਨਗੇ।

ਹਰਦੇਵ ਸਿੰਘ

ਪੈਰਿਸ ਤੋਂ ਪਟਿਆਲਾ

ਪੈਰਿਸ
6.10.70

ਡੀਅਰ ਰਾਨੀ,

ਪਿਆਰ ਭਰੀ ਸਤਿ ਸਿਰੀ ਅਕਾਲ।

ਜਿਸ ਪੈਰਿਸ ਦੇ ਸੁਫ਼ਨੇ ਲੋਕ ਲੈਂਦੇ ਹਨ ਅੱਜ ਉਸਦੀ ਧਰਤੀ ਤੋਂ ਹੀ ਖਤ ਲਿਖ ਰਿਹਾ ਹਾਂ। ਤੈਨੂੰ ਪਾਣੀਪਤ ਭੇਜ ਕੇ ਮੈਨੂੰ ਦਿੱਲੀ ਜਾਣ ਸਾਰ ਪਤਾ ਲੱਗ ਗਿਆ ਕਿ ਲਾਲੀ ਏਅਰ ਫਰਾਂਸ (Air France) ਦੇ ਦਫਤਰ ਹੋ ਕੇ ਮੇਰਾ ਪਤਾ ਕਰ ਗਿਆ ਹੈ। ਪਰ ਮੈਂ ਪੰਜ ਵਜੇ ਤੱਕ ਉਡੀਕਿਆ ਉਹ ਮੁੜ ਕੇ ਨਾ ਆਇਆ। ਜੋ ਭੈਣ ਅਜਿੰਦਰ ਦੇ ਘਰ ਜਾ ਕੇ ਅਸੀਂ ਮਿਲ ਪਏ। ਅਤੇ ਸਾਢੇ ਅੱਠ ਵਜੇ ਏਅਰ ਫਰਾਂਸ ਦੀ ਬੱਸ ਤੇ ਸਵਾਰ ਹੋ ਕੇ ਪਾਲਮ ਏਅਰ ਪੋਰਟ ਵੱਲ ਚੱਲ ਪਏ। ਇਹ ਸਾਰਾ ਹਾਲ ਲਾਲੀ ਆ ਕੇ ਦੱਸ ਗਿਆ ਹੋਵੇਗਾ।

ਮੈਨੂੰ ਜਹਾਜ ਦੇ ਦਿੱਲੀ ਉਡਣ ਤੋਂ ਪੈਰਿਸ ਪਹੁੰਚਣ ਤੱਕ ਕਿਸੇ ਅਜ਼ੀਬ ਖੁਸ਼ੀ ਦਾ ਅਹਿਸਾਸ ਹੋ ਰਿਹਾ ਸੀ। ਸੋ ਕਿਸੇ ਗਮ ਨੂੰ ਗਲਤ ਨਹੀਂ ਕਰਨਾ ਪਿਆ। ਕਰਾਚੀ ਜਹਾਜ ਰਾਤ ਦੇ ਸਾਢੇ ਬਾਰਾਂ ਵਜੇ ਪਹੁੰਚਿਆ ਅਤੇ ਪੰਜਾਬੀ ਬੋਲੀ ਸੁਣੀ। ਉਸ ਤੋਂ ਬਾਅਦ ਬੈਰੂਤ ਦੀ ਖਤਰਨਾਕ ਏਅਰਪੋਰਟ ਤੇ ਉਤਰੇ ਜਿੱਥੋਂ ਕਈ ਜਹਾਜ਼ ਅਤਿਵਾਦੀ (ਗੁਰੀਲੇ) ਅਗਵਾ ਕਰਕੇ ਸਾੜ ਚੁੱਕੇ ਹਨ। ਜਹਾਜ ਤੋਂ ਉਤਰਣ ਦੀ ਮਨਾਹੀ ਹੋਣ ਕਰਕੇ ਕੁਝ ਡਰ ਤਾਂ ਲੱਗਾ ਪਰ ਸਭ ਠੀਕ ਠਾਕ ਸੀ। ਏਥਨਜ਼ (Athens) ਏਅਰਪੋਰਟ ਤੇ ਉਤਰਣ ਦਾ ਮੌਕਾ ਮਿਲਿਆ ਅਤੇ ਚਮਕ ਦਮਕ ਦੇਖੀ। ਏਥਨਜ਼ ਤੋਂ ਬਾਅਦ ਅਸੀਂ ਸਿੱਧਾ ਪੈਰਿਸ ਸਵੇਰੇ ਸਾਢੇ ਸੱਤ ਵਜੇ ਪਹੁੰਚੇ (ਮੇਰੀ ਘੜੀ ਤੇ ਭਾਰਤੀ ਸਮੇਂ ਅਨੁਸਾਰ 12 ਵੱਜ ਚੁਕੇ ਸਨ, ਫਰਾਂਸ ਦਾ ਸਮਾਂ ਸਾਢੇ ਚਾਰ ਘੰਟੇ ਪਿੱਛੇ ਹੈ)।

ਜਹਾਜ਼ ਵਿੱਚ ਅਰਾਮ ਅਤੇ ਸੁੱਖ ਡੀਲਕਸ ਬੱਸ ਦੀ ਸੀਟ ਵਾਂਗ ਸੀ।

ਜਿਸ ਤਰ੍ਹਾਂ ਦਿੱਲੀ ਪਹੁੰਚੀਦਾ ਹੈ ਇਸ ਤੋਂ ਵੀ ਘੱਟ ਥਕਾਨ ਹੋਈ। ਸਭ ਤੋਂ ਜਿਆਦਾ ਮੇਰੇ ਕੰਨਾਂ ਵਿੱਚ ਦਰਦ ਤੰਗ ਕਰਦਾ ਰਿਹਾ। ਜਦੋਂ ਜਹਾਜ 35,000 ਫੁੱਟ ਦੀ ਉਚਾਈ ਤੋਂ ਥੱਲੇ ਉਤਰਦਾ ਤਾਂ ਇਉਂ ਜਾਪਦਾ ਕਿ ਕੰਨ ਦਾ ਪੜਦਾ ਪਾਟ ਰਿਹਾ ਹੈ। ਸੋ ਵਾਹਿਗੁਰੂ ਨੇ ਸੁੱਖੀ ਸਾਂਦੀ ਪੈਰਿਸ ਪਹੁੰਚਾ ਦਿੱਤਾ। ਹਵਾਈ ਅੱਡੇ ਤੇ ਕੋਈ ਲੈਣ ਨਾ ਆਇਆ ਜਿਸ ਕਰਕੇ ਅਸੀਂ ਗਵਾਚੇ ਫਿਰ ਰਹੇ ਸਾਂ। ਹਵਾਈ ਅੱਡੇ ਤੋਂ ਇਕ ਅਫਰੀਕਨ ਵਿਦਿਆਰਥੀਆਂ ਦੀ ਭਰੀ ਹੋਈ ਬੱਸ ਪੈਰਿਸ ਸ਼ਹਿਰ ਵੱਲ ਜਾ ਰਹੀ ਸੀ। ਮੈਂ ਅਤੇ ਮੇਰਾ ਭਾਰਤੀ ਸਾਥੀ, ਜੋ ਦਿੱਲੀ ਤੋਂ ਮੇਰੇ ਜਹਾਜ ਵਿੱਚ ਉਡਿਆ ਸੀ, ਇਸ ਬੱਸ ਤੇ ਸਵਾਰ ਹੋ ਗਏ। ਜਦੋਂ ਬੱਸ ਸਟੂਡੈਂਟਸ ਹੋਮ (Students Home) ਪਹੁੰਚ ਗਈ ਤਾਂ ਸਾਨੂੰ ਬਗੈਰ ਕਿਸੇ ਹੀਲ ਹੁੱਜਤ ਦੇ ਹਬਸ਼ੀਆਂ ਦੇ ਨਾਲ ਰਹਿਣ ਲਈ ਕਮਰਾ ਮਿਲ ਗਿਆ। ਸਾਡੇ ਵਾਂਗ ਹੀ ਇਹ ਵਿਦਿਆਰਥੀ ਪੈਰਿਸ ਪੜ੍ਹਾਈ ਕਰਨ ਲਈ ਪਹੁੰਚੇ ਸਨ।

ਅੱਜ ਅਸੀਂ ਆਪਣੇ ਵਜ਼ੀਫੇ ਦੇ ਪੈਸੇ ਲੈ ਕੇ, ਪੈਰਿਸ ਘੁੰਮ ਕੇ, ਕੱਲ੍ਹ ਸਵੇਰੇ 8 ਵਜੇ ਰੇਆਨ (Rayon) ਸ਼ਹਿਰ ਵੱਲ ਚੱਲ ਪਵਾਂਗੇ। ਇਹ ਪੈਰਿਸ ਤੋਂ 500 ਮੀਲ ਦੂਰ ਹੈ ਅਤੇ ਫਰਾਂਸੀਸੀ ਭਾਸ਼ਾ ਦਾ ਕੋਰਸ ਉਥੇ ਹੀ ਕਰਨਾ ਹੈ। ਹੁਣੇ ਹੀ ਇਕ ਭਾਰਤੀ ਵਿਦਿਆਰਥੀ ਮਿਲਿਆ ਜਿਸ ਨੇ ਸਾਰਾ ਪਤਾ ਦੱਸਿਆ ਹੈ। ਅੰਗਰੇਜ਼ੀ ਕੋਈ ਸਮਝਦਾ ਨਹੀਂ। ਹਰ ਦਫਤਰ ਵਿੱਚ ਕੁੜੀਆਂ ਹੀ ਕੰਮ ਕਰਦੀਆਂ ਹਨ ਜੋ ਮਾੜੀ ਮੋਟੀ ਅੰਗਰੇਜ਼ੀ ਬੋਲ ਕੇ ਮੱਦਦ ਕਰਦੀਆਂ ਹਨ। ਜਹਾਜ ਵਿੱਚ ਅਤੇ ਪੈਰਿਸ ਦੀਆਂ ਗਲੀਆਂ ਵਿੱਚ ਇਕੱਲਾ ਸਰਦਾਰ ਹੀ ਘੁੰਮਦਾ ਨਜ਼ਰ ਆਉਂਦਾ ਹੈ। ਹਰ ਕੋਈ ਹੈਰਾਨੀ ਨਾਲ ਮੇਰੀ ਪਗੜੀ ਵੱਲ ਵੇਖਦਾ ਹੈ।

ਅੱਜ ਸਵੇਰੇ ਇਸ਼ਨਾਨ ਕਰਨ ਲੱਗਿਆ ਆਪਣਾ ਪਿੰਡਾਂ ਹੀ ਸਾੜ ਲਿਆ। ਮੈਨੂੰ ਨਹੀਂ ਸੀ ਪਤਾ ਕਿ ਗਰਮ ਅਤੇ ਠੰਡਾ ਪਾਣੀ ਇਕੋ ਟੂਟੀ ਵਿੱਚੋਂ ਆਉਂਦਾ ਹੈ। ਰੈਸਤੋਰਾਂ ਵਿੱਚ ਦੁਪਹਿਰ ਦਾ ਭੋਜਨ ਖਾਣ ਗਏ ਤਾਂ ਭੁੱਖੇ ਹੀ ਰਹਿਣਾ ਪਿਆ। ਸਾਰੇ ਵਿਦਿਆਰਥੀ ਮਾਸਾਹਾਰੀ ਭੋਜਨ ਖਾ ਰਹੇ ਸਨ। ਨਾਲ ਦੇ ਮੇਜ ਤੇ ਬੀਫ (ਗਊ ਦਾ ਮਾਸ) ਖਾ ਰਹੇ ਸਨ। ਸਲਾਦ ਅਤੇ ਡਬਲ ਰੋਟੀ ਖਾ ਕੇ ਗੁਜਾਰਾ ਕੀਤਾ। ਮੇਰਾ ਸਾਥੀ ਤਾਂ ਬੀਫ ਦਾ ਅਨੰਦ ਲੈ ਰਿਹਾ ਸੀ ਪਰੰਤੂ ਮੈਂ ਤਾਂ ਬਚਪਨ ਤੋਂ ਹੀ ਸ਼ਾਕਾਹਾਰੀ ਭੋਜਨ ਦਾ ਆਦੀ ਹਾਂ। ਰੇਆਨ ਜਾ ਕੇ ਕੋਈ ਇੰਤਜਾਮ ਕਰਾਂਗੇ। ਜਹਾਜ ਵਿੱਚ ਤਾਂ ਕੋਈ ਸਮੱਸਿਆ ਨਹੀਂ ਆਈ।

ਵੈਸੇ ਜਿੰਨਾ ਚਾਅ ਹੁੰਦਾ ਹੈ, ਅਸਲ ਓਹੋ ਜਿਹਾ ਨਹੀਂ ਹੁੰਦਾ। ਆਪਣੇ ਦੇਸ਼ ਦੀ ਹੋਰ ਗੱਲ ਹੈ। ਬਿਗਾਨੇ ਦੇਸ਼ ਵਿੱਚ ਉਹ ਸਹੂਲਤ ਨਹੀਂ ਲੱਭਦੀ। ਇਥੇ ਹੈਰਾਨੀ ਦੀ ਗੱਲ ਹੈ ਕਿ ਸਰਦਾਰ ਮੁੰਡਿਆਂ ਦੀ ਬੜੀ ਕਦਰ ਕਰਦੇ ਹਨ (ਕੁੜੀਆਂ ਖਾਸ ਤੌਰ ਤੇ)। ਜੇਕਰ ਰਾਜਾ ਅਤੇ ਬੱਬਲ (ਮੇਰੇ ਪੁੱਤਰ) ਚਾਹੁਣ ਤਾਂ ਇਕ ਦੀ ਥਾਂ ਦਸ ਮੇਮਾਂ ਤਿਆਰ ਹੋ ਜਾਣ। ਪੈਰਿਸ ਦੀਆਂ ਸੜਕਾਂ ਅਤੇ ਲੋਕ ਸੋਹਣੇ ਹਨ। ਰੇਆਨ ਦਾ ਹਾਲ ਪਰਸੋਂ ਜਾ ਕੇ ਲਿਖਾਂਗਾ ਅਤੇ ਨਵਾ ਪਤਾ ਵੀ ਭੇਜਾਂਗਾ।

ਮਾਤਾ ਜੀ ਨੂੰ ਪੁੱਤਰ ਵੱਲੋਂ ਯਾਦ ਭੇਜੀ ਜਾਂਦੀ ਹੈ। ਜਿੰਦਗੀ ਦੇ ਹਰ ਮੋੜ ਤੇ ਗੁਰੂ ਅਤੇ ਮਾਂ ਦੀ ਮਿਹਰ ਮੰਗਦਾ ਰਹਾਂਗਾ। ਘਰ ਵਿੱਚ ਗੁਰੂ (ਗ੍ਰੰਥ ਸਾਹਿਬ) ਦੀ ਸੇਵਾ ਵਿੱਚ ਕੋਈ ਕਮੀ ਨਾ ਆਵੇ। ਬੱਚਿਆਂ ਨੂੰ ਉਦਾਸ ਨਾ ਹੋਣ ਦੇਣਾ। ਪੈਰਿਸ ਹਰ ਪਾਸਿਉਂ ਮਹਿੰਗਾ ਸ਼ਹਿਰ ਹੈ, ਰੋਟੀ ਕੱਪੜਾ ਅਤੇ ਹਰ ਚੀਜ਼। ਟੈਰੀਲੀਨ ਸਸਤੀ ਹੈ। ਉਮੀਦ ਹੈ 300 ਫਰੈਂਕ ਵਿੱਚ ਗੁਜਾਰਾ ਹੋ ਸਕੇਗਾ (1970 ਵਿੱਚ ਫਰੈਂਕ ਅਤੇ ਰੁਪਿਆ ਬਰਾਬਰ ਮੁੱਲ ਦੇ ਸਨ)। ਰੇਆਨ ਇਕ ਕਸਬਾ ਹੈ। ਕੁਝ ਦੇਰ ਬਾਅਦ ਓਪਰਾਪਨ ਦੂਰ ਹੋ ਗਿਆ, ਫਰੈਂਚ ਭਾਸ਼ਾ ਆ ਗਈ ਤਾਂ ਸਭ ਠੀਕ ਹੋ ਜਾਵੇਗਾ।

ਅੱਜ ਸਵੇਰ ਤੋਂ ਬਾਰਸ਼ ਹੋ ਰਹੀ ਹੈ ਪਰ ਠੰਡ ਬਹੁਤੀ ਨਹੀਂ। ਤਾਪਮਾਨ 18 ਡਿਗਰੀ ਸੈਂਟੀਗਰੇਡ ਅਤੇ ਮੌਸਮ ਨਵੰਬਰ ਵਰਗਾ। ਆਪਣੇ ਆਂਢ ਗੁਵਾਂਢ ਨੂੰ ਮੇਰੀ ਯਾਦ ਕਰਵਾ ਦੇਣਾ। ਸਤਿਕਾਰ ਸਹਿਤ ਸਭ ਨੂੰ ਸਤਿ ਸਿਰੀ ਅਕਾਲ ਭੇਜਦਾ ਹਾਂ।

ਤੇਰਾ

ਹਰਦੇਵ ਸਿੰਘ ਵਿਰਕ

ਪੈਰਿਸ
20.10.70

ਡੀਅਰ ਰਾਨੀ,

ਪਿਆਰ ਭਰੀ ਸਤਿ ਸਿਰੀ ਅਕਾਲ।

ਤੁਹਾਡੇ ਵਾਂਗ ਮੈਂ ਵੀ ਹਰ ਰੋਜ਼ ਆਪਣੇ ਲੈਟਰ ਬੌਕਸ ਨੂੰ ਵੇਖਦਾਂ ਤਾਂ ਖਾਲੀ ਹੀ ਮਿਲਦਾ ਹੈ। ਅੱਜ ਪੱਕੀ ਉਮੀਦ ਸੀ ਅਤੇ ਸ਼ਾਮ ਨੂੰ ਆ ਕੇ ਵੇਖਿਆ ਤਾਂ ਤਿੰਨ ਪੱਤਰ ਪਏ ਹਨ। ਗੁਰਬਖਸ਼ ਅਤੇ ਮਨਜੀਤ ਦਾ ਅਮਰੀਕਾ ਤੋਂ ਮੇਰੇ ਖਤ ਦਾ ਜਵਾਬ ਵੀ ਆ ਗਿਆ। ਪਰਸੋਂ ਮਨਮੋਹਣ ਦਾ ਖਤ ਆਇਆ, ਪੜ੍ਹਕੇ ਬੜੀ ਖੁਸ਼ੀ ਹੋਈ। ਉਹ ਜਰਮਨੀ ਵਿੱਚ ਹੈ ਜੋ ਇਸ ਤਰ੍ਹਾਂ ਹੈ ਕਿ ਜਿਵੇਂ ਦਿੱਲੀ ਤੋਂ ਜੱਬਲਪੁਰ ਜਾ ਆਵੋ। ਇੱਥੋਂ 100 ਰੁਪਏ (ਫਰੈਂਕ) ਕਰਾਇਆ ਹੈ।

ਵੀ.ਸੀ. (ਕ੍ਰਿਪਾਲ ਸਿੰਘ ਨਾਰੰਗ) ਪਹਿਲੇ ਦਿਨ ਇੰਡੀਅਨ ਐਂਬੇਸੀ ਵਿੱਚ ਮਿਲ ਗਿਆ। ਬਾਅਦ ਵਿੱਚ ਉਸ ਦੇ ਹੋਟਲ ਮਿਲਣ ਗਿਆ ਅਤੇ ਉਸ ਦੀਆਂ ਪੱਗਾਂ ਦੀ ਪੂਣੀ ਕਰਵਾ ਕੇ ਆਇਆ। ਉਹਨਾਂ ਮੇਰੇ ਵਰਗਾ ਇਕ ਚਮੜੇ ਦਾ ਬੈਗ ਵੀ ਖਰੀਦਿਆ ਜਿਸ ਤੇ 150 ਰੁਪਏ (ਫਰੈਕ) ਖਰਚ ਹੋ ਗਏ। ਪਾਣੀ ਦੀ ਬੋਤਲ ਲਈ ਤਾਂ ਤਿੰਨ ਰੁਏ (ਸ਼ੁੱਧ ਪਾਣੀ ਸ਼ਰਾਬ ਦੇ ਭਾਅ ਹੀ ਮਿਲਦਾ ਹੈ)। ਸੋ ਕਹਿ ਰਹੇ ਸਨ ਕਿ ਪੈਰਿਸ ਤੋਂ ਕੋਈ ਚੀਜ਼ ਖਰੀਦ ਕੇ ਨਹੀਂ ਲੈ ਜਾ ਸਕਦੇ। ਰੋਟੀ ਦੀ ਸਮੱਸਿਆ ਵੀ ਹੈ ਪਰ ਉਹ ਹੋਟਲ ਵਿੱਚ 30 ਕੁ ਰੁਪਏ ਵਿੱਚ ਸ਼ਾਕਾਹਾਰੀ ਭੋਜਨ ਕਰ ਲੈਂਦੇ ਹਨ। ਇਸ ਹਫਤੇ ਨਹੀਂ ਗਿਆ ਸ਼ਾਇਦ ਕੱਲ੍ਹ ਹੋ ਕੇ ਆਵਾਂ। ਮਨਮੋਹਣ ਸਿੰਘ ਵੀ ਸ਼ਾਇਦ ਵੀ.ਸੀ. ਨੂੰ ਮਿਲਣ ਮੇਰੇ ਕੋਲ ਆਵੇ। ਮੈਂ ਉਸਨੂੰ ਟੇਪ ਰੀਕਾਰਡਰ ਲਿਆਉਣ ਲਈ ਕਿਹਾ ਹੈ ਅਤੇ ਉਹ ਜਰੂਰ ਲਿਆਵੇਗਾ।

ਪੈਰਿਸ ਸਭ ਤੋਂ ਮਹਿੰਗਾ ਸ਼ਹਿਰ ਹੈ। ਲੋਕੀਂ ਜਰਮਨ ਤੋਂ ਈਲੈਕਟ੍ਰੋਨਿਕਸ ਦਾ ਸਮਾਨ, ਇੰਗਲੈਂਡ ਤੋਂ ਕੱਪੜੇ ਅਤੇ ਸਵਿਰਜ਼ਰਲੈਂਡ ਤੋਂ ਘੜੀਆਂ ਅਤੇ ਕੈਮਰੇ ਲੈ ਕੇ ਆਉਂਦੇ ਹਨ। ਪੈਰਿਸ ਵਿੱਚ ਸਿਰਫ ਖੁਰਾਕ ਹੀ ਚੰਗੀ ਮਿਲ ਸਕਦੀ ਹੈ ਜਾਂ ਵੰਨ ਸੁਵੰਨੀਆਂ ਮੇਮਾਂ। ਮੈਂ ਹੈਰਾਨ ਹੁੰਦਾ ਹਾਂ ਕਿ ਗਿੱਲ (ਹਰਜੀਤ ਗਿੱਲ) ਦੀ ਮੇਮ ਪਤਾ ਨਹੀਂ ਕਿਹੜੇ ਮੁਹੱਲੇ ਦੀ ਹੋਵੇਗੀ, ਇੱਥੇ ਤਾਂ ਰੂਪ ਅਤੇ ਜਵਾਨੀ ਦਾ ਲੋਹੜਾ ਹੀ ਆਇਆ ਹੋਇਆ ਹੈ। ਮੇਰੀ ਲੈਬ ਵਿੱਚ ਵੀਅਤਨਾਮੀ

ਕੁੜੀ ਅਸਿਸਟੈਂਟ ਹੈ ਜੋ ਆਪਣੇ ਦੋਸਤ ਦੀ ਕਾਰ ਵਿੱਚ ਆਉਂਦੀ ਹੈ ਅਤੇ ਨਖਰਾ ਬਹੁਤ ਕਰਦੀ ਹੈ ਜਦ ਕਿ ਰੂਪ ਤੋਂ ਸੱਖਣੀ ਹੈ।

ਲੋਕ ਕਹਿੰਦੇ ਹਨ ਪੈਰਿਸ ਤਾਂ ਫੈਸ਼ਨ ਦਾ ਘਰ ਹੈ ਪਰ ਇੱਥੇ ਤਾਂ ਕੁੜੀਆਂ ਮੁੰਡੇ ਲਵਾਰਸਾਂ ਵਾਂਗ ਫਿਰਦੇ ਨਜ਼ਰ ਆਉਂਦੇ ਹਨ। ਸਵੇਰੇ ਮੂੰਹ ਧੋਣ ਬਗੈਰ ਹੀ ਸਾਰੀਆਂ ਕੁੜੀਆਂ ਸਿਰ ਖਿਲਾਰੇ ਕਲਾਸ ਵਿੱਚ ਆ ਜਾਂਦੀਆਂ ਹਨ। ਕਿਸੇ ਦੀ ਦਾੜੀ ਖੁੱਲੀ ਕਿਸੇ ਦਾ ਸਿਰ। ਮੈਂ ਵੀ ਹਰ ਦੂਜੇ ਦਿਨ ਦਾੜ੍ਹੀ ਖੋਲ ਕੇ ਹੀ ਜਾਂਦਾ ਹਾਂ, ਕੋਈ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਲੋਕ ਕਹਿੰਦੇ ਹਨ ਜੇ ਸਿਰ ਖੋਲ੍ਹ ਕੇ ਜਾਵਾਂ ਤਾਂ ਅਸਲੀ ਫਰਾਂਸੀਸੀ (French) ਲੱਗਾਗਾਂ ਅਤੇ ਕੋਈ ਵੀ ਵੇਖੇਗਾ ਨਹੀਂ। ਜਿਆਦਾ ਮੇਰੀ ਪੱਗ ਕਰਕੇ ਇਹ ਲੋਕ ਖਿੱਚੇ ਜਾਂਦੇ ਹਨ। ਹਰ ਸਮੇਂ ਮੈਟਰੋ ਗੱਡੀ ਵਿੱਚ ਸਫ਼ਰ ਕਰੀਦਾ ਹੈ ਅਤੇ ਭਾਂਤ ਭਾਂਤ ਦੇ ਲੋਕ ਟੱਕਰ ਜਾਂਦੇ ਹਨ। ਹਰ ਮਿੰਟ ਗੱਡੀ ਚੱਲਦੀ ਹੈ ਅਤੇ ਸਾਰਾ ਸ਼ਹਿਰ ਮੈਟਰੋ ਵਿੱਚ ਘੁੰਮ ਸਕਦੇ ਹਾਂ।

ਪੈਰਿਸ ਦੇ ਅੰਦਰਲੇ ਹਿੱਸੇ ਵਿੱਚ ਪੁਰਾਣਾ ਸ਼ਹਿਰ ਵੇਖਿਆ ਜੋ ਕਿ ਪਟਿਆਲੇ ਵਾਂਗ ਹੀ ਲੱਗਾ। ਗਲੀਆਂ ਵਿੱਚ ਸੜਕਾਂ ਪੁਰਾਣੇ ਪੱਥਰ ਜੋੜ ਕੇ ਬਣਾਈਆਂ ਹਨ ਜੋ ਚੰਡੀਗੜ੍ਹ ਦੇ ਮੁਕਾਬਲੇ ਘਟੀਆ ਜਾਪਦੀਆਂ ਹਨ। ਪਰ ਜੋ ਫਰਕ ਲੋਕਾਂ ਦਾ ਹੈ ਉਹ ਸਾਡੇ ਦੇਸ਼ ਵਿੱਚ ਸੌ ਸਾਲ ਬਾਅਦ ਭਾਵੇਂ ਠੀਕ ਹੋ ਜਾਵੇ। ਹਰ ਕੰਮ ਮਸ਼ੀਨਾਂ ਨਾਲ ਹੁੰਦਾ ਹੈ। ਪੈਸੇ ਪਾਵੋ, ਪਹਿਲਾਂ ਗਲਾਸ ਡਿੱਗੇਗਾ ਅਤੇ ਫਿਰ ਚਾਹ ਜਾਂ ਕੋਕਾ ਕੋਲਾ ਆਪ ਹੀ ਭਰ ਜਾਵੇਗਾ। ਸਭ ਥਾਂ ਲੇਡੀਜ਼ (ਔਰਤਾਂ) ਕੰਮ ਕਰਦੀਆਂ ਹਨ ਇਹੋ ਕਾਰਨ ਹੈ ਕਿ ਇਹ ਦੇਸ਼ ਤਰੱਕੀ ਕਰ ਰਹੇ ਹਨ। ਮੇਰੇ ਕਮਰੇ 'ਚ ਸਫਾਈ ਵਾਲੀ ਔਰਤ (Chamber maid) 65 ਸਾਲ ਦੀ ਹੈ ਅਤੇ ਸਵੇਰੇ ਅੱਠ ਵਜੇਂ ਤੋਂ ਸ਼ਾਮ ਛੇ ਵਜੇ ਤੱਕ ਲਗਾਤਾਰ ਕੰਮ ਕਰਦੀ ਹੈ । ਉਸ ਨੂੰ 1500 ਰੁਪਏ (ਫਰੈਂਕ) ਤਨਖਾਹ ਮਿਲਦੀ ਹੈ ਅਤੇ ਕੰਮ ਨੂੰ ਪੂਰੀ ਲਗਨ ਨਾਲ ਕਰਦੀ ਹੈ। ਕਈ ਔਰਤਾਂ ਮਰਦਾਂ ਤੋਂ ਵਧੇਰੇ ਕਮਾਂਦੀਆਂ ਹਨ ਅਤੇ ਆਪਣੀ ਕਾਰ ਤੇ ਆਉਂਦੀਆਂ ਹਨ। ਸਾਡਾ ਪ੍ਰੋਫੈਸਰ 5000 ਰੁਪਏ ਮਹੀਨਾ ਤਨਖਾਹ ਲੈਂਦਾ ਹੈ। ਕਈ ਪ੍ਰੋਫੈਸਰਾਂ ਦੀਆਂ ਘਰਵਾਲੀਆਂ ਲੈਬ ਵਿੱਚ ਕਲਰਕ ਜਾਂ ਟੈਕਨੀਕਲ ਅਸਿਸਟੈਂਟ ਦਾ ਕੰਮ ਕਰਦੀਆਂ ਹਨ। ਸਾਡੇ ਤਾਂ ਸਰਕਾਰੀ ਬਾਬੂ (ਕਲਰਕ) ਦੀ ਜਨਾਨੀ ਵੀ ਮਜਾਜਣ ਹੋ ਜਾਂਦੀ ਹੈ।

ਮੈਂ ਆਪਣੇ ਆਪ ਨੂੰ ਕੋਸਦਾ ਸੀ ਕਿ ਨਵਾਂ ਬੱਚਾ ਆ ਰਿਹਾ ਹੈ ਅਤੇ ਮੇਰੀ ਭੁੱਲ ਕਾਰਨ ਤੈਨੂੰ ਦੁੱਖ ਤਕਲੀਫ ਸਹਿਣੀ ਪੈ ਰਹੀ ਹੈ। ਪਰ ਉਮੀਦ ਹੈ ਤੂੰ

ਮੁਆਫ ਕਰ ਦੇਵੇਂਗੀ ਕਿਉਂਕਿ ਤੂੰ ਭਾਰਤ ਦੀ ਔਰਤ ਹੈਂ ਜੋ ਹਰ ਦੁੱਖ ਤਕਲੀਫ ਖਿੜੇ ਮੱਥੇ ਸਹਿਣ ਨੂੰ ਤਿਆਰ ਹੋ ਜਾਂਦੀ ਹੈ। ਵਾਹਿਗੁਰੂ ਦਾ ਸ਼ੁਕਰ ਕਰੋ ਜੋ ਹਰ ਸਮੇਂ ਸਹਾਈ ਹੋ ਰਿਹਾ ਹੈ। ਇੱਥੇ ਵੀ ਸਭ ਹੈਰਾਨ ਹਨ ਕਿ ਵਾਹਿਗੁਰੂ ਦੀ ਕ੍ਰਿਪਾ ਸਦਕਾ ਪ੍ਰੋ. ਹਰਬੰਸ ਸਿੰਘ ਹੋਰਾਂ ਦੀ ਚਿੱਠੀ ਨੇ ਮੇਰਾ ਇਕ ਸਾਲ ਬਚਾ ਦਿੱਤਾ ਹੈ। ਸ਼ਾਮ ਲਾਲ ਮਲਿਕ ਨੇ ਮੇਰੇ ਲਈ ਖੋਜ ਦਾ ਪ੍ਰਬੰਧ ਪੈਰਿਸ ਯੂਨੀਵਰਸਿਟੀ ਵਿੱਚ ਹੀ ਕਰ ਦਿੱਤਾ ਹੈ। ਰੇਆਨ ਜਾਣ ਦੀ ਲੋੜ ਨਹੀਂ ਪਈ ਅਤੇ ਫਰਾਂਸੀਸੀ ਭਾਸ਼ਾ ਪੈਰਿਸ ਵਿੱਚ ਹੀ ਸਿੱਖ ਲਵਾਂਗਾ। ਮੇਰੀ ਖੁਸ਼ ਕਿਸਮਤੀ ਹੈ ਕਿ ਆਉਣ ਸਾਰ ਇੰਡੀਅਨ ਹੋਸਟਲ ਵਿੱਚ ਕਮਰਾ ਮਿਲ ਗਿਆ, ਵਜ਼ੀਫਾ 500 ਤੋਂ 750 ਫਰੈਂਕ ਹੋ ਗਿਆ ਅਤੇ ਸਿੱਖ ਹੋਣ ਕਰਕੇ ਹਰ ਦਫਤਰ ਅਤੇ ਦੁਕਾਨ ਵਿੱਚ ਆਦਰ ਸਤਿਕਾਰ ਮਿਲ ਰਿਹਾ ਹੈ।

ਪਗੜੀ ਕਾਰਨ ਇਕ ਤਕਲੀਫ ਜ਼ਰੂਰ ਹੋਈ। ਫਰਾਂਸੀਸੀ ਲੋਕ ਚਰਚ, ਰੈਸਤੋਰਾਂ ਅਤੇ ਸਿਨੇਮਾ ਘਰਾਂ ਜਾਂ ਥੀਏਟਰ ਵਿੱਚ ਟੋਪੀ ਲਾਹ ਕੇ ਬੈਠਦੇ ਹਨ। ਸਿਰ ਕੱਜਣਾ ਇੱਥੋਂ ਦੀ ਤਹਿਜ਼ੀਬ ਦੇ ਵਿਰੁੱਧ ਹੈ। ਜਦੋਂ ਮੈਂ ਰੈਸਤੋਰਾਂ ਵਿੱਚ ਖਾਣਾ ਖਾਣ ਜਾਂਦਾ ਹਾਂ ਤਾਂ ਸਾਰੇ ਵਿਦਿਆਰਥੀ 'ਸ਼ਾਪੋ ਸ਼ਾਪੋ' ਦਾ ਰੌਲਾ ਪਾਉਣ ਲੱਗਦੇ ਹਨ। ਉਹ ਮੇਰੀ ਪਗੜੀ ਨੂੰ ਇਕ ਟੋਪੀ ਹੀ ਸਮਝਦੇ ਹਨ। ਹਫਤਾ ਭਰ ਇਹ ਸ਼ੋਰ ਸ਼ਰਾਬਾ ਚੱਲਦਾ ਰਿਹਾ। ਹੁਣ ਉਹ ਸਮਝ ਗਏ ਹਨ ਕਿ ਮੈਂ ਇਕ ਸਿੱਖ ਹਾਂ ਅਤੇ ਮੇਰੀ ਪਗੜੀ ਮੇਰੇ ਧਾਰਮਿਕ ਲਿਬਾਸ ਦਾ ਹਿੱਸਾ ਹੈ। ਪਹਿਲਾਂ ਉਹ ਮੈਨੂੰ ਮੁਸਲਮਾਨ, ਪਾਦਰੀ, ਜਾਂ ਕੋਈ ਹਿੰਦੂ ਸਮਝਦੇ ਸਨ। ਹੈਰਾਨੀ ਦੀ ਗੱਲ ਹੈ ਕਿ ਕਿਸੇ ਨੇ ਸਾਡੇ ਧਰਮ ਜਾਂ ਗੁਰੂਆਂ ਬਾਬਤ ਨਹੀਂ ਸੁਣਿਆ। ਇਸ ਵਿੱਚ ਸਾਡੇ ਸਿੱਖਾਂ ਦਾ ਹੀ ਕਸੂਰ ਹੈ। ਇਕ ਦਿਨ ਇਕ ਕੁੜੀ ਨੇ ਭੀੜ ਵਿੱਚੋਂ ਭੱਜ ਕੇ ਮੇਰੇ ਨਾਲ ਹੱਥ ਮਿਲਾਇਆ। ਉਹ ਕਹਿੰਦੀ ਉਸ ਦਾ ਦੋਸਤ 'ਹਰਬੰਸ ਸਿੰਘ' ਦਿੱਲੀ ਦਾ ਸਿੱਖ ਹੈ। ਦੁਕਾਨ ਦੀ ਸੇਲਜ਼ ਗਰਲ ਦਹੀਂ ਦਾ ਡੱਬਾ ਵਿਖਾ ਕੇ ਕਹਿੰਦੀ 'ਇਹ ਲੱਸੀ ਹੈ', ਤੇਰੇ ਲਈ ਪੇਸ਼ ਕਰਦੀ ਹਾਂ।

ਅੱਛਾ ਹੋਇਆ ਆਪ ਅਲੀਪੁਰ ਜਾ ਆਏ। ਮੈਂ ਸਭ ਨੂੰ ਪੈਰਿਸ ਪਹੁੰਚ ਕੇ ਕਾਰਡ ਭੇਜ ਦਿੱਤੇ ਹਨ। ਕਈਆਂ ਨੇ ਦੱਸਿਆ ਹੋਵੇਗਾ? ਰਸੋਈ ਦੇ ਭਾਂਡੇ ਵੀ ਲਏ ਹਨ। ਕਮਰੇ ਵਿੱਚ ਡਨਲੱਪ ਦਾ ਬੈੱਡ, ਗਲੀਚਾ, ਦੋ ਕੁਰਸੀਆਂ, ਮੇਜ, ਟੈਲੀਫੋਨ, ਟੇਬਲ ਲੈਂਪ, ਵਾਸ਼ ਬੇਸਿਨ ਅਤੇ ਕਮਰੇ ਦੇ ਬਾਹਰ ਨੇੜੇ ਹੀ ਰਸੋਈ ਅਤੇ ਗੁਸਲਖਾਨਾ ਵੀ ਹੈ। ਗਰਮ ਪਾਣੀ ਵਿੱਚ ਨਹਾ ਕੇ ਸ਼ਾਵਰ ਬਾਥ ਮੈਂ ਹੀ ਸੁਭਾ

ਲੈਂਦਾ ਹਾਂ। ਇਹ ਲੋਕ ਜਾਂ ਤਾ ਨਹਾਉਂਦੇ ਹੀ ਨਹੀਂ ਅਤੇ ਰਾਤ ਵੇਲੇ ਨਹਾ ਕੇ ਸੌਂਦੇ ਹਨ। ਸਵੇਰੇ ਉਠਣ ਸਾਰ ਦਫਤਰ ਨੂੰ ਭੱਜਣਾ ਹੁੰਦਾ ਹੈ। ਚਾਹ, ਦੁੱਧ, ਅੰਡੇ ਅਤੇ ਫਲ ਖੂਬ ਖਾਈਦੇ ਹਨ। ਮੇਰੀ ਅਕਲ ਦਾੜ ਦੁਖਦੀ ਹੋਣ ਕਰਕੇ ਚਾਰ ਅੰਡੇ ਹੀ ਖਾਦੇ ਹਨ। ਮੀਟ ਹਰ ਤਰ੍ਹਾਂ ਦੇ ਕੀੜੇ, ਡੱਡੂ, ਮੱਛੀ, ਗਾਂ ਅਤੇ ਮੁਰਗੇ ਦਾ ਖਾ ਜਾਂਦੇ ਹਨ। ਮੇਰੇ ਤੋਂ ਬਗੈਰ ਸਭ ਪੰਡਿਤ ਵੀ ਵਿਦੇਸ਼ ਆ ਕੇ ਮਾਸ ਖਾਂਦੇ ਹਨ। ਰੋਟੀ ਨਾਲ ਸ਼ਰਾਬ ਦਾ ਸੇਵਨ ਵੀ ਕਰਦੇ ਹਨ। ਕੁੜੀਆਂ ਰੱਜ ਕੇ ਸ਼ਰਾਬ ਅਤੇ ਸਿਗਰਟ ਪੀਂਦੀਆਂ ਹਨ ਕਿਉਂਕਿ ਉਹ ਮਰਦਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਰਹਿਣਾ ਚਾਹੁੰਦੀਆਂ। ਹੋਸਟਲ ਵਿੱਚ ਮੁੰਡੇ ਕੁੜੀਆਂ ਇਕੱਠੇ ਰਹਿੰਦੇ ਹਨ।

ਪੈਰਿਸ ਰੰਗੀਨੀਆਂ ਦਾ ਸ਼ਹਿਰ ਹੈ। ਕਲਾਸ ਵਿੱਚ, ਮੈਟਰੋ ਵਿੱਚ ਅਤੇ ਪਾਰਕਾਂ ਵਿੱਚ ਜੋੜੇ ਚੁੰਮਦੇ ਚੱਟਦੇ ਆਮ ਹੀ ਲੱਭ ਪੈਂਦੇ ਹਨ। ਸੈਕਸ ਦੇ ਮਾਮਲੇ ਵਿੱਚ ਹਰ ਖੁੱਲ੍ਹ ਵੇਖੀ ਹੈ। ਪਹਿਲਾਂ ਤਾਂ ਵੇਖ ਕੇ ਬੜੀ ਸ਼ਰਮ ਆਇਆ ਕਰੇ ਪਰ ਹੁਣ ਸ਼ਾਕ-ਪਰੂਫ (Shock-Proof) ਹੋ ਗਿਆ ਹਾਂ। ਕੀ ਇਹੋ ਜੇਹੀ ਖੁੱਲ੍ਹ ਸਾਡੇ ਹੋਸਟਲਾਂ ਵਿੱਚ ਹੋ ਸਕਦੀ ਹੈ? ਗੁਰੂ ਹੀ ਬਚਾਏ। ਇਹ ਲੋਕ ਬੜੇ ਬੀਬੇ ਹਨ ਅਤੇ ਸਭ ਨੂੰ ਪਿਆਰ ਕਰਦੇ ਹਨ। ਕਾਲੇ ਗੋਰੇ ਦਾ ਕੋਈ ਫਰਕ ਨਹੀਂ ਅਤੇ ਮੇਮਾਂ ਹਬਸ਼ੀ ਮੁੰਡਿਆਂ ਨਾਲ ਦੋਸਤੀ ਪਾ ਲੈਂਦੀਆਂ ਹਨ। ਨਸਲੀ ਵਿਤਕਰਾ ਭਾਰਤ ਵਿੱਚ ਬੁਰੀ ਤਰ੍ਹਾਂ ਫੈਲਿਆ ਹੋਇਆ ਹੈ।

ਅੱਜ ਤੋਂ ਫਰੈਂਚ ਦੀ ਕਲਾਸ ਅੱਠ ਵਜੇਂ ਤੋਂ ਇਕ ਵਜੇ ਤੱਕ ਹੋਇਆ ਕਰੇ ਗੀ ਅਤੇ ਦੋ ਤੋਂ ਪੰਜ ਵਜੇ ਤੱਕ ਪ੍ਰਯੋਗਸ਼ਾਲਾ ਦਾ ਗੇੜਾ ਮਾਰਿਆ ਕਰਾਂਗਾ। ਸਵੇਰੇ ਠੰਡ ਹੋਣ ਕਰਕੇ ਮਸਾਂ ਸੱਤ ਵਜੇ ਉਠੀਦਾ ਹੈ। ਚਾਹ ਅਤੇ ਨਾਸ਼ਤਾ ਕਰਦਾ ਲੇਟ ਹੋ ਗਿਆ। ਖੁੱਲ੍ਹ ਏਨੀ ਹੈ ਜਦੋਂ ਜੀਅ ਕਰੇ ਕਲਾਸ ਵਿੱਚ ਆਉ ਤੇ ਚਲੇ ਜਾਉ, ਕੋਈ ਹਾਜ਼ਰੀ ਦਾ ਚੱਕਰ ਨਹੀਂ। ਕੱਲ੍ਹ 'ਔਰਤ ਔਰਤ ਹੀ ਹੈ' ਦੀ ਕਾਮੇਡੀ ਵੇਖੀ। ਆਮ ਲੋਕਾਂ ਲਈ ਟਿਕਟ 15 ਰੁਪਏ (ਫਰੈਂਕ) ਪਰ ਵਿਦਿਆਰਥੀਆਂ ਲਈ 5 ਰੁਪਏ। ਬਾਰਸ਼ ਹੋਣ ਲੱਗ ਪਈ ਹੈ ਅਤੇ ਠੰਡੀ ਹਵਾ ਵੀ ਸ਼ੁਰੂ ਹੋ ਗਈ ਹੈ। ਦਸੰਬਰ ਵਿੱਚ ਬਰਫ ਵੀ ਡਿੱਗਦੀ ਹੈ। ਹਰ ਥਾਂ ਗਰਮ ਹੋਣ ਕਰਕੇ ਅੰਦਰ ਕੰਮ ਕਰਨ ਦੀ ਮੌਜ ਹੈ ਪਰ ਬਾਹਰ ਜੰਮ ਜਾਈਦਾ ਹੈ। ਇਸ ਮਹੀਨੇ 1500 ਰੁਪਏ (ਫਰੈਂਕ) ਖਰਚ ਹੋ ਗਏ ਕਿਉਂਕ ਸਰਦੀਆਂ ਦੇ ਕਪੜੇ ਖਰੀਦੇ ਹਨ।

ਜੀਅ ਕਰਦਾ ਹੈ ਵੀ.ਸੀ. ਦੇ ਹੱਥ ਬੱਚਿਆਂ ਲਈ ਕੱਪੜੇ ਭੇਜਾਂ ਪਰ ਮੈਂ ਪੁੱਛਿਆ ਨਹੀਂ। ਡਾਕਟਰ ਮੰਡਲ ਇੰਡੀਆ ਜਾ ਰਿਹਾ ਹੈ, ਕੁਝ ਫੋਟੋ ਉਸ ਹੱਥ

ਭੇਜ ਰਿਹਾਂ ਹਾਂ। ਉਮੀਦ ਹੈ ਪੋਸਟ ਕਰ ਦੇਵੇਗਾ। ਆਪਣੀ ਅਤੇ ਬੱਚਿਆਂ ਦੀ ਸਿਹਤ ਦਾ ਖਿਆਲ ਰੱਖਣਾ। ਕੋਈ ਕਿਰਸ ਕਰਨ ਦੀ ਲੋੜ ਨਹੀਂ। ਉਮੀਦ ਹੈ ਪੌਣੀ ਤਨਖਾਹ ਦਾ ਚੈਕ ਮਿਲਣਾ ਸ਼ੁਰੂ ਹੋ ਗਿਆ ਹੋਵੇਗਾ। ਮੈਂ ਸੂਦ ਸਾਹਿਬ ਨੂੰ ਇਸ ਬਾਰੇ ਲਿਖਿਆ ਹੈ। ਮੇਰਾ ਪ੍ਰੋਫੈਸਰ ਪੁੱਛਦਾ ਸੀ ਆਪਣੀ ਘਰਵਾਲੀ ਨੂੰ ਲੈ ਆਉਂਦਾ, ਉਸ ਨੂੰ ਕੀ ਪਤਾ ਕਿ ਇਕ ਹੋਰ ਜੀਅ ਆਉਣ ਵਾਲਾ ਹੈ। ਤੇਰਾ ਆਉਣਾ ਮੇਰੇ ਉਪਰ ਬੋਝ ਹੋਵੇਗਾ ਕਿਉਂਕਿ ਬੱਚਿਆਂ ਨਾਲ ਤੂੰ ਕੰਮ ਤਾਂ ਕਰ ਨਹੀਂ ਸਕਦੀ ਅਤੇ ਮੇਰੇ ਵਜ਼ੀਫੇ ਵਿੱਚ ਪ੍ਰੀਵਾਰ ਦਾ ਗੁਜ਼ਾਰਾ ਮੁਸ਼ਕਲ ਹੈ।

ਮਾਤਾ ਜੀ ਨੂੰ ਮੱਥਾ ਟੇਕਣਾ। ਬਾਕੀ ਸਭ ਨੂੰ ਸਤਿ ਸਿਰੀ ਅਕਾਲ ਅਤੇ ਬੱਚਿਆਂ ਨੂੰ ਬਹੁਤ ਸਾਰਾ ਪਿਆਰ। ਰੂਸੀ ਮੇਮ ਨੇ ਬੱਬਲ ਲਈ ਗੋਰਾ ਲਾਲ ਗਰਗ ਦੇ ਹੱਥ ਤੋਹਫਾ ਭੇਜਿਆ ਹੈ। ਮੈਂ ਉਸਨੂੰ ਧੰਨਵਾਦ ਦਾ ਖਤ ਲਿਖ ਭੇਜਿਆ ਹੈ। ਉਹ ਬੱਬਲ ਨੂੰ 'ਵੋਵਾ' ਕਹਿ ਕੇ ਬੁਲਾਉਂਦੀ ਹੁੰਦੀ ਸੀ।

ਤੇਰਾ

ਹਰਦੇਵ

ਪੈਰਿਸ
8.11.1970

ਡੀਅਰ ਰਾਨੀ,

ਪਿਆਰ ਭਰੀ ਸਤਿ ਸਿਰੀ ਅਕਾਲ।

ਖਤ ਵਿਚ ਦੇਰ ਦਾ ਕਾਰਨ ਮੇਰੀ ਅਣਗਹਿਲੀ ਹੈ ਕਿਉਂਕਿ ਮੈਂ ਖਤ ਜੋਗਾ ਮਸਾਲਾ ਇਕੱਠਾ ਕਰਨਾ ਚਾਹੁੰਦਾ ਸਾਂ। ਇਕ ਤਾਂ ਵੀ.ਸੀ. ਹੋਰੀਂ ਜਾ ਰਹੇ ਸਨ ਉਨ੍ਹਾਂ ਦੀ ਫਲਾਈਟ (ਹਵਾਈ ਉਡ਼ਾਨ) ਸੋਮਵਾਰ (9.11.70) ਨੂੰ ਹੈ ਅਤੇ ਦੂਸਰਾ ਮੈਂ ਆਪਣੀ ਰੂਆਂ (Rouen) ਵਾਲੀ ਯਾਤਰਾ ਦਾ ਹਾਲ ਵੀ ਲਿਖਣਾ ਚਾਹੁੰਦਾ ਸਾਂ। ਉਮੀਦ ਹੈ ਮੇਰੇ ਪਹਿਲੇ ਦੋ ਖਤ (ਇਕ ਭੂਆ ਜੀ ਦਾ) ਮਿਲ ਗਏ ਹੋਣਗੇ। ਮੈਨੂੰ ਭੂਆ ਜੀ ਦਾ ਖਤ ਆਇਆ ਹੈ ਅਤੇ ਤੇਰੀ ਤਾਰੀਫ ਵੀ ਕੀਤੀ ਮਿਲੀ ਹੈ। ਮੈਂ ਉਸ ਨੂੰ ਉਨ੍ਹਾਂ ਦੇ ਘਰ ਦੇ ਪਤੇ ਵੀ ਲਿਖ ਰਿਹਾਂ ਹਾਂ। ਮੇਰੇ ਖਤ ਦਾ ਜ਼ਿਕਰ ਭੂਆ ਨੇ ਨਹੀਂ ਕੀਤਾ, ਹੋ ਸਕਦਾ ਹੈ ਬਾਅਦ ਵਿੱਚ ਮਿਲਿਆ ਹੋਵੇ।

ਹਰ ਸੋਮਵਾਰ ਆਪਣੇ ਘਰਾਂ ਤੋਂ ਖਤ ਦੀ ਉਡੀਕ ਵਿਚ ਸਭ ਮੁੰਡੇ ਆਪਣੇ ਲੈਟਰ ਬੌਕਸ ਫੋਲਦੇ ਹਨ। ਪਿਛਲੇ ਖਤ ਵਿੱਚ ਰਾਜੇ ਦਾ ਫਿਕਰ ਸੀ, ਉਹ ਹੁਣ ਠੀਕ ਹੋ ਗਿਆ ਹੋਵੇਗਾ? ਮੈਨੂੰ ਬੱਬਲ ਬਾਰੇ ਕੁਝ ਜਿਆਦਾ ਖਿੱਚ ਰਹਿੰਦੀ ਹੈ। ਇਕ ਤਾਂ ਉਹ ਕਮਜੋਰ ਹੈ, ਦੂਸਰੇ ਉਸਦੀਆਂ ਭੋਲੀਆਂ ਭਾਲੀਆਂ ਗੱਲਾਂ ਸੁਣਨ ਦਾ ਮੌਕਾ ਨਹੀਂ ਮਿਲੇਗਾ। ਅਤੇ ਆਉਣ ਵਾਲੇ ਦੀ ਉਡੀਕ ਅਤੇ ਦਰਸ਼ਨਾਂ ਦੀ ਤਾਂਘ ਹੋਰ ਵੀ ਬਿਹਬਲ ਕਰ ਦਿੰਦੀ ਹੈ। ਤੇਰਾ ਖਿਆਲ ਘਟ ਹੀ ਕਰੀਦਾ ਹੈ ਪਰ ਬੱਚਿਆਂ ਦੀ ਤਸਵੀਰ ਕਈਆਂ ਨੂੰ ਵਿਖਾ ਚੁਕਾਂ ਹਾਂ। ਰੱਸੀਅਨ ਵਾਲੀ ਫੋਟੋ 'ਚ ਰਾਜੇ ਦੀ ਨਖਰੇ ਵਾਲੀ ਤਸਵੀਰ ਵੇਖ ਕੇ ਮੇਮ ਕੁੜੀਆਂ ਬਹੁਤ ਖੁਸ਼ ਹੋਈਆਂ ਕਿਉਂਕਿ ਮੈ ਕਿਹਾ ਰਾਜਾ ਆਪਣੇ ਲਈ ਮੇਮ ਮੰਗਦਾ ਹੈ। ਉਮੀਦ ਹੈ ਤੇਰੇ ਆਉਣ ਵਾਲੇ ਪੱਤਰ ਵਿੱਚ ਗੁਰੂ ਦੀ ਕਿਰਪਾ ਨਾਲ ਸਭ ਸੁੱਖ ਸਾਂਦ ਦਾ ਹੀ ਸੁਨੇਹਾ ਮਿਲੇਗਾ।

ਪਿਛਲੇ ਪੱਤਰ ਵਿੱਚ ਦੀਵਾਲੀ ਅਤੇ ਵੀ.ਸੀ. ਦੀ ਮਿਲਣੀ ਦਾ ਹਾਲ ਬਿਆਨ ਕਰ ਦਿੱਤਾ ਸੀ। ਖੁਰਾਕ ਬਾਰੇ ਤੂੰ ਫਿਰ ਪੁੱਛਿਆ ਹੈ। ਮੈਂ ਦੁਪਹਿਰ ਦੀ ਰੋਟੀ ਆਪਣੀ ਯੂਨੀਵਰਸਿਟੀ ਦੇ ਰੈਸਤੋਰਾਂ ਵਿੱਚ ਸਟਾਫ ਮੈਂਬਰ ਦੇ ਕਾਰਡ ਤੇ ਖਾ ਲੈਂਦਾ ਹਾਂ। ਜਿਸ ਦਿਨ ਮੱਛੀ ਅਤੇ ਮੀਟ ਦੋਵੇਂ ਹੋਣ ਉਸ ਦਿਨ ਆਲੂ ਅਤੇ ਡਬਲ ਰੋਟੀ ਤੇ ਹੀ ਗੁਜਾਰਾ ਕਰਨਾ ਪੈਂਦਾ ਹੈ। ਵੈਸੇ ਆਮ ਦਿਨਾਂ ਤੇ ਮਟਰ,

ਚਾਵਲ ਅਤੇ ਗੋਭੀ ਆਦਿ ਦੀ ਸਬਜੀ ਮਿਲ ਜਾਂਦੀ ਹੈ, ਭਾਵੇਂ ਇਨ੍ਹਾਂ ਦਾ ਟੇਸਟ (ਸਵਾਦ) ਚੰਗਾ ਨਹੀਂ ਲਗਦਾ। ਰਾਤ ਨੂੰ ਮੇਰੀ ਫਰੈਂਚ ਦੀ ਕਲਾਸ ਅੱਠ ਵਜੇ ਮੁਕਦੀ ਹੈ ਅਤੇ ਬਾਜ਼ਾਰ ਵੀ ਅੱਠ ਵਜੇ ਬੰਦ ਹੋ ਜਾਂਦਾ ਹੈ। ਸੋ ਫਰੂਟ ਮਾਰਕੀਟ ਤੋਂ ਫਲ ਅਤੇ ਦੁੱਧ ਲੈ ਕੇ ਹੋਸਟਲ ਵਿੱਚ ਪਹੁੰਚਦਿਆਂ ਸਾਢੇ ਅੱਠ ਜਾਂ ਨੌ ਵੱਜ ਜਾਂਦੇ ਹਨ। ਮੈਟਰੋ ਗੱਡੀ ਦੇ ਨੌ ਸਟੇਸ਼ਨ ਅਤੇ ਦੋ ਵਾਰੀ ਲਾਇਨ ਬਦਲਣੀ ਪੈਂਦੀ ਹੈ। ਤੁਰ ਕੇ ਸਿਰਫ ਤਿੰਨ ਮੀਲ ਅਤੇ ਮੈਂ ਚਾਲੀ ਮਿੰਟਾਂ ਵਿੱਚ ਹੀ ਪਹੁੰਚ ਜਾਂਦਾ ਹਾਂ। ਰਾਤ ਦੇ ਖਾਣੇ ਵਿੱਚ ਅੱਧਾ ਕਿੱਲੋ ਨਾਸ਼ਪਾਤੀ ਜਾਂ ਸੇਬ, ਦੋ ਤਿੰਨ ਅੰਡਿਆਂ ਦਾ ਫਰੈਂਚ ਟੋਸਟ ਅਤੇ ਨਾਲ ਅੱਧਾ ਕਿਲੋ ਗਰਮ ਦੁੱਧ ਪੀ ਲੈਂਦਾ ਹਾਂ। ਜਿਸ ਦਿਨ ਦਿਲ ਕਰੇ ਖੀਰ ਅਤੇ ਸੇਵੀਆਂ ਤਿਆਰ ਕਰ ਲੈਂਦਾ ਹਾਂ। ਹੁਣ ਕਦੇ ਕਦੇ ਸੂਜੀ ਦਾ ਕੜਾਹ (ਹਲਵਾ) ਵੀ ਬਣਾ ਲਈਦਾ ਹੈ।

ਅਜੇ ਤੱਕ ਤਾਂ ਸਵੈਟਰ ਅਤੇ ਕੋਟ ਨਾਲ ਹੀ ਠੰਡ ਤੋਂ ਬਚਾ ਹੋ ਜਾਂਦਾ ਸੀ। ਪਰ ਹੁਣ ਅੱਜ ਤੋਂ ਕੁਝ ਵਧੇਰੇ ਪਾਲਾ ਸ਼ੁਰੂ ਹੋ ਗਿਆ ਹੈ। ਅੰਦਰ ਕਮਰੇ 'ਚ, ਗੱਡੀ ਵਿੱਚ ਅਤੇ ਲੈਬ ਵਿੱਚ ਤਾਂ ਕਮੀਜ਼ ਨਾਲ ਹੀ ਸਰ ਜਾਂਦਾ ਹੈ ਕਿਉਂਕ ਹਰ ਪਾਸੇ ਹੀਟਿੰਗ ਹੁੰਦੀ ਹੈ। ਦਸੰਬਰ ਦੇ ਮਹੀਨੇ ਠੰਡ ਕਰਕੇ ਬਾਹਰ ਸੈਰ ਕਰਨੀ ਬੰਦ ਹੋ ਜਾਂਦੀ ਹੈ। ਮੇਰੀ ਲੈਬ ਤੋਂ ਫਰੈਂਚ ਕਲਾਸ (ਆਰਟਸ ਫੈਕਲਟੀ) ਨੇੜੇ ਹੀ ਹੈ। ਤਿੰਨ ਵਜੇ ਤੋਂ ਅੱਠ ਵਜੇ ਤੱਕ ਕਲਾਸ ਚੱਲਦੀ ਹੈ। ਪੰਜ ਘੰਟੇ ਲਗਾਤਾਰ ਇਕੋ ਸਬਕ ਹੀ ਪਕਾਉਣਾ ਪੈਂਦਾ ਹੈ। ਸਾਰਾ ਸਬਕ ਪਹਿਲਾਂ ਫਿਲਮ ਦਿਖਾ ਕੇ ਪੜ੍ਹਾਉਂਦੇ ਹਨ ਜਿਸ ਨੂੰ ਔਡੀਓ-ਵਿਜੂਅਲ ਤਰੀਕਾ ਕਹਿੰਦੇ ਹਨ। ਫਿਰ ਆਪ ਦੁਹਰਾਂਦੇ ਹਾਂ ਅਤੇ ਬਾਅਦ 'ਚ ਭਾਸ਼ਾ ਦੀ ਲੈਬ ਵਿੱਚ ਜਾ ਕੇ ਬੋਲਣ ਦੀ ਪ੍ਰੈਕਟਿਸ ਕਰਦੇ ਹਾਂ। ਆਪਣੀ ਆਵਾਜ਼ ਅਤੇ ਟੀਚਰ ਦੀ ਆਵਾਜ਼ ਦਾ ਮੁਕਾਬਲਾ ਕਰ ਕੇ ਗਲਤੀਆਂ ਦਾ ਪਤਾ ਲੱਗ ਜਾਂਦਾ ਹੈ।

ਆਪਣੇ ਖੋਜ ਸਬਜੈਕਟ ਬਾਰੇ ਅਜੇ ਮੈਂ ਪੱਕੀ ਤਰ੍ਹਾਂ ਯਕੀਨ ਨਹੀਂ ਕਰਵਾ ਸਕਦਾ ਕਿ ਕਿੰਨਾ ਸਮਾਂ ਲੱਗੇਗਾ। ਅਜੇ ਮੇਰੇ ਖੋਜ ਸਾਥੀ ਆਪਣੇ ਕੰਮਾਂ ਵਿੱਚ ਮਸਤ ਹਨ। ਜਦੋਂ ਸਾਰਾ ਗਰੁੱਪ ਇਕੱਠਾ ਕੰਮ ਕਰੇਗਾ ਤਾਂ ਖੋਜ ਪੱਤਰ ਤਿਆਰ ਹੋ ਸਕਣਗੇ।

ਅੱਜ ਦੀ ਰੂਆਂ (Rouen) ਯਾਤਰਾ ਸਵੇਰੇ ਅੱਠ ਵਜੇ ਸ਼ੁਰੂ ਹੋਈ। ਰਾਤ ਮੈਂ ਸੌਂ ਨਹੀਂ ਸਕਿਆ। ਪਹਿਲਾਂ ਚਾਰ ਵਜੇ, ਫਿਰ ਛੇ ਅਤੇ ਅਖੀਰ ਸਾਢੇ ਛੇ ਵਜੇ ਉਠ ਕੇ ਤਿਆਰ ਹੋ ਕੇ ਬੱਸ ਸਟੇਸ਼ਨ ਤੇ ਪਹੁੰਚ ਗਿਆ। ਮੇਰੇ ਸਾਥੀ ਦੀ ਸੀਟ ਬੁੱਕ ਨਹੀਂ ਸੀ ਹੋਈ ਸੋ ਮੈਂ ਇਕੱਲਾ ਹੀ ਬੋਰ ਮਹਿਸੂਸ ਕਰਦਾ ਸਾਂ

ਕਿਉਂਕਿ ਆਮ ਤੌਰ ਤੇ ਟੂਰ (Excursion) ਉਤੇ ਜੋੜੇ ਹੀ ਜਾਂਦੇ ਹਨ। ਹਰ ਹਫਤੇ ਐਤਵਾਰ ਨੂੰ ਯੂਨੀਵਰਸਿਟੀ ਟੂਰ ਦਾ ਪ੍ਰਬੰਧ ਹੁੰਦਾ ਹੈ ਜੋ 15 ਕੁ ਰੁਪਏ ਵਿੱਚ 150 ਮੀਲ ਦੂਰ ਕਿਸੇ ਸ਼ਹਿਰ ਦੀ ਸੈਰ ਹੋ ਜਾਂਦੀ ਹੈ।

ਰੂਆਂ ਦਰਿਆ ਸੇਨ ਦੇ ਕੰਢੇ ਇਕ ਪਹਾੜੀ ਉਪਰ ਵਸਿਆ ਸ਼ਹਿਰ ਹੈ। ਇਹ ਪੈਰਿਸ ਅਤੇ ਲੰਡਨ ਦੇ ਵਿਚਕਾਰ ਪੈਰਿਸ ਤੋਂ ਸੌ ਮੀਲ ਦੀ ਦੂਰੀ ਤੇ ਹੈ। ਇਸ ਵਿਚ ਜਾਨ ਆਫ਼ ਆਰਕ ਦਾ ਬੁੱਤ ਅਤੇ ਪੁਰਾਣੇ ਸਮਾਰਕ ਹਨ ਜਿਵੇਂ ਗਿਰਜਾ ਘਰ ਆਦਿ। ਦਰਿਆ ਸੇਨ ਪੈਰਿਸ ਤੋਂ ਰੂਆਂ ਤੱਕ ਸਾਡੇ ਨਾਲ ਹੀ ਚੱਲਦਾ ਰਿਹਾ। ਪਰੰਤੂ ਇਹ ਇਕ ਨਹਿਰ ਵਾਂਗ ਹੀ ਲੱਗਦਾ ਹੈ ਭਾਵੇਂ ਕਾਫੀ ਡੂੰਘਾ ਹੈ ਅਤੇ ਇਸ ਵਿਚ ਜਹਾਜ ਵੀ ਚੱਲਦੇ ਹਨ। ਰਸਤੇ ਵਿੱਚ ਇਕ ਪੁਰਾਣਾ ਕਿਲਾ ਵੀ ਵੇਖਿਆ ਜਿਸ ਨੂੰ ਸ਼ਾਤੋ (Chateau) ਕਹਿੰਦੇ ਹਨ। ਸਭ ਤੋਂ ਖੁਸ਼ੀ ਦੀ ਗੱਲ ਇਹ ਹੋਈ ਕਿ ਪੈਰਿਸ ਤੋਂ ਬਾਹਰ ਫਰਾਂਸ ਦੇ ਪਿੰਡਾਂ ਦਾ ਜੀਵਨ ਪਹਿਲੀ ਵਾਰ ਵੇਖਿਆ। ਇਥੇ ਵੀ ਕਣਕ ਬੀਜਦੇ ਵੇਖੇ ਜਿੱਥੋਂ ਮੱਕੀ ਵੱਢ ਚੁੱਕੇ ਸਨ। ਘਰਾਂ ਅੰਦਰ ਕਿਚਨ ਗਾਰਡਨ, ਕੱਪੜੇ ਸੁਕਾ ਰਹੀਆਂ ਔਰਤਾਂ, ਸ਼ਿਕਾਰੀ, ਡੰਗਰਾਂ ਦੇ ਵਾਗੀ ਅਤੇ ਚੰਗੀ ਨਸਲ ਦੀਆਂ ਗਾਵਾਂ ਖੇਤਾਂ ਵਿੱਚ ਚੁਗਦੀਆਂ ਵੇਖੀਆਂ। ਜਮੀਨ ਪਥਰੀਲੀ, ਕੁਝ ਕੱਲਰ ਅਤੇ ਉੱਚੀ ਨੀਵੀਂ ਨਜ਼ਰ ਆਈ। ਪੰਜਾਬ ਦੀ ਧਰਤੀ ਦੀ ਰੀਸ ਨਹੀਂ ਹੋ ਸਕਦੀ।

ਹਾਂ, ਮੇਰਾ ਬੋਰ ਹੋਣ ਦਾ ਖਿਆਲ ਗਲਤ ਹੀ ਨਿਕਲਿਆ। ਜਿਉਂ ਹੀ ਬੱਸ ਤੋਂ ਉਤਰ ਕੇ ਸੈਰ ਸ਼ੁਰੂ ਹੋਈ, ਸਭ ਜਗਹ ਮੇਰੀ ਤਸਵੀਰ ਦੀ ਮੰਗ ਹੋਈ। ਇਕ ਪੋਲੈਂਡ ਦੀ ਕੁੜੀ ਮੇਰੇ ਧਰਮ ਬਾਰੇ ਪੁੱਛਦੀ ਕੁਝ ਦੋਸਤ ਵੀ ਬਣ ਗਈ। ਵਾਪਸੀ ਤੇ ਬੱਸ ਅੰਦਰ ਸਭ ਕਹਿਣ ਲੱਗੇ ਕਿ ਗੀਤ ਸੁਣਾਉ। ਟੂਰ ਵਿਚ 45 ਮੁੰਡੇ ਕੁੜੀਆਂ 30 ਦੇਸ਼ਾਂ ਤੋਂ ਸ਼ਾਮਲ ਸਨ। ਸ਼ੁਰੂਆਤ ਮੇਰੇ ਤੋਂ ਕੀਤੀ ਗਈ ਅਤੇ ਹਰ ਦੇਸ਼ ਦਾ ਨੁਮਾਇੰਦਾ ਆਪਣੇ ਦੇਸ਼ ਦਾ ਗੀਤ ਗਾ ਕੇ ਮਨੋਰੰਜਨ ਕਰਦਾ। ਬੱਸ ਦੀਆਂ ਸੀਟਾਂ ਸਾਡੀ ਡੀਲਕਸ ਬੱਸ ਤੋਂ ਅਰਾਮਦੇਹ ਸਨ ਅਤੇ ਹਰ ਸੀਟ ਉਪਰ ਮਾਈਕਰੋਫੋਨ ਲੱਗਾ ਹੁੰਦਾ ਹੈ। ਜਿਹੜੇ ਮੁੰਡੇ ਅੰਗਰੇਜ਼ੀ ਸਮਝਦੇ ਹਨ ਉਹ ਗਾਈਡ ਦਾ ਕੰਮ ਸਾਰ ਦਿੰਦੇ ਹਨ ਅਤੇ ਮੱਦਦ ਕਰਦੇ ਹਨ। ਹਰ ਮੁੰਡੇ ਕੋਲ ਆਪਣਾ ਕੈਮਰਾ ਸੀ, ਮੈਂ ਵੀ ਇਕ ਸਵਿਸ ਮੁੰਡੇ ਨੂੰ ਕੈਮਰੇ ਲਈ ਕਿਹਾ ਹੈ। ਕੁਝ ਫੋਟੋ ਭੇਜਾਂਗਾ ਜਿਸ ਵਿੱਚ ਪੋਲੈਂਡ ਦੀ ਕੁੜੀ ਦੀ ਫੋਟੋ ਵੀ ਹੋਵੇਗੀ। ਮੇਰੀ ਨਾਭੀ ਅਤੇ ਲਾਲ ਪਗੜੀ ਦਾ ਰੰਗ ਬਹੁਤ ਪਸੰਦ ਕਰਦੇ ਹਨ। ਸੋ ਮੈਂ ਚਾਹੁੰਦਾ ਹਾਂ ਕਿ ਇਸੇ ਰੰਗ ਦੀਆਂ ਦੋ ਪੱਗਾਂ ਹੋਰ ਮਿਲ ਜਾਣ।

ਧਰਮ ਬਾਰੇ ਗੱਲ ਚੱਲੀ ਤਾਂ ਮੈਂ ਦੱਸਿਆ ਕਿ ਸਿਗਰਟ, ਮਾਸ ਅਤੇ ਸ਼ਰਾਬ ਮੇਰੇ ਲਈ ਵਰਜਿਤ ਹੈ ਤਾਂ ਇਕ ਕੁੜੀ ਬੋਲ ਪਈ 'ਕੀ ਔਰਤ ਵੀ ਵਰਜਿਤ ਹੈ?' ਮੇਰੇ ਜਵਾਬ ਤੋਂ ਪਹਿਲਾਂ ਹੀ ਹਾਸਾ ਛਿੜ ਪਿਆ। ਇੱਥੇ ਵੀ ਕੁਝ ਚੰਗੇ ਘਰਾਂ ਦੀਆਂ ਲੜਕੀਆਂ ਬਹੁਤ ਸ਼ਰਮਾਕਲ ਹੁੰਦੀਆਂ ਹਨ ਅਤੇ ਰਾਤ ਨੂੰ ਘੱਟ ਹੀ ਬਾਹਰ ਨਿਕਲਦੀਆਂ ਹਨ। ਵੀ.ਸੀ. ਤਾਂ ਇੱਥੋਂ ਦੇ ਨਜ਼ਾਰੇ ਵੇਖ ਕੇ ਬਹੁਤ ਦੁਖੀ ਹੋਇਆ ਅਤੇ ਘਿਰਣਾ ਕਰਦਾ ਸੀ। ਟੂਰ ਤੋਂ ਅੱਠ ਵਜੇ ਵਾਪਸ ਆ ਕੇ ਅਸੀਂ ਛੇ ਕੁ ਪੰਜਾਬੀ ਮੁੰਡੇ ਵੀ.ਸੀ. ਨੂੰ ਮਿਲਣ ਗਏ ਅਤੇ ਅੱਜ ਰਾਤ ਦਸ ਵਜੇ ਉਥੋਂ ਹੀ ਆ ਰਿਹਾ ਹਾਂ। ਤੇਰੀ ਕਮੀਜ਼ ਵੀ ਲੈ ਕੇ ਜਾ ਰਹੇ ਹਨ। ਵਾਪਸ ਪਰਤ ਕੇ ਸਾਰਾ ਹਾਲ ਦੱਸਣਗੇ। ਪਹਿਲਾਂ ਤਾਂ ਖੁਰਾਕ ਵਲੋਂ ਕਾਫੀ ਤੰਗ ਰਹੇ ਪਰ ਬਾਅਦ ਵਿੱਚ ਡਾਕਟਰ ਮਲਿਕ ਦੀ ਘਰਵਾਲੀ ਸ਼ੀਲਾ ਨੇ ਕਾਫੀ ਸੇਵਾ ਕੀਤੀ।

ਤਨਖਾਹ ਬਾਰੇ ਮੈਂ ਵੀ.ਸੀ. ਨੂੰ ਕਹਿ ਦਿੱਤਾ ਹੈ। ਜੇਕਰ ਕੋਈ ਗੜਬੜ ਹੋਈ ਤਾਂ 25 ਤਰੀਕ ਦੀ ਸਿੰਡੀਕੇਟ ਮੀਟਿੰਗ ਵਿਚ ਠੀਕ ਕਰ ਦੇਣਗੇ। ਉਮੀਦ ਹੈ ਕਿ ਪੰਜ ਸੌ ਰੁਪਏ ਵਿਚ ਗੁਜਾਰਾ ਹੋ ਜਾਵੇਗਾ। ਮਹਿੰਦਰ ਬਾਜਵੇ ਦਾ ਸ਼ੁਕਰੀਆ ਕਰਦਾ ਹਾਂ ਜੋ ਵੇਲੇ ਕੁਵੇਲੇ ਤੁਹਾਡੀ ਮੱਦਦ ਕਰਦਾ ਹੈ। ਡਾਕਟਰ ਹਰਕਿਸ਼ਨ ਸਿੰਘ ਦੀ ਚਿੱਠੀ ਦਾ ਫਿਕਰ ਨਾ ਕਰਨਾ ਆਪਣੇ ਹਿੱਸੇ ਦੀ ਕਿਤਾਬ ਦਾ ਕੰਮ ਮਹਿਕਮੇ ਨੂੰ ਭੇਜ ਚੁੱਕਾ ਹਾਂ। ਵੀ ਸੀ ਸਾਹਿਬ ਟ੍ਰੀਬਿਊਨ ਦੀਆਂ ਕਾਪੀਆਂ ਛੱਡ ਗਏ ਹਨ ਜਿਸ ਤੋਂ ਗੱਡੀਆਂ ਦੇ ਉਲਟਣ ਦਾ ਪਤਾ ਲੱਗਾ। ਏਸ਼ੀਅਨ ਖੇਡਾਂ ਬੰਗਲੌਰ ਹੋ ਰਹੀਆਂ ਹਨ ਜਿਸ ਵਿੱਚ ਕੰਵਲਜੀਤ ਰਾਨੀ (ਤੇਰੀ ਮਾਸੀ ਦੀ ਧੀ) ਦਾ ਨਾਮ ਪੜ੍ਹਿਆ ਸੀ। ਉਹ ਤਾਂ ਏਸ਼ੀਅਨ ਚੈਂਪੀਅਨ ਬਣ ਚੁੱਕੀ ਹੈ।

ਅਮਰੀਕ ਦਾ ਵਰੀਣੇ ਦਾ ਪਾਠ ਇਸ ਮਹੀਨੇ ਹੀ ਹੋਵੇਗਾ। ਜਰੂਰ ਜਾ ਆਉਣਾ ਭੂਆ ਜੀ ਨੂੰ ਹੌਂਸਲਾ ਹੋ ਜਾਵੇਗਾ। ਦਲਜੀਤ ਦਾ ਕੋਈ ਪਤਾ ਨਹੀਂ ਲੱਗਾ। ਮੇਰੇ ਦਾਰ ਜੀ ਦਾ ਕੋਈ ਖਤ ਨਹੀਂ ਆਇਆ। ਭਾਟੀਆ ਸਾਹਿਬ (ਗੁਰਬਖਸ਼ ਸਿੰਘ) ਦਾ ਪੱਤਰ ਆ ਗਿਆ ਹੈ। ਬਾਕੀ ਕਈ ਸੁਪਨੇ ਵਿੱਚ ਯਾਦ ਆ ਜਾਂਦੇ ਹਨ ਜਿਵੇਂ ਸ਼ੋਕਰਾਂ ਵਾਲੇ। ਸਭ ਨੂੰ ਯਾਦ ਕਰਦਾ ਹੋਇਆ।

ਤੇਰਾ

ਹਰਦੇਵ

ਪੈਰਿਸ
20.1.71

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਮੈਨੂੰ ਉਮੀਦ ਸੀ ਇੰਤਜ਼ਾਰ ਬਾਅਦ ਕਾਫੀ ਖਫਾ ਹੋ ਕੇ ਚਿੱਠੀ ਮਿਲੀ ਹੋਵੇਗੀ। ਦਰਅਸਲ ਆਪਣੇ ਬਾਰੇ ਤਾਂ ਫਿਕਰ ਨਹੀਂ ਹੁੰਦਾ, ਹਮੇਸ਼ਾਂ ਦੂਸਰੇ ਪਾਸੇ ਦੀ ਖਬਰ ਸੁਣਨ ਲਈ ਉਤਾਵਲੇ ਰਹੀਦਾ ਹੈ। ਅਜੇ ਕੱਲ੍ਹ (ਸੋਮਵਾਰ) ਹੋਸਟਲ ਦੀ ਵਾਰਡਨ ਕਹਿ ਰਹੀ ਸੀ 'ਮਿਸਟਰ ਵਿਰਕ ਅੱਜ ਚਿੱਠੀ ਨਹੀਂ ਹੈ, ਕੱਲ੍ਹ ਮੰਗਲਵਾਰ ਨੂੰ ਜਰੂਰ ਆ ਜਾਵੇਗੀ।' ਸੋ ਅੱਜ ਰਾਤ ਗਿਆਰਾਂ ਵਜੇ ਆ ਵੇਖੀ ਹੈ। ਸਵੇਰੇ ਗਏ, ਦੇਰ ਰਾਤ ਹੀ ਘਰ ਪਰਤਦਾ ਹਾਂ। ਪਤਾ ਨਹੀਂ ਕਿਵੇਂ ਹਫਤਾ ਉਡ ਜਾਂਦਾ ਹੈ। ਸ਼ਨੀਚਰ ਅਤੇ ਐਤਵਾਰ ਰੱਜ ਕੇ ਨੀਂਦ ਆਉਂਦੀ ਹੈ। ਪਤਾ ਨਹੀਂ ਇਸ ਵਾਰ ਮੈਂ 12 ਵਜੇ ਤੱਕ ਸੁੱਤਾ ਰਿਹਾ। ਹੈਰਾਨ ਹੋ ਰਿਹਾਂ ਸਾਂ ਕਿ ਮੇਰੇ ਤੇ ਪੈਰਿਸ ਦਾ ਅਸਰ ਹੋ ਗਿਆ ਹੈ।

ਐਤਵਾਰ ਨੂੰ ਕੋਈ ਸਾਥੀ ਰਲ ਜਾਵੇ ਤਾਂ ਖਾਣਾ ਕਮਰੇ ਵਿੱਚ ਹੀ ਬਣਾ ਲੈਂਦੇ ਹਾਂ। ਇਸ ਵਾਰ ਮੇਰਾ ਗਵਾਂਢੀ ਫਰੈਂਚ ਮੁੰਡਾ ਜੋ ਹਿੰਦੀ ਪੜ੍ਹ ਰਿਹਾ ਹੈ, ਆ ਰਲਿਆ। ਜਦੋਂ ਖਾਣਾ ਤਿਆਰ ਹੋ ਗਿਆ ਤਾਂ ਉਸ ਦੀ ਗਰਲ ਫਰੈਂਡ ਵੀ ਆ ਸ਼ਾਮਲ ਹੋਈ। ਇੱਥੇ ਇਹ ਆਮ ਜਹੀ ਗੱਲ ਹੈ ਕਿ ਮੁੰਡਿਆਂ ਦੀਆਂ ਦੋਸਤ ਕੁੜੀਆਂ ਸ਼ਨੀਵਾਰ ਰਾਤ ਕੱਟਣ ਆ ਜਾਂਦੀਆਂ ਹਨ। ਕਾਬਲੀ ਛੋਲੇ ਅਤੇ ਖੀਰ ਖਾ ਕੇ ਉਹ ਦੋਵੇਂ ਬਹੁਤ ਖੁਸ਼ ਹੋਏ। ਦਰਅਸਲ ਚੌਲ ਬਣਾਏ ਸਨ ਜੋ ਬਚ ਗਏ ਉਨ੍ਹਾਂ ਦੀ ਦੁੱਧ ਵਿਚ ਖੀਰ ਬਣ ਗਈ ਜੋ ਖੋਏ ਵਰਗੀ ਸਵਾਦ ਸੀ। ਇਹੋ ਜੇਹਾ ਸ਼ੁਗਲ ਹੈ ਤਾਂ ਮਹਿੰਗਾ ਕਿਉਂਕਿ 10-15 ਰੁਪਏ ਦਾ ਮਾਲ ਲੱਗ ਜਾਂਦਾ ਹੈ ਪਰੰਤੂ ਹੋਟਲ ਤੇ ਖਾਣ ਨਾਲੋਂ ਬਹੁਤ ਸਸਤਾ ਪੈਂਦਾ ਹੈ ਜਿੱਥੇ ਸੌ ਰੁਪਏ ਤੋਂ ਘੱਟ ਨਹੀਂ ਸਰਦਾ।

ਹੋਟਲ ਮਹਿੰਗੇ ਹਨ ਪਰ ਨਾਲ ਨਾਚ ਗਾਣੇ ਦਾ ਅਨੰਦ ਵੀ ਮਾਣਿਆ ਜਾ ਸਕਦਾ ਹੈ। ਇਥੇ ਸਸਤੇ ਭਾਅ ਵੀ ਤਮਾਸ਼ਾ ਵੇਖਿਆ ਜਾ ਸਕਦਾ ਹੈ ਜਿਵੇਂ ਆਪਣੇ ਪੇਂਡੂ ਮੇਲਿਆਂ ਉਪਰ ਹੁੰਦਾ ਹੈ। ਸਟਰਿਪਟੀਜ਼ (Striptease) ਨਾਚ ਦੋ ਰੁਪਏ ਵਿਚ ਵੀ ਵੇਖਿਆ ਜਾ ਸਕਦਾ ਹੈ। ਮੇਰਾ ਇਕ ਦੋਸਤ ਅੰਦਰ ਵੇਖ ਆਇਆ ਹੈ। ਮੈਂ ਤਾਂ ਬਾਹਰੋਂ ਨੰਗੇਜ਼ ਵੇਖ ਕੇ ਹੀ ਡਰ ਗਿਆ ਅਤੇ ਸਰਦਾਰ

ਕਿਸੇ ਤੋਂ ਛੁਪ ਵੀ ਨਹੀਂ ਸਕਦਾ। ਦੱਸਦਾ ਸੀ ਕਿ ਟਿਕਟ ਸਸਤਾ ਰੱਖ ਕੇ ਅੰਦਰ ਵਾੜ ਲੈਂਦੇ ਹਨ ਅਤੇ ਚੰਗੀ ਛਿੱਲ ਲਾਹੁੰਦੇ ਹਨ। ਇਹ ਨਾਚ ਸਵੇਰ ਦੇ ਚਾਰ ਵਜੇ ਤੱਕ ਚੱਲਦਾ ਰਹਿੰਦਾ ਹੈ। ਪੈਰਿਸ ਦੀ ਨਾਇਟ ਲਾਈਫ ਚਾਰ ਵਜੇ ਸਵੇਰ ਤੱਕ ਚੱਲਦੀ ਹੈ ਖਾਸ ਕਰਕੇ ਵੀਕ ਐਂਡ ਉਪਰ।

ਇੱਥੇ ਆ ਕੇ ਮੇਰੀ ਰਾਤ ਸੌਣ ਦੀ ਆਦਤ 12 ਵਜੇ ਤੋਂ ਬਾਅਦ ਦੀ ਹੋ ਗਈ ਹੈ। ਜਿਸ ਕਰਕੇ ਕਬਜ ਦੀ ਸ਼ਕਾਇਤ ਅਤੇ ਸਿਰ ਦਰਦ ਹੋ ਜਾਂਦਾ ਹੈ। ਅਸਲ ਕਾਰਨ ਸਾਰਾ ਦਿਨ ਬੈਠ ਕੇ ਕੰਮ ਕਰਨ ਦਾ ਹੈ। ਅੱਜ ਮੇਰਾ ਚੀਨੀ ਗਾਈਡ ਕਹਿ ਰਿਹਾ ਸੀ ਕਿ ਗਾਜਰ ਖਾਇਆ ਕਰ ਅਤੇ ਦਸ ਵਜੇ ਸੌਣ ਦੀ ਆਦਤ ਪਾ ਲੈ। ਅੱਜ ਚਿੱਠੀ ਲਿਖਣ ਕਰਕੇ ਫਿਰ ਰਾਤ ਦੇ ਬਾਰਾਂ ਵੱਜ ਗਏ ਹਨ। ਦਰਅਸਲ ਮੈਂ ਆਪਣੇ ਕੰਮ ਤੋਂ ਹੀ ਗਿਆਰਾਂ ਵਜੇ ਪਰਤਿਆਂ ਹਾਂ।

ਅੱਜ ਦੰਦ ਫਿਰ ਦੁਖ ਰਿਹਾ ਹੈ। ਡਾਕਟਰ ਕੋਲ ਸਾਢੇ ਤਿੰਨ ਵਜੇ ਜਾਣਾ ਸੀ। ਟੈਲੀਫੋਨ ਤੇ ਸਮਾਂ ਮਿਲ ਗਿਆ ਵੈਸੇ ਤਾਂ ਡਾਕਟਰ ਨੂੰ ਮਿਲ ਨਹੀਂ ਸਕਦੇ। ਮੈਂ ਕੰਪਿਊਟਰ ਤੇ ਕੰਮ ਕਰਦਾ ਸੀ ਅਤੇ ਸੋਚਿਆ ਕੰਮ ਮੁਕਾ ਕੇ ਹੀ ਜਾਵਾਂਗਾ। ਪਰ ਇਹ ਐਸੀ ਮਸ਼ੀਨ ਹੁੰਦੀ ਹੈ ਜੋ ਗਲਤੀ ਨੂੰ ਝੱਟ ਫੜ ਲੈਂਦੀ ਹੈ। ਇੱਥੋਂ ਤੱਕ ਕਿ ਜੇਕਰ ਕਾਗਜ਼ ਮੈਲਾ ਜਾਂ ਵੱਟਾਂ ਵਾਲਾ ਹੋਵੇ ਤਾਂ ਵੀ ਰੁਕ ਜਾਂਦੀ ਹੈ। ਤਿੰਨ ਵਾਰ ਪ੍ਰੋਗਰਾਮ ਚਾਲੂ ਕੀਤਾ ਪਰੰਤੂ ਨਤੀਜੇ ਗਲਤ ਨਿਕਲੇ, ਫਿਰ ਚੌਥੀ ਵਾਰ ਜਾ ਕੇ ਠੀਕ ਨਤੀਜੇ ਤੇ ਪਹੁੰਚਿਆ। ਇੱਥੇ ਕੋਈ ਕਿਸੇ ਦੀ ਮੱਦਦ ਨਹੀਂ ਕਰਦਾ, ਸਾਰਾ ਕੰਮ ਆਪ ਹੀ ਕਰਨਾ ਪੈਂਦਾ ਹੈ। ਮੈਡਮ ਸ਼ੁੱਨ ਸ਼ੁਰੂ ਵਿੱਚ ਮੇਰੀ ਮੱਦਦ ਕਰਦੀ ਹੁੰਦੀ ਸੀ।

ਅੱਜ ਡਾਕਟਰ ਕੋਲ ਵੀ ਨਾ ਜਾ ਸਕਿਆ ਅਤੇ ਫਰੈਂਚ ਦੀ ਕਲਾਸ ਵੀ ਛੁੱਟ ਗਈ ਕਿਉਂਕਿ ਇਕ ਗਲਤੀ ਠੀਕ ਕਰਨ ਵਿੱਚ ਚਾਰ ਘੰਟੇ ਬਰਬਾਦ ਹੋ ਗਏ। ਨੌ ਵਜੇ ਤੋਂ ਬਾਅਦ ਲੋਕਲ ਬੱਸ ਨਹੀਂ ਮਿਲਦੀ। ਸੋ ਮੈਂ ਮਾਤਾ ਜੀ ਵਾਂਗ ਸੋਚਿਆ ਅਤੇ ਤਿੰਨ ਮੀਲ ਤੁਰਦਾ ਹੋਇਆ ਹੋਸਟਲ ਪਹੁੰਚ ਗਿਆ। ਅੱਗੇ ਰੈਸਤੋਰਾਂ ਬੰਦ ਮਿਲਿਆ ਅਤੇ ਭੁੱਖ ਮਿਟਾਉਣ ਲਈ ਕਮਰੇ ਵਿੱਚ ਸੇਵੀਆਂ ਬਣਾ ਕੇ ਕੰਮ ਸਾਰਿਆ। ਕੁਝ ਦੰਦ ਦਰਦ ਦਾ ਬਹਾਨਾ ਵੀ ਸੀ ਜਿਸ ਕਰਕੇ ਸੇਵੀਆਂ ਦੀ ਥਾਲੀ ਖਾ ਕੇ ਸੌਣ ਦੀ ਤਿਆਰੀ ਕਰ ਲਈ ਪਰ ਚਿੱਠੀ ਲਿਖਦਿਆਂ ਅੱਧੀ ਰਾਤ ਹੋ ਗਈ।

ਸੱਚ ਸਾਡਾ ਸਭ ਦਾ ਡਾਕਟਰੀ ਮੁਆਇਨਾ ਵੀ ਹੋਇਆ ਹੈ। ਛੜਿਆਂ ਦੀ ਬਥੇਰੀ ਪੁਣ-ਛਾਣ ਕਰਦੇ ਹਨ ਪਰ ਮੇਰਾ ਖਹਿੜਾ ਜਲਦੀ ਹੀ ਛੁੱਟ ਗਿਆ। ਮੈਂ ਆਪਣੀ ਕਬਜ਼ ਦੀ ਤਕਲੀਫ ਬਾਰੇ ਦੱਸਿਆ ਤਾਂ 27 ਤਰੀਕ ਮਿਲੀ। ਅੱਜ ਤੋਂ ਦਸ ਦਿਨ ਬਾਅਦ। ਮੌਜ ਹੈ ਇੰਡੀਆ ਦੀ ਜਿੱਥੇ ਜਦੋਂ ਜੀਅ ਕਰੇ ਡਾਕਟਰ ਨੂੰ ਜਾ ਮਿਲੋ। ਇੱਥੇ ਸਰਕਾਰੀ ਹਸਪਤਾਲ ਵਿੱਚ ਵੀ ਪੈਸੇ ਭਰਨੇ ਪੈਂਦੇ ਹਨ ਜੋ ਬਾਅਦ ਵਿੱਚ ਰੀਫੰਡ (Refund) ਹੋ ਜਾਂਦੇ ਹਨ ਜਿਵੇਂ ਆਪਣੀ ਯੂਨੀਵਰਸਿਟੀ ਵਿੱਚ ਹੁੰਦਾ ਹੈ।

ਆਪਣਾ ਚੈੱਕ ਅੱਪ ਲੇਡੀ ਡਫਰਿਨ ਜਨਾਨੇ ਹਸਪਤਾਲ ਵਿੱਚ ਕਰਵਾ ਲੈਣਾ ਸੀ ਤਾਂ ਕਿ ਉਥੇ ਵਾਕਫੀ ਹੋ ਜਾਵੇ। ਰਜਿੰਦਰਾ ਹਸਪਤਾਲ ਵਿੱਚ ਡਾਕਟਰ ਗੰਡਾ ਸਿੰਘ ਦਾ ਖਿਆਲ ਵੀ ਆਇਆ ਜਿਸ ਨੇ ਬੱਬਲ ਦੀ ਡੀਲਿਵਰੀ ਵੇਲੇ ਮੱਦਦ ਕੀਤੀ ਸੀ। ਯੂਨੀਵਰਸਿਟੀ ਡਾਕਟਰ ਤੋਂ ਸਲਾਹ ਲੈ ਲੈਣੀ। ਦਫਤਰਾਂ ਦੇ ਚੱਕਰ ਵਿੱਚ ਨਾ ਪੈਣਾ ਜੇਕਰ ਰੀਫੰਡ ਮਿਲ ਗਿਆ ਤਾਂ ਠੀਕ ਵਰਨਾ ਸੌ ਰੁਪਏ ਪਿੱਛੇ ਚੱਕਰ ਨਹੀਂ ਲਾਉਣੇ। ਉਮੀਦ ਹੈ ਡੀਲਿਵਰੀ ਲਈ ਹਸਪਤਾਲ ਪਹੁੰਚਾਣ ਦਾ ਕੰਮ ਤੀਰਥ ਸਿੰਘ ਦੀ ਮੱਦਦ ਨਾਲ ਨੇਪਰੇ ਚੜ੍ਹ ਜਾਵੇਗਾ। ਮੈਨੂੰ ਇਹ ਸੋਚ ਕੇ ਚਿੰਤਾ ਹੋ ਰਹੀ ਹੈ।

ਇੱਥੇ ਲੋਹੜੀ ਮਾਘੀ ਸਭ ਭੁੱਲੇ ਹੋਏ ਹਨ। ਐਤਵਾਰ ਦੇ ਦਿਨ ਦੋ ਘੰਟੇ ਨਿਰੰਤਰ ਪਾਠ ਕਰ ਲਿਆ ਸੀ। ਸ਼ਬਦਾਂ ਦੀ ਟੇਪ ਮੇਰੇ ਪਾਸ ਹੈ ਪਰ ਟੇਪ ਰੀਕਾਰਡਰ ਦੀ ਘਾਟ ਹੈ ਜਿਸ ਕਰਕੇ ਸੁਣ ਨਹੀਂ ਸਕਿਆ। ਇੱਥੇ ਕੁਝ ਭਾਰਤੀ ਮੁੰਡੇ ਰਾਗ ਦੇ ਸ਼ੁਕੀਨ ਹਨ। ਇਕ ਰਾਤ ਹਰੀ ਕੀਰਤਨ ਹੋ ਰਿਹਾ ਸੀ, ਮੈਂ ਵੀ ਭਜਨ ਸੁਣ ਲਏ। ਮਨਮੋਹਨ ਸਿੰਘ ਨੂੰ ਲਿਖ ਚੁੱਕਾ ਹਾਂ ਉਹ ਜਰਮਨੀ ਤੋਂ ਟੇਪ ਰਿਕਾਰਡਰ ਲੈ ਆਵੇਗਾ। ਉਹ ਕਾਫੀ ਉਦਾਸ ਰਹਿੰਦਾ ਹੈ। ਇੱਥੇ ਤਾਂ ਖਾਲਸਾ ਬੱਬਲ ਦੀ ਫੋਟੋ ਵੇਖ ਕੇ ਹੀ ਦਿਲ ਪਰਚਾ ਲੈਂਦਾ ਹੈ। ਰਾਜੇ ਦੇ ਚਿਹਰੇ ਤੋਂ ਸਿਆਣਪ ਨਜ਼ਰ ਆਉਂਦੀ ਹੈ, ਸ਼ਾਇਦ ਫੋਟੋ ਵਿੱਚ ਡਰਿਆ ਹੋਣ ਕਰਕੇ ਬੀਬਾ ਬੱਚਾ ਜਾਪਦਾ ਹੈ। ਸ਼ਰਮਾਂ ਜੀ (ਸ਼ਕਤੀਧਰ) ਅਤੇ ਤਿੱਬਤੀ (ਕੈਲਦਾਨ) ਚੰਗੇ ਬੰਦੇ ਹਨ। ਉਹ ਮਿਲਦੇ ਹੋਣਗੇ? ਮੇਰੇ ਨਮਸਤੇ ਕਹਿਣਾ।

ਇਥੇ ਬਦਾਮ ਸਸਤੇ ਮਿਲਦੇ ਹਨ। ਜਦੋਂ ਲੈਣ ਗਿਆ ਤਾਂ ਦੁਕਾਨ ਬੰਦ ਸੀ। ਅਗਲੇ ਹਫਤੇ ਇਕ ਕਿਲੋ ਡਾਕ ਰਾਹੀਂ ਭੇਜਾਂਗਾ। ਉਮੀਦ ਹੈ ਦੋ ਮਹੀਨੇ

ਵਿੱਚ ਪਹੁੰਚ ਜਾਣਗੇ। ਜੇਕਰ ਪੈਕਟ ਖੁੱਲ੍ਹ ਗਿਆ ਤਾਂ ਰਾਹ ਵਿੱਚ ਜਹਾਜ ਤੇ ਹੀ ਖਿੱਲਰ ਜਾਣਗੇ। ਹਵਾਈ ਡਾਕ ਰਾਹੀਂ ਖਰਚਾ ਬਹੁਤ ਜਿਆਦਾ ਹੈ। ਮੇਰੀ ਇਕ ਮੰਗ ਬਹੁਤ ਜਰੂਰੀ ਬਣ ਗਈ ਹੈ। ਮੇਰੇ ਕੰਘੇ ਦੇ ਦੰਦੇ ਟੁੱਟ ਚੁੱਕੇ ਹਨ ਅਤੇ ਫਾਲਤੂ ਕੰਘਾ ਮੈਂ ਲੈ ਕੇ ਨਹੀਂ ਗਿਆ ਸਾਂ। ਪਗੜੀਆਂ ਵੀ ਫਟ ਰਹੀਆਂ ਹਨ ਖਾਸ ਕਰਕੇ ਲਾਲ ਅਤੇ ਨਾਭੀ ਰੰਗ ਦੀਆਂ ਜੋ ਇੱਥੋਂ ਦੀਆਂ ਮੇਮਾਂ ਪਸੰਦ ਕਰਦੀਆਂ ਹਨ। ਖਿਆਲ ਸੀ ਕਿ ਲੰਡਨ ਦੀ ਯਾਤਰਾ ਕਰਕੇ ਉਥੋਂ ਇਹ ਸਮਾਨ ਲੈ ਆਵਾਂਗਾ। ਹੁਣ ਲਿਖ ਬੈਠਾਂ ਹਾਂ ਜੇਕਰ ਕੋਈ ਹੀਲਾ ਬਣ ਗਿਆ ਤਾਂ ਭੇਜ ਦੇਣਾ। ਕਪਤਾਨ ਸਾਫਾ ਸਸਤਾ ਅਤੇ ਮੋਟਾ ਹੁੰਦਾ ਹੈ, ਜੋ ਰੁਮਾਲੇ ਵਾਲੇ ਭਾਪਿਆਂ ਕੋਲੋਂ ਮਿਲ ਜਾਵੇਗਾ।

ਲੰਡਨ ਦਾ ਗੇੜਾ ਅਪ੍ਰੈਲ ਵਿੱਚ ਲੱਗਣ ਦੀ ਉਮੀਦ ਹੈ। ਕਿਉਂਕਿ ਲੰਡਨ ਦੀ ਵਿਸਾਖੀ ਵੀ ਵੇਖਣ ਵਾਲੀ ਹੁੰਦੀ ਹੈ। ਮੇਰੀ ਮੂਰਖਤਾ ਕਹੋ ਕਿ ਗਰਮ ਪੈਂਟ ਦੀ ਜਗਹ ਠੰਡੀ ਖਰੀਦ ਲਿਆਇਆ ਹਾਂ। ਅੱਜ ਕੱਲ੍ਹ ਪੈਰਿਸ ਵਿੱਚ ਸੇਲ ਲੱਗੀ ਹੋਈ ਹੈ ਅਤੇ ਹਰ ਚੀਜ ਅੱਧੀ ਕੀਮਤ ਤੇ ਮਿਲ ਜਾਂਦੀ ਹੈ। 60 ਰੁਪਏ ਦੇ ਬੂਟ 20 ਰੁਪਏ ਵਿੱਚ ਮਿਲ ਗਏ। ਐਂਬੇਸੀ ਤੋਂ ਰੀਪਬਲਿਕ ਡੇ ਮਨਾਉਣ ਦਾ ਸੱਦਾ ਆ ਗਿਆ ਹੈ। ਹੋਸਟਲ ਵਿੱਚ ਵੀ ਡਿਨਰ ਦਾ ਇੰਤਜਾਮ ਹੋਵੇਗਾ ਇਸ ਮੌਕੇ ਕਾਫੀ ਭਾਰਤੀ ਮਿਲ ਜਾਂਦੇ ਹਨ।

ਉਮੀਦ ਹੈ ਮਹਿੰਦਰ ਬਾਜਵੇ ਨੇ ਭੰਗੜੇ ਦੇ ਦੋ ਫੋਟੋ ਭੇਜ ਦਿੱਤੇ ਹੋਣਗੇ। ਰੀਪਬਲਿਕ ਡੇ ਤੇ ਭੰਗੜੇ ਦੀ ਕਪਤਾਨੀ ਕਰਨ ਦਾ ਮੌਕਾ ਮਿਲਿਆ। ਜਿਹੜੀ ਫੁਲਕਾਰੀ ਪੈਰਿਸ ਲੈ ਕੇ ਗਿਆ ਸਾਂ ਉਸ ਨੇ ਮੇਰੇ ਚਾਦਰੇ ਦਾ ਕੰਮ ਕੀਤਾ। ਭੰਗੜਾ ਸਿਰਫ ਇਕ ਸ਼ੁਗਲ ਹੀ ਬਣ ਗਿਆ ਅਤੇ ਬਹੁਤ ਸਾਰੇ ਵਿਦੇਸ਼ੀ ਮੇਰੇ ਦੋਸਤ ਬਣ ਗਏ। ਪਹਿਲੀ ਵਾਰ ਮੈਂ ਅਲੀਗੜ੍ਹ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਤੇ ਪੰਜਾਬੀ ਭੰਗੜੇ ਦੀ ਟੀਮ ਵਿੱਚ ਸ਼ਾਮਲ ਹੋਇਆ ਸਾਂ। ਅਤੇ ਪੈਰਿਸ ਵਿੱਚ ਦੂਜੀ ਵਾਰ ਸ਼ਾਮਲ ਹੋਇਆ। ਪਿਛਲੇ ਹਫਤੇ ਸਿੰਦੀ (ਸਵਿੰਦਰ ਗਿੱਲ) ਸਮੇਤ ਅੱਠ ਖਤ ਲਿਖੇ ਸਨ। ਉਮੀਦ ਹੈ ਸਭ ਤੋਂ ਜਵਾਬ ਆਵੇਗਾ। ਖਤਾਂ ਰਾਹੀਂ ਦਿਲ ਪਰਚਾਵਾਂ ਹੁੰਦਾ ਰਹਿੰਦਾ ਹੈ।

ਪਿਆਰ ਸਹਿਤ

ਹਰਦੇਵ

ਪੈਰਿਸ
8.2.71

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਜਿਵੇਂ ਮੈਂ ਪਿੱਛੇ ਲਿਖ ਚੁੱਕਾ ਹਾਂ ਇਸ ਹਫਤੇ ਤੋਂ ਟੂਰ ਦਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਹੈ ਜਿਸ ਕਰਕੇ ਖਤ ਜੋਗਾ ਮਸਾਲਾ ਝਟ ਤਿਆਰ ਹੋ ਗਿਆ ਹੈ। ਸ਼ਨੀਵਾਰ ਪੈਰਿਸ ਦੇ ਬਾਹਰ ਇਕ ਕਿਲ੍ਹਾ ਵੇਖਣ ਗਏ ਸੀ। ਇੱਥੋਂ ਦੇ ਕਿਲ੍ਹੇ ਸਾਡੇ ਵਾਂਗ ਲੜਾਈ ਲਈ ਨਹੀਂ ਸਗੋਂ ਮਹੱਲ ਹੁੰਦੇ ਹਨ ਜਿਨ੍ਹਾਂ ਵਿਚ ਪੁਰਾਣੇ ਬਾਦਸ਼ਾਹ ਅਤੇ ਰਈਸ ਲੋਕ ਰਹਿੰਦੇ ਹਨ। ਇਨ੍ਹਾਂ ਨੂੰ ਸ਼ਾਤੋ (Chateau) ਕਿਹਾ ਜਾਂਦਾ ਹੈ। ਅੱਜ ਕੱਲ੍ਹ ਵੀ ਕਈ ਪ੍ਰਾਈਵੇਟ ਸ਼ਾਤੋ ਹਨ ਜਿਨ੍ਹਾਂ ਵਿੱਚ ਲੈਂਡਲਾਰਡ (Landlord) ਰਹਿੰਦੇ ਹਨ। ਫਰੈਂਚ ਇਨਕਲਾਬ ਸਮੇਂ ਇਨ੍ਹਾਂ ਨੂੰ ਬੂਜਵਾ (Bourgeuis) ਕਿਹਾ ਜਾਂਦਾ ਸੀ ਭਾਵੇਂ ਇਨ੍ਹਾਂ ਦਾ ਹਾਲ ਸਾਡੇ ਰਾਜੇ ਮਹਾਰਾਜਿਆਂ ਵਾਂਗ ਮਾੜਾ ਹੀ ਹੈ ਪਰੰਤੂ ਇਹ ਆਪਣੀ ਸ਼ਾਨੋਂ ਸ਼ੌਕਤ ਕਾਇਮ ਰੱਖਦੇ ਹਨ। ਸਭ ਕੋਲ ਅੰਗੂਰਾਂ ਦੇ ਬਾਗ ਅਤੇ ਸ਼ਰਾਬ ਦੇ ਕਾਰਖਾਨੇ ਹਨ ਅਤੇ ਫਰਾਂਸ ਦੀ ਵਧੀਆ ਸ਼ਰਾਬ ਇਨ੍ਹਾਂ ਦੇ ਜਖੀਰੇ ਤੋਂ ਹੀ ਮਿਲਦੀ ਹੈ। ਹਰ ਕਿਲ੍ਹੇ ਵਿਚ ਛੱਤ, ਫਰਸ਼ ਅਤੇ ਦੀਵਾਰਾਂ ਉਪਰ ਚਿਤਰਕਾਰੀ ਦਾ ਕਮਾਲ ਹੁੰਦਾ ਹੈ।

ਸੈਰ ਤੋਂ ਇਲਾਵਾ ਇਨ੍ਹਾਂ ਟੂਰਾਂ ਉਪਰ ਨਵੇਂ ਦੋਸਤ ਬਣਾਉਣ ਦਾ ਮੌਕਾ ਮਿਲ ਜਾਂਦਾ ਹੈ। ਇਸ ਟੂਰ ਵਿਚ ਜਿਆਦਾ ਨਵੇਂ ਅਤੇ ਵੱਡੀ ਉਮਰ ਦੇ ਵਿਦਿਆਰਥੀ ਸ਼ਾਮਲ ਸਨ। ਪਰ ਇੱਥੇ ਰੂਸੀ ਮੇਮ ਦੀ ਸਹੇਲੀ ਜੋ ਇੱਥੇ ਰੂਸੀ ਭਾਸ਼ਾ ਦੀ ਪ੍ਰੋਫੈਸਰ ਹੈ, ਇਸ ਟੂਰ ਵਿਚ ਲੱਭ ਪਈ। ਲੱਭੀ ਤਾਂ ਕਿਹਾ ਹੈ ਕਿਉਂਕਿ ਰੂਸੀ ਮੇਮ ਦੇ ਖਤਾਂ ਵਿਚ ਇਸ ਦਾ ਜ਼ਿਕਰ ਹੋਇਆ ਕਰਦਾ ਸੀ ਪਰ ਮੈਨੂੰ ਉਸ ਦੇ ਥਾਂ ਟਿਕਾਣੇ ਦਾ ਪਤਾ ਨਹੀਂ ਸੀ। ਇਹ ਸਾਡੇ ਹੋਸਟਲ ਤੋਂ ਨੇੜੇ ਹੀ ਰਹਿੰਦੀ ਹੈ ਅਤੇ ਉਸ ਤੋਂ ਕਾਫੀ ਤਕੜੀ ਜਾਪਦੀ ਹੈ।

ਸ਼ਾਮ ਨੂੰ ਪੋਲੈਂਡ ਵਾਲੀ ਕੁੜੀ ਦੇ ਘਰ ਕਾਕਟੇਲ (Cocktail) ਪਾਰਟੀ ਸੀ। ਸੱਦਾ ਪਹਿਲਾਂ ਆ ਚੁੱਕਾ ਸੀ ਪਰ ਕਈ ਮਹੀਨੇ ਤੋਂ ਉਸ ਦਾ ਮੇਲ ਨਹੀਂ ਸੀ ਹੋਇਆ। ਇਸ ਦੀ ਪਹਿਲੀ ਫੋਟੋ ਤੈਨੂੰ ਪਸੰਦ ਆਈ ਸੀ। ਪਰ ਦੇਰ ਬਾਅਦ ਵੇਖਿਆਂ ਉਸ ਦੀ ਸ਼ਕਲ ਵਿਚ ਵਧੇਰੇ ਸੁੰਦਰਤਾ ਅਤੇ ਭੋਲਾਪਨ ਨਜ਼ਰ ਆਇਆ, ਸ਼ਾਇਦ ਵੇਖਣ ਵਾਲੇ ਦੀ ਅੱਖ ਦਾ ਕਸੂਰ ਹੈ? ਸ਼ਰਾਬ ਤਾਂ ਮੈਂ ਪੀਣੀ

ਨਹੀਂ ਸੀ ਪਰ ਉਸ ਨੇ ਜੂਸ ਵੀ ਰੱਖਿਆ ਸੀ ਜੋ ਮੇਰੇ ਕੰਮ ਆ ਗਿਆ। ਖਾਣ ਨੂੰ ਤਾਂ ਪਾਰਟੀਆਂ ਵਿਚ ਕੁਝ ਨਾ ਕੁਝ ਲੱਭ ਹੀ ਪੈਂਦਾ ਹੈ। ਉਸ ਦੀਆਂ ਸਹੇਲੀਆਂ ਇਟਲੀ, ਚਿੱਲੀ ਅਤੇ ਸਵਿੱਸ ਕੁੜੀਆਂ ਸਨ ਅਤੇ ਅਸੀਂ ਚਾਰ ਮੁੰਡੇ। ਇਸ ਪਾਰਟੀ ਵਿਚ ਸਿਗਰਟਨੋਸ਼ੀ ਤੋਂ ਬਚਾ ਹੀ ਰਿਹਾ ਕਿਉਂਕਿ ਪੋਲੈਂਡ ਵਾਲੀ ਕੁੜੀ ਸਿਗਰਟ ਨਹੀਂ ਪੀਂਦੀ। ਸ਼ਰਾਬ ਤਾਂ ਪਾਣੀ ਵਾਂਗ ਚੱਲਦੀ ਹੈ ਪਰ ਇਹ ਸ਼ਰਾਬ ਅੰਗੂਰਾਂ ਦਾ ਰਸ ਹੋਣ ਕਰਕੇ ਸਵਾਦੀ ਹੁੰਦੀ ਹੈ। ਤੂੰ ਹੈਰਾਨ ਹੋਵੇਗੀ, ਮੇਰਾ ਤਜ਼ਰਬਾ ਕਿਵੇਂ ਹੋਇਆ? ਇੱਥੇ ਕਈ ਵਾਰ ਕੇਕ ਅਤੇ ਚਾਕਲੇਟ ਦੀਆਂ ਗੋਲੀਆਂ ਵਿਚ ਸ਼ਰਾਬ ਭਰੀ ਹੁੰਦੀ ਹੈ। ਇੱਥੋਂ ਦੀ ਮਠਿਆਈ ਵਿਚ ਵੀ ਸ਼ਰਾਬ ਦਾ ਸਤ (ਰਸ) ਜਿਹਾ ਜਾਪਦਾ ਹੈ। ਸੋ ਕਈ ਵਾਰ ਭੁੱਲ ਭੁਲੇਖੇ ਇਹ ਚੀਜਾਂ ਖਾਦੀਆਂ ਜਾਂਦੀਆਂ ਹਨ ਅਤੇ ਸ਼ਰਾਬ ਦਾ ਜ਼ਾਇਕਾ ਚੱਖਿਆ ਜਾਂਦਾ ਹੈ, ਜਾਣ ਬੁੱਝ ਕੇ ਨਹੀਂ। ਇੱਥੇ ਗਾਂ ਦਾ ਮੀਟ ਬਹੁਤ ਖਾਂਦੇ ਹਨ, ਜੋ ਮੀਟ ਨਹੀਂ ਖਾਂਦੇ ਉਹ ਗਾਂ ਦੇ ਮੀਟ ਦਾ ਅਰਕ (ਰਸ) ਪੀਂਦੇ ਹਨ। ਸੋ ਮੈਨੂੰ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ ਅਤੇ ਖਾਣਾ ਪਰੋਸਣ ਵਾਲੇ ਨੂੰ ਚੇਤਾਵਨੀ ਦੇਣੀ ਹੁੰਦੀ ਹੈ। ਇਸ ਪਾਰਟੀ ਦੀਆਂ ਫੋਟੋ ਵੀ ਭੇਜਾਂਗਾ।

ਇੱਥੋਂ ਦੀ ਜਿੰਦਗੀ ਦਾ ਜੋ ਕਿਆਸ ਅਸੀਂ ਕਰਦੇ ਹਾਂ ਉਹ ਕੁਝ ਸੱਚਾ ਪਰ ਜਿਆਦਾ ਝੂਠਾ ਹੀ ਨਿਕਲਦਾ ਹੈ। ਇੱਥੇ ਹਰ ਤਰ੍ਹਾਂ ਦੇ ਲੋਕ ਮਿਲਦੇ ਹਨ। ਖੁੱਲ੍ਹ ਇੰਨੀ ਹੈ ਕਿ ਪਸ਼ੂ ਬਿਰਤੀ ਤੋਂ ਲੈ ਕੇ ਸਭ ਤਰ੍ਹਾਂ ਦੇ ਕੰਮ ਵੇਖੇ ਜਾ ਸਕਦੇ ਹਨ, ਜਦ ਕਿ ਸਾਡੇ ਦੇਸ਼ ਵਿਚ ਚੋਰੀ ਛੁਪੇ ਇਸ ਤੋਂ ਵੀ ਬੁਰਾ ਹਾਲ ਹੁੰਦਾ ਹੈ। ਯੂਨੀਵਰਸਿਟੀ ਹੋਸਟਲਾਂ ਵਿਚ ਸੈਕਸ ਉਪਰ ਲੈਕਚਰ ਹੁੰਦੇ ਹਨ ਜਿਸ ਵਿੱਚ ਬੈਠਣ ਲਈ ਜਗ੍ਹਾ ਨਹੀਂ ਮਿਲਦੀ। ਬੋਲਣ ਵਾਲਾ ਇਕ ਮਹਾਨ ਪ੍ਰੋਫੈਸਰ ਹੈ ਜੋ ਬਹੁਤ ਸਾਰੀਆਂ ਗੱਲਾਂ ਪ੍ਰੈਕਟੀਕਲ ਰਾਹੀਂ ਸਮਝਾਉਂਦਾ ਹੈ। ਸਾਡੇ ਅਜੇਹੇ ਪ੍ਰੋਗਰਾਮ ਨੂੰ ਨੀਚ ਕਿਹਾ ਜਾਵੇਗਾ। ਬਾਕੀ ਚੁੰਮਣਾ ਅਤੇ ਪਿਆਰ ਕਰਨਾ ਤਾਂ ਮਾਮੂਲੀ ਗੱਲ ਹੈ। ਇਹ ਇੱਥੋਂ ਦੀ ਕਲਚਰ ਹੀ ਹੈ, ਜਦੋਂ ਮੁੰਡਾ ਕੁੜੀ ਮਿਲਦੇ ਹਨ ਤਾਂ ਉਹ ਕਿੱਸ (ਚੁੰਮ) ਕਰਕੇ ਹੀ ਮਿਲਦੇ ਹਨ। ਸਾਡੇ ਤਾਂ ਦੁਰਗਾ ਨੂੰ ਹੱਥ ਲਾਇਆਂ ਭੁਚਾਲ ਆ ਗਿਆ ਸੀ। ਹੈ ਵੀ ਠੀਕ ਕੁੜੀ ਹੱਸ ਪਵੇ ਤਾਂ ਕਹਿੰਦੇ ਹਨ ਫਸ ਗਈ। ਹੱਥ ਲੱਗਿਆਂ ਵਧੇਰੇ ਕਰੰਟ ਲਗਦਾ ਹੈ। ਕਿੱਸ ਕਰਨਾ ਕਿੱਥੇ ਜਰਿਆ ਜਾਂਦਾ ਹੈ? ਪਰ ਇੱਥੋਂ ਦੀਆਂ ਕੁੜੀਆਂ ਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਹੀਂ ਹੁੰਦਾ, ਇਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ ਹਨ। ਪਿਉ

ਧੀ ਵੀ ਚੁੰਮ ਕੇ ਮਿਲਦੇ ਹਨ।

ਇੰਡੀਅਨ ਸਾਥੀਆਂ ਦੀਆਂ ਗੱਪਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਉਹ ਠੱਗੇ ਗਏ ਹਨ। ਕਹਿੰਦੇ ਕੁੜੀ ਨੇ ਮੁਰਗਾ ਵੀ ਖਾਧਾ, ਸ਼ਰਾਬ ਵੀ ਪੀਤੀ, ਨਾਚ ਵੀ ਕੀਤਾ ਪਰੰਤੂ ਕਿੱਸ ਕਰਕੇ ਤੁਰਦੀ ਬਣੀ। ਅਸੀਂ ਤਾਂ ਰਾਤ ਕੱਟਣ ਦੇ ਸੁਪਨੇ ਲੈ ਰਹੇ ਸਾਂ। ਇੱਥੇ ਹਰ ਕਿਸਮ ਦੇ ਲੋਕ ਹੁੰਦੇ ਹਨ। ਕਈ ਪੇਸ਼ਾਵਰ ਵੀ ਹੁੰਦੀਆਂ ਹਨ ਜੋ ਕਿਸੇ ਕਲੱਬ ਦੀਆਂ ਮੈਂਬਰ ਬਣ ਕੇ ਐਸ਼ੋ ਇਸ਼ਰਤ ਦੀ ਜਿੰਦਗੀ ਬਤੀਤ ਕਰਦੀਆਂ ਹਨ। ਪੈਰਿਸ ਵਿਚ ਇਕ ਮਹੱਲਾ ਪੀਗਾਲ (Pigalle) ਹੈ ਜਿੱਥੇ ਹਰ ਰਾਤ ਸਟਰਿਪਟੀਜ਼ (ਨੰਗੇ ਨਾਚ) ਅਤੇ ਮਨੋਰੰਜਨ ਦੇ ਹੋਰ ਪ੍ਰੋਗਰਾਮ ਚੱਲਦੇ ਰਹਿੰਦੇ ਹਨ। ਇੱਥੇ ਯਾਤਰੀਆਂ ਦੀ ਭਰਮਾਰ ਹੁੰਦੀ ਹੈ। ਇੰਡੀਅਨ ਡੈਲੀਗੇਟਸ ਵੀ ਚੋਰੀ ਛੁਪੇ ਇਸ ਬਜ਼ਾਰ ਵਿੱਚ ਰੰਗ ਰਲੀਆਂ ਮਾਣਦੇ ਹਨ।

ਇਸ ਵਾਰੀ ਦੀ ਪਾਰਟੀ ਤੇ ਇਕੋ ਡਰ ਸੀ ਜੋ ਹੁਣ ਲਹਿ ਗਿਆ ਹੈ। ਵਿਦਾ ਹੋਣ ਲੱਗਿਆਂ ਪਹਿਲਾਂ ਸਹੇਲੀਆਂ ਨੇ ਕੁੜੀ ਨੂੰ ਚੁੰਮਿਆਂ। ਫਿਰ ਮੁੰਡਿਆਂ ਦੀ ਵਾਰੀ ਸੀ ਅਤੇ ਮੈਂ ਅਖੀਰ ਉਪਰ ਖੜਾ ਸੀ। ਮੈਨੂੰ ਇਹੋ ਡਰ ਲੱਗਾ ਕਿ ਮੈਂ ਸਭ ਤੋਂ ਪਿੱਛੇ ਹਾਂ ਅਤੇ ਮੈਨੂੰ ਉਸ ਦੀ ਜੂਠੀ ਗੱਲ੍ਹ (Cheek) ਮਿਲੇਗੀ। ਮੈਂ ਜੀਵਨ ਭਰ ਕਿਸੇ ਦੀ ਜੂਠ ਨਹੀਂ ਖਾਧੀ। ਇਹ ਇਕ ਰਸਮ ਸੀ ਜੋ ਮੈਂ ਜੀਵਨ ਵਿੱਚ ਪਹਿਲੀ ਵਾਰ ਸ਼ੁਰੂ ਕੀਤੀ। ਨਵੇਂ ਸਾਲ ਦੇ ਦਿਨ ਵੀ ਐਸਾ ਹੀ ਪ੍ਰੋਗਰਾਮ ਸੀ ਜਿਸ ਵਿਚ ਇੰਡੀਅਨ ਅਤੇ ਫਰੈਂਚ ਮੁੰਡੇ ਸ਼ਾਮਲ ਸਨ। ਮੇਰਾ ਇਕ ਦੋਸਤ ਸ਼ਾਮਲ ਹੋਇਆ ਪਰ ਮੈਂ ਨਹੀਂ ਗਿਆ। ਉਸ ਨੇ ਦੱਸਿਆ ਕਿ ਇੰਡੀਅਨ ਮੁੰਡਿਆਂ ਨੇ ਇੰਡੀਅਨ ਕੁੜੀਆਂ ਨੂੰ ਰਸਮੀ ਤੌਰ ਤੇ ਚੁੰਮਿਆ ਪਰੰਤੂ ਜਦੋਂ ਫਰੈਂਚ ਮੁੰਡਿਆਂ ਦੀ ਵਾਰੀ ਆਈ ਤਾਂ ਇਕ ਕੁੜੀ ਰੋ ਕੇ ਹੀ ਬਚੀ। ਭਾਵੇਂ ਇੱਥੇ ਇੰਡੀਅਨ ਕੁੜੀਆਂ ਇੰਨੀਆਂ ਸੰਗਾਊ ਨਹੀਂ ਰਹਿੰਦੀਆ ਪਰ ਆਪਣੇ ਦੇਸ਼ ਦੇ ਮੁੰਡਿਆਂ ਦੇ ਸਹਾਮਣੇ ਤਾਂ ਸ਼ਰਮ ਮਹਿਸੂਸ ਕਰਦੀਆਂ ਹਨ।

ਨਾਚ ਗਾਣੇ ਦੇ ਪ੍ਰੋਗਰਾਮਾਂ 'ਚ ਬਹੁਤ ਖੁੱਲ੍ਹ ਹੁੰਦੀ ਹੈ। ਹਰ ਕੋਈ ਆਪਣੀ ਗਰਲ ਫਰੈਂਡ (ਦੋਸਤ ਕੁੜੀ) ਨਾਲ ਜਾਂਦਾ ਹੈ ਅਤੇ ਸ਼ਰਾਬ ਦੀ ਬੋਤਲ ਲੈ ਕੇ ਜਾਣਾ ਵੀ ਜਰੂਰੀ ਹੈ। ਨਾਚ ਅੱਧੀ ਰਾਤ ਜਾਂ ਚਾਰ ਵਜੇ ਸਵੇਰ ਤੱਕ ਚੱਲਦਾ ਹੈ ਅਤੇ ਪਿੱਛੋਂ ਸੌਣ ਦੀ ਰਜਾਮੰਦੀ ਹੋ ਜਾਂਦੀ ਹੈ। ਇੰਨੇ ਮਾਡਰਨ ਆਪਾਂ ਤਾਂ ਅਜੇ ਹੋ ਨਹੀਂ ਸਕਦੇ। ਕਈ ਵਾਰ ਸੱਦਾ ਆਉਂਦਾ ਹੈ ਪਰ ਹਿੰਮਤ ਨਹੀਂ ਹੁੰਦੀ। ਹਾਂ

ਤਮਾਸ਼ਾ ਵੇਖਣ ਦੀ ਚਾਹਤ ਜਰੂਰ ਬਣੀ ਹੋਈ ਹੈ ਭਾਵੇਂ ਦੋਸਤ ਕੁੜੀ ਲੱਭਣ ਦੀ ਹਿੰਮਤ ਨਹੀਂ। ਇੰਨਾ ਕੁਝ ਹੁੰਦਿਆਂ ਵੀ ਗੁੰਡਾਗਰਦੀ ਨਹੀਂ ਹੁੰਦੀ ਅਤੇ ਬੜੇ ਸਲੀਕੇ ਨਾਲ ਪੇਸ਼ ਆਉਂਦੇ ਹਨ। ਇਹੋ ਫਰਕ ਹੈ ਫਰੈਂਚ ਅਤੇ ਇੰਡੀਅਨ ਕਲਚਰ ਦਾ। ਜਦੋਂ ਰੈਸਤੋਰਾਂ ਵਿਚ ਕਿਸੇ ਕੁੜੀ ਦਾ ਦੋਸਤ ਨਾਲ ਨਾ ਹੋਵੇ ਤਾਂ ਉਹ ਮੇਰੇ ਖਾਲੀ ਮੇਜ ਨੂੰ ਵੇਖ ਕੇ ਬਹਿ ਜਾਂਦੀ ਹੈ, ਪਰ ਆਗਿਆ ਲੈ ਕੇ। ਇੱਥੇ ਰੋਟੀ ਖਾਣ ਸਮੇਂ ਜਰੂਰ ਸਾਥ ਭਾਲਦੇ ਹਨ। ਇਕੱਲੇ ਹੋਣਾ ਆਪਣੀ ਬੇਇਜ਼ਤੀ ਮੰਨਦੇ ਹਨ।

ਪਿਛਲੀ ਚਿੱਠੀ ਵਿਚ ਬੀਮਾਰੀਆਂ ਦਾ ਜ਼ਿਕਰ ਹੋ ਗਿਆ ਸੀ। ਅਕਲਦਾੜਾਂ ਤੰਗ ਕਰ ਰਹੀਆਂ ਹਨ। ਅਜੇ ਇਕ ਨਿਕਲੀ ਸੀ ਹੁਣ ਦੂਸਰੀ ਤੰਗ ਕਰ ਰਹੀ ਹੈ। ਸਿੱਲ੍ਹ ਕਾਰਨ ਜੋੜਾਂ ਵਿਚ ਉੱਲੀ ਜਹੀ ਪੈਦਾ ਹੋ ਜਾਂਦੀ ਹੈ ਜੋ ਖੁਰਕ ਦਾ ਕਾਰਨ ਬਣ ਜਾਂਦੀ ਹੈ। ਸੋ ਦਵਾਈਆਂ ਦਾ ਸਿਲਸਲਾ ਚੱਲਦਾ ਰਹਿੰਦਾ ਹੈ। ਸਵੇਰੇ ਅੱਠ ਵਜੇਂ ਤੋਂ ਰਾਤ ਦੇ ਅੱਠ ਵਜੇ ਤੱਕ ਸਕੈਨਿੰਗ ਦਾ ਕੰਮ ਚਲਦਾ ਰਹਿੰਦਾ ਹੈ ਜਿਸ ਕਰਕੇ ਸੈਰ ਲਈ ਸਮਾਂ ਨਹੀਂ ਮਿਲਦਾ। ਵੈਸੇ ਮੇਰੇ ਹੋਸਟਲ ਤੋਂ ਸਟੇਡੀਅਮ ਨੇੜੇ ਹੀ ਹੈ। ਜਦੋਂ ਮੌਸਮ ਠੀਕ ਹੋ ਗਿਆ ਸਵੇਰ ਦੀ ਸੈਰ ਸ਼ੁਰੂ ਕਰਾਂਗਾ। ਕਈ ਬੀਮਾਰੀਆਂ ਤਾਂ ਸੈਰ ਨਾਲ ਹੀ ਦੂਰ ਹੋ ਜਾਣਗੀਆਂ। ਐਤਵਾਰ ਤਾਂ ਹਰ ਸਟੇਡੀਅਮ ਭਰਿਆ ਰਹਿੰਦਾ ਹੈ। ਕੁੜੀਆਂ ਤਾਂ ਕਮਾਲ ਕਰਦੀਆਂ ਹਨ, ਖੇਡਾਂ ਵਿਚ ਮੁੰਡਿਆਂ ਤੋਂ ਵੱਧ ਤਕੜੀਆਂ ਹਨ।

ਇੱਥੋਂ ਦੇ ਲੋਕ ਕਾਹਲੀ ਵਿੱਚ ਕੰਮ ਕਰਦੇ ਹਨ। ਸਵੇਰੇ ਦਸ ਪੰਦਰਾਂ ਮਿੰਟਾਂ ਵਿਚ ਦਫਤਰ ਨੂੰ ਭੱਜ ਨਿਕਲਦੇ ਹਨ। ਮੈਨੂੰ ਘੱਟ ਤੋਂ ਘੱਟ ਇਕ ਘੰਟਾ ਲੱਗ ਜਾਂਦਾ ਹੈ ਨਹੀਂ ਤਾਂ ਕੋਈ ਗਲਤੀ ਹੋ ਜਾਂਦੀ ਹੈ। ਕਾਹਲੀ ਵਿਚ ਆਪਣੀ ਮਸ਼ੀਨ ਖਰਾਬ ਕਰ ਬੈਠਦਾ ਹਾਂ ਅਤੇ ਸਾਰਾ ਕੰਮ ਦੁਹਰਾਉਣਾ ਪੈਂਦਾ ਹੈ। ਸੁਭਾਅ ਮੁਤਾਬਕ ਮੇਰੇ ਲਈ ਸਹਿਜ ਨਾਲ ਕੀਤਾ ਕੰਮ ਨੇਪਰੇ ਚੜ੍ਹਦਾ ਹੈ। ਇੱਥੇ ਸਮਾਂ ਉੱਡਦਾ ਲੰਘ ਜਾਂਦਾ ਹੈ। ਮੇਰਾ ਚੀਨੀ ਗਾਈਡ ਵੀ ਕਹਿ ਰਿਹਾ ਸੀ 'ਦਿਲ ਲਗਾ ਕੇ ਕੰਮ ਕਰੋ ਅਤੇ ਕਾਹਲੀ ਤੋਂ ਬਚੋ'। ਉਸ ਨੂੰ ਪਤਾ ਹੈ ਕਿ ਮੈ ਖੋਜ ਕੰਮ ਮੁਕਾ ਕੇ ਜਲਦੀ ਘਰ ਮੁੜਨਾ ਚਾਹੁੰਦਾ ਹਾਂ। ਉਹ ਮੇਰੇ ਮੁਕਾਬਲੇ ਤੇ ਕੰਮ ਕਰਦਾ ਹੈ, ਬਹੁਤ ਘੱਟ ਬੋਲਦਾ ਹੈ ਅਤੇ ਲੋੜ ਪੈਣ ਤੇ ਵਿਚਾਰ ਵਟਾਂਦਰਾ ਕਰਦਾ ਹੈ।

ਕਈ ਵਾਰ ਸੋਚਦਾ ਹਾਂ ਕਿੱਥੇ ਪੇਂਡੂ ਜੱਟਾਂ ਦਾ ਮੁੰਡਾ ਅਤੇ ਕਿੱਥੇ ਪੈਰਿਸ

ਯੂਨੀਵਰਸਿਟੀ ਦੀ ਖੋਜ ਅਤੇ ਉਹ ਵੀ ਭੌਤਿਕ-ਵਿਗਿਆਨ (Physics) ਵਰਗੇ ਔਖੇ ਮਜ਼ਮੂਨ ਵਿਚ। ਮੈਨੂੰ ਸਾਰੇ ਲਹੌਰੀਏ ਪੰਜਾਬੀ ਮੁੰਡੇ ਸਮਝਦੇ ਹਨ ਕਿ ਖੇਤੀਬਾੜੀ ਦੇ ਵਿਸ਼ੇ ਤੇ ਖੋਜ ਕਰਨ ਆਇਆ ਹੋਵੇਗਾ। ਹਲ ਵਾਹੁਣ ਤੋਂ ਬਗੈਰ ਹੋਰ ਪੰਜਾਬੀ ਜੱਟ ਕੀ ਕਰ ਸਕਦਾ ਹੈ? ਇਨ੍ਹਾਂ ਵਿਚੋਂ ਲਾਹੌਰ ਦਾ ਅਸਗਰ ਅਲੀ ਤਾਂ ਬਹੁਤ ਪਿਆਰ ਕਰਦਾ ਹੈ। ਓਹਦੀ ਵਹੁਟੀ ਤਾਂ ਵਾਪਸ ਚਲੀ ਗਈ ਹੈ ਅਤੇ ਹੁਣ ਦੂਸਰੀ ਦੀ ਭਾਲ ਵਿਚ ਹੈ। ਹਰ ਐਤਵਾਰ ਮੁਲਾਕਾਤ ਹੋ ਜਾਂਦੀ ਹੈ ਅਤੇ ਵਾਹਵਾ ਪੰਜਾਬੀ ਬੋਲ ਕੇ ਮਜ਼ਾ ਆਉਂਦਾ ਹੈ। ਉਸਦੀ ਕਾਫੀ ਬਹੁਤ ਸਵਾਦ ਹੁੰਦੀ ਹੈ। ਜੇਕਰ ਮਿਲਣ ਤੋਂ ਖੁੰਝ ਜਾਵਾਂ ਤਾਂ ਝੱਟ ਕਹਿ ਦਿੰਦਾ ਹੈ, 'ਸਰਦਾਰ ਜੀ ਆਉਂਦੇ ਹੀ ਨਹੀਂ ਕਿਹੜਾ ਰਸਤੇ ਵਿਚ ਝਨਾਂ ਪਾਰ ਕਰਨਾ ਪੈਂਦਾ ਹੈ।'

ਪੱਗਾਂ ਦੀ ਮੰਗ ਦਾ ਕਾਰਨ ਇੱਥੇ ਮਾਇਆ ਨਹੀਂ ਸੀ ਲੱਗਦੀ ਜਿਸ ਕਰਕੇ ਦੋ ਤਿੰਨ ਦਿਨ ਬਾਅਦ ਹੀ ਨਵੀਂ ਪੱਗ ਬੰਨਣੀ ਪੈਂਦੀ ਹੈ। ਫਿਰ ਧੋਣ ਅਤੇ ਸਕਾਉਣ ਦੀ ਸਮੱਸਿਆ ਹੈ। ਇਕ ਦਿਨ ਸਰਦੀਆਂ ਵਿੱਚ ਧੁੱਪ ਵੇਖ ਕੇ ਪੱਗ ਬਾਹਰ ਪਾ ਦਿੱਤੀ। ਜਦੋਂ ਸ਼ਾਮ ਨੂੰ ਚੁੱਕਣ ਲੱਗਿਆ ਤਾਂ ਪਾਣੀ ਦੇ ਕ੍ਰਿਸਟਲ ਜੰਮੇ ਹੋਏ ਲੱਭੇ। ਉਸ ਤੋਂ ਬਾਅਦ ਕਮਰੇ ਵਿੱਚ ਹੀ ਗਰਮ ਪਾਣੀ ਦੀਆਂ ਪਾਈਪਾਂ ਉਪਰ ਸਕਾਉਣਾ ਸ਼ੁਰੂ ਕੀਤਾ ਹੈ। ਲੋਕ ਕਾਲੀਆਂ ਪੱਗਾਂ ਇੱਥੇ ਪਸੰਦ ਨਹੀਂ ਕਰਦੇ। ਮੇਰੀ ਪਹਿਚਾਣ ਲਾਲ ਜਾਂ ਨਾਭੀ ਪੱਗ ਦੀ ਬਣ ਚੁੱਕੀ ਹੈ ਜੋ ਹੁਣ ਫਟ ਰਹੀਆਂ ਹਨ। ਪੱਗ ਪੰਜ ਗਜ ਦੀ ਪੂਰੀ ਹੋਣੀ ਚਾਹੀਦੀ ਹੈ, ਨਾ ਘੱਟ ਨਾ ਵੱਧ। ਦੋ ਪੱਗਾਂ ਬੇਕਾਰ ਹੋ ਗਈਆਂ ਅਤੇ ਹੁਣ ਦੋ ਹੀ ਬਚੀਆਂ ਹਨ। ਜੇਕਰ ਗੇੜਾ ਲੱਗਿਆ ਤਾਂ ਮੋਟੀ ਵੈਲ ਦੀਆਂ ਪੱਗਾਂ ਖਰੀਦ ਰੱਖਣੀਆਂ।

ਬੱਚਿਆਂ ਲਈ ਜਨਮਦਿਨ ਦਾ ਤੋਹਫਾ ਭੇਜਾਂਗਾ। ਇਕ ਭਾਰ ਦਾ ਖਿਆਲ ਰੱਖਣਾ ਪੈਂਦਾ ਹੈ, ਘੱਟ ਤੋਂ ਘੱਟ ਹੋਵੇ ਅਤੇ ਦੂਜਾ ਇਸ ਦੀ ਕੀਮਤ ਦਾ ਤਾਂ ਕਿ ਕਸਟਮ ਡਿਊਟੀ ਤੋਂ ਬਚਿਆ ਜਾ ਸਕੇ। ਪੈਕਿੰਗ ਬੰਦ ਨਹੀਂ ਕਰਨ ਦਿੰਦੇ ਕਿਉਂਕਿ ਕਸਟਮ ਵਾਲੇ ਚੈਕ ਕਰ ਸਕਦੇ ਹਨ। ਸੋ ਬਾਹਰਲੀ ਪੈਕਿੰਗ ਧਾਗੇ ਨਾਲ ਕੀਤੀ ਜਾਂਦੀ ਹੈ। ਬਾਜਵੇ ਦੀਆਂ ਫੋਟੋ ਮਿਲ ਗਈਆਂ ਹਨ। ਰਾਜੇ ਬਾਰੇ ਕਹਿੰਦਾ ਸੀ ਪਿਕਚਰ ਵੇਖਣ ਦੀ ਤਿਆਰੀ ਕਰੀ ਬੈਠਾ ਸੀ, ਪਰੰਤੂ ਠੰਡ ਹੋਣ ਕਰਕੇ ਜਾ ਨਹੀਂ ਸਕਿਆ। ਮੇਰਾ ਪੁੱਤਰ ਬਹੁਤ ਸ਼ੌਕੀਨ ਹੋ ਗਿਆ ਹੈ। ਬੱਬਲ ਵੀ ਸ਼ੈਤਾਨੀਆਂ ਕਰਨ ਲੱਗਾ ਹੈ। ਖੇਡਣ ਤੋਂ ਨਾ ਰੋਕਣਾ ਪਰ ਬੱਸ ਤੋਂ ਬਚਾਅ ਰੱਖਣਾ।

ਡਾਕਟਰ ਮਲਿਕ ਨਾਭੇ ਦਾ ਹੈ ਜੋ ਪ੍ਰੋ. ਹਰਬੰਸ ਸਿੰਘ ਹੋਰਾਂ ਦਾ ਮਿੱਤਰ ਹੈ। ਕਈ ਵਾਰ ਘਰ ਬੁਲਾਉਂਦੇ ਹਨ ਅਤੇ ਪੰਜਾਬੀ ਖਾਣੇ ਦੀ ਦਾਅਵਤ ਦਾ ਅਨੰਦ ਮਾਣਦਾ ਹਾਂ। ਉਨ੍ਹਾਂ ਦਾ ਦੋ ਸਾਲ ਦਾ ਪੁੱਤਰ 'ਕਿਰਨ' ਮੈਨੂੰ ਸਰਦਾਰ ਜੀ ਕਹਿ ਕੇ ਬਲਾਉਂਦਾ ਹੈ। ਮਲਿਕ ਤੇਰੀ ਸਿਫਤ ਕਰਦਾ ਸੀ ਕਿ ਹੌਂਸਲੇ ਵਾਲੀ ਜੱਟੀ ਹੈ। ਕਹਿੰਦਾ ਆਸ਼ਾ ਤਾਂ ਹਮੇਸ਼ਾਂ ਡਰਦੀ ਰਹਿੰਦੀ ਕਿ ਪੈਰਿਸ ਜਾ ਕੇ ਕਿਤੇ ਮੈਨੂੰ ਭੁੱਲ ਹੀ ਨਾ ਜਾਵੀਂ। ਮੈਂ ਕਿਹਾ ਦਿਲ ਬੇਈਮਾਨ ਤੋਂ ਡਰ ਲਗਦਾ ਤਾਂ ਹੈ ਪਰੰਤੂ ਗੁਰੂ ਰਾਖਾ। ਬਚਪਨ ਵਿਚ ਜੋਗਾ ਸਿੰਘ ਦੀ ਕਹਾਣੀ ਸੁਣੀ ਸੀ ਜੋ ਪੇਸ਼ਾਵਰ ਤੋਂ ਦੋ ਲਾਵਾਂ ਵਿਚੇ ਛੱਡ ਕੇ ਅਨੰਦਪੁਰ ਸਾਹਿਬ ਨੂੰ ਚੱਲ ਪਿਆ ਪਰੰਤੂ ਹੁਸ਼ਿਆਰਪੁਰ ਪਹੁੰਚ ਕੇ ਮਨ ਡੋਲ ਗਿਆ ਅਤੇ ਵੇਸਵਾ ਦੇ ਚੁਬਾਰੇ ਤੇ ਪਹੁੰਚ ਗਿਆ। ਗੁਰੂ ਗੋਬਿੰਦ ਸਿੰਘ ਪਹਿਰੇਦਾਰ ਦੇ ਰੂਪ ਵਿੱਚ ਆਪਣੇ ਸਿੱਖ ਦਾ ਬਚਾ ਕਰਨ ਪਹੁੰਚਿਆ। ਇਸ ਕਹਾਣੀ ਨੇ ਮੇਰੇ ਜੀਵਨ ਉਪਰ ਅਸਰ ਪਾਇਆ ਅਤੇ ਆਪਣੇ ਗੁਰੂ ਨੂੰ ਹਾਜ਼ਰ ਨਾਜ਼ਰ ਸਮਝਣਾ ਮੇਰਾ ਈਮਾਨ ਬਣ ਗਿਆ ਹੈ। ਗੁਰੂ ਭਲੀ ਕਰੇ।

ਤੇਰਾ

ਹਰਦੇਵ।

ਪੈਰਿਸ
10.3.71

ਡੀਅਰ ਰਾਨੀ, ਰਾਜਾ, ਬੱਬਲ ਅਤੇ ਮਾਤਾ ਜੀ,

ਨਵੇਂ ਜਨਮੇ ਕਾਕੇ ਦੀ ਸਭ ਨੂੰ ਵਧਾਈ ਹੋਵੇ। ਅੱਜ ਸ਼ਾਮ 9 ਤਰੀਕ ਨੂੰ ਲੈਬ 'ਚੋਂ ਪਰਤਿਆ ਤਾਂ ਖਤ ਮਿਲਿਆ ਜਿਸ ਉਪਰ ਲਾਲੀ (ਪਰਮਜੀਤ ਸਿੰਘ) ਦਾ ਐਡਰੈਸ ਪੜ੍ਹਕੇ ਮੈਂ ਆਪਣੇ ਸਾਥੀ ਨਾਲ ਰੋਟੀ ਬਣਾਉਣ ਲੱਗ ਪਿਆ। ਗਲਾ ਖਰਾਬ ਹੋਣ ਕਰਕੇ ਰੈਸਤੋਰਾਂ ਵਿੱਚ ਡਿਨਰ ਕਰਨ ਨਾ ਗਿਆ ਅਤੇ ਕਮਰੇ ਵਿੱਚ ਰਾਜਮਾਹ ਅਤੇ ਚੌਲ ਤਿਆਰ ਕਰ ਲਏ। ਸਾਥੀ ਮੁੰਡੇ ਨੇ ਯਾਦ ਕਰਵਾਇਆ ਕਿ ਪੰਜਾਬ ਤੋਂ ਖਤ ਆਇਆ ਹੈ, ਪੜ੍ਹ ਕੇ ਦੱਸ ਕੀ ਖਬਰ ਆਈ ਹੈ। ਕਿਸੇ ਦੇ ਸਾਹਮਣੇ ਮੈਂ ਖਤ ਪੜ੍ਹਨਾ ਠੀਕ ਨਹੀਂ ਸਮਝਦਾ ਸੋ ਪਾਸੇ ਰੱਖ ਛੱਡਿਆ। ਮੈਂ ਸੋਚਿਆ ਲਾਲੀ ਵਿਹਲਾ ਹੋਵੇਗਾ ਸੋ ਕੁਝ ਲਿਖ ਭੇਜਿਆ ਹੋਵੇਗਾ। ਮੈਂ 9 ਤਰੀਕ ਤੋਂ ਬਾਅਦ ਕਿਸੇ ਚੰਗੀ ਖਬਰ ਦੀ ਉਡੀਕ ਕਰ ਰਿਹਾਂ ਸਾਂ।

ਰਾਤ ਸਾਢੇ ਦਸ ਵਜੇ ਜਦੋਂ ਖਤ ਪੜਿਆ ਤਾਂ ਲਾਲੀ ਦੀ ਅੰਗਰੇਜ਼ੀ ਵਿਚ ਲਿਖੀ ਚਿੱਠੀ ਤੋਂ ਉਹ ਖਬਰ ਮਿਲ ਗਈ ਜਿਸ ਦੀ ਮੈਂ ਉਡੀਕ ਕਰ ਰਿਹਾਂ ਸਾਂ। ਰਾਜੇ ਵਰਗਾ ਇਕ ਹੋਰ ਰਾਜਾ ਜਾਂ ਬੱਬਲ ਵਰਗਾ ਇਕ ਹੋਰ ਬੱਬਲ ਆ ਗਿਆ ਹੈ। ਲਾਲੀ ਨੇ ਆਪਣੇ ਢੰਗ ਨਾਲ ਤੇਰੇ ਨਵੇਂ ਜਨਮੇ ਪੁੱਤਰ ਦੀ ਖਬਰ ਭੇਜੀ ਹੈ ਜਿਸ ਨੂੰ ਪੜ੍ਹ ਕੇ ਮੈਂ ਗਦ ਗਦ ਹੋ ਗਿਆ। ਖਤ ਨੂੰ ਵਾਰ ਵਾਰ ਪੜ੍ਹਿਆ ਅਤੇ ਚੁੰਮਿਆ। ਖਤ ਤੀਸਰੇ ਦਿਨ ਮਿਲ ਗਿਆ ਹੈ।

ਮੈਂ ਇਹ ਖਬਰ ਅਜੇ ਕਿਸੇ ਨਾਲ ਸਾਂਝੀ ਨਹੀਂ ਕੀਤੀ। ਰਾਤ ਵਾਲੇ ਸਾਥੀ ਨੂੰ ਵੀ ਨਹੀਂ ਦੱਸਿਆ ਜੋ ਪੰਜਾਬ ਦੀ ਖਬਰ ਬਾਰੇ ਪੁੱਛ ਰਿਹਾ ਸੀ। ਕਈ ਮੁੰਡੇ ਹੋਲੀ ਦੇ ਖਾਣੇ ਅਤੇ ਰੰਗਾਂ ਲਈ ਪੈਸੇ ਲੈਣ ਆਏ। ਮੈਂ ਕਿਹਾ ਕੱਲ੍ਹ ਆਇਓ ਅਜੇ ਮੈਂ ਜਰੂਰੀ ਕੰਮ ਵਿਚ ਰੁੱਝਾ ਹੋਇਆ ਹਾਂ। ਮੈਂ ਅਜੇ ਆਪਣੇ ਆਪ ਨੂੰ ਦੱਸਣਾ ਚਾਹੁੰਦਾ ਸਾਂ ਕਿ ਮੈਂ ਹੁਣ ਤਿੰਨ ਪੁੱਤਰਾਂ ਦਾ ਬਾਪ ਬਣ ਬਣ ਗਿਆ ਹਾਂ ਜਿਵੇਂ ਕਿ ਲਾਲੀ ਨੇ ਲਿਖਿਆ ਸੀ। ਫਿਰ ਸੋਚਿਆ ਮੇਰਾ ਦਾਦਾ ਅਤੇ ਬਾਪ ਮੇਰੇ ਵਾਂਗ ਆਪਣੀ ਮਾਂ ਦੇ ਇਕੱਲੇ ਪੁੱਤਰ ਸਨ, ਸੋ ਮੇਰੀ ਮਾਂ ਤਿੰਨ ਪੋਤਿਆਂ ਦੀ ਦਾਦੀ ਬਣ ਕੇ ਖੁਸ਼ ਹੋਈ ਹੋਵੇ ਗੀ। ਪਰ ਕੀ ਪਤਾ ਉਹ ਸੱਤ ਪੋਤਿਆਂ ਦੀ ਅਰਦਾਸ ਕਰੀ ਬੈਠੀ ਹੋਵੇ?

ਰਾਜਾ ਅਤੇ ਬੱਬਲ ਆਪਣੇ ਛੋਟੇ ਭਰਾ ਨੂੰ ਵੇਖ ਕੇ ਖੁਸ਼ ਹੋਏ ਹੋਵਣਗੇ,

ਜਿਵੇਂ ਬੱਬਲ ਦੇ ਜਨਮ ਸਮੇਂ ਰਾਜਾ ਰਜਿੰਦਰਾ ਹਸਪਤਾਲ ਵਿਚ ਡਾਂਸ ਕਰ ਰਿਹਾ ਸੀ। ਹਸਪਤਾਲ ਦੀ ਸਟੋਰੀ ਬਾਅਦ ਵਿਚ ਪਤਾ ਲੱਗ ਜਾਵੇਗੀ। ਰਾਜਾ ਤੇਰਾ ਪੁੱਤਰ, ਬੱਬਲ ਮੇਰਾ ਅਤੇ ਛੋਟੂ ਮਾਤਾ ਜੀ ਦਾ ਹੋ ਗਿਆ। ਹੈਰਾਨੀ ਹੈ ਕਿ ਖਤ ਤੋਂ ਪਹਿਲਾਂ ਜਿੰਨੀ ਉਡੀਕ ਸੀ, ਫਿਕਰ ਸੀ ਅਤੇ ਘਬਰਾਹਟ ਸੀ ਉਹ ਸਭ ਦੂਰ ਹੋ ਗਈ ਹੈ। ਫਿਕਰ ਦੂਰ ਕਰਨ ਲਈ ਲੋਕੀਂ ਸ਼ਰਾਬ ਦਾ ਆਸਰਾ ਲੈਂਦੇ ਹਨ ਪਰ ਮੇਰਾ ਤਰੀਕਾ ਨਿਰਾਲਾ ਹੈ। ਮੈਂ ਆਪਣੇ ਆਪ ਨੂੰ ਖੋਜ ਕੰਮ ਵਿਚ ਏਨਾ ਮਸਰੂਫ਼ ਕਰ ਲੈਂਦਾ ਹਾਂ ਕਿ ਸੋਚਣ ਦਾ ਮੌਕਾ ਹੀ ਨਾ ਮਿਲੇ। ਅੱਜ ਦੀ ਖਬਰ ਨੇ ਸਾਰੇ ਫਿਕਰ ਦੂਰ ਕਰ ਦਿੱਤੇ ਹਨ। ਸ਼ਾਇਦ ਘਰ ਤੋਂ ਦੂਰ ਹੋਣ ਕਰਕੇ ਉਡੀਕ ਵਧੇਰੇ ਤੰਗ ਕਰਦੀ ਹੈ। ਜਦ ਅਸਲੀਅਤ ਪਤਾ ਲਗ ਜਾਂਦੀ ਹੈ ਤਾਂ ਝੱਟ ਆਰਾਮ ਜਿਹਾ ਮਿਲ ਜਾਂਦਾ ਹੈ ਜਿਸ ਨੂੰ 'ਸਕੂਨ' ਕਿਹਾ ਜਾਣਾ ਠੀਕ ਹੋਵੇਗਾ। ਵਾਹਿਗੁਰੂ ਦਾ ਸ਼ੁਕਰੀਆ ਅਦਾ ਕਰਨਾ ਬਣਦਾ ਹੈ ਜਿਸ ਨੇ ਦਾਸ ਦਾ ਪੜ੍ਹਦਾ ਢੱਕਿਆ।

ਅੱਜ ਰੂਸ ਅਤੇ ਜਰਮਨੀ ਵੱਲ ਖਤ ਭੇਜ ਰਿਹਾ ਹਾਂ। ਰੂਸੀ ਮੇਮ ਨੂੰ ਇਕ ਹੋਰ 'ਵੋਵਾ' ਦੀ ਖਬਰ ਮਿਲ ਜਾਵੇਗੀ ਅਤੇ ਮਨਮੋਹਨ ਨੂੰ ਇਕ ਹੋਰ ਰਾਜੇ ਦੀ। ਕੱਲ੍ਹ ਆਪਣੀ ਲੈਬ ਦੇ ਸਾਥੀਆਂ ਨਾਲ ਖਬਰ ਸਾਂਝੀ ਕਰਾਂਗਾ। ਖਾਸ ਕਰਕੇ ਡਾ. ਮਲਿਕ, ਪੋਲੈਂਡ ਵਾਲੀ ਕੁੜੀ ਅਤੇ ਰੈਸਤੋਰਾਂ ਵਾਲੀਆਂ ਲੇਡੀਜ਼ ਜੋ ਮੇਰੀ ਸੇਵਾ ਵਿਚ ਕੋਈ ਕਸਰ ਨਹੀਂ ਛੱਡਦੀਆਂ। ਲੱਡੂਆਂ ਦੀ ਥਾਂ ਕੋਈ ਹੋਰ ਮਿਠਾਈ ਲੈ ਜਾਵਾਂਗਾ। ਬਹੁਤੇ ਤਾਂ ਇਹੋ ਕਹਿਣਗੇ ਕਿ ਕੁੜੀ ਹੁੰਦੀ ਤਾਂ ਚੰਗਾ ਸੀ ਜਿਵੇਂ ਤੂੰ ਵੀ ਚਾਹੁੰਦੀ ਸੀ।

ਰਾਜਾ ਅਤੇ ਬੱਬਲ ਜੋ ਕਹਿਣਗੇ ਇੱਥੋਂ ਭੇਜ ਦਿਆਂਗਾ। ਤੇਰੀ ਵਾਰੀ ਅਤੇ ਮਾਤਾ ਜੀ ਦੀ ਅੱਗੇ ਵਾਂਗ ਪਿੱਛੇ ਪੈ ਜਾਂਦੀ ਹੈ। ਉਮੀਦ ਹੈ ਮੁੜਨ ਲੱਗਿਆਂ ਸਾਰੀ ਕਸਰ ਪੂਰੀ ਹੋ ਜਾਵੇਗੀ। ਮਾਰਚ ਵਿਚ ਮੌਸਮ ਠੀਕ ਹੋ ਜਾਂਦਾ ਹੈ ਅਤੇ ਧੁੱਪ ਸੇਕਣ ਦੀ ਲੋੜ ਨਹੀਂ ਪੈਂਦੀ। ਮਾਂਗਟ ਦਾ ਕੀ ਹਾਲ ਹੈ। ਭੂਆ ਜੀ ਦਾ ਸਦਾ ਸ਼ੁਕਰੀਆ ਅਦਾ ਕਰਦੇ ਰਿਹਾ ਕਰੋ। ਬਲਜੀਤ ਅਜੇ ਪਟਿਆਲੇ ਹੀ ਹੈ ਕਿ ਗੁਰਬਖਸ਼ ਕੋਲ ਅਮਰੀਕਾ ਪਹੁੰਚ ਗਈ ਹੈ। ਮੈਨੂੰ ਕਾਫੀ ਚਿਰ ਤੋਂ ਗੁਰਬਖਸ਼ ਦਾ ਖਤ ਨਹੀਂ ਮਿਲਿਆ। ਹੁਣ ਮੈਂ ਹੀ ਲਿਖਾਂਗਾ। ਸਭ ਨੂੰ ਪਿਆਰ ਭਰੀ ਸਤਿ ਸਿਰੀ ਅਕਾਲ ਕਹਿਣਾ। ਬੱਚਿਆਂ ਨੂੰ ਪਿਆਰ।

ਤਿੰਨ ਬੱਚਿਆਂ ਦਾ ਬਾਪ
ਹਰਦੇਵ ਸਿੰਘ

ਪੈਰਿਸ
25.3.71

ਡੀਅਰ ਰਾਨੀ

ਪਿਆਰ ਭਰੀ ਸਤਿ ਸਿਰੀ ਅਕਾਲ।

ਤੇਰਾ ਖਤ ਅੱਜ ਫਿਰ ਮਿਲ ਗਿਆ ਹੈ ਅਤੇ ਕਈ ਉਤਰ ਜੋ ਮੈਂ ਪਹਿਲੇ ਖਤ ਵਿੱਚ ਉਡੀਕਦਾ ਸਾਂ ਉਹ ਵੀ ਮਿਲ ਗਏ ਹਨ। ਅੱਛਾ ਹੈ ਕਿ ਜੇਕਰ ਬੱਚੇ ਦੀ ਫੋਟੋ ਵੀ ਭੇਜ ਦੇਵੋ ਜਦੋਂ ਕੁਝ ਹੋਰ ਵੱਡਾ ਹੋ ਜਾਵੇ। ਅੱਗੇ ਮੈਂ ਸੋਚਦਾ ਸਾਂ ਕਿ ਭੂਆ ਅਤੇ ਦਲਜੀਤ ਤਾਂ ਜ਼ਰੂਰ ਆਏ ਹੋਣਗੇ ਭਾਵੇਂ ਹੋਰ ਕੋਈ ਆਇਆ ਹੋਵੇ ਜਾਂ ਨਾ। ਚਲੋ ਜੋ ਆਇਆ ਸੋ ਚੰਗਾ, ਪਿਆਰ ਕਰੋ ਕਿਸੇ ਨੂੰ ਨਫਰਤ ਨਹੀਂ ਕਰਨੀ। ਇਹ ਗੱਲ ਇਥੇ ਇਕ ਸਿਆਣੇ ਬੰਦੇ ਨੇ ਕਹੀ। ਕਈ ਕੁੜੀਆਂ ਕਲਾਸ ਵਿੱਚ ਵੀ ਸਿਗਰਟ ਪੀਂਦੀਆਂ ਹਨ। ਮੈਂ ਗੁੱਸੇ ਵਿਚ ਕਿਹਾ ਕਿ ਬਰਾਜੀਲ ਦੀਆਂ ਕੁੜੀਆਂ ਸਿਗਰਟ ਪੀਂਦੀਆਂ ਹਨ ਅਤੇ ਮੈਂ ਨਫ਼ਰਤ ਕਰਦਾ ਹਾਂ।

ਮੇਰੇ ਖਤ ਦਾ ਵਿਸ਼ਾ ਇਕ ਬਰਾਜ਼ੀਲ ਦੀ ਕੁੜੀ ਹੈ। ਜਿਵੇਂ ਪੋਲੈਂਡ ਦੀ ਟੱਕਰੀ ਉਸੇ ਤਰ੍ਹਾਂ ਹੀ ਇਸ ਨਾਲ ਮੌਕਾ ਮੇਲ ਹੋ ਗਿਆ। ਕੁੜੀ ਕਾਹਦੀ, ਕੱਦ ਕਾਠ ਵਿਚ ਪੂਰਾ ਬੰਦਾ। ਸ਼ਕਲ ਸੂਰਤ ਤੋਂ ਕੋਈ ਸ਼ਹਿਜਾਦੀ ਪਰ ਦਿਲ ਵਿਚ ਕਿਸੇ ਡੂੰਘੀ ਉਦਾਸੀ ਦੇ ਬੱਦਲ। ਇਹ ਅੱਜ ਰਾਤ ਸੰਗੀਤ ਦੇ ਪ੍ਰੋਗਰਾਮ ਤੇ ਮੈਨੂੰ ਲੈਣ ਆ ਗਈ। ਮੈਂ ਤੇਰੀ ਚਿੱਠੀ ਨਾਲ ਲੈ ਗਿਆ ਅਤੇ ਇਸ ਤੋਂ ਚੋਰੀ ਨਿੰਮੇ ਜਹੇ ਚਾਨਣ ਵਿਚ ਪੜ੍ਹਦਾ ਰਿਹਾ। ਉਸ ਨੂੰ ਹੈਰਾਨੀ ਹੋਈ ਕਿ ਮੈਂ ਸੰਗੀਤ ਦਾ ਆਨੰਦ ਨਹੀਂ ਮਾਣ ਰਿਹਾ ਅਤੇ ਨਾ ਹੀ ਉਸ ਨਾਲ ਨਾਚ ਵਿਚ ਸ਼ਾਮਲ ਹੋਇਆ ਹਾਂ ਜੋ ਉਸ ਦੀ ਦਿਲੀ ਤਮੰਨਾ ਸੀ। ਜਦੋਂ ਉਹ ਗਮਗੀਨ ਹੋ ਗਈ ਤਾਂ ਮੈਂ ਕਾਰਨ ਪੁੱਛਿਆ। ਉਹ ਕਹਿਣ ਲੱਗੀ ਉਹ ਕਿਸੇ ਆਦਮੀ ਦੀ ਭਾਲ ਵਿਚ ਹੈ ਜੋ ਉਸ ਨੂੰ ਪਤਨੀ ਵਾਂਗ ਪਿਆਰ ਕਰੇ (ਜਿਵੇਂ ਮੈਂ ਤੈਨੂੰ ਕਰਦਾ ਹਾਂ, ਸ਼ਾਇਦ ਉਸ ਨੇ ਚਿੱਠੀ ਪੜ੍ਹਨ ਦੇ ਅੰਦਾਜ਼ ਤੋਂ ਕਿਆਸ ਲਗਾਇਆ ਹੋਵੇ?)। ਮੈਂ ਬਥੇਰਾ ਕਿਹਾ ਕਿ ਉਸ ਦਾ ਕਿਆਸ ਗਲਤ ਹੋ ਸਕਦਾ ਹੈ। ਮੈਂ ਪੈਰਿਸ ਵਿਚ ਬੈਠਾ ਹਾਂ ਅਤੇ ਮੇਰੀ ਪਤਨੀ ਜਣੇਪੇ ਦਾ ਦਰਦ ਸਹਾਰਦੀ ਰਹੀ। ਮੈਂ ਆਪਣੇ ਆਪ ਨੂੰ ਗੁਨਾਹਗਾਰ ਵਾਂਗ ਸਮਝਦਾ ਹਾਂ। ਦੋ ਬੱਚੇ ਪਹਿਲਾਂ ਸਨ ਅਤੇ ਤੀਜੇ ਦੀ ਲੋੜ ਅਜੇ ਨਹੀਂ ਸੀ। ਪਰਿਵਾਰ ਨਿਯੋਜਨ ਦਾ ਖਿਆਲ ਨਹੀਂ ਸੀ ਅਤੇ ਪੰਜ ਸਾਲ ਵਿਚ ਤਿੰਨ ਬੱਚੇ ਪੈਦਾ ਹੋ ਗਏ।

ਮੇਰੀ ਗੱਲ ਸੁਣ ਕੇ ਉਹ ਝੱਟ ਸਮਝ ਗਈ ਕਿ ਬੱਚਾ ਜਲਦੀ ਇੱਛਾ ਦੇ ਉਲਟ ਹੋ ਗਿਆ ਹੋਵੇਗਾ। ਮੈਨੂੰ ਦਿਲਾਸਾ ਦੇਣ ਲਈ ਕਹਿੰਦੀ ਉਸ ਦੇ ਸੱਤ ਭਰਾ ਹਨ ਅਤੇ ਉਹ ਦੋ ਭੈਣਾ ਪੈਰਿਸ ਵਿਚ ਹਨ। ਉਸ ਦਾ ਪਰਿਵਾਰ ਬਰਾਜ਼ੀਲ ਦੇ ਸਾਓਪੋਲੋ (Sao Paulo) ਸ਼ਹਿਰ ਵਿਚ ਰਹਿੰਦਾ ਹੈ। ਇਕ ਹੋਰ ਜਰਮਨ ਕੁੜੀ ਜਿਸ ਦੇ ਬੱਚਾ ਹੋਣਾ ਹੈ, ਲਾਇਬਰੇਰੀ ਵਿਚ ਕੰਮ ਕਰਦੀ ਹੈ ਅਤੇ ਆਪਣੇ ਸਾਥੀ ਦੀ ਪੜ੍ਹਾਈ ਦਾ ਖਰਚ ਪੂਰਾ ਕਰਦੀ ਹੈ। ਮੈਂ ਉਸ ਨੂੰ ਪੁੱਤਰ ਦੀ ਕਾਮਨਾ ਕੀਤੀ ਤਾਂ ਕਹਿਣ ਲੱਗੀ ਕਿ ਤਿੰਨ ਪੁੱਤਰ ਤਾਂ ਜਰਮਨੀ ਛੱਡ ਕੇ ਆਈ ਹਾਂ, ਹੁਣ ਕੁੜੀ ਹੋਵੇ ਤਾਂ ਚੰਗਾ ਹੋਵੇਗਾ। ਸੋ ਇੱਥੇ ਵੀ ਬੱਚੇ ਪਾਲਣ ਦੀ ਸਮੱਸਿਆ ਹੈ ਜਿਸ ਕਰਕੇ ਪ੍ਰੀਵਾਰ ਨਿਯੋਜਨ ਇਕ ਮਜ਼ਬੂਰੀ ਬਣ ਗਿਆ ਹੈ।

ਬਰਾਜ਼ੀਲ ਦੀ ਕੁੜੀ ਲਬੀਬਾ ਸ਼ਾਮੋਂ, ਵੇਖਣ ਵਿੱਚ ਪੱਚੀ ਸਾਲ ਦੀ ਜਾਪਦੀ ਹੈ। ਉਹ ਕਹਿੰਦੀ, 'ਮੇਰੀ ਉਮਰ 35 ਸਾਲ ਹੈ ਪਰ ਮੈਂ ਜਿੱਮ ਵਿਚ ਕਸਰਤ ਕਰ ਕੇ ਸਰੀਰ ਜਵਾਨ ਰੱਖਿਆ ਹੈ'। ਦਸ ਸਾਲ ਤੋਂ ਵਿਦੇਸ਼ਾਂ ਵਿਚ ਘੁੰਮਦੀ ਰਹੀ, ਦੋ ਵਾਰ ਪੀ.ਐਚ.ਡੀ ਵੀ ਕੀਤੀ ਪਰੰਤੂ ਕਿਤੇ ਚੰਗੀ ਨੌਕਰੀ ਨਹੀਂ ਮਿਲੀ। ਕਈ ਵਾਰ ਹੋਟਲਾਂ ਵਿਚ ਕੰਮ ਕੀਤਾ ਅਤੇ ਚੰਗੀ ਸਿਹਤ ਹੋਣ ਕਰਕੇ ਬਦਮਾਸ਼ਾਂ ਨੂੰ ਆੜੇ ਹੱਥੀਂ ਲਿਆ। ਹੁਣ ਮੇਰੇ ਨਾਲ ਦੀ ਲੈਬ ਵਿੱਚ ਪ੍ਰੋਫੈਸਰ ਦੀ ਸੈਕਟਰੀ ਲੱਗੀ ਹੋਈ ਹੈ। ਸਾਡੀ ਪਹਿਲੀ ਮੁਲਾਕਾਤ ਯੂਨੀਵਰਸਿਟੀ ਜਾਣ ਵਾਲੀ ਬੱਸ ਵਿਚ ਹੋਈ। ਪੈਰਿਸ ਵਰਗੇ ਸ਼ਹਿਰ ਵਿਚ ਵੀ ਉਹ ਇਕੱਲੀ ਭਟਕ ਰਹੀ ਸੀ ਅਤੇ ਆਪਣੇ ਦਿਲਜਾਨੀ ਦੀ ਭਾਲ ਕਰ ਰਹੀ ਸੀ। ਪਹਿਲਾਂ ਇਕ ਇੰਡੀਅਨ ਟੱਕਰਿਆ ਪਰੰਤੂ ਉਹ ਵੀ ਸਾਥ ਛੱਡ ਗਿਆ।

ਰੈਸਤੋਰਾਂ ਵਿਚ ਲਬੀਬਾ ਮੇਰੇ ਮੇਜ਼ ਤੇ ਆ ਬੈਠਦੀ, ਅਸੀਂ ਲੰਚ ਕਰਕੇ ਕੈਨਟੀਨ ਵਿਚ ਚਾਹ ਪੀਣ ਜਾਂਦੇ। ਉਹ ਕਾਫ਼ੀ ਦੀ ਸ਼ੌਕੀਨ ਸੀ। ਇਕ ਦਿਨ ਉਸ ਨੇ ਕਾਫ਼ੀ ਨਾਲ ਦੁੱਧ ਮੰਗਾ ਲਿਆ। ਮੈਂ ਟਕੋਰ ਕੀਤੀ ਕਿ ਤੇਰੇ ਪਾਸ ਤਾਂ ਦੁੱਧ ਦਾ ਜਖੀਰਾ ਹੈ, ਤੈਨੂੰ ਕੀ ਲੋੜ ਹੈ ਦੁੱਧ ਮੰਗਾਉਣ ਦੀ। ਇਸ ਟਕੋਰ ਨੇ ਉਸ ਦਾ ਦਿਲ ਖੋਲ੍ਹ ਦਿੱਤਾ। ਕਹਿੰਦੀ ਮੈਂ 35 ਸਾਲ ਦੀ ਹੋ ਗਈ ਹਾਂ, ਵਿਆਹ ਦੇ ਚੱਕਰ ਵਿਚ ਨਹੀਂ ਪੈਣਾ ਚਾਹੁੰਦੀ ਪਰ ਇਕ ਬੱਚੇ ਦੀ ਮਾਂ ਬਣਨਾ ਲੋਚਦੀ ਹਾਂ। ਮੈਂ ਕਿਹਾ ਨਿਰਾਸ ਹੋਣ ਦੀ ਲੋੜ ਨਹੀਂ ਤੈਨੂੰ ਕੋਈ ਸਾਥੀ ਮਿਲ ਜਾਵੇਗਾ। ਪ੍ਰਾਰਥਨਾ ਕਰਿਆ ਕਰ ਅਤੇ ਉਮੀਦ ਰੱਖਿਆ ਕਰ। ਮੈਨੂੰ ਡਰ ਵੀ ਲੱਗਾ ਜਦੋਂ

ਉਸ ਨੇ ਕਿਹਾ ਕਿ ਤੂੰ ਪੈਰਿਸ ਵਿਚ ਇਕੱਲਾ ਰਹਿੰਦਾ ਹੈ, ਮੇਰਾ ਸਾਥੀ ਕਿਉਂ ਨਹੀਂ ਬਣ ਜਾਂਦਾ। ਮੈਂ ਕਿਹਾ, 'ਮੇਰੀ ਪਤਨੀ ਦੀ ਪ੍ਰਵਾਨਗੀ ਜਰੂਰੀ ਹੈ।' ਸੋ ਇਹ ਕਹਿ ਕੇ ਮੈਂ ਚੱਲਦਾ ਬਣਿਆ। ਜੋ ਗੱਲਾਂ ਅਸੀਂ ਪਤੀ ਪਤਨੀ ਹੋ ਕੇ ਕਰਦੇ ਵੀ ਸੰਗਦੇ ਹਾਂ, ਇੱਥੇ ਇਹ ਕੁੜੀਆਂ ਨਿਝੱਕ ਹੋ ਕੇ ਕਰਦੀਆਂ ਹਨ। ਲਬੀਬਾ ਦੀ ਭੈਣ ਹਬੀਬਾ ਸ਼ਾਮੋਂ ਪੈਰਿਸ ਵਿਚ ਡਾਕਟਰੀ ਦੀ ਪੜ੍ਹਾਈ ਕਰ ਰਹੀ ਹੈ। ਉਸ ਦਾ ਆਪਣਾ ਦੋਸਤ ਹੈ ਅਤੇ ਉਹ ਝੋਰੇ ਨਹੀਂ ਝੁਰਦੀ। ਪੈਰਿਸ ਵਰਗੇ ਸ਼ਹਿਰ ਵਿਚ ਕਈ ਕੁੜੀਆਂ ਰੋਂਦੀਆਂ ਹਨ ਕਿਉਂਕਿ ਇੱਥੇ ਵੀ ਬਹੁਤ ਦੇਹ ਦੇ ਵਪਾਰੀ ਹਨ ਅਤੇ ਸੱਚੇ ਪਿਆਰ ਦੀ ਅਣਹੋਂਦ ਹੈ। ਤੇਰੇ ਨਾਲ ਸਾਰੇ ਭੇਦ ਸਾਂਝੇ ਕਰਕੇ ਮੈਨੂੰ ਹੌਂਸਲਾ ਮਿਲ ਜਾਂਦਾ ਹੈ ਅਤੇ ਇੱਥੋਂ ਦੀ ਜਿੰਦਗੀ ਦੀ ਝਲਕ ਪੇਸ਼ ਕਰਦਾ ਰਹਿੰਦਾ ਹਾਂ।

ਇਸ ਹਫਤੇ ਆਪਣੇ ਪੋਫੈਸਰ, ਉਸਦੀ ਪਤਨੀ ਅਤੇ ਫਰੈਂਚ ਦੀ ਪ੍ਰੋਫੈਸਰ ਨੂੰ ਖਾਣੇ ਦੀ ਦਾਅਵਤ ਦੇ ਆਇਆਂ ਹਾਂ। ਕਿਸੇ ਵੀ ਨਾਹ ਨੁੱਕਰ ਨਹੀਂ ਕੀਤੀ, ਝੱਟ ਤਿਆਰ ਹੋ ਪਏ। ਹੁਣ ਫਿਕਰ ਨਾਲ ਨਵੇਂ ਭਾਂਡੇ ਅਤੇ ਮੇਜਪੋਸ਼ ਵੀ ਖਰੀਦਾਂਗਾ। ਰੋਟੀ ਤਾਂ ਬਣ ਹੀ ਜਾਂਦੀ ਹੈ ਕਾਫੀ ਤਜ਼ਰਬਾ ਹੋ ਗਿਆ ਹੈ। ਮੇਰੇ ਪ੍ਰੋਫੈਸਰ ਦੀ ਪਤਨੀ ਸਾਡੀ ਲੈਬ ਵਿਚ ਹੀ ਪ੍ਰੋਫੈਸਰ ਹੈ। ਮੈਂ ਸੋਚਿਆ ਪਹਿਲੀ ਵਾਰ ਆ ਰਹੀ ਹੈ ਕੋਈ ਤੋਹਫਾ ਭੇਟ ਕਰਾਂ। ਮੇਰੇ ਪਾਸ ਘਰ ਦੀ ਬਣੀ ਇਕ ਫੁਲਕਾਰੀ ਹੈ। ਫਿਰ ਸੋਚਿਆ ਫਰੈਂਚ ਦੀ ਪ੍ਰੋਫੈਸਰ ਨੂੰ ਕੀ ਦਿਆਂਗਾ। ਸੋ ਇਹ ਖਿਆਲ ਵਿਚੇ ਹੀ ਛੱਡ ਦਿੰਦਾ ਹਾਂ। ਜਦੋਂ ਪ੍ਰੋਫੈਸਰ ਦੇ ਘਰ ਗਿਆ ਤਾਂ ਇਹ ਫੁਲਕਾਰੀ ਭੇਟ ਕਰ ਦਿਆਂਗਾ। ਕਿਉਂਕਿ ਉਸ ਨੇ ਮੈਨੂੰ ਮੋੜਵੀਂ ਦਾਅਵਤ ਦੇਣੀ ਹੈ। ਇੱਥੇ ਪ੍ਰੋਫੈਸਰ ਨੂੰ ਵੈਸੇ ਵੀ ਖੁਸ਼ ਰੱਖਣਾ ਪੈਂਦਾ ਹਾਂ। ਦਾਖਲੇ ਤੋਂ ਲੈ ਕੇ ਡਿਗਰੀ ਹਾਸਲ ਕਰਨ ਤੱਕ ਸਾਰੀ ਜਿੰਮੇਵਾਰੀ ਉਸ ਦੀ ਹੁੰਦੀ ਹੈ।

ਮੈਂ ਵੀ.ਸੀ. ਨੂੰ ਖਤ ਲਿਖਾਂਗਾ। ਇਹ ਸਾਡੇ ਦੇਸ਼ ਦੀ ਬੀਮਾਰੀ ਹੈ ਕਿ ਦਫਤਰੀ ਲੋਕ ਅੜਿਕਾ ਡਾਹ ਦਿੰਦੇ ਹਨ ਭਾਵੇਂ ਅਫਸਰ ਕਿੰਨਾ ਵੀ ਮਿਹਰਵਾਨ ਹੋਵੇ। ਮਾਂਗਟ ਨੂੰ ਪੁੱਤਰ ਦੀ ਵਧਾਈ ਦੇ ਦੇਣੀ। ਬੱਬਲ ਦਾ ਖਾਸ ਖਿਆਲ ਰੱਖਣਾ, ਉਸ ਨੂੰ ਮਹਿਸੂਸ ਨਾ ਹੋਵੇ ਕਿ ਨਵੇਂ ਬੱਚੇ ਨੇ ਉਸ ਨੂੰ ਮਾ-ਮਿੱਟਰ ਬਣਾ ਦਿੱਤਾ ਹੈ। ਅੱਗੇ ਉਹ ਰੱਸੀਅਨ ਮੇਮ ਦਾ ਪੁੱਤਰ ਸੀ, ਹੁਣ ਨਵੀਂ ਸਹੇਲੀ ਦਾ ਪੁੱਤਰ ਬਣ ਜਾਵੇਗਾ। ਉਹ ਕਹਿ ਰਹੀ ਸੀ, 'ਤੇਰੀਆਂ ਅੱਖਾਂ ਸੋਹਣੀਆਂ ਹਨ।

ਆਪਣੇ ਪੁੱਤਰਾਂ ਅਤੇ ਪਤਨੀ ਦੀ ਫੋਟੋ ਵੀ ਵਿਖਾ।' ਮੇਰੇ ਪਾਸ ਐਸੀ ਕੋਈ ਫੋਟੋ ਨਹੀਂ। ਤੇਰੇ ਪੈਰਿਸ ਆਉਣ ਬਾਰੇ ਹੋਰ ਵੀ ਕਈ ਪੁੱਛਦੇ ਹਨ। ਉਹ ਹੈਰਾਨ ਹੁੰਦੇ ਹਨ ਕਿ ਪਤੀ ਪਤਨੀ ਦੋ ਤਿੰਨ ਸਾਲ ਦਾ ਵਿਛੋੜਾ ਕਿਵੇਂ ਸਹਿ ਸਕਦੇ ਹਨ? ਮੈਂ ਕਿਹਾ ਸਾਡੀਆਂ ਜਨਾਨੀਆਂ ਤਕੜੀਆਂ ਹਨ, ਉਹ ਮੇਮਾਂ ਵਾਂਗ ਸਿਰ ਦਾ ਸਾਈਂ ਨਹੀਂ ਬਦਲਦੀਆਂ। ਮੇਰੀ ਪ੍ਰੋਫੈਸਰ ਸੁਣ ਕੇ ਕਹਿੰਦੀ ਕੀ ਇੰਡੀਅਨ ਮਰਦ ਵੀ ਭਰੋਸੇ ਦੇ ਪਾਤਰ ਹਨ? ਮੈਂ ਉਸ ਦੀ ਟਕੋਰ ਸਮਝ ਗਿਆ ਕਿ ਉਹ ਮੇਰੇ ਉਪਰ ਤਨਜ਼ ਕੱਸ ਰਹੀ ਹੈ। ਮੈਂ ਉਸ ਨੂੰ ਭਰੋਸਾ ਦਿਵਾਇਆ ਕਿ ਜੋ ਕਿਸੇ ਲਈ ਜੀਊਣਾ ਜਾਣਦੇ ਹੋਣ ਉਹ ਇਸ ਪ੍ਰੀਖਿਆ ਵਿਚੋਂ ਪਾਸ ਹੋ ਜਾਂਦੇ ਹਨ।

ਇਕ ਦੂਜੇ ਲਈ ਜੀਊਣਾ ਸਾਡੀ ਮਜ਼ਬੂਰੀ ਨਹੀਂ ਬਲਕਿ ਮੁਹੱਬਤ ਹੈ। ਮੇਰੀ ਮਾਂ ਨੇ ਸਾਰੀ ਉਮਰ ਮੇਰੇ ਲੇਖੇ ਲਾ ਦਿੱਤੀ। ਮੈਂ ਕਿਸ ਤਰ੍ਹਾਂ ਉਸ ਦੀ ਕੁਰਬਾਨੀ ਨੂੰ ਭੁੱਲ ਸਕਦਾ ਹਾਂ। ਤੂੰ ਮੇਰੇ ਪੁੱਤਰਾਂ ਦੀ ਮਾਂ ਬਣਕੇ ਕੁਰਬਾਨੀ ਕਰ ਰਹੀ ਹੈਂ। ਸੋ ਮੈਂ ਵੀ ਤੁਸਾਂ ਸਾਰਿਆਂ ਲਈ ਜੀਊਣਾ ਚਾਹੁੰਦਾ ਹਾਂ ਅਤੇ ਇਸ ਵਿਚ ਆਪਾ ਵਾਰਨਾ ਜਰੂਰੀ ਹੋ ਜਾਂਦਾ ਹੈ।ਇੱਥੇ ਵੀ ਕੁਝ ਰੂਹਾਂ ਸੱਚੇ ਸੁੱਚੇ ਪਿਆਰ ਲਈ ਤੜਫ ਰਹੀਆਂ ਹਨ। ਸਾਡੇ ਤਾਂ ਹੀਰ ਰਾਂਝੇ ਕਈ ਸਦੀਆਂ ਪਹਿਲਾਂ ਖਤਮ ਹੋ ਗਏ। ਸਭ ਕਾਸੇ ਵਿਚ ਉਹਲਾ ਅਤੇ ਧੋਖਾ ਹੀ ਰਹਿ ਗਿਆ ਹੈ। ਸਾਡੇ ਧਰਮ ਵਿਚ ਵੀ ਧੋਖਾ ਆ ਗਿਆ ਹੈ। ਪਰ ਇੱਥੇ ਨਾਸਤਕਾਂ ਦੀ ਦੁਨੀਆਂ ਵਿਚ ਕੁਝ ਚੰਗੇ ਲੋਕ ਵੀ ਵੱਸਦੇ ਹਨ। ਮੈਂ ਕੰਡਿਆਂ ਦੀ ਵਾੜੀ ਵਿਚ ਕਈ ਗੁਲਾਬ ਦੇ ਫੁੱਲ ਵੇਖੇ ਹਨ।

ਮੁਆਫ ਕਰਨਾ ਤੇਰੇ ਸਿਰ ਦਾ ਦਰਦ ਮੈਂ ਭੁੱਲ ਹੀ ਗਿਆ। ਚਿੱਠੀ ਵੀ ਬਰੀਕ ਅੱਖਰਾਂ ਵਿਚ ਲਿਖੀ ਹੈ ਤਾਂ ਕਿ ਸਾਰਾ ਮਸਾਲਾ ਸਾਂਝਾ ਕਰ ਸਕਾਂ। ਨਵੇਂ ਬੱਚੇ ਦੀ ਖਬਰ ਸੁਣ ਕੇ ਕਈਆਂ ਨੇ ਫੁੱਲ ਭੇਟ ਕੀਤੇ। ਫੁੱਲ ਤਾਂ ਮੁਰਝਾ ਜਾਣਗੇ ਪਰੰਤੂ ਉਨ੍ਹਾਂ ਦੀਆਂ ਉਮੰਗਾਂ ਅਤੇ ਅਸੀਸਾਂ ਇਸ ਬੱਚੇ ਲਈ ਸਦਾ ਤਾਜਾ ਰਹਿਣਗੀਆਂ। ਜਦੋਂ ਵੀ ਆਇਆ ਮੁੜ ਸਾਂਝੀਆਂ ਕਰਾਂਗਾ। ਤੇਰੇ ਕੰਮ ਵਿਚ ਵਾਧਾ ਜਰੂਰ ਹੋਇਆ ਹੈ ਪਰ ਮੇਰੇ ਵਾਂਗ ਤੈਨੂੰ ਵੀ ਰੁਝੇਵੇਂ ਵਿਚੋਂ ਖੁਸ਼ੀ ਅਤੇ ਦਿਲ ਪ੍ਰਚਾਵਾ ਮਿਲ ਜਾਵੇਗਾ। ਮੇਰਾ ਖੋਜ ਕੰਮ ਵੀ ਕਮਾਲ ਦਾ ਹੈ, ਜਦੋਂ ਕੁਝ ਲੱਭਿਆ ਤਾਂ ਇਹ ਅੱਖਾਂ ਦੀ ਲਾਲੀ, ਇਹ ਵਿਛੋੜੇ ਦੀਆਂ ਘੜੀਆਂ, ਇਨ੍ਹਾਂ ਪੈਰਿਸ ਦੇ ਸੱਜਣਾਂ ਦੀ ਯਾਦ ਵਾਂਗ ਆਪੇ ਅਲੋਪ ਹੋ ਜਾਣਗੀਆਂ। ਹਾਲ ਦੀ ਘੜੀ ਮੈਂ ਇਨ੍ਹਾਂ ਹਾਲਾਤਾਂ ਨਾਲ ਘੁਲ ਮਿਲ ਗਿਆ ਹਾਂ ਅਤੇ ਇਹ ਮੇਰੇ ਜੀਵਨ ਦਾ ਹਿੱਸਾ ਬਣ

ਗਈਆਂ ਹਨ। ਭਾਸ਼ਾ ਦੀ ਕਲਾਸ ਵੀ ਛੱਡ ਰਿਹਾਂ ਹਾਂ ਤਾਂ ਕਿ ਮਨਮੋਹਨ ਦੇ ਮਈ ਵਿਚ ਆਉਣ ਤੱਕ ਖੋਜ ਕੰਮ ਦਾ ਇਕ ਹਿੱਸਾ ਮੁਕ ਜਾਵੇ। ਕਿਆਸ ਕਰਦਾ ਹਾਂ ਕਿ ਦੋ ਸਿੱਖ ਪੈਰਿਸ ਦੇ ਲੋਕਾਂ ਲਈ ਇਕ ਅਚੰਭਾ ਹੋ ਜਾਵੇਗਾ ਕਿਉਂਕਿ ਢਾਈ ਲੱਖ ਖਾਲਸਾ ਹੋਵੇਗਾ।

ਪਤਾ ਲੱਗਿਆ ਹੈ ਕਿ ਹਰਜੀਤ ਗਿੱਲ ਦੀ ਮੇਮ ਪੈਰਿਸ ਆ ਰਹੀ ਹੈ। ਜੇਕਰ ਉਸ ਨੇ ਮੇਰੇ ਬਾਰੇ ਪੁੱਛ-ਗਿੱਛ ਕੀਤੀ ਤਾਂ ਕੋਈ ਹਲਕਾ ਜਿਹਾ ਤੋਹਫਾ ਭੇਜ ਦੇਣਾ। ਮਾਲਾ ਭੇਜਣ ਦੀ ਜਰੂਰਤ ਨਹੀਂ ਇੱਥੇ ਇੰਡੀਅਨ ਸਕਾਰਫ਼ (Scarf) ਪਸੰਦ ਕਰਦੀਆਂ ਹਨ, ਜੇਕਰ ਸਿਲਕ ਦੇ ਮਿਲ ਜਾਣ ਤਾਂ ਭੇਜ ਦੇਣੇ। ਪਰੰਤੂ ਆਪ ਜਾ ਕੇ ਉਸ ਨੂੰ ਨਹੀਂ ਪੁੱਛਣਾ, ਉਸਦੀ ਮਰਜੀ ਹੋਈ ਤਾਂ ਜ਼ਰੂਰ ਮਿਲਣ ਆਵੇਗੀ।

ਬਰਾੜ (ਨਛੱਤਰ ਸਿੰਘ) ਦਾ ਐਡਰੈਸ ਮਿਲ ਗਿਆ ਹੈ, ਖੂਬ ਮਜੇ ਵਿਚ ਹੈ ਜੱਟ। ਉਸ ਦੀ ਘਰਵਾਲੀ ਵੀ ਕੈਨੇਡਾ ਪਹੁੰਚ ਰਹੀ ਹੈ। ਦਾਰ ਜੀ ਦੇ ਐਕਸ-ਰੇ ਦਾ ਕੀ ਕਾਰਨ ਹੈ? ਸਿੰਦੀ ਵੀ ਕਾਕੇ ਨੂੰ ਵੇਖ ਆਈ ਹੈ। ਉਸ ਲਿਖਿਆ ਸੀ ਕਿਸੇ ਸੇਵਾ ਲਈ। ਪਰ ਮੈਂ ਸਮਝਦਾ ਹਾਂ ਕਿ ਤੂੰ ਆਪ ਸਾਰੇ ਕੰਮ ਨਜਿੱਠ ਸਕਦੀ ਹੈਂ, ਕਿਸੇ ਹੋਰ ਦੀ ਮੱਦਦ ਦੀ ਜ਼ਰੂਰਤ ਨਹੀਂ ਪਵੇਗੀ। ਆਪਣੀ ਭੈਣ ਸਿੰਦੀ ਦਾ ਸ਼ੁਕਰੀਆ ਅਦਾ ਕਰਨਾ। ਮੇਰਾ ਪ੍ਰੋਗਰਾਮ ਘੁੰਮਣ ਦਾ ਹੈ ਅਤੇ ਗੁਰੂ ਦੀ ਕ੍ਰਿਪਾ ਨਾਲ ਪੈਸੇ ਵੀ ਹੱਥ ਲੱਗੇ ਤਾਂ ਰੂਸ ਤੱਕ ਦੀ ਯਾਤਰਾ ਕਰਾਂਗਾ। ਚੰਡੀਗੜ੍ਹ ਤੋਂ ਡਾਕਟਰ ਗਿੱਲ (ਪਿਆਰਾ ਸਿੰਘ) ਦਾ ਸਿਫਾਰਸ਼ੀ ਖਤ ਮੇਰੇ ਲਈ ਪਹੁੰਚ ਗਿਆ ਹੈ ਅਤੇ ਉਮੀਦ ਹੈ ਅੰਤਰ-ਰਾਸ਼ਟਰੀ ਵਰਕਸ਼ਾਪ ਵਿਚ ਮੇਰੀ ਚੋਣ ਹੋ ਜਾਵੇ। ਇਟਲੀ ਤੋਂ ਵੀ ਪੱਤਰ ਆ ਗਿਆ ਹੈ ਪਰ ਉਥੇ ਤਾਂ ਜਾਵਾਂਗਾ ਜੇਕਰ ਵਜ਼ੀਫਾ ਦੇ ਦੇਣ। ਇਸ ਕਰਕੇ ਹੀ ਮੈਂ ਰਾਨੇ (ਅਵਤਾਰ ਸਿੰਘ) ਦਾ ਐਡਰੈਸ ਮੰਗਾਇਆ ਸੀ ਜੋ ਗੁਰਬਖਸ਼ ਕੌਰ ਤੋਂ ਮਿਲ ਜਾਵੇਗਾ। ਇਟਲੀ ਜਾਣ ਦਾ ਪ੍ਰੋਗਰਾਮ ਜੂਨ ਮਹੀਨੇ ਦਾ ਹੈ।

ਅਗਲੇ ਹਫਤੇ ਛੁੱਟੀਆਂ ਹੋ ਜਾਣੀਆਂ ਹਨ। ਚਾਰ ਹੋਰ ਦੋਸਤ ਵੀ ਕਾਕੇ ਦੀ ਦਾਅਵਤ ਦੇ ਹੱਕਦਾਰ ਹਨ। ਮੈਂ ਟੂਰ ਜੋਗੇ ਪੈਸੇ ਜਮਾਂ ਕਰਨੇ ਹਨ ਸੋ ਇਸ ਦਾਅਵਤ ਨੂੰ ਅੱਗੇ ਪਾ ਦਿਆਂਗਾ। ਫਿਰ ਕਦੇ ਸਹੀ। ਇਹ ਦਾਅਵਤ ਅੱਧੀ ਰਾਤ ਤੱਕ ਚਲਦੀ ਹੈ। ਇੰਡੀਅਨ ਔਰਤਾਂ ਬਾਰੇ, ਸਿੱਖ ਧਰਮ ਬਾਰੇ, ਬੱਚਿਆਂ

ਦੀਆਂ ਫੋਟੋਆਂ ਵੇਖ ਕੇ ਵਿਚਾਰ ਚਰਚਾ ਚੱਲਦੀ ਰਹਿੰਦੀ ਹੈ। ਰਾਜੇ ਦੀ ਫੋਟੋ ਸਭ ਨੂੰ ਪਸੰਦ ਆ ਜਾਂਦੀ ਹੈ। ਜੇਕਰ ਪੈਰਿਸ ਆਵੇ ਤਾਂ ਆਪਣੇ ਲਈ ਮੇਮ ਦੀ ਚੋਣ ਵੀ ਕਰ ਸਕਦਾ ਹੈ। ਮੇਰੇ ਨਾਲੋਂ ਤਾਂ ਹੁਣੇ ਹੀ ਸ਼ੁਕੀਨ ਹੈ ਜੋ ਪਿਕਚਰ ਬਗੈਰ ਰਹਿੰਦਾ ਨਹੀਂ।

ਰਾਜਾ ਅਤੇ ਬੱਬਲ ਮਾਤਾ ਜੀ ਨੂੰ ਬਹੁਤ ਰੁੱਝਿਆ ਰੱਖਣਗੇ। ਉਹ ਖਿੱਝ ਕੇ ਰੌਲਾ ਪਾਉਂਦੇ ਹੋਣਗੇ ਅਤੇ ਅਬਾ ਤਬਾ ਬੋਲਦੇ ਹੋਣਗੇ। ਚੰਗਾ ਤਮਾਸ਼ਾ ਲੱਗਦਾ ਹੋਵੇਗਾ। ਘਰ ਆ ਕੇ ਮੈਨੂੰ ਕੁੱਟਣੇ ਪੈਣਗੇ, ਮੇਰੇ ਕਾਗਜ਼ ਪੱਤਰ ਦੇ ਮਾਲਕ ਹੋ ਜਾਣਗੇ। ਸੱਚ ਕਾਕੇ ਦਾ ਨਾਮ 'ਬਿੰਕੂ' ਰਾਜੇ ਨੇ ਹੀ ਰੱਖਿਆ ਹੈ। ਸ਼ਾਇਦ ਪ੍ਰੋ: ਰੱਲਣ ਦੇ ਮੁੰਡੇ ਦਾ ਨਾਮ ਹੋਵੇ? ਜਦੋਂ ਸਿਰ ਦਰਦ ਠੀਕ ਹੋ ਜਾਵੇ ਤਾਂ ਚਿੱਠੀ ਦਾ ਜਵਾਬ ਭੇਜ ਦੇਣਾ। ਬੱਚਿਆਂ ਨੂੰ ਪਿਆਰ, ਮਾਤਾ ਜੀ ਨੂੰ ਮੱਥਾ ਟੇਕਣਾ।

ਤੇਰਾ

ਹਰਦੇਵ

ਪੈਰਿਸ
13.4.71

ਮੇਰੀ ਪਿਆਰੀ ਰਾਨੀ,

ਸਤਿ ਸਿਰੀ ਅਕਾਲ।

ਮੈਨੂੰ ਲੰਡਨ ਪਹੁੰਚ ਕੇ ਇਸ ਤਰ੍ਹਾਂ ਲੱਗਾ ਜਿਵੇਂ ਆਪਣੇ ਘਰ ਹੀ ਆ ਗਿਆ ਹਾਂ। ਹਰ ਰੋਜ਼ ਕਹਿੰਦਾ ਕਿ ਖਤ ਲਿਖਾਂ ਪਰ ਫਿਰ ਭੁੱਲ ਜਾਂਣਾ। ਸੋ ਪਰਸੋਂ ਰਾਤ ਬਾਰਾਂ ਵਜੇ ਪੈਰਿਸ ਪਹੁੰਚੇ। ਕੱਲ੍ਹ ਪੈਰਿਸ ਵਿੱਚ ਈਸਟਰ ਦਾ ਤਿਉਹਾਰ ਸੀ। ਸੋ ਸਾਰਾ ਦਿਨ ਇੱਥੋਂ ਦੇ ਮਸ਼ਹੂਰ ਬਾਗਾਂ, ਬਜ਼ਾਰਾਂ ਅਤੇ ਚਰਚਾਂ ਅੱਗੋਂ ਦੀ ਲੰਘਦਾ ਰਿਹਾ, ਕਿਤੇ ਵੀ ਰੁਕਿਆ ਨਾ। ਜੇਕਰ ਰੁਕ ਜਾਂਦਾ ਤਾਂ ਹਜ਼ਾਰਾਂ ਟੂਰਿਸਟ ਆ ਜਾਂਦੇ, ਪੁੱਛਦੇ ਪਾਕਿਸਤਾਨੀ ਹੋ, ਇੰਡੀਅਨ ਜਾਂ ਕੋਈ ਹੋਰ। ਸੋ ਮੈਂ ਸ਼ਾਮ ਨੂੰ ਵਾਪਸ ਆ ਕੇ ਇੰਨਾ ਥੱਕ ਗਿਆ ਕਿ ਚਿੱਠੀ ਵੀ ਨਾ ਲਿਖ ਸਕਿਆ।

ਅੱਜ ਸਵੇਰੇ 6 ਵਜੇ ਦਾ ਸੂਰਜ ਸਿੱਧਾ ਚਮਕ ਰਿਹਾ ਹੈ ਪਰ ਮੈਂ 9 ਵਜੇ ਬੈਡ ਟੀ ਪੀ ਰਿਹਾਂ ਹਾਂ। ਹੁਣ ਸੋਚਦਾ ਹਾਂ ਕਿ ਸਿੱਧਾ ਪ੍ਰਯੋਗਸ਼ਾਲਾ ਵਿਚ ਚਲਾ ਜਾਵਾਂ, ਪੈਰਿਸ ਵਿੱਚ ਘੁੰਮ ਕੇ ਤਾਂ ਉਦਾਸੀ ਹੀ ਪੱਲੇ ਪਵੇਗੀ। ਕੱਲ੍ਹ ਬਹੁਤ ਸੈਰ ਕਰ ਲਈ ਸੀ। ਧੁੱਪ ਕਮਾਲ ਦੀ ਸੀ, ਹਵਾ ਵਿੱਚ ਫੁੱਲਾਂ ਦੀ ਸੁਗੰਧੀ ਨਸ਼ਾ ਚਾੜ੍ਹ ਦਿੰਦੀ ਹੈ। ਅਤੇ ਸਭ ਤੋਂ ਖਤਰਨਾਕ ਨਸ਼ਾ ਇੱਥੋਂ ਦੀਆਂ ਗੋਰੀਆਂ ਦੇ ਸਰੀਰ ਦੇਖ ਕੇ, ਇਨ੍ਹਾਂ ਦੀਆਂ ਹਰਕਤਾਂ ਅਤੇ ਕਲੋਲ ਵੇਖ ਕੇ ਚੜ੍ਹ ਜਾਂਦਾ ਹੈ। ਕਈ ਤਾਂ ਸਰਦਾਰ ਨੂੰ ਵੇਖ ਹੱਸ ਕੇ, ਕਈ ਇਸ਼ਾਰੇ ਕਰਦੀਆਂ ਲੰਘ ਜਾਣ। ਇਹ ਪਰੀਆਂ ਦਾ ਦੇਸ਼ ਹੈ, ਇੱਥੇ ਬਿਨ ਫੰਗਾਂ ਦੀਆਂ ਤਿੱਤਲੀਆਂ।

ਲੰਡਨ ਵਿੱਚ 6 ਤਰੀਕ ਰਾਤ 12 ਵਜੇ ਹੀ ਪਹੁੰਚੇ ਸਾਂ। ਅਸੀਂ ਚਾਰ ਸਾਥੀ ਹੱਸਦੇ ਖੇਡਦੇ ਲੰਡਨ ਪਹੁੰਚ ਗਏ। ਮੇਰੇ ਸਾਥੀਆਂ ਨੇ ਰਹਿਣ ਲਈ ਬੁਕਿੰਗ ਕਰਵਾ ਰੱਖੀ ਸੀ ਪਰ ਮੈਨੂੰ ਸਮਝ ਨਹੀਂ ਸੀ ਕਿ ਅਜੇਹਾ ਜਰੂਰੀ ਹੈ। ਇੰਡੀਅਨ ਹਾਊਸ ਵਿੱਚ ਮੇਰੇ ਰਹਿਣ ਦਾ ਪ੍ਰਬੰਧ ਨਾ ਹੋ ਸਕਿਆ। ਮੇਰੇ ਸਾਥੀ ਪੂਰੇ ਕਰਾੜ ਹੀ ਨਿਕਲੇ ਅਤੇ ਮੇਰਾ ਸਾਥ ਛੱਡ ਗਏ। ਗਲੀ ਵਿੱਚੋਂ ਇਕ ਰੋਡਾ ਸਿੱਖ ਲੰਘ ਰਿਹਾ ਸੀ, ਕਹਿੰਦਾ ਮੈਂ ਵੀ ਹਰਦੇਵ ਸਿੰਘ ਹਾਂ ਅਤੇ ਦੋ ਮਿੰਟ ਵਿੱਚ ਆਗਰਾ ਹੋਟਲ ਵਿੱਚ ਕਮਰਾ ਦਿਵਾ ਕੇ ਚਲਦਾ ਬਣਿਆ। ਚਾਲੀ ਰੁਪਏ ਵਿੱਚ ਲੰਡਨ ਸ਼ਹਿਰ ਵਿਚਕਾਰ ਕਮਰਾ ਮਿਲ ਜਾਣਾ ਚੰਗਾ ਲਗਿਆ। ਸਵੇਰ ਦਾ ਰੱਜਵਾਂ ਨਾਸ਼ਤਾ ਵੀ ਵਿੱਚੇ ਸ਼ਾਮਲ ਸੀ। ਆਗਰਾ ਹੋਟਲ ਰਹਿਣ ਲਈ ਸਸਤਾ ਅਤੇ

ਚੰਗਾ ਰਿਹਾ, ਪਰ ਰਾਤ ਨੂੰ ਖਟਮਲ ਇੰਡੀਅਨ ਹੋਟਲਾਂ ਵਾਂਗ ਹੀ ਨਿਕਲ ਆਉਂਦੇ ਅਤੇ ਨੀਂਦ ਹਰਾਮ ਕਰ ਦਿੰਦੇ। ਹਰ ਰੋਜ ਦੁਪਹਿਰ ਨੂੰ ਸਾਊਥਾਲ ਚਲੇ ਜਾਣਾ ਜੋ ਲੰਡਨ ਦੇ ਬਾਹਰਲੇ ਪਾਸੇ ਦਸ ਮੀਲ ਦੀ ਦੂਰੀ ਤੇ ਸੀ।

ਸਾਊਥਾਲ ਤਾਂ ਪੰਜਾਬ ਹੀ ਜਾਪਦਾ ਹੈ। ਮੈਂ ਇਕ ਸਿੱਖ ਜੂੜੇ ਵਾਲੀ ਔਰਤ ਵੇਖ ਕੇ ਪੁੱਛਿਆ, "ਬੀਬੀ ਜੀ ਗੁਰਦੁਆਰਾ ਕਿੱਥੇ ਹੈ?" ਉਹ ਕਹਿੰਦੀ ਕਿਹੜੇ ਗੁਰਦਵਾਰੇ ਜਾਣਾ ਹੈ। ਇੱਥੇ ਤਾਂ ਕਈ ਗੁਰਦੁਆਰੇ ਹਨ ਜਿਵੇਂ ਜੱਟਾਂ ਦਾ, ਰਾਮਗੜੀਆਂ ਦਾ, ਭਾਪਿਆਂ ਦਾ ਅਤੇ ਸਿੰਘ ਸਭੀਆਂ ਦਾ। ਮੈਂ ਸਿੰਘ ਸਭਾ ਗੁਰਦੁਆਰੇ ਪਹੁੰਚ ਗਿਆ। ਬੁੱਧਵਾਰ ਸ਼ਾਮ ਦੇ ਪੰਜ ਵਜੇ ਸਨ ਅਤੇ ਸਾਰਾ ਹਾਲ ਬੀਬੀਆਂ ਦੇ ਦੀਵਾਨ (ਸਤਸੰਗ) ਕਰਕੇ ਭਰਿਆ ਪਿਆ ਸੀ। ਆਪਣੀ ਮਾਤਾ ਵਰਗੀਆਂ ਮਸਤੀ ਨਾਲ ਝੂਮ ਰਹੀਆਂ ਸਨ। ਕਈ ਮੇਰੀਆਂ ਜਵਾਨ ਭੈਣਾਂ ਸ਼ਰਮ ਹਿਆ ਦੀ ਮੂਰਤ, ਪੂਰਨ ਗੁਰਸਿੱਖੀ ਦੇ ਲਿਬਾਸ ਵਿੱਚ ਹਾਜ਼ਰ ਸਨ। ਇਹ ਪਹਿਲੀ ਅਰਦਾਸ ਸੀ ਜਿਸ ਵਿਚ ਮੈਂ ਸ਼ਾਮਲ ਹੋਇਆ। ਮੈਂ ਸਮਝਿਆ ਮੇਰੇ ਪਾਪਾਂ ਦਾ ਭਾਰ ਕਾਫੀ ਹੋ ਚੁੱਕਾ ਹੈ ਕਿਉਂਕਿ ਗੁਰੂ ਘਰ ਤੋਂ ਕਈ ਮਹੀਨੇ ਦਾ ਵਿਛੋੜਾ ਪੈ ਗਿਆ ਸੀ। ਪੈਰਿਸ ਵਿੱਚ ਤਾਂ ਕੋਈ ਗੁਰਦੁਵਾਰਾ ਅਜੇ ਬਣਿਆ ਨਹੀਂ ਸੀ। ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦ ਲਈ ਬੱਚਿਆਂ ਦਾ ਰੌਲਾ ਪੰਜਾਬ ਵਾਂਗ ਹੀ ਜਾਪਿਆ। 1971 ਵਿੱਚ ਸਾਊਥਾਲ ਗੁਰਦਵਾਰਾ ਅਜੇ ਟੀਨ ਦੀਆਂ ਛੱਤਾਂ ਵਾਲਾ ਹੀ ਸੀ ਅਤੇ ਯਾਤਰੀਆਂ ਦੀ ਰਿਹਾਇਸ਼ ਲਈ ਕੋਈ ਕਮਰਾ ਨਹੀਂ ਸੀ। ਸੋ ਮੈਂ ਹਰ ਰੋਜ਼ ਆਉਣਾ ਅਤੇ ਰਾਤ ਨੂੰ ਆਗਰਾ ਹੋਟਲ ਪਰਤ ਜਾਣਾ।

ਪਹਿਲੇ ਦਿਨ ਜਦੋਂ ਗੁਰਦੁਆਰੇ ਦਾ ਰਾਹ ਪੁੱਛ ਕੇ ਤੁਰਿਆ ਤਾਂ ਇਕ ਅਜੀਬ ਘਟਨਾ ਵਾਪਰੀ। ਮੇਰੇ ਨਾਲ ਇਕ ਖਰਵਾ ਜੇਹਾ ਬੰਦਾ ਰਲ ਗਿਆ। ਅਜੇ ਮੈਂ ਆਪਣੀ ਜਾਣ ਪਹਿਚਾਣ ਲਈ ਪਟਿਆਲੇ ਦਾ ਨਾਂ ਹੀ ਲਿਆ ਸੀ ਉਹ ਝੱਟ ਕਹਿੰਦਾ ਤੂੰ ਹਰਦੇਵ ਸਿੰਘ ਹੈ। ਉਹ ਸ਼ੇਰਾਂਵਾਲੇ ਗੇਟ ਦਾ ਰਹਿਣ ਵਾਲਾ। ਮੈਨੂੰ ਸਮਝ ਨਹੀਂ ਲੱਗੀ ਕਿ ਉਹ ਮੈਨੂੰ ਕਿਵੇਂ ਜਾਣਦਾ ਹੈ? ਉਹ ਆਪਣੀ ਭੈਣ ਦੇ ਘਰ ਜਾ ਰਿਹਾ ਸੀ ਅਤੇ ਮੈਨੂੰ ਨਾਲ ਹੀ ਲੈ ਗਿਆ। ਤਿੰਨ ਵੱਜੇ ਸਨ ਅਤੇ ਚਾਹ ਨਾਲ ਸੇਵਾ ਕੀਤੀ ਕਿਉਂ ਕਿ ਰੋਟੀ ਮੈਂ ਹੋਟਲ ਤੋਂ ਖਾ ਆਇਆ ਸੀ। ਪਰ ਭੈਣ ਨੇ ਸਾਗ ਰੋਟੀ ਸਾਡੇ ਦੋਹਾਂ ਲਈ ਲੈ ਆਂਦੀ। ਫਿਰ ਉਹ ਕਿਸੇ ਰਾਧਾ ਸੁਆਮੀ ਦੇ ਘਰ ਲੈ ਗਿਆ ਜਿੱਥੇ ਚਾਹ ਬਰਫੀ ਨਾਲ ਸੇਵਾ ਹੋਈ। ਮੈਂ ਸਮਝ ਗਿਆ ਕਿ ਉਹ

ਮੈਨੂੰ ਰਾਧਾ ਸੁਆਮੀ ਬਣਾ ਕੇ ਹੀ ਰਹੇਗਾ। ਪਰ ਇਕ ਗੱਲ ਸਪਸ਼ਟ ਹੈ ਕਿ ਸਿੱਖੀ ਤੋਂ ਅਲੱਗ ਹੋਏ ਫਿਰਕੇ ਆਪਸ ਵਿੱਚ ਵਧੇਰੇ ਪ੍ਰੇਮ ਪਿਆਰ ਨਾਲ ਮਿਲਦੇ ਹਨ।

ਆਪਣੇ ਸਾਥੀ ਦੀ ਜਾਣ ਪਹਿਚਾਣ ਲਈ ਮੈਂ ਬਹੁਤ ਉਤਾਵਲਾ ਸਾਂ। ਉਸ ਨਾਲ ਕੁਝ ਫੋਟੋ ਵੀ ਖਿਚਵਾਏ। ਮੇਰੀ ਯਾਦ ਵਿਚ ਇਕ ਹੁਲਾਰਾ ਜਿਹਾ ਆਇਆ ਕਿ ਜਦੋਂ ਮੈਂ ਮਹਿੰਦਰਾ ਕਾਲਜ ਵਿੱਚ ਬੀ.ਐਸ.ਸੀ. ਕਰ ਰਿਹਾ ਸੀ ਤਾਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਇਕ ਅੱਧ ਟਿਊਸ਼ਨ ਰੱਖ ਲੈਂਦਾ ਸੀ। ਇਸ ਸਾਥੀ ਨੂੰ ਮੈਂ ਕੁਝ ਦਿਨ ਟਿਊਸ਼ਨ ਪੜ੍ਹਾਈ ਸੀ। ਇਸ ਦੇ ਮਾਂ ਬਾਪ ਆਪਣੀ ਧੀ ਦਾ ਰਿਸ਼ਤਾ ਕਰਨ ਲਈ ਤਿਆਰ ਹੋ ਗਏ। ਮੈਂ ਟਿਊਸ਼ਨ ਛੱਡ ਕੇ ਲਾਂਭੇ ਹੋ ਗਿਆ। ਮੈਨੂੰ ਯਾਦ ਆ ਗਿਆ ਕਿ ਇਹ ਧੂਰੀ ਦੇ ਰਹਿਣ ਵਾਲੇ ਸਨ ਅਤੇ ਪਟਿਆਲੇ ਟੈਲੀਫੋਨ ਐਕਸਚੇਂਜ ਦੇ ਕੋਲ ਇਨ੍ਹਾਂ ਦਾ ਲੱਕੜੀ ਦਾ ਕਾਰਖਾਨਾ ਸੀ। ਇਸ ਦੀ ਭੈਣ ਜਿਸ ਨੇ ਰੋਟੀ ਖਵਾਈ ਸੀ, ਉਹੋ ਕੁੜੀ ਹੈ ਜਿਸ ਦਾ ਰਿਸ਼ਤਾ ਮੇਰੇ ਨਾਲ ਹੋ ਰਿਹਾ ਸੀ।

ਦੂਸਰੇ ਦਿਨ ਇਸ ਤੋਂ ਵੀ ਵੱਧ ਹੋਈ। ਜਦੋਂ ਮੈਂ ਬੱਸ ਤੋਂ ਉਤਰਿਆ ਤਾਂ ਸਾਹਮਣੇ ਦੁਕਾਨ ਉਪਰ 'ਸੰਧੂ ਸ਼ਾਪ' ਦਾ ਬੋਰਡ ਲੱਗਾ ਹੋਇਆ ਸੀ। ਮੈਂ ਕਿਹਾ ਅੱਜ ਦੂਜੇ ਸਹੁਰੇ ਘਰ ਜਾਵਾਂਗੇ। ਮਾਡਲ ਟਾਊਨ ਲੁਧਿਆਣਾ ਵਿੱਚ ਰਹਿੰਦਿਆਂ ਮੈਨੂੰ ਇਕ ਰਿਸ਼ਤਾ ਸੰਧੂ ਪ੍ਰੀਵਾਰ ਵਲੋਂ ਆਇਆ ਜਿਨ੍ਹਾਂ ਦੀ ਲੰਡਨ ਵਿੱਚ ਕੱਪੜੇ ਦੀ ਦੁਕਾਨ ਸੀ। ਉਹ ਮੈਨੂੰ ਲੰਡਨ ਘਰ ਜਵਾਈ ਬਣਾ ਕੇ ਰੱਖਣਾ ਚਾਹੁੰਦੇ ਸਨ ਪਰ ਮੈਂ ਨਾ ਮੰਨਿਆ ਅਤੇ ਗੱਲ ਸਿਰੇ ਨਾ ਚੜ੍ਹੀ। ਤੈਨੂੰ ਕਹਾਵਤ ਯਾਦ ਹੋਣੀ ਹੈ: 'ਭੈਣ ਘਰ ਭਾਈ ਕੁੱਤਾ ਅਤੇ ਸਹੁਰੇ ਘਰ ਜਵਾਈ ਕੁੱਤਾ'। ਇਹ ਦੁਕਾਨ ਬੰਦ ਸੀ ਜਿਸ ਕਰਕੇ ਮੇਰੀ ਖਾਹਸ਼ ਪੂਰੀ ਨਾ ਹੋਈ ਪਰ ਇਸ ਨੂੰ ਮੈਂ ਉਨ੍ਹਾਂ ਸੰਧੂਆਂ ਦੀ ਸ਼ਾਪ ਹੀ ਸਮਝ ਬੈਠਾ ਸਾਂ। ਬਜ਼ਾਰ ਵਿੱਚ ਇਕ ਅੰਬਰਸਰੀਆ ਭਾਊ ਮਿਲ ਪਿਆ। ਪਹਿਲਾਂ ਰਲ ਕੇ ਚਾਹ ਪੀਤੀ ਅਤੇ ਫਿਰ ਗੁਰਦਵਾਰੇ ਲੰਗਰ ਛਕ ਕੇ ਮੈਂ ਆਪਣੇ ਹੋਟਲ ਚਲਾ ਗਿਆ।

ਤੀਸਰੇ ਦਿਨ ਆਪਣੇ ਸੁਖਦੇਵ (ਮੇਰਾ ਸਾਂਢੂ) ਸੁਧਾਰ ਵਾਲੇ ਦਾ ਯਾਰ ਮਿਲ ਪਿਆ। ਉਹ ਸੁਧਾਰ ਕੋਲ ਬੋਪਾਰਾਏ ਪਿੰਡ ਦਾ ਸੀ। ਕੰਮ ਤੋਂ ਵਿਹਲਾ ਸੀ ਅਤੇ ਮੇਰੇ ਨਾਲ ਸ਼ੁਗਲ ਕਰ ਰਿਹਾ ਸੀ। ਗੁਰਦਵਾਰੇ ਤੋਂ ਲੰਗਰ ਛੱਕ ਕੇ ਅਸੀਂ ਆਪੋ ਆਪਣੇ ਰਾਹ ਪੈ ਗਏ। ਚੌਥੇ ਦਿਨ ਉਸ ਨੇ ਮੇਰਾ ਪੂਰਾ ਸਾਥ ਦਿੱਤਾ ਅਤੇ ਮੈਂ ਸਾਰੀ ਸ਼ਾਪਿੰਗ ਕੀਤੀ। ਥੱਕ ਟੁੱਟ ਕੇ ਉਸ ਦੇ ਘਰ ਪਰਤ ਆਏ। ਉਸ ਨੇ

ਛੜਿਆਂ ਵਾਂਗ ਮੋਟੇ ਜਹੇ ਮੰਨ (ਮੋਟੀ ਰੋਟੀ) ਪਕਾਏ ਅਤੇ ਰਲਕੇ ਬੜੇ ਸਵਾਦ ਨਾਲ ਅਸੀਂ ਖਾਧੇ। ਉਸ ਦੇ ਕੋਲ ਪ੍ਰੋ. ਪੂਰਨ ਸਿੰਘ ਦੀਆਂ ਕੁਝ ਕਿਤਾਬਾਂ ਸਨ। ਮੈਨੂੰ ਤਾਂ ਵੇਖ ਕੇ ਚਾਅ ਚੜ੍ਹ ਗਿਆ ਅਤੇ ਪੂਰੀ ਰਾਤ ਅਤੇ ਅਗਲਾ ਦਿਨ ਪੂਰਨ ਸਿੰਘ ਦੀ ਆਤਮਾ ਦੇ ਖੁਲ੍ਹੇ ਦਰਸ਼ਨ ਕਰਦਾ ਰਿਹਾ। ਉਸ ਦਿਨ ਗੁਰਦਵਾਰੇ ਅਖੰਡ ਪਾਠ ਚੱਲ ਰਿਹਾ ਸੀ ਪਰ ਮੈਂ ਕਿਤਾਬਾਂ ਵਿੱਚ ਮਸਤ ਮੱਥਾ ਵੀ ਨਾ ਟੇਕਣ ਗਿਆ। ਮੈਂ ਕਾਲਜ ਦੇ ਦਿਨਾਂ ਤੋਂ ਹੀ ਪੂਰਨ ਸਿੰਘ ਦੀਆਂ ਲਿਖਤਾਂ ਦਾ ਸ਼ੈਦਾਈ ਬਣ ਗਿਆ ਸਾਂ। ਐਤਵਾਰ ਅਖੰਡ ਪਾਠ ਦਾ ਭੋਗ ਸੀ ਅਤੇ ਉਸੇ ਦਿਨ ਲੰਡਨ ਵਿੱਚ ਵਿਸਾਖੀ ਮਨਾਈ ਜਾ ਰਹੀ ਸੀ। ਪਰ ਮੈਂ ਵਾਪਸੀ ਟਿਕਟ ਖਰੀਦ ਚੁੱਕਾ ਸਾਂ ਜਿਸ ਕਰਕੇ ਵਿਸਾਖੀ ਦੀਆਂ ਰੌਣਕਾਂ ਤੋਂ ਵਾਂਝਾ ਹੀ ਰਹਿ ਗਿਆ। ਮੈਨੂੰ ਧਰਵਾਸ ਸੀ ਕਿ ਜਦੋਂ ਮਨ ਉਚਾਟ ਹੋਇਆ ਲੰਡਨ ਦੇ ਗੁਰਦੁਆਰੇ ਐਤਵਾਰ ਦਾ ਕੀਰਤਨ ਸੁਨਣ ਆ ਸਕਦਾ ਹਾਂ। ਵੀਜ਼ੇ ਦਾ ਝੰਝਟ ਅਜੇ ਸ਼ੁਰੂ ਨਹੀਂ ਸੀ ਹੋਇਆ। ਲੰਡਨ ਪਹੁੰਚ ਕੇ ਐਂਟਰੀ ਪਰਮਿਟ ਮਿਲ ਜਾਂਦਾ ਸੀ।

ਪੈਰਿਸ ਦੇ ਮੁਕਾਬਲੇ ਸ਼ਾਪਿੰਗ ਲਈ ਲੰਡਨ ਸਸਤਾ ਹੈ ਜਿਸ ਕਰਕੇ ਸਾਰੇ ਭਾਰਤੀ ਵਿਦਿਆਰਥੀ ਕੱਪੜੇ ਖਰੀਦਣ ਇੱਥੇ ਆਉਂਦੇ ਹਨ। ਮੈਂ ਇਸ ਵਾਰ ਕੁਝ ਕਮੀਜਾਂ, ਓਵਰਕੋਟ, ਪੈਂਟ, ਸਰਹੋਂ ਦਾ ਤੇਲ, ਗਰਮ ਮਸਾਲਾ, ਦੇਸੀ ਘਿਉ ਦੀ ਮਠਿਆਈ ਅਤੇ ਇਕ ਚਮੜੇ ਦੀ ਗੁਰਗਾਬੀ (ਜੁੱਤੀ) ਖਰੀਦ ਲਿਆਇਆ ਹਾਂ। ਸਾਰੀ ਸ਼ਾਪਿੰਗ 1000 ਰੁਪਏ ਵਿੱਚ ਹੋ ਗਈ ਅਤੇ 100 ਰੁਪਏ ਦਾ ਇਕ ਅਟੈਚੀ ਖਰੀਦਣਾ ਪੈ ਗਿਆ। ਸਾਰਾ ਬਜ਼ਾਰ ਪਾਕਿਸਤਾਨੀ ਪੰਜਾਬੀਆਂ ਦਾ ਹੈ, ਅੰਗਰੇਜ਼ ਤਾਂ ਇਸ ਮਹੱਲੇ ਕੋਈ ਭਾਲਿਆ ਵੀ ਲੱਭਦਾ ਨਹੀਂ। ਸੌਦਾ ਕਰਨ ਲੱਗਿਆਂ ਭਾਅ ਉਪਰ ਥੱਲੇ ਕਰ ਲੈਂਦੇ ਸਨ। ਸਬਜੀ ਮੰਡੀ ਵੀ ਪਟਿਆਲੇ ਵਾਂਗ ਹੀ ਹੈ। ਗੰਨੇ ਦੀਆਂ ਗਨੇਰੀਆਂ, ਆਲੂ ਟਿੱਕੀ, ਛੋਲੇ ਭਟੂਰੇ ਹਰ ਸ਼ੈਅ ਮਹਿੰਗੀ ਪਰ ਸਾਫ਼ ਸੁਥਰੀ ਮਿਲ ਜਾਂਦੀ ਹੈ। ਸਟਾਲਾਂ ਤੇ ਸਭ ਜਨਾਨੀਆਂ ਹੀ ਕੰਮ ਕਰਦੀਆਂ ਹਨ। ਘਰ ਘਰ ਵਿਚ ਹੀਟਰ, ਗੈਸ ਵਾਲੇ ਚੁੱਲੇ, ਫਰਿੱਜ਼ ਅਤੇ ਟੈਲੀਫੋਨ ਵਰਤੇ ਜਾਂਦੇ ਹਨ। ਪਰ ਲੋਕੀਂ ਦਿਲੋਂ ਦੁਖੀ ਜਾਪਦੇ ਹਨ ਕਿਉਂਕਿ ਇੱਥੋਂ ਦੇ ਕਾਨੂੰਨ ਸਖਤ ਹੋ ਰਹੇ ਹਨ। ਕਈ ਔਰਤਾਂ ਮੇਮਾਂ ਦੀ ਰੀਸ ਸਕਰਟ ਪਾਂਦੀਆਂ ਹਨ ਪਰ ਸਰੀਰ ਮੋਟੇ ਹੋਣ ਕਰਕੇ ਫੱਬਦੀਆਂ ਨਹੀਂ। ਕੁਝ ਮਾਪੇ ਕੁੜੀਆਂ ਦੀ ਯਾਰੀ ਗੋਰਿਆਂ ਮੁੰਡਿਆਂ ਨਾਲ ਹੋਣ ਕਰਕੇ ਦੁਖੀ ਹਨ ਪਰ ਇਨ੍ਹਾਂ ਦੀ ਗਿਣਤੀ ਅਜੇ ਘੱਟ ਹੈ। ਮੇਰੀ ਜਾਣੂ ਮੇਮ ਮਿਸਜ਼ ਵਾਈਲਮ ਛੁੱਟੀਆਂ 'ਚ

ਬਾਹਰ ਗਈ ਹੋਣ ਕਰਕੇ ਨਾ ਮਿਲੀ ਪਰ ਜੋ ਮਿਲੇ ਉਹ ਮੇਰੇ ਹੀ ਹੋ ਗਏ।

ਤੇਰਾ ਖਤ 6 ਤਰੀਕ ਨੂੰ 9 ਵਜੇ ਮਿਲ ਗਿਆ ਜਦੋਂ ਮੈਂ ਲੰਡਨ ਜਾਣ ਦੀ ਤਿਆਰੀ ਕਰ ਰਿਹਾ ਸਾਂ, ਰੂਸੀ ਮੇਮ ਦਾ ਮਾਸਕੋ ਤੋਂ ਖਤ ਨਾਲ ਹੀ ਮਿਲਿਆ। ਬਰਾਜ਼ੀਲ ਵਾਲੀ ਕੁੜੀ 'ਸ਼ਾਮੋ" ਬੜੇ ਪਿਆਰ ਨਾਲ ਲੰਡਨ ਜਾਣ ਦੀ ਸ਼ੁਭ ਯਾਤਰਾ ਕਹਿ ਗਈ। ਕੀ ਹੋਇਆ ਮੈਂ ਅੱਗੇ ਹੀ ਤਿਆਰ ਸਾਂ ਫਿਰ ਤਾਂ ਕਿਸੇ ਮਸਤੀ ਵਿੱਚ ਗਾਉਂਦਾ ਹੀ ਲੰਡਨ ਪਹੁੰਚ ਗਿਆ। ਤੇਰਾ ਖਤ ਮੇਰੀ ਛਾਤੀ ਨਾਲ ਰਿਹਾ। ਮੈਂ ਸ਼ਾਮੋ ਨੂੰ ਕਿਹਾ ਵੇਖ ਮੇਰੀ ਪਤਨੀ ਦਾ ਖਤ ਜੋ ਦਰਦ ਵਿਛੋੜੇ ਸਹਿ ਕੇ ਵੀ ਗਿਲਾ ਨਹੀਂ ਕਰਦੀ ਅਤੇ ਤੂੰ ਆਪਣੇ ਯਾਰ ਤੋਂ ਪੰਜ ਮਿੰਟ ਵਿੱਛੜ ਕੇ ਹਾਲ ਪਾਰਿਆ ਕਰਦੀ ਹੈਂ। ਮੈਂ ਇਕ ਦਿਨ ਬੈਂਕ ਪੈਸੇ ਲੈਣ ਜਾ ਰਿਹਾ ਸਾਂ। ਸ਼ਾਮੋਂ ਇਕ ਸ਼ਰਾਬੀ ਜਹੇ ਨਾਲ ਤੁਰੀ ਜਾਂਦੀ ਵੇਖੀ। ਉਹ ਮੈਨੂੰ ਵੇਖ ਕੇ ਘਬਰਾ ਗਈ। ਮੈ ਸੋਚਿਆ ਔਰਤ ਦੀ ਸਰੀਰਕ ਭੁੱਖ ਵੀ ਤਾਂ ਹੈ ਜੋ ਮੈਂ ਪੂਰੀ ਨਹੀਂ ਕਰ ਸੱਕਿਆ। ਮੈਂ ਕਿਉਂ ਉਸ ਦੇ ਰਾਹ ਦਾ ਰੋੜਾ ਬਣਾਂ। ਸ਼ਾਮੋਂ ਸਮਝਦੀ ਸੀ ਕਿ ਮੈਂ ਤੇਰੇ ਤੋਂ ਦੂਰ ਰਹਿ ਕੇ ਉਸ ਦੇ ਪਿਆਰ ਜਾਲ ਵਿੱਚ ਫਸ ਜਾਵਾਂਗਾ। ਉਹ ਨਹੀਂ ਜਾਣਦੀ ਸੀ ਕਿ ਅਸੀਂ ਫੱਕਰ ਲੋਕ ਤਾਂ ਚਿੱਠੀਆਂ ਦੇ ਸਹਾਰੇ ਹੀ ਦਿਨ ਕਟੀ ਕਰ ਸਕਦੇ ਹਾਂ। ਜਦੋਂ ਬੁਹਤੀ ਖਹਿੜੇ ਪੈ ਜਾਂਦੀ ਤਾਂ ਮੈਂ ਟਾਲਣ ਲਈ ਕਹਿ ਦਿੰਦਾ ਕਿ ਮੇਰੀ ਪਤਨੀ ਤੋਂ ਇਜ਼ਾਜਤ ਲੈਣੀ ਜ਼ਰੂਰੀ ਹੈ। ਉਹ ਸਮਝ ਗਈ ਕਿ ਇੱਥੇ ਦਾਲ ਗਲਣੀ ਨਹੀਂ ਅਤੇ ਨਵੇਂ ਯਾਰ ਦੀ ਭਾਲ ਵਿੱਚ ਭਟਕਦੀ ਰਹੀ। ਪੱਛਮੀ ਯੂਰਪ ਦੀਆਂ ਔਰਤਾਂ ਦੀ ਇਹ ਤਰਾਸਦੀ ਹੈ ਕਿ ਉਹ ਮਰਦ ਦੀ ਬਰਾਬਰੀ ਕਰਨ ਲਈ ਕਿਸੇ ਹੱਦ ਬੰਨੇ ਦੀ ਪ੍ਰਵਾਹ ਨਹੀਂ ਕਰਦੀਆਂ।

ਰੂਸੀ ਮੇਮ ਨੇ ਬੜੀ ਬੇਬਾਕ ਮੰਗ ਕੀਤੀ ਹੈ ਕਿ ਦੋ ਪੁੱਤਰਾਂ ਬਾਅਦ ਹੁਣ ਇਕ ਧੀ ਵੀ ਪੈਦਾ ਕਰੋ ਤਾਂ ਕਿ ਉਹ ਭੂਆ ਭਤੀਜੀ ਦਾ ਰਿਸ਼ਤਾ ਨਿਭਾ ਸਕੇ। ਤੈਨੂੰ ਪਤਾ ਹੀ ਹੈ ਕਿ ਉਹ ਬੱਬਲ ਨੂੰ ਕਿੰਨਾ ਪਿਆਰ ਕਰਦੀ ਹੈ। ਮੈਂ ਉਸ ਦਾ ਪਿਆਰਾ ਖਤ ਤੈਨੂੰ ਭੇਜ ਰਿਹਾ ਹਾਂ। ਉਸ ਦੀ ਫੋਟੋ ਮੈਂ ਰੱਖ ਲਈ ਹੈ ਅਤੇ ਬੱਬਲ ਦੀ ਫੋਟੋ ਉਸ ਨੂੰ ਭੇਜ ਰਿਹਾ ਹਾਂ। ਉਸ ਲਿਖਿਆ ਹੈ ਜੇ ਆਉਣ ਵਾਲਾ ਬੱਚਾ ਵਾਧੂ ਸਮਝਦੇ ਹੋ ਤਾਂ ਮੈਨੂੰ ਪਾਲਣ ਲਈ ਦੇ ਦੇਵੋ। ਮੈਂ ਪਾਲ ਪੋਸ ਕੇ ਇੰਡੀਆ ਲੈ ਆਵਾਂਗੀ। ਉਹ ਵੀ ਸ਼ਾਮੋ ਵਾਂਗ ਕੰਵਾਰੀ ਮਾਂ ਦੇ ਸੁਪਨੇ ਲੈ ਰਹੀ ਹੈ। ਉਸਦੀ ਮਾਂ ਇਕ ਬੁੱਢੀ ਅਤੇ ਬੀਮਾਰ ਔਰਤ ਹੈ, ਜਿਸ ਕਰਕੇ ਉਸ ਨੇ ਆਪਣੀ ਜਵਾਨੀ ਮਾਂ ਦੀ ਸੇਵਾ ਵਿਚ ਲਗਾ ਦਿੱਤੀ ਅਤੇ ਵਿਆਹ ਦਾ ਸੁਪਨਾ ਸਾਕਾਰ ਨਾ ਹੋ

ਸਕਿਆ। ਜਿੱਥੇ ਸ਼ਾਮੋਂ ਦੀ ਹਾਲਤ ਉਪਰ ਤਰਸ ਆਉਂਦਾ ਹੈ ਕਿ ਉਹ ਪਿਆਰ ਲਈ ਭਟਕ ਰਹੀ ਹੈ ਉਥੇ ਇਵਲੀਨਾ (ਰੂਸੀ ਮੇਮ) ਨੂੰ ਮੈਂ ਆਪਣੀ ਭੈਣ ਸਮਝਦਾ ਹਾਂ ਜੋ ਇਕ ਭਤੀਜੀ ਦੀ ਮੰਗ ਕਰ ਰਹੀ ਹੈ। ਮੈਂ ਇਵਲੀਨਾ ਵਰਗੀ ਨਤਾਸ਼ਾ ਪੈਰਿਸ ਵਿੱਚ ਵੀ ਲੱਭ ਲਈ ਹੈ। ਇਹ ਰੂਸੀ ਔਰਤਾਂ ਕਿਤੇ ਵਧੇਰੇ ਸਭਿਅਕ ਹਨ ਅਤੇ ਪੱਛਮੀ ਯੂਰਪੀ ਔਰਤਾਂ ਵਾਂਗ ਕਮੀਨੀ ਕਿਸਮ ਦੇ ਜਨਾਨੀਪੁਣੇ ਤੋਂ ਉਪਰ ਹਨ।

ਲੰਡਨ ਤੋਂ ਸਮਾਨ ਬਹੁਤ ਮਹਿੰਗਾ ਮਿਲਿਆ। ਐਵੇਂ ਖਿਆਲ ਹੀ ਸੀ ਕਿ ਉਥੇ ਸ਼ਾਪਿੰਗ ਸਸਤੀ ਹੈ। ਮੈਂ ਰਾਜੇ ਲਈ ਅੱਧੀਆਂ ਬਾਹਾਂ ਦੀ ਸ਼ਰਟ (ਕਮੀਜ) ਅਤੇ ਇਕ ਨਿੱਕਰ ਭੇਜ ਦਿੱਤੀ ਸੀ। ਲੰਡਨ ਤੋਂ ਦਸ ਤਰੀਕ ਪਾਰਸਲ ਕੀਤਾ ਸੀ ਅਤੇ ਪੈਕਟ ਭੇਜਣ ਦੇ 50 ਰੁਪਏ ਲੱਗ ਗਏ। ਪਰ ਚਲੋ ਤੁਹਾਡੀ ਖਾਹਸ਼ ਪੂਰੀ ਹੋ ਜਾਵੇ। ਇਹੋ ਸਮਾਨ ਇੰਡੀਆ ਦਸ ਰੁਪਏ ਵਿੱਚ ਮਿਲ ਜਾਵੇ। ਜਦੋਂ ਪੈਕਟ ਮਿਲ ਗਿਆ ਤਾਂ ਦੱਸਣਾ। ਪਿਛਲੀ ਵਾਰ ਤਾਂ ਇਹ ਗੁੰਮ ਹੀ ਹੋ ਗਿਆ ਸੀ। ਪੈਰਿਸ ਵਿੱਚ ਕੱਪੜੇ ਤਾਂ ਹਜ਼ਾਰਾਂ ਰੁਪਿਆਂ ਵਿੱਚ ਮਿਲਦੇ ਹਨ ਪਰ ਮੈਂ ਗਰੀਬ ਕੀ ਭੇਜਾਂ। ਇਸ ਕਰਕੇ ਹੀ ਲੰਡਨ ਦਾ ਗੇੜਾ ਮਾਰਿਆ ਸੀ।

ਗੁਰਦਿਆਲ ਸਿੰਘ ਹੁਡਿਆਰਾ ਰੁੜਕੀ ਪੀ.ਐਚ.ਡੀ. ਕਰਨ ਗਿਆ ਹੋਇਆ ਹੈ। ਉਸ ਦਾ ਅੱਜ ਹੀ ਪੱਤਰ ਮਿਲਿਆ ਕਿ ਉਸ ਦਾ ਛੋਟਾ ਭਰਾ ਇੰਦਰਜੀਤ ਲੰਡਨ ਵਿਚ ਹੈ। ਜੇਕਰ ਖਤ ਪਹਿਲਾਂ ਮਿਲ ਜਾਂਦਾ ਤਾਂ ਹੋਰ ਵੀ ਚੰਗਾ ਹੁੰਦਾ, ਹੋਟਲ ਦੀ ਜ਼ਰੂਰਤ ਨਾ ਪੈਂਦੀ ਅਤੇ ਦਿਲ ਵੀ ਲੱਗਾ ਰਹਿੰਦਾ। ਦਵਿੰਦਰ ਦੇ ਦੋ ਮੁੰਡੇ, ਇਕ ਕੁੜੀ ਅਤੇ ਵੱਡੀ ਭੈਣ ਦੁਖੀ ਵਾਪਸ ਆ ਰਹੀ ਹੈ। ਮੈਨੂੰ ਪਤਾ ਲੱਗਾ ਹੈ ਕਿ ਉਸ ਦਾ ਘਰਵਾਲਾ ਵਾਪਸ ਇੰਡੀਆ ਚਲਾ ਗਿਆ ਹੈ। ਖਤ ਬਾਅਦ ਵਿੱਚ ਆਇਆ ਨਹੀਂ ਤਾਂ ਮਿਲ ਹੀ ਆਉਂਦਾ।

ਗਰਮੀਆਂ ਵਿੱਚ ਲੰਮੇ ਸਫਰ ਕਰਨੇ ਹਨ। ਗੁਰੂ ਆਪ ਹੀ ਸਹਾਈ ਹੋਵੇਗਾ। ਮੇਰੀ ਖਾਹਸ਼ ਦੁਨੀਆਂ ਦੇ ਲੋਕਾਂ ਨੂੰ ਵੇਖਣ ਦੀ ਵੱਧ ਰਹੀ ਹੈ। ਗੁਰਬਖਸ਼ ਦਾ ਖਤ ਆਇਆ ਹੈ। ਉਸ ਦੀ ਘਰਵਾਲੀ ਬਲਜੀਤ ਵਿਰਕ ਅਮਰੀਕਾ ਪਹੁੰਚ ਗਈ ਹੈ। ਉਹ ਮੇਰੀ ਟਿਕਟ ਭੇਜਣ ਲਈ ਕਹਿੰਦਾ ਸੀ। ਮੈਂ ਅਗਲੇ ਸਾਲ ਲਈ ਕਹਿ ਦਿੱਤਾ। ਇਸ ਸਾਲ ਤਾਂ ਯੂਰਪ ਹੀ ਵੇਖ ਲਈਏ ਤਾਂ ਕਾਫੀ ਹੈ। ਇੱਥੇ ਛੁਟੀਆਂ ਵਿੱਚ ਸਾਰੇ ਸੈਰ ਸਪਾਟੇ ਤੇ ਨਿਕਲ ਜਾਂਦੇ ਹਨ। ਸਾਡੇ ਵਾਂਗ ਪੈਸਾ ਜਮਾਂ

ਨਹੀਂ ਕਰਦੇ ਬਲਕਿ ਖਾਣਪੀਣ ਅਤੇ ਘੁੰਮਣ ਫਿਰਨ ਤੇ ਖਰਚ ਕਰ ਦਿੰਦੇ ਹਨ। ਮੁੜਨ ਲੱਗਿਆਂ ਮੈਂ ਵੀ ਖਾਲ੍ਹੀ ਹੱਥ ਹੀ ਆਵਾਂਗਾ। ਜੋ ਬਚਦਾ ਹੈ ਉਹ ਸੈਰ ਸਪਾਟੇ ਤੇ ਖਰਚ ਕਰ ਦਿੰਦਾ ਹਾਂ। ਦੁਨੀਆਂ ਘੁੰਮਣੀ ਮੇਰਾ ਸ਼ੌਕ ਬਣ ਗਿਆ ਹੈ। ਕੈਮਰਾ ਅਤੇ ਟੇਪ ਰੀਕਾਰਡਰ ਲੈਣ ਦੀ ਸੋਚ ਰਿਹਾਂ ਹਾਂ। ਕੈਮਰਾ ਫੋਟੋਗਰਾਫੀ ਦੇ ਕੰਮ ਆਵੇਗਾ ਅਤੇ ਟੇਪ ਰੀਕਰਡਰ ਪੰਜਾਬੀ ਲੋਕ ਗੀਤ ਅਤੇ ਸ਼ਬਦ ਸੁਣਨ ਲਈ ਜੋ ਟੇਪਾਂ ਵਿੱਚ ਬੰਦ ਪਏ ਹਨ। ਕਦੇ ਕਾਰ ਖਰੀਦਣ ਦਾ ਲਾਲਚ ਆ ਜਾਂਦਾ ਹੈ ਪਰ ਫਿਰ ਕਹੀਦਾ ਹੈ ਕਿ ਇੰਡੀਆ ਵਿੱਚ ਤਾਂ ਪੈਟਰੋਲ ਬਹੁਤ ਮਹਿੰਗਾ ਹੈ ਜ਼ਰਾ ਸ਼ਕੀਨੀ ਘਟ ਕਰ ਲਵਾਂਗੇ।

ਇੱਥੇ ਸਭ ਆਪਣੇ ਕੰਮ ਆਪ ਕਰਦੇ ਹਨ। ਨੌਕਰ ਚਾਕਰ ਰੱਖਣ ਦਾ ਰਿਵਾਜ਼ ਨਹੀਂ। ਇਹ ਬੀਮਾਰੀ ਇੰਡੀਆ ਵਿੱਚ ਹੀ ਮਿਲਦੀ ਹੈ ਜੋ ਗੁਲਾਮੀ ਕਾਰਨ ਚੰਬੜ ਗਈ ਹੈ। ਜਦੋਂ ਆਤਮਾ ਦੀ ਆਜ਼ਾਦੀ ਮਿਲਦੀ ਹੈ ਤਾਂ ਆਦਮੀ ਮਸਤੀ ਵਿੱਚ ਰਹਿੰਦਾ ਹੈ। ਮੈਂ ਇਹ ਮਸਤੀ ਪੂਰਨ ਸਿੰਘ ਦੀ ਕਿਤਾਬ ਪੜ੍ਹ ਕੇ ਮਾਣ ਚੁੱਕਾ ਹਾਂ। ਸਾਰੀ ਦੁਨੀਆਂ ਮੇਰੇ ਪਿਆਰ ਕਲਾਵੇ ਵਿੱਚ ਸਮਾ ਗਈ ਹੈ।

ਕ੍ਰਿਪਾ ਕਰਕੇ ਮਾਡਲ ਟਾਊਨ ਵਾਲੇ ਮਕਾਨ ਦਾ ਪੇਂਟ ਕਰਵਾ ਦੇਣਾ ਤਾਂ ਕਿ ਕਿਰਾਏ ਵਾਲੇ ਸ਼ਰੀਫ ਲੋਕ ਖੁਸ਼ ਰਹਿਣ। ਉਮੀਦ ਹੈ ਹਜ਼ਾਰ ਰੁਪਏ ਦਾ ਖਰਚ ਹੋਵੇਗਾ ਜੋ ਉਹ ਕਿਰਾਏ ਵਿਚੋਂ ਕੱਟ ਲੈਣਗੇ। ਮਾਤਾ ਜੀ ਨੂੰ ਕਹਿਣਾ ਮਰਨ ਲੱਗਿਆਂ ਪੈਸਾ ਕਿਸੇ ਨਾਲ ਨਹੀਂ ਲੈ ਜਾਣਾ। ਮੈਂ ਵੀ ਕੰਜੂਸੀ ਵਰਤਦਾ ਹਾਂ ਅਤੇ ਫਜੂਲ ਖਰਚ ਨਹੀਂ ਕਰਦਾ, ਪਰ ਮੈਨੂੰ ਪੈਸੇ ਦਾ ਪਿਆਰ ਚੰਗਾ ਨਹੀਂ ਲਗਦਾ। ਆਪ ਬੱਚਿਆਂ ਖਾਤਰ ਮੀਡੀਅਮ ਸਾਈਜ਼ ਫਰਿੱਜ਼ ਖਰੀਦ ਲੈਣਾ। ਖਬਰਾਂ ਤੋਂ ਪਤਾ ਲੱਗਦਾ ਹੈ ਕਿ ਹੁਣ ਗਰਮੀ ਬਹੁਤ ਪੈ ਰਹੀ ਹੈ ਅਤੇ ਫਰਿੱਜ਼ ਬਗੈਰ ਗੁਜਾਰਾ ਨਹੀਂ। ਮੇਰੀ ਆਸ ਤੇ ਨਾ ਬੈਠੇ ਰਹਿਣਾ ਕਿ ਆ ਕੇ ਫਰਿੱਜ਼ ਖਰੀਦਾਂਗਾ।

ਮਿਸਜ਼ ਡਾਨੀਅਲ ਗਿੱਲ ਮੇਰੇ ਸੁਨੇਹੇ ਲੈ ਕੇ ਪੈਰਿਸ ਆ ਰਹੀ ਹੈ। ਸਿਰਫ ਮੇਰੇ ਸਰਟੀਫੀਕੇਟ ਹੀ ਦੇਣੇ, ਹੋਰ ਕੁਝ ਨਹੀਂ ਚਾਹੀਦਾ। ਮੈਂ ਲੰਡਨ ਤੋਂ ਸਭ ਕੁਝ ਲੈ ਸਕਦਾ ਹਾਂ। ਜਰਮਨੀ ਤੋਂ ਮਨਮੋਹਨ ਸਿੰਘ ਟੇਪ ਰੀਕਾਰਡਰ ਲੈ ਕੇ ਆ ਰਿਹਾ ਹੈ। ਉਹ ਚਾਹੁੰਦਾ ਹੈ ਕਿ ਜੇ ਉਸਦੀ ਘਰਵਾਲੀ ਆ ਜਾਵੇ ਤਾਂ ਇਕ ਸਾਲ ਹੋਰ ਰਹਿ ਜਾਵੇ। ਮੈਂ ਸੋਚਦਾ ਹਾਂ ਕਿ ਇਕ ਸਾਲ ਪਹਿਲਾਂ ਮੁੜ ਜਾਵਾਂ। ਜੇਕਰ ਮੈਂ ਡੀ.ਐਸ.ਸੀ. ਲਈ ਤਿਆਰੀ ਕੀਤੀ ਤਾਂ ਤਿੰਨ ਸਾਲ ਰਹਿਣਾ ਜਰੂਰੀ ਹੈ।

ਅਸੀਂ ਖੋਜ ਕਰ ਕੇ ਨਵੇਂ ਕਣ ਲੱਭ ਰਹੇ ਹਾਂ ਜਿਸ ਲਈ ਮੇਰਾ ਚੀਨੀ ਗਾਈਡ ਹੱਲਾਸ਼ੇਰੀ ਦੇ ਰਿਹਾ ਹੈ। ਅਗਲੇ ਹਫਤੇ ਸ਼ਾਮ ਲਾਲ ਮਲਿਕ ਦਾ ਪ੍ਰੀਵਾਰ ਰੋਟੀ ਖਾਣ ਆ ਰਹੇ ਹਨ। ਲੰਗਰ ਦੀ ਸੇਵਾ ਮੈਂ ਕਰਨੀ ਹੈ । ਤੇਰੇ ਲਈ ਇਹ ਮੰਨਣਾ ਨਾ-ਮੁਮਕਿੰਨ ਹੈ ਕਿ ਮੈਂ ਵੀ ਭੋਜਨ ਤਿਆਰ ਕਰ ਸਕਦਾ ਹਾਂ?

ਬੱਚਿਆਂ ਨੂੰ ਪਿਆਰ, ਮਾਤਾ ਜੀ ਨੂੰ ਮੱਥਾ ਟੇਕਣਾ ਅਤੇ ਤੈਨੂੰ ਗਲਵਕੜੀ।

ਤੇਰਾ

ਹਰਦੇਵ

ਪੈਰਿਸ
20.4.71

ਡੀਅਰ ਰਾਨੀ

ਸਤਿ ਸਿਰੀ ਅਕਾਲ।

ਸਮਾਂ ਤਾਂ ਪੈਰਿਸ ਦੇ ਅਮਰਿਤ ਵੇਲੇ ਦਾ ਹੈ ਕਿਉਂਕਿ ਚਾਰ ਵਜੇ ਹਨ ਅਤੇ ਸਭ ਪਾਸੇ ਚੁੱਪ ਛਾ ਰਹੀ ਹੈ। ਪਰ ਮੈਂ ਕਿਹਾ ਪਹਿਲਾਂ ਤੇਰਾ ਪਾਠ ਕਰੀਏ ਫਿਰ ਕਿਸੇ ਹੋਰ ਰੱਬ ਦੀ ਯਾਦ ਕਰਾਂਗਾ। ਹਾਲੈਂਡ ਤੋਂ ਕੱਲ੍ਹ ਸਵੇਰੇ ਸੱਤ ਵਜੇ ਪੈਰਿਸ ਪਹੁੰਚ ਗਏ ਸਾਂ। ਸਾਰੀ ਰਾਤ ਬੱਸ ਦਾ ਸਫਰ ਜਾਗ ਕੇ ਕੀਤਾ ਅਤੇ ਆਉਣ ਸਾਰ ਲੈਬ ਵਿੱਚ ਜਾਣਾ ਪੈ ਗਿਆ। ਨੀਂਦ ਦਾ ਥਕੇਵਾਂ ਹੋਣ ਕਰਕੇ ਮੈਂ ਲੈਬ ਵਿੱਚੋਂ ਜਲਦੀ ਪਰਤ ਆਇਆ। ਸ਼ਾਮ ਛੇ ਵਜੇ ਸੌਂ ਗਿਆ, ਨਾ ਰੋਟੀ ਖਾਧੀ ਅਤੇ ਨਾ ਕੁਝ ਹੋਰ। ਇਸ ਕਰਕੇ ਹੀ ਅੱਜ ਸ਼ਾਇਦ ਪਹਿਲੀ ਵਾਰ ਅਮਰਿਤ ਵੇਲੇ ਦਾ ਜਾਗਣਾ ਮਿਲਿਆ ਹੈ। ਥਕੇਵਾਂ ਲਹਿ ਗਿਆ ਹੈ। ਕੁਝ ਯਾਦਾਂ ਦੀ ਖਲਬਲੀ ਜਹੀ ਬਾਕੀ ਹੈ ਉਹ ਵੀ ਕੰਮ ਵਿੱਚ ਪੈ ਕੇ ਹਟ ਜਾਵੇਗੀ।

ਸ਼ਾਮੋਂ ਦੀ ਜਿੰਦਗੀ ਤਾਂ ਕਾਗਜ਼ਾਂ ਦੀ ਬੇੜੀ ਹੈ। ਜਦੋਂ ਇਹ ਬੇੜੀ ਡੁੱਬਦੀ ਹੈ ਤਾਂ ਇਸ ਦਾ ਸਵਾਰ ਵੀ ਹਮੇਸ਼ਾਂ ਡੁੱਬ ਜਾਂਦਾ ਹੈ। ਹਾਲੈਂਡ ਦਾ ਸਫਰ ਬੜਾ ਹੀ ਚਾਵਾਂ ਭਰਿਆ ਸੀ। ਸੱਜਣਾਂ ਦੀ ਬਾਂਹ ਤੇ ਸੌਣਾ ਜਿਵੇਂ ਬੱਚਾ ਆਪਣੀ ਮਾਂ ਦੀ ਗੋਦ ਵਿਚ ਲੇਟਿਆ ਹੋਵੇ। ਬੱਸ ਵਿੱਚ ਭੀੜ ਘੱਟ ਸੀ, ਸੋ ਬੱਸ ਦੀ ਪਿਛਲੀ ਸੀਟ ਤੇ ਸੌਂ ਕੇ ਹੀ ਗਿਆ। ਦਿਨ ਚੜ੍ਹਨ ਸਾਰ 17 ਤਰੀਕ ਸ਼ਨੀਵਾਰ ਹਾਲੈਂਡ ਦੇ ਸੁੰਦਰ ਸ਼ਹਿਰ ਐਮਸਟਰਡਮ ਪਹੁੰਚ ਗਏ। ਸਾਰਾ ਦਿਨ ਬਜ਼ਾਰਾਂ ਵਿਚ ਘੁਮੰਦੇ ਰਹੇ, ਸ਼ਾਮ ਨੂੰ ਜਹਾਜ਼ ਤੇ ਸਵਾਰ ਹੋ ਕੇ ਸ਼ਹਿਰ ਦਾ ਅਤੇ ਬੰਦਰਗਾਹ ਦਾ ਚੱਕਰ ਕੱਟਿਆ।

ਹਾਲੈਂਡ ਦੇ ਹਰ ਸ਼ਹਿਰ ਅਤੇ ਪੇਂਡੂ ਇਲਾਕੇ ਵਿੱਚ ਨਹਿਰਾਂ ਦਾ ਜਾਲ ਵਿਛਿਆ ਹੈ। ਕਈ ਜਗਾਹ ਸਮੁੰਦਰ ਧਰਤੀ ਤੋਂ ਦਸ ਫੁੱਟ ਉਪਰ ਹੈ। ਤੂੰ ਹੈਰਾਨ ਹੋਵੇਂਗੀ ਕਿ ਸਾਰਾ ਦੇਸ਼ ਡੂੰਘਾ ਹੈ ਅਤੇ ਸਮੁੰਦਰ ਉਚਾਈ ਤੇ। ਇਹ ਲੋਕ ਕਿਵੇਂ ਬਚੇ ਹੋਏ ਹਨ? ਸਮੁੰਦਰ ਨੂੰ ਰੋਕਣ ਲਈ ਬੰਨ੍ਹ ਬਣਾਏ ਗਏ ਹਨ ਅਤੇ ਨਹਿਰਾਂ ਦਾ ਜਾਲ ਵਿਛਿਆ ਹੋਇਆ ਹੈ। 700 ਨਹਿਰਾਂ ਇਸ ਇਕੱਲੇ ਸ਼ਹਿਰ ਵਿਚ ਹਨ। ਹਰ ਗਲੀ ਵਿਚੋਂ ਨਹਿਰ ਲੰਘਦੀ ਹੈ ਅਤੇ ਲੋਕਾਂ ਦੇ ਘਰ ਨਹਿਰ ਕਿਨਾਰੇ ਬਣੇ ਹੋਏ ਹਨ। ਇਉਂ ਜਾਪਦਾ ਹੈ ਕਿ ਇਹ ਲੋਕ ਕਸ਼ਮੀਰ ਦੀ ਡੱਲ ਝੀਲ ਕਿਨਾਰੇ ਰਹਿ ਰਹੇ ਹੋਣ। ਮੈਂ

ਕਾਰਡ ਭੇਜ ਰਿਹਾਂ ਹਾਂ ਤਾਂ ਕਿ ਤੈਨੂੰ ਇਹ ਨਜ਼ਾਰਾ ਚੰਗਾ ਲੱਗੇ। ਇਸ ਨਹਿਰ ਦੇ ਕਿਨਾਰੇ ਹੀ ਸਾਡਾ ਹੋਟਲ ਸੀ ਜਿੱਥੇ ਅਸੀਂ ਦੋ ਰਾਤਾਂ ਠਹਿਰੇ।

ਸ਼ਾਮੋਂ ਅਤੇ ਉਸ ਦੀ ਭੈਣ ਮੇਰੇ ਨਾਲ ਘੁੰਮਦੀਆਂ ਰਹੀਆਂ। ਔਰਤਾਂ ਦੀਆਂ ਆਦਤਾਂ ਸਭ ਥਾਂ ਇਕੋ ਹੀ ਹਨ। ਉਹ ਦੁਕਾਨਾਂ ਦੇ ਚੱਕਰ ਲਾਂਦੀਆਂ ਅਤੇ ਬਗੈਰ ਖਰੀਦੋ ਫਰੋਖਤ ਤੋਂ ਅੱਗੇ ਤੁਰ ਪੈਂਦੀਆਂ। ਮੇਰੀ ਤਬੀਅਤ ਖੁੱਲ੍ਹੇ ਅਸਮਾਨਾਂ ਵਿਚ ਘੁੰਮਣ ਵਾਲੀ ਹੋਣ ਕਰਕੇ ਮੈਂ ਕੈਦ ਜੇਹੀ ਮਹਿਸੂਸ ਕੀਤੀ। ਦੋਹਾਂ ਭੈਣਾ ਦਾ ਚਾਰ ਵਜੇ ਸਾਥ ਛੱਡ ਕੇ ਮੈਂ ਇਕੱਲਾ ਸਮੁੰਦਰ ਕਿਨਾਰੇ ਘੁੰਮਦਾ ਰਿਹਾ। ਐਸਾ ਸਾਥ ਛੱਡਿਆ ਕਿ ਮੁੜ ਨਾ ਰਾਮ ਨਾ ਰਹੀਮ, ਸਾਡੇ ਰਸਤੇ ਵੱਖ ਹੀ ਹੋ ਗਏ। ਕਾਗਜਾਂ ਦੀ ਬੇੜੀ ਦਾ ਸਵਾਰ ਡਿੱਗ ਪਿਆ।

ਸ਼ਾਮੋਂ ਨੇ ਸ਼ਹਿਰ ਦੇ ਇਕ ਅਮੀਰ ਬੰਦੇ ਨੂੰ ਮਿਲਣਾ ਸੀ ਜੋ ਪੈਟਰੋਲ ਦੇ ਕਾਰਖਾਨੇ ਦਾ ਮਾਲਕ ਹੈ। ਸ਼ਾਇਦ ਸ਼ਾਦੀ ਕਰਨ ਲਈ ਕੋਈ ਵਰ ਲੱਭ ਰਹੀ ਹੋਵੇ? ਉਹ ਹਮੇਸ਼ਾਂ ਕਿਸੇ ਸ਼ਿਕਾਰ ਦੀ ਭਾਲ ਵਿਚ ਰਹਿੰਦੀ ਅਤੇ ਜਦੋਂ ਨਾ ਮਿਲਦਾ ਤਾਂ ਮੇਰੇ ਕੋਲ ਰੋਣੇ ਰੋਂਦੀ। ਪੱਛਮੀ ਦੁਨੀਆਂ ਦੀ ਔਰਤ ਵੀ ਅਜ਼ੀਬ ਹੈ। ਮੇਰੇ ਵਰਗੇ ਜੱਟ-ਬੂਟ ਨੂੰ ਪੱਛਮੀ ਔਰਤ ਦਾ ਪਿਆਰ ਦਾ ਕੋਈ ਥਹੁ-ਪਤਾ ਨਹੀਂ ਲੱਗ ਸਕਿਆ। ਨਖਰੇਬਾਜੀ, ਗੁਲਾਮੀ ਅਤੇ ਪਛੂਪੁਣਾ ਇਸ ਪਿਆਰ ਦੇ ਜ਼ਰੂਰੀ ਲੱਛਣ ਹਨ। ਸਾਡੇ ਮਰਦਾਂ ਤੋਂ ਇਹ ਗੁਲਾਮੀ ਅਤੇ ਵਿਖਾਵੇ ਵਾਲਾ ਪਿਆਰ ਨਹੀਂ ਹੋ ਸਕਦਾ। ਮੈਂ ਤਾਂ ਖੁਲ੍ਹੇ ਪਿਆਰਾਂ ਅਤੇ ਖੁੱਲ੍ਹੇ ਮੰਡਲਾਂ ਦੇ ਸੁਪਨੇ ਲੈ ਰਿਹਾ ਸਾਂ ਜੋ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਵਿੱਚੋਂ ਮਿਲਦਾ ਹੈ। ਸ਼ਾਮੋਂ ਦਾ ਪਿਆਰ ਵੀ ਇਕ ਭੁਲੇਖਾ ਅਤੇ ਭਰਮਜਾਲ ਹੀ ਨਿਕਲਿਆ।

ਹਾਲੈਂਡ ਦੇ ਲੋਕ ਬੜੇ ਪਿਆਰੇ ਲੱਗੇ। ਜਿਸ ਕਿਸੇ ਨੂੰ ਮੈਂ ਰਾਹ ਪੁੱਛਿਆ ਉਹ ਕਾਰ ਤੇ ਬਿਠਾ, ਛੱਡ ਕੇ ਹੀ ਆਇਆ। ਇਕ ਤਾਂ ਖਹਿੜੇ ਹੀ ਪੈ ਗਿਆ ਕਿ ਤੂੰ ਇੰਡੀਆ ਤੋਂ ਆਇਆ ਹੈਂ, ਰਲ ਕੇ ਬੈਠੀਏ ਅਤੇ ਸ਼ਰਾਬ ਸਾਂਝੀ ਕਰੀਏ। ਉਸ ਨੂੰ ਕੀ ਪਤਾ ਕਿ ਮੈਂ ਪਿਆਕੜ ਬੰਦਾ ਨਹੀਂ। ਇਹ ਸ਼ਹਿਰ ਹਿੱਪੀਆਂ ਦਾ ਭਰਿਆ ਪਿਆ ਹੈ। ਮੇਰੇ ਦੁਆਲੇ ਝੁਰਮਟ ਪਾ ਲਿਆ। ਉਹ ਸਮਝਣ ਮੈਂ ਹਾਸ਼ੀਸ਼ ਲੈ ਕੇ ਆਇਆਂ ਹਾਂ ਕਿਉਂਕਿ ਇੱਥੇ ਪਾਕਿਸਤਾਨੀ ਕਾਫੀ ਹਨ ਅਤੇ ਸਮੱਗਲਿੰਗ ਵੀ ਹੁੰਦੀ ਹੈ। ਇਹ ਹਰ ਕਿਸਮ ਦਾ ਨਸ਼ਾ ਕਰਦੇ ਹਨ, ਚਿਲਮਾਂ ਪੀਂਦੇ ਹਨ ਅਤੇ ਤੂੰਬੇ ਵਰਗੇ ਸਾਜ਼ ਨਾਲ ਗਾਉਂਦੇ ਹਨ। ਮੈਂ ਉਨ੍ਹਾਂ ਵਿਚ ਬੈਠਾ ਧੂੰਪ ਸੇਕਦਾ ਰਿਹਾ। ਇਥੇ ਹੀ ਇਕ ਰੇਡੀਓ ਸਟੇਸ਼ਨ ਦਾ ਬੰਦਾ ਆ

ਟੱਕਰਿਆ ਅਤੇ ਮੇਰੀ ਪੱਗ ਵੇਖ ਕੇ ਕਹਿੰਦਾ ਇੰਡੀਅਨ ਹੋ। ਉਸ ਨੇ ਮੇਰੀ ਇੰਟਰਵੀਯੂ ਲਈ ਅਤੇ ਚਲਦਾ ਬਣਿਆ।

ਐਤਵਾਰ ਸਵੇਰੇ ਤਿਆਰ ਹੋ ਕੇ ਹਾਲੈਂਡ ਦੇ ਮਸ਼ਹੂਰ ਤੁਲੀਪ ਫੁੱਲਾਂ ਦੇ ਬਾਗਾਂ ਦੀ ਸੈਰ ਕਰਨ ਚੱਲ ਪਏ। ਦੁਨੀਆਂ ਭਰ ਤੋਂ ਯਾਤਰੀ ਇਹ ਨਜ਼ਾਰਾ ਵੇਖਣ ਆਉਂਦੇ ਹਨ। ਪੇਂਡੂ ਇਲਾਕੇ ਵਿਚ ਪਹੁੰਚ ਕੇ ਲੋਕਾਂ ਦੇ ਘਰ ਸਮੁੰਦਰ ਕਿਨਾਰੇ ਵੇਖੇ, ਪਹਿਰਾਵੇ ਵਿੱਚ ਘੱਗਰੀ ਵਾਂਗ ਲਿਬਾਸ ਵੇਖਿਆ ਜੋ ਔਰਤਾਂ ਦੀ ਸੁੰਦਰਤਾ ਦਾ ਪ੍ਰਤੀਕ ਹੈ। ਪਿਆਰੇ ਬੱਚੇ ਮੇਰੇ ਨਾਲ ਫੋਟੋ ਖਿਚਵਾਣ ਆ ਜਾਂਦੇ। ਮੈਂ ਮਸਤ ਫਕੀਰ ਜਿਹਾ ਬਣ ਕੇ ਘੁੰਮ ਰਿਹਾ ਸਾਂ। ਪਗੜੀ ਡਰਾਈਵਰਾਂ ਵਾਂਗ ਲਪੇਟੀ, ਦਾੜ੍ਹੀ ਖੁੱਲ੍ਹੀ ਪੂਰਾ ਖਾਲਸਾ ਰੂਪ ਵਿੱਚ, ਸਿਰਫ ਚਾਦਰੇ ਦੀ ਘਾਟ ਮਹਿਸੂਸ ਹੋ ਰਹੀ ਸੀ। ਮੈਂ ਆਪਣੇ ਆਪ ਨੂੰ ਪੇਂਡੂ ਲੋਕਾਂ ਵਿੱਚ ਹੀ ਘੁਲ ਮਿਲ ਜਾਣਾ ਚਾਹੁੰਦਾ ਸੀ।

ਦੁਨੀਆਂ ਵਿੱਚ ਦੁੱਧ ਅਤੇ ਪਨੀਰ ਸਭ ਤੋਂ ਸਸਤਾ ਹਾਲੈਂਡ ਵਿਚ ਹੀ ਹੈ। ਦੁਪਹਿਰ ਵੇਲੇ ਸ਼ਾਕਾਹਾਰੀ ਭੋਜਨ ਮਿਲ ਗਿਆ। ਪਾਣੀ ਮੰਗਿਆ ਤਾਂ ਦੁੱਧ ਹੀ ਮਿਲ ਗਿਆ। ਇਹ ਲੋਕ ਯੂਰਪ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਸੁਭਾਅ ਦੇ ਮਿੱਠੇ ਹਨ। ਮੇਰੇ ਮਨ ਵਿਚ ਇਹਨਾਂ ਲਈ ਖਾਸ ਕਿਸਮ ਦੀ ਸ਼ਰਧਾ ਪੈਦਾ ਹੋ ਗਈ। ਮੈਂ ਵੀ ਇਨ੍ਹਾਂ ਦਾ ਚਹੇਤਾ ਬਣ ਗਿਆ ਸਾਂ। ਕਈ ਤਾਂ ਮੇਰੇ ਕੋਲੋਂ ਦੀ ਹੱਥ ਜੋੜ ਕੇ ਲੰਘ ਜਾਂਦੇ। ਸਾਰਾ ਦਿਨ ਫੁੱਲਾਂ ਦੇ ਬਾਗਾਂ ਅਤੇ ਸਮੁੰਦਰ ਕਿਨਾਰੇ ਘੁੰਮਦੇ ਹੋਏ 400 ਕਿਲੋਮੀਟਰ ਦਾ ਸਫਰ ਤਹਿ ਕਰਕੇ ਵਾਪਸ ਸ਼ਹਿਰ ਆ ਗਏ। ਰਾਤ 9 ਵਜੇ ਅਸੀਂ ਬੱਸ ਤੇ ਸਵਾਰ ਹੋ ਕੇ ਪੈਰਿਸ ਵੱਲ ਚਾਲੇ ਪਾ ਦਿੱਤੇ।

ਐਤਵਾਰ ਸ਼ਾਮੋਂ ਆਪਣੇ ਦੋਸਤ ਨਾਲ ਘੁੰਮਣ ਗਈ। ਪਤਾ ਨਹੀਂ ਵਿਆਹ ਦੀ ਗੱਲ ਸਿਰੇ ਚੜ੍ਹੀ ਕਿ ਨਾ। ਪਰ ਇਹੋ ਜੇਹੀ ਭਟਕਦੀ ਰੂਹ ਨੂੰ ਸ਼ਾਂਤੀ ਕਿੱਥੇ? ਕੁਝ ਵਿੱਦਿਆ ਦਾ ਘਮੰਡ, ਕੁਝ ਹੁਸਨ ਦਾ ਮਾਣ, ਚਿੜਚਿੜਾ ਸੁਭਾਅ ਅਤੇ ਦੂਸਰੀ ਭੈਣ ਦੀ ਹੋਂਦ ਇਸ ਦੀ ਜਿੰਦਗੀ ਨੂੰ ਨਰਕ ਬਣਾ ਰਹੀ ਹੈ। ਉਸ ਦੀ ਡਾਕਟਰ ਭੈਣ ਹਾਸੇ ਮਖੌਲ ਵਾਲੀ, ਧਾਰਮਿਕ ਖਿਆਲਾਂ ਦੀ, ਅਜੇ ਤੱਕ ਕਵਾਰੇਪਨ ਵਿੱਚ 36 ਸਾਲ ਦੀ ਹੋ ਕੇ ਵੀ 25 ਸਾਲ ਦੀ ਲੱਗ ਰਹੀ ਸੀ। ਜਦੋਂ ਮੈਂ ਉਸ ਦੀ ਜਵਾਨੀ ਦਾ ਰਾਜ਼ ਪੁੱਛਿਆ ਤਾਂ ਉਹ ਹੱਸ ਕੇ ਕਹਿਣ ਲੱਗੀ, 'ਸਾਡੇ ਮਾਪਿਆਂ ਨੇ ਜੰਮਦੀਆਂ ਧੀਆਂ ਨੂੰ ਦਸ ਸਾਲ ਫ਼ਰਿੱਜ ਵਿੱਚ ਰੱਖਿਆ ਸੀ'। ਪਰ ਇੱਧਰ ਅਸੀਂ ਤੀਹ ਦੇ ਹੋ ਕੇ ਚਾਲੀ ਦੇ ਨਜ਼ਰ ਆ ਰਹੇ ਹਾਂ। ਇਹੋ ਹੀ ਹੁਣ ਤੇਰਾ ਹਾਲ ਹੋਵੇਗਾ। ਡਾਕਟਰ ਭੈਣ ਕਹਿੰਦੀ ਉਮਰ ਸਾਲਾਂ ਵਿੱਚ ਨਹੀਂ ਗਿਣੀਦੀ, ਦਿਲ ਦੀ

ਜਵਾਨੀ ਤੋਂ ਮਾਪੀ ਜਾਂਦੀ ਹੈ। ਸਰੀਰਕ ਜਵਾਨੀ ਤਾਂ ਵਿਖਾਵਾ ਹੈ, ਦਿਲ ਦੀ ਜਵਾਨੀ ਕਾਇਮ ਰਹਿਣੀ ਚਾਹੀਦੀ ਹੈ।

ਵਾਪਸੀ ਸਫ਼ਰ ਵੇਲੇ ਬੱਸ ਖਚਾ ਖਚ ਭਰੀ ਸੀ ਅਤੇ ਮਸਾਂ ਬੈਠਣ ਜੋਗੀ ਸੀਟ ਹੀ ਮਿਲੀ। 9 ਘੰਟੇ ਦੇ ਸਫਰ ਬਾਅਦ ਥੱਕੇ ਟੁੱਟੇ ਪੈਰਿਸ ਪਹੁੰਚ ਗਏ। ਰਸਤੇ ਵਿੱਚ ਬੈਲਜੀਅਮ ਅਤੇ ਲਕਸਮਬਰਗ ਵੀ ਆਏ ਪਰ ਰਾਤ ਹੋਣ ਕਾਰਨ ਕੋਈ ਨਜ਼ਾਰਾ ਨਾ ਦੇਖ ਸਕੇ। ਆਉਣ ਸਾਰ ਉਹੋ ਮਸ਼ੀਨੀ ਰੁਝੇਵਾਂ ਸ਼ੁਰੂ ਹੋ ਗਿਆ ਹੈ। ਮੈਨੂੰ ਗੁਰੂ ਤੇ ਭਰੋਸਾ ਹੈ ਕਿ ਉਹ ਆਪਣੇ ਸਿੱਖ ਦੀ ਲਾਜ ਰੱਖਦਾ ਹੈ। ਜੋ ਮਠਿਆਈ ਮੈਂ ਲੰਡਨ ਤੋਂ ਲੈ ਕੇ ਆਇਆ ਸਾਂ, ਉਹ ਕਈ ਦਿਨਾਂ ਬਾਅਦ ਰੈਸਤੋਰਾਂ ਦੀਆਂ ਸੇਵਾਦਾਰ ਮੇਮਾਂ ਨੂੰ ਦਿੱਤੀ। ਕੁਝ ਵਜ਼ੀਫਾ ਦਫਤਰ ਦੀਆਂ ਮੇਮਾਂ ਨੂੰ ਦੇਣ ਗਿਆ ਤਾਂ ਉਹ ਬੱਚੇ ਦੇ ਜਨਮ ਦੀ ਵਧਾਈ ਦੇਣ ਲੱਗੀਆਂ ਅਤੇ ਵੱਡੀ ਪਾਰਟੀ ਦੀ ਮੰਗ ਕਰਨ ਲੱਗੀਆਂ। ਇਨ੍ਹਾਂ ਵਿੱਚ ਇਕ ਰੱਸ਼ੀਅਨ ਨਤਾਸ਼ਾ ਮੇਰੀ ਦੋਸਤ ਬਣ ਗਈ ਹੈ ਕਿਉਂਕੇ ਮੈਂ ਟੁੱਟੀ ਫੁੱਟੀ ਰੂਸੀ ਭਾਸ਼ਾ ਬੋਲ ਲੈਂਦਾਂ ਹਾਂ। ਇਹ ਅਜੇ ਵੀ ਕਵਾਰੀ ਹੈ। ਮੈਂ ਕਿਹਾ ਤੇਰੇ ਵਿਆਹ ਦੀ ਉਡੀਕ ਹੈ ਤਾਂ ਕਿ ਰੂਸੀ ਮਠਿਆਈ ਖਾਈਏ। ਉਹ ਕੁਝ ਉਦਾਸ ਜਹੀ ਹੋ ਗਈ। ਮੈਂ ਤੇਰੇ ਭੇਜੇ ਹੋਏ ਕੱਪੜੇ ਪਾ ਕੇ ਗਿਆ ਸਾਂ ਜੋ ਕਰੀਮਸ਼ ਭਾਅ ਮਾਰਦੇ ਹਨ। ਇਸ ਨੂੰ ਬਹੁਤ ਪਸੰਦ ਆਏ। ਲਾਲ ਪੱਗ ਦਾ ਤਾਂ ਕਹਿਣਾ ਹੀ ਕੀ ਹੈ। ਇਸ ਨਾਲ ਸਿੱਖ ਦੀ ਵੱਖਰੀ ਪਹਿਚਾਣ ਹੋ ਜਾਂਦੀ ਹੈ। ਜੇਕਰ ਹੋਰ ਰੰਗ ਬੰਨਾਂ ਤਾਂ ਇਹ ਕਈ ਸਵਾਲ ਪੁੱਛਦੇ ਹਨ।

ਮੇਰੀ ਲਿਸਟ ਦੇ ਸਾਰੇ ਲੋਕ ਭੁਗਤ ਚੁਕੇ ਹਨ, ਕੁਝ ਰੋਟੀ ਲਈ ਸੱਦੇ ਗਏ ਸਨ ਅਤੇ ਕੁਝ ਨੂੰ ਲੱਡੂ ਵੰਡ ਆਇਆਂ। ਰਾਜੇ ਲਈ ਕੱਪੜੇ ਲੰਡਨ ਤੋਂ ਭੇਜੇ ਸਨ, ਦੱਸਣਾ ਪਹੁੰਚੇ ਹਨ ਕਿ ਨਹੀਂ? ਉਸ ਤੋਂ ਬਾਅਦ ਹੀ ਬਿੰਕੂ ਲਈ ਪੁਲਓਵਰ (ਸਵੈਟਰ) ਜੋ ਹਾਲੈਂਡ ਤੋਂ ਲਿਆ ਹੈ ਅਤੇ ਲਾਲੀ ਤੇ ਦਲਜੀਤ ਲਈ ਟੈਰੀਲੀਨ ਦੀਆਂ ਕਮੀਜਾਂ ਭੇਜਾਂਗਾ। ਬੱਬਲ ਨੂੰ ਆਪੇ ਇਵਲੀਨਾ ਤੋਹਫੇ ਭੇਜਿਆ ਕਰੇਗੀ। ਤੇਰੇ ਲਈ ਕਾਫੀ ਖਤ ਲਿਖ ਚੁਕਾ ਹਾਂ। ਹੁਣ ਕੰਮ ਵਿਚ ਮਸ਼ਰੂਫ਼ ਰਹਾਂਗਾ ਅਤੇ ਇਕ ਮਈ ਨੂੰ ਫਰਾਂਸ ਦੇ ਕਿਲ੍ਹੇ ਵੇਖ ਕੇ ਹੀ ਹੋਰ ਮਸਾਲਾ ਮਿਲੇਗਾ।

ਕਾਗਜਾਂ ਦੀ ਬੇੜੀ ਵੀ ਡੁੱਬ ਗਈ ਹੈ, ਸੋ ਸ਼ਾਮੋਂ ਦੀ ਸਾਰੀ ਕਹਾਣੀ ਦਾ ਅੰਤ ਹੀ ਸਮਝ ਲੈਣਾ। ਪਰ ਕੀ ਪਤਾ ਇਹ ਫਿਰ ਕਿਸੇ ਹਾਸੀ, ਤਰਲੇ ਜਾਂ ਤਰਸ ਕਰ ਕੇ ਫਿਰ ਸ਼ੁਰੂ ਹੋ ਜਾਏ। ਬੱਚੇ ਦੀ ਖਬਰ ਸੁਣ ਕੇ ਸ਼ਾਮੋਂ ਬੋਲੀ, "ਮੈਂ

ਕਿੰਨੀ ਖੁਸ਼ਨਸੀਬ ਹੁੰਦੀ ਜੇਕਰ ਦਸ ਸਾਲ ਪਹਿਲਾਂ ਤੇਰੇ ਨਾਲ ਮੇਲ ਹੋ ਜਾਂਦਾ''। ਮੈਂ ਕਿਹਾ ਭੋਲੀਏ ਤੇਰੀ ਕਿਸਮਤ ਵਿਚ ਜੇਹਾ ਨਹੀਂ ਸੀ ਲਿਖਿਆ। ਤੇਰੇ ਤੋਂ ਵੱਧ ਬਦਨਸੀਬ ਮੇਰੇ ਦੇਸ਼ ਵਿੱਚ ਵੀ ਮੌਜੂਦ ਹਨ। ਤੂੰ ਆਪਣਾ ਮੁਕਾਬਲਾ ਉਹਨਾਂ ਨਾਲ ਕਰ ਅਤੇ ਦੁਖੀ ਨਾ ਹੋ। ਜੇਕਰ ਆਪਣੇ ਤੋਂ ਵੱਧ ਸੁਖੀ ਨਾਲ ਮੇਲ ਕਰਦੇ ਹਾਂ ਤਾਂ ਦੁਖੀ ਹੁੰਦੇ ਹਾਂ। ਕੁਦਰਤ ਨੇ ਸਾਰੇ ਦੁੱਖ-ਸੁੱਖ ਮੇਲ ਕੇ ਜ਼ਿੰਦਗੀ ਬਣਾਈ ਹੈ। ਜੇਕਰ ਸਾਡੀਆਂ ਸਾਰੀਆਂ ਇਛਾਂਵਾਂ ਪੂਰੀਆਂ ਹੋ ਜਾਣ ਤਾਂ ਇਸ ਨੂੰ ਚਿੰਦਗੀ ਕੌਣ ਕਹੇ। ਪਰ ਜੇਕਰ ਖਿਚੋਤਾਣ ਨਾ ਹੋਵੇ, ਰੌਲਾ-ਗੌਲਾ ਨਾ ਹੋਵੇ, ਦੁੱਖ ਸੁੱਖ ਨਾ ਹੋਵਣ ਤਾਂ ਜਿੰਦਗੀ ਬੇਰਸ ਹੋ ਜਾਵੇਗੀ।

ਜਦੋਂ ਮੈਂ ਆਪਣੇ ਭਵਿੱਖ ਵੱਲ ਵੇਖ ਕੇ ਉਸ ਰੱਬ ਦੀਆਂ ਦਾਤਾਂ ਗਿਣਦਾ ਹਾਂ ਤਾਂ ਮੈਂ ਨਿਮਾਣਾ ਹੋ ਕੇ ਸੋਚਦਾ ਹਾਂ, ਬੰਦਾ ਕਿੰਨਾ ਨਾ-ਸ਼ੁਕਰਗੁਜ਼ਾਰ ਹੈ। ਕੁਦਰਤ ਦਾ ਭੰਡਾਰ ਭਰਿਆ ਹੈ। ਸਾਡਾ ਅੰਦਰ ਆਪਾ ਖਾਲੀ ਹੋਣ ਕਰਕੇ ਬਾਹਰ ਵੀ ਖਾਲੀਪਨ ਨਜ਼ਰ ਆਉਂਦਾ ਹੈ। ਮੈਂ ਤਾਂ ਇਸ ਅਹਿਸਾਨ ਥੱਲੇ ਦੱਬਿਆ ਮਹਿਸੂਸ ਕਰਦਾ ਹਾਂ। ਦੁਨਿਆਵੀ ਲੋਕਾਂ ਨੂੰ ਤਾਂ ਸੁਗਾਤਾਂ ਦੇ ਕੇ ਖੁਸ਼ ਕਰ ਲਈਦਾ ਹੈ ਪਰ ਇਹ ਸੁਗਾਤਾਂ ਭੇਜਣ ਵਾਲੇ ਨੂੰ ਕਿਵੇਂ ਖੁਸ਼ ਕਰਾਂ ਜਿਸ ਨੇ ਮੇਰੀ ਝੋਲੀ ਭਰ ਰੱਖੀ ਹੈ। ਉਸ ਲਈ ਮੇਰੇ ਕੋਲ ਕੋਈ ਭੇਟਾ ਨਹੀਂ।

ਮੈਂ ਲੰਡਨ ਦੀ ਲਾਇਬਰੇਰੀ ਵਿੱਚ ਪੂਰਨ ਭਗਤ ਦਾ ਕਿੱਸਾ ਪੜ੍ਹਿਆ। ਮੈਂ ਸਾਰਾ ਸਮਾਂ ਰੋਂਦਾ ਹੀ ਰਿਹਾ। ਮੇਰੀ ਮਾਂ ਵੀ ਇੱਛਰਾਂ ਮਾਂ ਤੋਂ ਘੱਟ ਨਹੀਂ। ਇਹ ਹੰਝੂ ਮਾਂ ਦੀ ਯਾਦ ਨੂੰ ਸਮਰਪਤ ਸਨ। ਪਟਿਆਲੇ ਮਹਿੰਦਰਾ ਕਾਲਜ ਤੋਂ ਹਰ ਮਹੀਨੇ, ਅਲੀਗੜ੍ਹ ਯੂਨੀਵਰਸਿਟੀ ਤੋਂ ਚਾਰ ਮਹੀਨੇ ਅਤੇ ਪੈਰਿਸ ਤੋਂ ਦੋ ਸਾਲ ਬਾਅਦ ਹੀ ਮਾਂ ਦੀ ਗਲਵੱਕੜੀ ਨਸੀਬ ਹੋਵੇਗੀ। ਹੋ ਸਕਦਾ ਹੈ ਕਿਸੇ ਲੰਮੇ ਵਿਛੋੜੇ ਦੀ ਟ੍ਰੇਨਿੰਗ ਹੋ ਰਹੀ ਹੋਵੇ।

ਡਾਨੀਅਲ ਗਿੱਲ ਪੈਰਿਸ ਦੀ ਔਰਤ ਹੀ ਨਿਕਲੀ ਜਿਸ ਦੇ ਆਉਣ ਦਾ ਤੈਨੂੰ ਪਤਾ ਹੀ ਨਾ ਲੱਗਾ। ਸਰਟੀਫੀਕੇਟ ਅਗਲੇ ਸਾਲ ਚਾਹੀਦੇ ਹਨ। ਸੁੱਖ ਸੁਨੇਹਾ ਮਿਲ ਗਿਆ ਹੈ। ਇਉਂ ਜਾਪਿਆ ਜਿਵੇਂ ਬਿੰਕੂ ਮੇਰੀ ਗੋਦੀ ਵਿੱਚ ਖੇਲ ਰਿਹਾ ਹੈ, ਬਿੰਕੂ ਲਈ ਕੱਪੜੇ ਭੇਜ ਰਿਹਾਂ ਹਾਂ। ਉਮੀਦ ਹੈ ਪੂਰੇ ਹੀ ਹੋਣਗੇ।

ਤੇਰਾ
ਹਰਦੇਵ

ਪੈਰਿਸ
28.4.71

‘ਧ੍ਰਿਗ ਤਿਨਾ ਦਾ ਜੀਵਿਆ ਜਿਨ੍ਹਾਂ ਪਰਾਈ ਆਸ’। (ਸ਼ੇਖ ਫਰੀਦ ਜੀ)

ਪਰਾਈ ਆਸ ਤੇ ਜੀਵਣਾ ਵੀ ਕਾਹਦਾ ਜੀਵਣਾ ਹੈ। ਤੇਰੇ ਕਾਗਜ਼ ਤੇ ਲਿਖੇ ਕੁਝ ਅੱਖਰਾਂ ਦੀ ਉਡੀਕ ਵਿਚ 15 ਦਿਨ ਲੰਘ ਗਏ। ਪਹਿਲਾਂ ਖਤ ਲੰਡਨ ਤੋਂ ਆਉਣ ਸਾਰ 12 ਅਪ੍ਰੈਲ ਨੂੰ ਹੀ ਮਿਲ ਗਿਆ। ਪਿਛਲਾ ਹਫਤਾ 19 ਤੋਂ ਸ਼ੁਰੂ ਹੋ ਕੇ 25 ਤੱਕ ਖਾਲੀ ਲੰਘਿਆ। ਇਸ ਸੋਮਵਾਰ ਵੀ ਖਤ ਨਾ ਮਿਲਿਆ। ਕਾਊਂਟਰ ਤੇ ਬੈਠੀ ਮੇਮ ਕਹਿ ਰਹੀ ਸੀ ਕੱਲ੍ਹ ਮਿਲੇਗਾ। ਸੋ ਅੱਜ ਮੰਗਲਵਾਰ ਮਿਲ ਗਿਆ ਹੈ ਅਤੇ ਕਾਲਜੇ ਠੰਡ ਪੈ ਗਈ। ਖਿਆਲਾਂ ਦੀ ਘੁੰਮਣਘੇਰੀ ਵਿਚੋਂ ਬਾਹਰ ਨਿਕਲ ਆਇਆ ਹਾਂ। ਦਿਨ ਤਾਂ ਲੰਘ ਜਾਂਦੇ ਪਰ ਰਾਤਾਂ ਦਾ ਲੰਘਣਾ ਔਖਾ ਹੋ ਜਾਂਦਾ ਹੈ। ਸੁਪਨਿਆਂ ਦਾ ਪਹਾੜ ਡਰਾਵਣਾ। ਬਚਪਨ, ਜਵਾਨੀ, ਮੌਤਾਂ ਦੇ ਸੁਪਨੇ ਭਿਆਨਕ ਰੂਪ ਧਾਰ ਧਾਰ ਆਉਂਦੇ। ਅੰਮ੍ਰਿਤਵੇਲੇ ਦੀ ਜਾਗ ਦਾ ਕਾਰਨ ਕੋਈ ਰੱਬ ਨਹੀਂ ਸੀ, ਇਹ ਭਿਆਨਕ ਸੁਪਨੇ ਹੀ ਉਠਾ ਦਿੰਦੇ। ਸੁਪਨੇ ਝੂਠੇ ਹੀ ਰਹਿਣ ਤਾਂ ਚੰਗਾ ਹੈ।

ਤੇਰੇ ਕੱਲ੍ਹ ਦੇ ਖਤ ਨੇ ਮੇਰੀ ਸੱਖਣੀ ਝੋਲੀ ਭਰ ਦਿੱਤੀ। ਖਿਆਲ ਚੱਕਰ ਟੁੱਟਣ ਦੀ ਬਜਾਏ ਉਲਟੇ ਗੇੜੇ ਚੱਲਣਾ ਸ਼ੁਰੂ ਹੋ ਗਿਆ। ਅੱਗੇ ਕਿਸੇ ਵੱਡੇ ਰੱਬ ਦੀ ਭਟਕਣ ਤੰਗ ਕਰਦੀ। ਹੁਣ ਇਸ ਛੋਟੇ ਰੱਬ ਦੇ ਦਰਸ਼ਨ ਦੀ ਤਾਂਘ ਪੈਦਾ ਹੋ ਗਈ। ਇਕ ਫੋਟੋ ਵਿਚ ਤਾਂ ਅਸਲੀ ਨਾਲੋਂ ਵੱਧ ਇਕ ਗੁੱਡੀ (Doll) ਵਰਗਾ ਲੱਗਾ। ਫੋਟੋ ਵੇਖਣ ਤੋਂ ਪਹਿਲਾਂ ਮੈਂ ਕਿੰਨਾ ਚਿਰ ਨੈਣ ਮੁੰਦ ਕੇ ਵੱਡੇ ਰੱਬ ਦੀ ਯਾਦ ਵਿਚ ਜੁੜਿਆ ਰਿਹਾ ਤਾਂ ਕਿ ਛੋਟੇ ਦੀ ਤਸਵੀਰ ਵੇਖ ਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਸਕਾਂ। ਦੂਜੀਆਂ ਦੋ ਫੋਟੋਆਂ ਵਿਚ ਤਾਂ ਇਹ ਕਿਸੇ ਡੂੰਘੀ ਨੀਂਦਰ ਵਿਚ ਸੁੱਤਾ ਮਸਤ ਫਕੀਰ ਜਿਹਾ ਲੱਗਾ। ਫੋਟੋ ਵਿਚ ਤੇਰੀ ਮਾਂ ਹਮੇਸ਼ਾਂ ਵਾਂਗ ਖੁਸ਼ ਲੱਗੀ ਕਿਉਂਕਿ ਨਵੇਂ ਜੰਮੇ ਦੋਹਤੇ ਨੂੰ ਵੇਖ ਕੇ ਬਲਿਹਾਰ ਹੋ ਰਹੀ ਸੀ। ਸ਼ਾਮੋਂ ਕਹਿ ਰਹੀ ਸੀ ਕਿ ਇਹ ਔਰਤ ਕਿੰਨੇ ਸ਼ਾਂਤ ਸੁਭਾਅ ਵਾਲੀ ਹੈ ਜਦੋਂ ਉਸ ਨੇ ਬੱਬਲ ਵਾਲੀ ਫੋਟੋ ਵੇਖੀ ਸੀ। ਦੂਸਰੀ ਔਰਤ ਦੀ ਫੋਟੋ ਕੁਝ ਉਦਾਸੀ ਵਾਲੀ ਸੀ। ਮੇਰੇ ਸੁਪਨੇ ਵੀ ਉਸ ਦੇ ਘਰ ਦੇ ਵਾਤਾਵਰਣ ਦੇ ਸਨ ਅਤੇ ਉਸ ਦੇ ਜੀਵਨ ਘੋਲ ਨੂੰ ਦਰਸਾ ਰਹੇ ਸਨ (ਇਹ ਮੇਰੀ ਭੂਆ ਸੀ ਜੋ ਮੇਰੇ ਲਈ ਰੋਲ ਮਾਡਲ ਬਣੀ ਰਹੀ)

ਨਵੇਂ ਜੰਮੇ ਪੁੱਤਰ ਦੀ ਫੋਟੋ ਵੇਖਣ ਦੀ ਕਈਆਂ ਨੇ ਮੰਗ ਕੀਤੀ ਹੋਈ ਸੀ। ਰੈਸਤੋਰਾਂ ਵਿਚ ਪਹਿਲੀ ਖਬਰ ਡਾ. ਮਲਿਕ ਨੂੰ ਦਿੱਤੀ। ਉਹ ਅੱਗੇ ਵੀ ਤੇਰੇ ਗੁਣ ਗਾਉਂਦਾ ਰਹਿੰਦਾ ਹੈ। ਕਹਿੰਦਾ ਰੱਬ ਨੇ ਅਤੇ ਸਰਦਾਰਨੀ ਨੇ ਬੜੇ ਭਾਗ ਲਾਏ ਹਨ ਤੇਰੇ ਘਰ ਨੂੰ। ਇਸ ਸ਼ਨੀਚਰਵਾਰ ਮੈ ਸ਼ਾਮ ਦੀ ਰੋਟੀ ਉਸ ਦੇ ਘਰ ਹੀ ਖਾ ਆਇਆ। ਪੈਰਿਸ ਵਿੱਚ ਮਲਿਕ ਅਤੇ ਉਸਦੀ ਵਹੁਟੀ ਲਤਾ ਅਸਲੀ ਪੰਜਾਬੀ ਜੋੜੀ ਵੇਖੀ ਹੈ। ਉਨ੍ਹਾਂ ਦਾ ਪੁੱਤਰ ਕਿਰਨ ਕੁਮਾਰ ਦੋ ਸਾਲ ਦਾ ਹੈ ਜੋ ਮੈਨੂੰ ਸਰਦਾਰ ਜੀ ਕਹਿ ਕੇ ਬੁਲਾਉਂਦਾ ਹੈ। ਜੇਕਰ ਕੁਝ ਦਿਨ ਨਾ ਜਾਵਾਂ ਤਾਂ ਸੁਨੇਹਾ ਭੇਜ ਦਿੰਦਾ ਹੈ। ਪੰਜਾਬੀ ਖਾਣਾ ਖਾ ਕੇ ਘਰ ਦੀ ਯਾਦ ਤਾਜਾ ਹੋ ਜਾਂਦੀ ਹੈ। ਇਹ ਮੈਨੂੰ ਆਪਣਾ ਘਰ ਹੀ ਜਾਪਦਾ ਹੈ।

ਸ਼ਾਮ ਲਾਲ ਮਲਿਕ ਹੁਸ਼ਿਆਰਪੁਰ ਦਾ ਪੜ੍ਹਿਆ ਹੋਣ ਕਰਕੇ ਤੇਰੇ ਦਾਰ ਜੀ ਨੂੰ ਜਾਣਦਾ ਹੈ ਜੋ ਹੋਸਟਲ ਦੇ ਵਾਰਡਨ ਸਨ। ਕਹਿਣ ਲੱਗਾ ਕਿ ਮੈਂ ਤੇਰੀ ਵਹੁਟੀ ਵੇਖੀ ਹੋਈ ਹੈ। ਮੈਂ ਕਿਹਾ ਉਹ ਉਸਦੀ ਵੱਡੀ ਭੈਣ ਹੈ ਜੋ ਹੁਸ਼ਿਆਰਪੁਰ ਕਾਲਜ ਵਿੱਚ ਪੜ੍ਹਦੀ ਸੀ ਜਿੱਥੇ ਯੂਨੀਵਰਸਿਟੀ ਦੀਆਂ ਕਲਾਸਾਂ ਵੀ ਲੱਗਦੀਆਂ ਸਨ। ਲਤਾ ਕਹਿੰਦੀ ਕਿ ਹਰਬੰਸ ਸਿੰਘ ਦੀ ਚਿੱਠੀ ਦੀ ਬਜਾਏ ਆਪਣੇ ਸਹੁਰੇ ਜਾਂ ਸਾਲੀ ਦੀ ਸਿਫਾਰਸ਼ੀ ਚਿੱਠੀ ਲੈ ਆਉਂਦਾ ਤਾਂ ਚੰਗਾ ਹੁੰਦਾ। ਮਲਿਕ ਅਤੇ ਲਤਾ ਜੁਲਾਈ ਅਗਸਤ ਵਿੱਚ ਪੰਜਾਬ ਆ ਰਹੇ ਹਨ। ਸੋ ਇਹ ਮੇਰੇ ਸੁਨੇਹੇ ਲੈ ਜਾਣਗੇ ਅਤੇ ਹੋਰ ਕੰਮ ਵੀ ਕਰ ਆਉਣਗੇ ਜੋ ਡਾਨੀਅਲ ਗਿੱਲ ਛੱਡ ਗਈ ਸੀ। ਇਨ੍ਹਾਂ ਦੇ ਪੁੱਤਰ ਲਈ ਕੋਈ ਤੋਹਫ਼ਾ ਖਰੀਦ ਰੱਖਣਾ। ਜੋ ਮੈਨੂੰ ਭੇਜਣਾ ਹੋਵੇ ਇਹ ਲੈ ਆਉਣਗੇ, ਖਾਸ ਕਰਕੇ ਪੱਗਾਂ ਅਤੇ ਕਛਹਿਰੇ। ਬਾਕੀ ਇਨ੍ਹਾਂ ਦੀ ਟਹਿਲ ਸੇਵਾ ਵਿੱਚ ਕੋਈ ਕਸਰ ਨਾ ਰਹਿਣ ਦੇਣੀ। ਪੈਰਿਸ ਵਿੱਚ ਮੇਰੇ ਬਹੁਤ ਹੀ ਮੱਦਦਗਾਰ ਸਾਬਤ ਹੋਏ ਹਨ।

ਮੈਂ ਬਿੰਕੂ ਲਈ ਕੋਟ ਭੇਜ ਦੇਵਾਂਗਾ। ਰਜਿਸਟਰਡ ਪਾਰਸਲ ਪਹੁੰਚ ਜਾਂਦਾ ਹੈ ਪਰੰਤੂ ਬਾਕੀ ਦੇ ਦਿੱਲੀ ਕਸਟਮ ਵਾਲੇ ਖੋਲ੍ਹ ਕੇ ਰੱਖ ਲੈਂਦੇ ਹਨ। ਪਰ ਬਦਾਮ ਅਜੇ ਤੱਕ ਨਹੀਂ ਮਿਲੇ। ਤਿੰਨ ਮਹੀਨੇ ਹੋ ਗਏ ਹਨ। ਕੀ ਪਤਾ ਪੈਕਟ ਖੁਰਦ-ਬੁਰਦ ਕਰ ਦਿੱਤਾ ਹੋਵੇ। ਹੋ ਸਕਦਾ ਹੈ ਸਮੁੰਦਰ ਵਿੱਚ ਹੀ ਡੁੱਬ ਗਏ ਹੋਣ? ਸੋ ਤੇਰੀਆਂ ਜਣੇਪੇ ਦੀਆਂ ਪੀੜਾਂ ਦਾ ਇਲਾਜ ਵੀ ਵਿੱਚੇ ਹੀ ਰਹਿ ਗਿਆ। ਬਿੰਕੂ ਦੀਆਂ ਫੋਟੋਆਂ ਵੇਖ ਕੇ ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੇ ਬੰਦ ਯਾਦ ਆ ਗਏ ਜੋ ਰੇਡੀਓ ਤੇ ਕਈ ਵਾਰ ਸੁਣੀ ਹੈ:

ਨੀਂ ਅੱਜ ਕੋਈ ਆਇਆ ਸਾਡੇ ਵਿਹੜੇ
ਚੁੰਮੇਂ ਨਹੀ ਇਹਦੇ ਹੱਥ ਚੰਬੇ ਦੀਆਂ ਕਲੀਆਂ,
ਧੋਵੇ ਨੀ ਇਹਦੇ ਪੈਰ ਮੱਖਣ ਦੇ ਪੇੜੇ।

ਤੂੰ ਮੇਰੇ ਵੱਲੋਂ ਇਹਦੇ ਹੱਥ ਪੈਰ ਚੁੰਮ ਲੈਣੇ ਪਰ ਮਾਤਾ ਜੀ ਕਹਿੰਦੇ ਹੁੰਦੇ ਸਨ ਕਿ ਜੇ ਬੱਚੇ ਦੇ ਪੈਰ ਚੁੰਮੀਏ ਤਾਂ ਉਹ ਚੋਰ ਬਣਦਾ ਹੈ। ਵਿਰਕ ਤਾਂ ਅੱਗੇ ਹੀ ਚੋਰੀ ਲਈ ਬਦਨਾਮ ਹਨ।

ਹੁਣ ਰਹੀ ਤੇਰੇ ਭੁਲੇਖੇ ਦੀ ਗੱਲ, ਤੇਰੇ ਦੁੱਖ ਦੀ ਗੱਲ। ਭੋਲੀਏ ਕਦੇ ਪਿਆਰ ਕਿਸੇ ਵੇਖਿਆ ਥੋੜਾ ਹੈ। ਇਹ ਹੈ ਹੀ ਇਕ ਭੁਲੇਖਾ। ਸਾਰਾ ਜੀਵਨ ਹੀ ਇਕ ਭੁਲੇਖਾ ਹੈ। ਕਿਸੇ ਗੀਤ ਦੀਆਂ ਸਤਰਾਂ ਯਾਦ ਆ ਗਈਆਂ ਹਨ:

ਪਿਆਰ ਦੇ ਭੁਲੇਖੇ ਅਸੀਂ ਕਿਹੋ ਜਹੇ ਪਾ ਲਏ।
ਦੂਰ ਦੂਰ ਜਾਂਦੇ ਜਾਂਦੇ ਨੇੜੇ ਨੇੜੇ ਆ ਗਏ।

ਅੰਮ੍ਰਿਤ ਪ੍ਰੀਤਮ ਵੀ ਸੱਚ ਕਹਿੰਦੀ ਹੈ: 'ਹੁਸਨ ਇਸ਼ਕ ਦੀਆਂ ਗੱਲਾਂ ਵੇ ਬੀਬਾ ਵਿਹਲੇ ਵੇਲੇ ਦੀਆਂ ਗੱਲਾਂ'। ਜਦੋਂ ਵਿਹਲ ਤੰਗ ਕਰਦੀ, ਦਿਨ ਕੱਟਣ ਲਈ ਭਟਕਦੇ ਫਿਰਦੇ। ਹੁਣ ਰੁਝੇਵਾਂ ਆ ਗਿਆ ਫਿਰ ਖੁਸ਼ੀ। ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਸਦੀਵੀ ਭਟਕਣ ਦਾ ਇਲਾਜ ਦੱਸਿਆ ਗਿਆ ਹੈ:

ਭਟਕਣ ਛੱਡ ਲਟਕ ਲਾ ਇਕੋ ਖੀਵੀ ਹੋ ਸੁੱਖ ਮਾਣੇ,
ਹੋਸ਼ਾਂ ਨਾਲੋਂ ਮਸਤੀ ਚੰਗੀ ਰੱਖਦੀ ਸਦਾ ਟਿਕਾਣੇ।

ਮੇਰੀ ਰੂਹ ਇਸ ਮਸਤੀ ਤੋਂ ਦੂਰ, ਅਜੇ ਇਸ ਦੀ ਭਾਲ ਵਿੱਚ ਭਟਕਦੀ ਫਿਰਦੀ ਹੈ। ਇੱਥੋਂ ਹੀ ਖੁੱਲ੍ਹੇ ਡੁੱਲ੍ਹੇ ਮਹੌਲ ਵਿੱਚ ਰੂਹ ਦੀ ਗੁਲਾਮੀ ਹਟੀ, ਅਸੀਂ ਦਰ ਦਰ ਮੰਗਦੇ ਫਿਰੀਏ ਪਿਆਰ ਭਿੱਛਿਆ। ਜੀਵਨ ਇਸ ਦੇ ਆਸਰੇ ਤੁਰਿਆ ਜਾਵੇ। ਕਿਤੋਂ ਮਾਂ ਦਾ ਪਿਆਰ, ਕਿਤੋਂ ਭੈਣ ਦਾ ਪਿਆਰ, ਕਿਸੇ ਸੱਜਣੀ ਦਾ ਪਿਆਰ, ਕਿਸੇ ਬੱਚੇ ਦਾ ਪਿਆਰ। ਅਸੀਂ ਤੇਰੇ ਦਰ ਦੇ ਮੰਗਤੇ ਦੂਰ ਦੇਸ਼ਾਂ ਵਿਚ ਪਹੁੰਚ ਗਏ। ਤੇਰਾ ਜਤ ਕਿਸੇ ਗੋਰਖ ਨਾਥ ਗੁਰੂ ਵਰਗਾ। ਤੂੰ ਆਪਣਾ ਚੇਲਾ ਪੂਰਨ ਝੱਟ ਰਾਣੀ ਸੁੰਦਰਾਂ ਨੂੰ ਸੌਂਪ ਦਿੱਤਾ। ਪੂਰਨ ਕੀ ਸਮਝੇ ਲੂਣਾ ਅਤੇ ਸੁੰਦਰਾਂ ਦੇ ਫਰਕ ਨੂੰ। ਔਰਤ ਲੂਣਾ ਵੀ ਹੈ ਅਤੇ ਸੁੰਦਰਾਂ ਵੀ। ਪਰ ਇਹ ਫਕੀਰ ਕਿੱਥੇ ਕੈਦ ਹੋਣ ਵਾਲੇ। ਸਾਨੂੰ ਮਾਂ ਇੱਛਰਾਂ ਦੀ ਵੀ ਯਾਦ ਹੈ। ਸੁੰਦਰਾਂ ਪੂਰਨ ਦੀ ਯਾਦ ਵਿੱਚ ਡਿੱਗ ਮੋਈ। ਲੂਣਾ ਦੀ ਕਹਾਣੀ ਤੈਨੂੰ ਪਤਾ ਹੈ। ਇੱਥੇ ਔਰਤਾਂ ਦੇ ਦੋਵੇਂ ਰੂਪ ਮਿਲਦੇ ਹਨ। ਤੇਰੇ ਚੇਲੇ ਪਿਆਰ ਦੀ ਝੋਲੀ ਭਰਕੇ ਤੇਰੇ ਦਰ ਤੇ ਹਾਜ਼ਰ

ਹੋਣਗੇ। ਮੁੰਦਰਾਂ ਤੇਰੀਆਂ ਹਨ ਅਸੀਂ ਕਿਸੇ ਹੋਰ ਤੋਂ ਨਹੀਂ ਪਵਾ ਸਕਦੇ।

ਜੀਵਨ ਇਕ ਤਜਰਬਾ ਹੈ। ਮਹਾਤਮਾ ਗਾਂਧੀ ਦੇ ਸੱਚ ਦੇ ਤਜਰਬੇ ਪੜ੍ਹੇ। ਕਿਹਾ ਉਹ ਤਾਂ ਮਹਾਨ ਮਨੁੱਖ ਹੈ। ਮੈਂ ਤਾਂ ਗਰੀਬ ਨਿਮਾਣਾ ਜਿਹਾ ਸਿੱਖ ਹਾਂ। ਗੁਰੂ ਆਤਮਾ ਹੀ ਰਹਿਬਰੀ ਕਰ ਸਕਦੀ ਹੈ। ਆਪਣੇ ਬਲ ਤੇ ਮਨੁੱਖ ਕੁਝ ਦੀ ਕੁਝ ਕਰਨਾ ਲੋਚਦਾ ਹੈ। ਗੁਰੂ ਆਤਮਾ ਹਰ ਸਮੇਂ ਚਾਨਣ ਮੁਨਾਰਾ ਬਣ ਕੇ ਅਗਵਾਈ ਕਰਦੀ ਹੈ। ਡਿੱਗਦੇ, ਡੋਲਦੇ, ਭਟਕਦੇ ਨਿਮਾਣੇ ਜਹੇ ਸਿੱਖ ਸਾਂਭੇ ਜਾਂਦੇ ਹਨ। ਭਾਈ ਗੁਰਦਾਸ ਜਹੇ ਮਹਾਨ ਸਿੱਖ ਦਾ ਟੈਸਟ ਗੁਰੂ ਹਰਗੋਬਿੰਦ ਸਾਹਿਬ ਨੇ ਲਿਆ ਤਾਂ ਘਬਰਾ ਕੇ ਬਨਾਰਸ ਚਲੇ ਗਏ। ਗੁਰੂ ਦਾ ਹੁਕਮ ਆਇਆ ਕਿ ਸਾਡਾ ਚੋਰ ਬਨਾਰਸ ਵਿੱਚ ਹੈ। ਆਪਣੇ ਹੱਥ ਕੈਦੀ ਵਾਂਗ ਬੰਨ ਕੇ ਆ ਗੁਰੂ ਪਾਸ ਹਾਜ਼ਰ ਹੋਏ। ਗੁਰੂ ਆਤਮਾ ਨੇ ਪਿਆਰ ਨਾਲ ਗਲਵਕੜੀ ਵਿੱਚ ਲੈ ਕੇ ਭੁੱਲ ਬਖਸ਼ ਦਿੱਤੀ। ਇਸ ਘਟਨਾ ਦਾ ਬਿਆਨ ਆਪਣੀ ਇਕ ਵਾਰ ਵਿੱਚ ਇਉਂ ਕਰਦੇ ਹਨ:

> 'ਜੇਕਰ ਗੁਰੂ ਹੀ ਪਰਖ ਕਰੇ ਤਾਂ ਸਿੱਖ ਦੀ ਕੀ ਹਸਤੀ ਕਿ ਉਹ ਪੂਰਾ ਉਤਰ ਸਕੇ'
>
> 'ਜੇਕਰ ਮਾਂ ਹੀ ਬੱਚੇ ਨੂੰ ਜਹਿਰ ਦੇ ਦੇਵੇ ਤਾਂ ਕੌਣ ਹੈ ਉਸ ਨੂੰ ਜੋ ਬਚਾ ਸਕੇ'

ਗੁਰੂ ਆਤਮਾ ਬਚਪਨ ਵਿਚ ਹੀ ਰੱਬ ਰੂਪ ਹੁੰਦੀ ਹੈ। ਗੁਰੂ ਹਰਕਿਸ਼ਨ ਬਾਲ ਗੁਰੂ ਸਨ। ਜਦੋਂ ਜੈਪੁਰ ਦੀ ਰਾਣੀ ਨੇ ਗੁਰੂ ਜੀ ਨੂੰ ਪ੍ਰਖਣ ਲਈ ਗੋਲੀ ਦਾ ਰੂਪ ਧਾਰ ਕੇ ਲੁਕਣਾ ਚਾਹਿਆ ਤਾਂ ਬਾਲ ਗੁਰੂ ਜੀ ਨੇ ਜਾ ਲੱਭਿਆ। ਸਿੱਖ ਦੀ ਕੀ ਮਜਾਲ ਉਹ ਗੁਰੂ ਆਤਮਾ ਦੀ ਪਰਖ ਕਰੇ। ਸਿੱਖੀ ਮਾਰਗ ਵਿੱਚ ਫਕੀਰੀ ਕਈ ਜੋਗ ਮੱਤਾਂ ਤੋਂ ਵੱਧ ਹੈ। ਸਿੱਖ ਜੀਵਨ ਕੰਵਲ ਫੁੱਲ ਵਾਂਗ ਹੋਣਾ ਚਾਹੀਦਾ ਹੈ ਜੋ ਚਿੱਕੜ ਵਿਚ ਉਗ ਕੇ ਵੀ ਇਸ ਤੋਂ ਬਾਹਰ ਰਹਿੰਦਾ ਹੈ:

> 'ਜੈਸੇ ਜਲ ਮਹਿ ਕਮਲ ਨਿਰਾਲਮ, ਮੁਰਗਾਈ ਨਿਸਾਣੈ'।

ਗੁਰੂ ਨਾਨਕ ਸਿੱਧ ਜੋਗੀਆਂ ਨਾਲ ਹੋਈ ਬਹਿਸ ਵਿਚ ਉਪਰਲੀ ਉਦਾਹਰਣ ਪੇਸ਼ ਕਰਦੇ ਹਨ। ਪਰ ਅਸੀਂ ਕੱਚੇ ਪਿੱਲੇ ਸਿੱਖ ਦੁਨਿਆਵੀ ਚਿੱਕੜ ਵਿਚ ਹੀ ਡੁੱਬੇ ਰਹਿੰਦੇ ਹਾਂ। ਗੁਰੂ ਆਤਮਾ ਦੇ ਭਰੋਸੇ ਵਿਚ ਜੇਕਰ ਜੀਉ ਸਕੀਏ ਤਾਂ ਜੀਵਨ ਸਫਲ ਹੋ ਜਾਂਦਾ ਹੈ। ਪਰ ਇਸ ਹੋਂਦ ਦਾ ਅਹਿਸਾਸ ਸਾਨੂੰ ਨਹੀਂ ਹੁੰਦਾ। ਇਸ ਕਰਕੇ ਸਿੱਖ ਭਟਕਦਾ ਰਹਿੰਦਾ ਹੈ।

ਇਸ ਧਰਤੀ ਉਪਰ ਵੀ ਫਕੀਰੀ ਦਾ ਝਲਕਾਰਾ ਮਿਲਦਾ ਹੈ। ਮਸਤ ਜਹੇ ਲੋਕ, ਆਜ਼ਾਦ ਜਹੇ ਜੀਵਨ ਨਾਲ ਰਹਿੰਦੇ ਹਨ। ਸਾਡੇ ਜੀਵਨ ਵਿਚ ਕਹਿਰਾਂ ਦੀ ਗੁਲਾਮੀ, ਸਾਡੀ ਵਿਦਿਆ ਵਿਚ ਗੁਲਾਮੀ, ਸਾਡੇ ਧਰਮ ਵਿਚ ਗੁਲਾਮੀ, ਆਪੇ ਦੀ ਗੁਲਾਮੀ। ਅਸੀਂ ਕਦੋਂ ਅਜ਼ਾਦ ਹਾਂ? ਸਰੀਰ ਦੀ ਅਜ਼ਾਦੀ ਕਾਹਦੀ ਜੇਕਰ ਮਨ ਅਤੇ ਆਤਮਾ ਗੁਲਾਮ ਹੈ। ਮੁਰਝਾਏ ਚਿਹਰੇ, ਖੁਸ਼ਕ ਆਤਮਾਵਾਂ, ਖੇੜੇ ਤੋਂ ਰਹਿਤ ਜੀਵਨ, ਇਹੋ ਸਾਡੇ ਦੇਸ ਦੀ ਵਿਰਾਸਤ ਹੈ। ਮੈਨੂੰ ਤਾਂ ਸਭ ਇੱਥੇ ਖੇੜੇ ਭਰਪੂਰ ਜੀਵਨ ਵਾਲੇ ਸਿੱਖ ਨਜ਼ਰ ਆਉਂਦੇ ਹਨ। ਮੇਰੇ ਸਿਰ ਤੇ ਪੱਗ ਹੋਣ ਕਰਕੇ ਸਾਰੇ ਅਰਬੀ ਲੋਕ ਬੜੀ ਕਦਰ ਕਰਦੇ ਹਨ। ਮੁਨਸਫ ਫਿਕੀ ਟਿਊਨਿਸ਼ੀਆ ਦਾ ਮੇਰਾ ਭਰਾ ਬਣ ਗਿਆ ਹੈ। ਉਹ ਪੈਰਿਸ ਦੀ ਮਸਜਿਦ ਵਿਚ ਨਮਾਜ ਪੜ੍ਹਨ ਜਾਂਦਾ ਨਾਲ ਲੈ ਜਾਂਦਾ ਹੈ ਤਾਂ ਕਿ ਉਥੋਂ ਦੇ ਰੈਸਤੋਰਾਂ ਵਿਚ 'ਸ਼ਰਦਾਈ' ਪੀ ਕੇ ਆਈਏ। ਉਹ ਜ਼ਿੱਦ ਕਰਦਾ ਹੈ ਕਿ ਮੈਂ ਉਸ ਦੇ ਨਿਕਾਹ ਵੇਲੇ ਕਾਜ਼ੀ ਦਾ ਰੋਲ ਨਿਭਾਵਾਂ।

ਸੋਚਿਆ ਸੀ 2 ਮਈ ਨੂੰ ਯਾਤਰਾ ਕਰਕੇ ਚਿੱਠੀ ਲਿਖਾਂਗਾ। ਪਰ ਤੇਰਾ ਖਤ ਪੜ੍ਹ ਕੇ ਖਿਆਲਾਂ ਦੀ ਹਨੇਰੀ ਝੁੱਲ ਪਈ। ਸਿਰ ਭਾਰਾ ਹੋ ਗਿਆ ਅਤੇ ਭਾਰ ਹੌਲਾ ਕਰਨ ਲਈ ਚਿੱਠੀ ਲਿਖਣੀ ਪੈ ਗਈ। ਅੱਜ ਕੁਝ ਸਹਿਜ ਅਤੇ ਤਹੰਬਲ ਮਿਲ ਗਿਆ ਹੈ। ਫੋਟੋਆਂ ਵੇਖ ਕੇ ਤਾਂ ਮੈਂ ਆਪ ਹੀ ਲੋਟ ਪੋਟ ਹੋ ਰਿਹਾ ਸਾਂ। ਖਤ ਪਾਉਂਦੇ ਰਿਹਾ ਕਰੋ ਤਾਂ ਕਿ ਅਜ਼ਾਦ ਪੰਛੀ ਤੇਰੇ ਪਿੰਜਰੇ ਦੀ ਕੈਦ ਵਿੱਚ ਰਿਹਾ ਕਰੇ। ਹਾਲੈਂਡ ਦੇ ਲੋਕ ਵੇਖ ਕੇ ਤਾਂ ਦਿਲ ਕਰਦਾ ਸੀ ਕਿ ਇੱਥੇ ਹੀ ਆ ਰਹੀਏ। ਫਿਰ ਕਿਹਾ ਆਪਣਾ ਦੇਸ਼ ਹੀ ਚੰਗਾ ਹੈ।

ਇਨਕਮ ਟੈਕਸ ਬਾਰੇ ਫਿਕਰ ਨਾ ਕਰਨਾ। ਪਿਛਲੀ ਵਾਰ ਜ਼ਿਆਦਾ ਭਰਿਆ ਗਿਆ ਸੀ ਜਿਸ ਕਰਕੇ ਵਾਧੂ ਰਕਮ ਮੁੜ ਆਈ ਹੈ। ਅਜੇ ਤਾਂ ਮਕਾਨ ਦਾ ਕਿਰਾਇਆ ਇਨਕਮ ਵਿੱਚ ਜਮਾਂ ਨਹੀਂ ਹੋਇਆ, ਨਹੀਂ ਤਾਂ ਲੈਣੇ ਦੇ ਦੇਣੇ ਪੈ ਜਾਂਦੇ। ਉਮੀਦ ਹੈ ਮਾਤਾ ਜੀ ਰਾਜੇ ਤੇ ਬੱਬਲ ਨੂੰ ਸਾਂਭ ਲੈਂਦੇ ਹੋਣਗੇ ਅਤੇ ਤੂੰ ਪਿਆਰੇ ਬਿੰਕੂ ਨਾਲ ਹੀ ਰੁੱਝੀ ਰਹਿੰਦੀ ਹੋਵੇਂਗੀ। ਘਰ ਦੀ ਹਾਲਤ ਬਾਰੇ ਅਤੇ ਲੋੜਾਂ ਬਾਰੇ ਜਰੂਰ ਦੱਸਿਆ ਕਰੋ, ਨਹੀਂ ਤਾਂ ਫਿਕਰ ਲੱਗਾ ਰਹਿੰਦਾ ਹੈ। ਗੁਰੂ ਆਸਰੇ ਜੀਊਣ ਦੀ ਜਾਚ ਸਿੱਖੋ। ਫਿਰ ਕਿਸੇ ਹੋਰ ਆਸਰੇ ਦੀ ਲੋੜ ਨਹੀਂ ਭਾਸੇਗੀ।

ਬੱਚਿਆਂ ਦੇ ਪਾਲਣ ਪੋਸਣ ਵਿਚ ਕੋਈ ਕਸਰ ਨਾ ਛੱਡਣੀ। ਰਾਜੇ ਲਈ ਮੀਟ, ਅੰਡੇ ਜੋ ਮੰਗੇ ਦੇਣੇ। ਬੱਬਲ ਨੂੰ ਵੀ ਤਕੜਾ ਕਰਨਾ, ਉਹ ਸ਼ੁਰੂ ਤੋਂ ਹੀ

ਕਮਜ਼ੋਰ ਹੈ। ਕੱਪੜੇ ਭੇਜੇ ਸਨ ਜੋ ਫਰਜ਼ ਹੀ ਪੂਰਾ ਕੀਤਾ ਜਿਸ ਕਰਕੇ ਰਾਜੇ ਨੂੰ ਨਿੱਕਰ ਤੰਗ ਆਈ। ਬਰਾੜ ਦਾ ਵੀ ਖਤ ਆਇਆ ਹੈ। ਉਸ ਦੀ ਵਹੁਟੀ ਕੈਨੇਡਾ ਪਹੁੰਚ ਗਈ ਹੈ। ਹੁਣ ਤਾਂ ਬੜੀਆਂ ਮੱਤਾਂ ਦੇਂਦਾ ਹੈ ਕਿ ਅਬਾਦੀ ਵੱਧ ਰਹੀ ਹੈ ਅਤੇ ਇਸ ਨੂੰ ਕੰਟਰੋਲ ਕਰੀਏ। ਰੱਸ਼ੀਅਨ ਵੱਲ ਤੇਰਾ ਸੁਨੇਹਾ ਭੇਜਾਂਗਾਂ। ਰਾਜੇ ਲਈ ਫਰੈਂਚ ਕੁੜੀ, ਬੱਬਲ ਲਈ ਰੱਸ਼ੀਅਨ ਅਤੇ ਬਿੰਕੂ ਲਈ ਪੰਜਾਬ ਦੀ ਜੱਟੀ ਹੀ ਰਹਿ ਗਈ ਜਾਪਦੀ ਹੈ। ਜਦੋਂ ਵਿਹਲ ਹੋਇਆ ਤਾਂ ਇਕ ਫੋਟੋ ਮੇਰੀ ਇੱਛਾ ਅਨੁਸਾਰ ਖਿੱਚਵਾ ਭੇਜਣੀ ਜਿਸ ਵਿਚ ਬਿੰਕੂ ਤੇਰੇ ਕੋਲ, ਬੱਬਲ ਮਾਤਾ ਜੀ ਕੋਲ ਅਤੇ ਰਾਜਾ ਵਿਚਕਾਰ ਖਲੋਤਾ ਹੋਵੇ। ਮੈਨੂੰ ਆਪਣੇ ਦੁਆਲੇ ਇਕ ਵੱਡਾ ਸਾਰਾ ਪ੍ਰੀਵਾਰ ਚਾਹੀਦਾ ਹੈ। ਇਹ ਫੋਟੋ ਹਰ ਸਮੇਂ ਮੇਰੇ ਮੇਜ ਤੇ ਪਈ ਤੁਹਾਡੀ ਸਭ ਦੀ ਯਾਦ ਤਾਜਾ ਰੱਖੇਗੀ।

ਤੇਰਾ
ਹਰਦੇਵ

ਪੈਰਿਸ
3.5.1971

ਪਿਆਰੀ ਰਾਨੀ,

ਸਤਿ ਸਿਰੀ ਅਕਾਲ।

ਖੱਤ ਅਜ ਸੋਮਵਾਰ ਹੀ ਮਿਲ ਗਿਆ। ਭਾਵੇਂ ਸਵੇਰੇ ਉਡੀਕਦਾ ਰਿਹਾ ਪਰ ਪਿਛਲੀ ਡਾਕ ਵਿਚ ਆ ਗਿਆ ਹੋਵੇਗਾ। ਮੇਰੇ ਪਿਛਲੇ ਖਤ ਵਿਚ ਤੇਰੇ ਸਵਾਲਾਂ ਦੇ ਜਵਾਬ ਮਿਲ ਗਏ ਹੋਣਗੇ। ਸੋ ਦੁਹਰਾਨ ਦੀ ਲੋੜ ਨਹੀਂ। ਅਸੀਂ ਵੀ ਖਤ ਆਸਰੇ ਹੀ ਜੀਉਂਦੇ ਹਾਂ। ਭੋਲੀਏ ਐਵੇਂ ਗੁੱਸੇ ਨਾ ਹੋਇਆ ਕਰ। ਤੈਨੂੰ ਖਤ ਹਰ ਹਫਤੇ ਮਿਲ ਜਾਂਦਾ ਹੈ। ਤੇਰੇ ਕੋਲ ਕੰਮ ਹਨ ਝੱਟ ਖਤ ਜੋਗਾ ਮਸਾਲਾ ਬਣ ਜਾਂਦਾ ਹੈ। ਕਦੇ ਤਨਖਾਹ ਬਾਰੇ, ਕਦੇ ਸਫੈਦੀ ਬਾਰੇ, ਕਦੇ ਆਟੇ ਬਾਰੇ, ਘਿਉ ਬਾਰੇ, ਚੂਚਿਆਂ (ਬੱਚਿਆਂ) ਬਾਰੇ। ਸਾਡੇ ਕੋਲ ਕੁਝ ਨਾ, ਕਦੇ ਕਿਤੋਂ ਪਿਆਰ ਮਿਲੇ, ਉਹ ਤੈਨੂੰ ਭੇਜ ਦੇਈਏ। ਆਪ ਫਿਰ ਖਾਲੀ ਦੇ ਖਾਲੀ। ਇਸ ਕਰਕੇ ਹੀ ਇਹ ਸਭ ਕੁਝ ਤੈਨੂੰ ਤੇਰੇ ਆਪੇ ਨਾਲ ਵਾਪਰਦਾ ਲੱਗਦਾ ਹੈ। ਇਹ ਔਰਤਾਂ ਵੀ ਮੇਰੇ ਕੋਲ ਤੇਰੀ ਯਾਦ ਦੇ ਪ੍ਰਛਾਵੇਂ ਬਣ ਬਣ ਆਈਆਂ। ਨਾਮ ਸੋਹਣੇ, ਲਬੀਬਾ ਵਾਕਿਆ ਹੀ ਮੁਸਲਮਾਨ ਨਾਮ ਹੈ ਕਿਉਂ ਕਿ ਉਸਦਾ ਬਾਪ ਪਹਿਲਾਂ ਅਰਬ ਦੇਸ਼ ਵਿੱਚ ਰਹਿੰਦਾ ਸੀ। ਇਹ ਗੱਲ ਹੁਣ ਇਸ ਤਰ੍ਹਾਂ ਹੋ ਗਈ ਜਿਵੇਂ ਸਦੀਆਂ ਪੁਰਾਣੀ। ਹੁਣ ਨਵੀਂ ਗੱਲ ਵੀ ਸੁਣ ਲੈ।

ਇਸ ਹਫਤੇ ਦਾ ਵੀਕਐਂਡ (ਸ਼ਨੀ ਅਤੇ ਐਤਵਾਰ) ਲਵਾਰ (Loire) ਦਰਿਆ ਦੀ ਵਾਦੀ ਉਪਰ ਵਸਦੇ ਸ਼ਹਿਰ ਅਤੇ ਫਰਾਂਸ ਦੇ ਬਾਦਸ਼ਾਹਾਂ ਦੇ ਮਹੱਲਾਂ ਦੀ ਸੈਰ ਕਰਨ ਵਿਚ ਗੁਜਰਿਆ। ਰਾਤ ਵੀ ਦਰਿਆ ਉਪਰ ਰਹੇ। ਇਸ ਸੈਰ ਵਿੱਚ ਲੱਗਭਗ 30 ਦੇਸ਼ਾਂ ਦੇ ਵਿਦਿਆਰਥੀ ਸ਼ਾਮਲ ਸਨ ਅਤੇ ਪੋਲੈਂਡ ਦੀ ਕੁੜੀ ਅਚਾਨਕ ਹੀ ਬੱਸ ਤੁਰਨ ਸਮੇਂ ਆ ਰਲੀ। ਕੱਪੜਿਆਂ ਦਾ ਕਮਾਲ ਸੀ। ਇੱਧਰ ਖਾਲਸੇ ਵੀ ਪੂਰੀ ਸ਼ਾਨ ਵਿਚ ਆਪਣੇ ਕਰੀਮ ਰੰਗਾਂ, ਲਾਲ ਪੱਗ ਅਤੇ ਨਵੇਂ ਖਰੀਦੇ ਗਰਮ ਓਵਰਕੋਟ ਵਿਚ ਸਜੇ ਨਾ ਸਮਾਉਣ। ਮੇਰੇ ਕੋਲ ਆਦਤ ਅਨੁਸਾਰ ਖਾਣ ਪੀਣ ਦਾ ਕਾਫੀ ਸਮਾਨ ਸੀ। ਖਾਸ ਕਰਕੇ ਕੜਾਹ ਪ੍ਰਸ਼ਾਦ ਦਾ ਡੱਬਾ ਵੀ ਭਰ ਕੇ ਮੈਂ ਲੈ ਗਿਆ ਸਾਂ। ਦਾਲ ਵਿਚ ਕੁਝ ਕਾਲਾ ਲੱਗਾ। ਰਸਤੇ ਦੇ ਇਕ

ਸ਼ਹਿਰ ਵਿਚ ਬੱਸ ਰੁਕੀ ਤਾਂ ਮੈਂ ਕਈ ਦੋਸਤਾਂ ਨੂੰ ਕੇਕ ਵੰਡਿਆ ਅਤੇ ਪੋਲੈਂਡ ਵਾਲੀ ਕੁੜੀ ਫ਼ਲੀਸਿਆ ਨੂੰ ਵੀ ਦਿੱਤਾ। ਇਸ ਵਾਰ ਇਸ ਦਾ ਕੋਈ ਦੋਸਤ ਨਾਲ ਨਹੀਂ ਸੀ ਪਰ ਇਸ ਨੇ ਮੈਨੂੰ ਕੋਲ ਬੁਲਾ ਕੇ ਕਿਹਾ, "ਸਾਡਾ ਧਰਮ ਇਜ਼ਾਜਤ ਨਹੀਂ ਦਿੰਦਾ ਕਿ ਵਿਆਹੇ ਹੋਏ ਬੰਦੇ ਨਾਲ ਦੋਸਤੀ ਕਰੀਏ।" ਮੈਂ ਉਸਦਾ ਇਸ਼ਾਰਾ ਸਮਝ ਗਿਆ ਅਤੇ ਸੋਚਿਆ ਕਿ ਇਨ੍ਹਾਂ ਲੋਕਾਂ ਦਾ ਪਿਆਰ ਸਰੀਰਕ ਪੱਧਰ ਤੋਂ ਉਪਰ ਉਠ ਹੀ ਨਹੀਂ ਸਕਦਾ। ਮੈਂ ਕਿਹਾ ਜੇਕਰ ਤੁਸੀਂ ਧਰਮ ਦੇ ਇੰਨੇ ਪਾਬੰਦ ਹੋ ਸਕਦੇ ਹੋ ਤਾਂ ਮੈਂ ਤੁਹਾਡੇ ਲੋਕਾਂ ਦੀ ਹੀ ਪੂਜਾ ਸ਼ੁਰੂ ਕਰ ਦਿਆਂ।

ਇਸ ਦੇ ਐਨ ਉਲਟ ਸਗੋਂ ਸ਼ਾਮੋਂ ਨੇ ਕਈ ਵਾਰ ਕਿਹਾ ਤੁਸੀਂ ਕੈਸੇ ਬੰਦੇ ਹੋ ਜੋ ਮਨ ਵਿੱਚ ਭਾਵੇਂ ਬੁਰੇ ਖਿਆਲ ਸੋਚਦੇ ਹੋ ਪਰ ਅਸਲੀਅਤ ਲੁਕਾ ਕੇ ਰੱਖਦੇ ਹੋ। ਜੋ ਮਨ ਵਿਚ ਸੋਚੋ ਉਹ ਕਰ ਲਵੋ ਤਾਂ ਕਿ ਮਨ ਉਪਰ ਵਾਧੂ ਭਾਰ ਨਾ ਪਵੇ। ਇਹ ਉਸਦੀ ਡਾਕਟਰ ਭੈਣ ਦੀ ਫਿਲਾਸਫੀ ਹੈ। ਇਹ ਸਾਰੇ ਪੱਛਮੀ ਦੇਸ਼ਾਂ ਦੀ ਫਿਲਾਸਫੀ ਹੈ। ਜਿਵੇਂ ਬਾਕੀ ਕਾਮਨਾਵਾਂ ਪੂਰੀਆਂ ਕਰਦੇ ਹਾਂ (ਭੁੱਖ ਲੱਗਿਆਂ ਰੋਟੀ ਖਾ ਲਈ), ਇਸੇ ਤਰ੍ਹਾਂ ਹੀ ਪਿਆਰ ਇਨ੍ਹਾਂ ਦਾ ਸਰੀਰ ਦੀ ਹੱਦ ਤੱਕ ਹੀ ਰਹਿ ਜਾਂਦਾ ਹੈ। ਇਹ ਫਰਾਇਡ ਦੀ ਥੀਊਰੀ ਹੈ ਜਿਸ ਵਿਚ ਮਨੁੱਖ ਅਤੇ ਪਛੂ ਸਮਾਨ ਮੰਨੇ ਗਏ ਹਨ। ਇਸ ਕਰਕੇ ਹੀ ਜਦੋਂ ਅਸੀਂ ਕੱਲ੍ਹ ਵਾਪਸ ਆ ਰਹੇ ਸਾਂ ਤਾਂ ਮੈਂ ਓਰਲੀਨਜ਼ ਦੇ ਪਾਰਕ ਵਿਚ ਦੋ ਜਣਿਆਂ ਨੂੰ ਖੁੱਲ੍ਹਮ ਖੁੱਲ੍ਹਾ ਪਿਆਰ ਕਰਦੇ ਵੇਖ ਹੈਰਾਨ ਨਾ ਹੋਇਆ।

ਸੋ ਐਸੀ ਕਰਾਮਾਤ ਹੋ ਗਈ, ਸ਼ਾਮੋਂ ਦੀ ਬੇੜੀ ਦੇ ਮਲਾਹ ਕੋਲ ਚੱਪੂ ਵੀ ਨਾ ਰਿਹਾ। ਫ਼ਲੀਸੀਆ ਵੀ ਕਿਸੇ ਹੋਰ ਦੋਸਤ ਦੀ ਭਾਲ ਵਿਚ ਹੈ। ਉਹ ਜਾਣੇ, ਉਸ ਦਾ ਧਰਮ ਜਾਣੇ। ਸਾਡਾ ਧਰਮ ਤਾਂ ਬੱਸ ਪਿਆਰ ਦਾ ਭੁੱਖਾ ਹੈ। ਇਥੋਂ ਨਹੀਂ ਤਾਂ ਹੋਰ ਕਿਤੋਂ ਮਿਲ ਜਾਂਦਾ ਹੈ। ਅਸੀਂ ਗੁਰੂ ਦੇ ਮਹਾਂਵਾਕ ਅਨੁਸਾਰ ਪਿਆਰੇ ਨੂੰ ਪਿਆਰ ਵਿਚੋਂ ਢੂੰਢਣ ਲੱਗ ਪਏ:

'ਸਾਚ ਕਹੂੰ ਸੁਨ ਲਿਉ ਸਭੈ ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਓ।'

ਵੈਸੇ ਇਸ ਵਾਰ ਵੀ ਫ਼ਲੀਸੀਆ ਨਾਲ ਇਕ ਫੋਟੋ ਹੈ ਜੋ ਮਿਲ ਗਈ ਤਾਂ ਭੇਜ ਦਿਆਂਗਾ। ਮੈਂ ਉਸ ਦਾ ਨਾਮ ਫ਼ਲੀਸੀਆ ਤੋਂ ਮਿਸ ਫਾਲਸ (False) ਰੱਖ ਦਿੱਤਾ ਹੈ। 'ਆਈ ਲੋਲੀ ਗਈ ਲੋਲੀ' ਵਾਲੀ ਗੱਲ ਹੋ ਗਈ ਜਾਪਦੀ ਹੈ।

ਨਵੀਂ ਗੱਲ ਅਜੇ ਵੀ ਸ਼ੁਰੂ ਨਹੀਂ ਕੀਤੀ, ਇਹ ਵੀ ਸੁਣ ਲੈ। ਇਸ ਵਾਰ ਸਾਡੀ ਬੱਸ ਵਿੱਚ ਇਕ ਯੂਗੋਸਲਾਵੀਆ ਦਾ ਜੋੜਾ ਵੀ ਸੀ। ਮੇਮ ਦਾ ਨਾਮ ਗਵਰਦਨਾ ਅਤੇ ਉਹਦਾ ਘਰਵਾਲਾ ਮੇਰਾ ਫਰੈਂਚ ਭਾਸ਼ਾ ਦਾ ਜਮਾਤੀ ਸੀ। ਅਸੀਂ ਦੋਵੇਂ ਹੀ ਫਰੈਂਚ ਬੋਲਣ ਵਿੱਚ ਨਿਕੰਮੇ ਅਤੇ ਪ੍ਰੋਫੈਸਰ ਨੂੰ ਵਖਤ ਪਾਈ ਰੱਖਦੇ। ਅਸੀਂ ਦੋਵਾਂ ਨੇ ਕਲਾਸ ਛੱਡ ਦਿੱਤੀ। ਪਰੰਤੂ ਉਸ ਦੀ ਪਤਨੀ ਗਵਰਦਨਾ ਭਾਸ਼ਾ ਵਿਗਿਆਨ ਦਾ ਕੋਰਸ ਕਰ ਰਹੀ ਹੈ ਅਤੇ ਕਈ ਭਾਸ਼ਾਵਾਂ ਬੋਲ ਸਕਦੀ ਹੈ। ਪਿਛਲੀ ਵਾਰ ਇਹ ਮੇਰੀਆਂ ਫੋਟੋਆਂ ਮੂਵੀ ਕੈਮਰੇ ਵਿਚ ਆਪਣੇ ਦੇਸ ਲੈ ਗਏ। ਲੋਕ ਹੈਰਾਨ ਹੋ ਕੇ ਪੁੱਛ ਰਹੇ ਸਨ ਇਹ ਕੀ ਚੀਜ਼ ਹੈ? ਇਹ ਬੜੇ ਖੁਸ਼ ਹੋ ਕੇ ਦੱਸਦੇ ਕਿ ਇਹ ਸਾਡਾ ਇੰਡੀਅਨ ਸਿੱਖ ਯਾਰ ਹੈ। ਛੁੱਟੀਆਂ ਤੋਂ ਬਾਅਦ ਇਹ ਹੁਣ ਫਿਰ ਇਸ ਯਾਤਰਾ ਉਪਰ ਮਿਲ ਗਏ। ਬੜੇ ਖੁੱਲ੍ਹੇ ਦਿਲ ਵਾਲੇ, ਖੁੱਲ੍ਹੇ ਪਿਆਰ ਵਾਲੇ। ਮੈਨੂੰ ਆਪਣੇ ਤੋਂ ਦੂਰ ਹੀ ਨਾ ਜਾਣ ਦੇਣ। ਗਵਰਦਨਾ ਨੂੰ ਮੈਂ ਕਿਹਾ ਇਹ ਨਾਮ ਤਾਂ ਕ੍ਰਿਸ਼ਨ ਮਹਾਰਾਜ ਦਾ ਹੈ ਪਰ ਤੂੰ ਤਾਂ ਰਾਧਾ ਜਾਪਦੀ ਹੈਂ। ਸੋਹਣੇ ਰੂਪ ਅਤੇ ਉਸ ਤੋਂ ਵੀ ਵੱਧ ਸੁਹਣੇ ਦਿਲ ਵਾਲੀ ਔਰਤ। ਅਸਲ ਵਿਚ ਕਮਿਊਨਿਸਟ ਦੇਸ਼ਾਂ ਦੇ ਲੋਕ ਬੜੇ ਮਿਲਾਪੜੇ ਜਹੇ ਹਨ ਜਦਕਿ ਫਰਾਂਸਿਸੀ, ਅੰਗਰੇਜ ਅਤੇ ਅਮਰੀਕਨ ਰੁੱਖੇ ਜਹੇ। ਵੇਖ ਹੀ ਲਿਆ ਹੈ ਗਿੱਲ ਦੀ ਮੇਮ ਦਾ ਵਤੀਰਾ।

ਬੜੀ ਉਮੀਦ ਸੀ ਕਿ ਉਹ ਸੁੱਖ ਸੁਨੇਹਾ ਲੈ ਕੇ ਮੈਨੂੰ ਮਿਲਣ ਆਵੇਗੀ, ਇਕ ਦਿਨ ਮੈਟਰੋ ਤੋਂ ਉਤਰ ਕੇ ਆਪਣੇ ਹੋਸਟਲ ਜਾ ਰਿਹਾ ਸੀ ਕਿ ਅਚਨਚੇਤ ਰਾਹ ਵਿੱਚ ਮਿਲ ਪਈ। ਮੈਂ ਬਹੁਤ ਜੋਰ ਲਾਇਆ ਕਿ ਮੇਰੇ ਨਾਲ ਹੋਸਟਲ ਚੱਲ, ਗੱਲ ਬਾਤ ਕਰਾਂਗੇ ਪਰੰਤੂ ਉਹ ਆਪਣੇ ਹੀ ਘਰ ਜਾਣ ਲਈ ਕਾਹਲੀ ਜਾਪਦੀ ਸੀ। ਆਪੇ ਮਲਿਕ ਵਰਗੇ ਸੋਹਣੇ ਬੰਦੇ ਜਦੋਂ ਕਦੇ ਆਏ ਮੇਰੇ ਸੁਨੇਹੇ ਲੈ ਜਾਣਗੇ ਅਤੇ ਤੇਰੇ ਲੈ ਆਉਣਗੇ। ਬਿੰਕੂ ਦੀਆਂ ਫੋਟੋ ਮੇਰੀ ਜੇਬ ਵਿੱਚ ਹਨ, ਬੱਸ ਵਿਚ ਕਈ ਕੁੜੀਆਂ ਨੇ ਵੇਖੀਆਂ। ਇਕ ਫ਼ਲੀਸੀਆ ਨਰਾਜ਼ ਹੋਈ, ਇਥੇ ਹਜ਼ਾਰਾਂ ਹੋਰ ਮਿਲ ਗਈਆਂ। ਉਹ ਵੇਖ ਰਹੀ ਸੀ ਕਿ ਇਸ ਸ਼ੁਦਾਈ ਜਹੇ ਕੋਲ ਕੀ ਚੁੰਬਕ ਹੈ। ਸਾਰੇ ਮੁੰਡੇ ਕੁੜੀਆਂ ਇਸ ਵੱਲ ਖਿੱਚੇ ਚਲੇ ਆਉਂਦੇ ਹਨ।

ਗਵਰਦਨਾ ਦੀ ਕੁੜੀ ਦੋ ਸਾਲ ਦੀ ਹੈ ਜੋ ਪਿੱਛੇ ਆਪਣੀ ਨਾਨੀ ਕੋਲ ਹੈ। ਮੈਨੂੰ ਕਹਿੰਦੀ ਤੇਰੇ ਤਾਂ ਪੁੱਤਰ ਹੀ ਹਨ, ਆਪਣੀ ਕੁੜੀ ਦਾ ਰਿਸ਼ਤਾ ਤੇਰੇ ਵੱਡੇ ਮੁੰਡੇ ਵੱਲ ਕਰ ਦਿਆਂਗੀ। ਸਭ ਨੇ ਪੁੱਛਿਆ ਤੇਰੀ ਵਹੁਟੀ ਦੀ ਫੋਟੋ ਕਿੱਥੇ ਹੈ? ਮੈਂ ਕਿਹਾ ਤੁਸੀਂ ਮੁੰਡੇ ਦੀ ਫੋਟੋ ਵੇਖ ਕੇ ਹੀ ਰਿਸ਼ਤੇ ਦਿੰਦੇ ਹੋ, ਇਸ ਦੀ ਮਾਂ

ਵੇਖ ਕੇ ਕਿਤੇ ਨਜ਼ਰ ਨਾ ਲਗਾ ਦਿਉ। ਇਹ ਵਾਕਿਆ ਹੀ ਮੰਨਣ ਕਿ ਕੋਈ ਹੂਰਾਂ ਪਰੀ ਹੋਵੇਗੀ। ਇਥੇ ਰੰਗ ਰੂਪ ਦੀ ਦੁਨੀਆਂ ਸਾਡੇ ਤੋਂ ਵੱਖਰੀ ਭਾਂਤ ਦੀ ਹੈ। ਕਾਲੀ ਬੰਗਾਲਣ ਜਹੀ ਕੁੜੀ ਸਾੜੀ ਵਿੱਚ ਵੇਖ ਕੇ ਮਰ ਜਾਂਦੇ ਹਨ। ਇਹ ਗੋਰੇ ਰੰਗ ਤੋਂ ਅੱਕ ਕੇ ਹਬਸ਼ੀ ਮੁੰਡੇ ਪਸੰਦ ਕਰਦੀਆਂ ਹਨ। ਇਕ ਕਾਰਨ ਉਨ੍ਹਾਂ ਦਾ ਸਰੀਰਕ ਬਲ ਵੀ ਹੁੰਦਾ ਹੈ। ਇੱਥੋਂ ਦੇ ਮਰਦ ਤਾਂ ਐਵੇਂ ਕਬੂਤਰ ਜਹੇ, ਇਹ ਮੇਮਾਂ ਸ਼ੇਰਨੀਆਂ ਕਿੱਥੇ ਕਾਬੂ ਰਹਿਣ ਇਨ੍ਹਾਂ ਕੋਲੋਂ।

ਇਸ ਵਾਰ ਵੀ ਸੈਰ ਦਾ ਸਵਾਦ ਅਕਹਿ ਹੈ। ਰਾਤ ਨੂੰ ਮਹੱਲ ਦੇ ਪਾਰਕ ਵਿਚ ਮੂਵੀ ਚੱਲ ਰਹੀ ਸੀ ਅਤੇ ਸਾਰੇ ਮਸਤੀ ਵਿਚ ਨੱਚ ਰਹੇ ਸਨ। ਮਹੱਲ ਦੀਆਂ ਬੱਤੀਆਂ ਦਰਿਆ ਦੇ ਪਾਣੀ ਵਿਚ ਅਠਖੇਲੀਆਂ ਕਰ ਰਹੀਆਂ ਸਨ। ਅੱਗੇ ਤਾਂ ਹਰ ਦੇਸ਼ ਦੇ ਵਿਦਿਆਰਥੀ ਨੂੰ ਆਪਣਾ ਗੀਤ ਹੀ ਗਾਉਣਾ ਹੁੰਦਾ ਸੀ ਪਰੰਤੂ ਇਸ ਵਾਰ ਨੱਚਣਾ ਵੀ ਜਰੂਰੀ ਕਰ ਦਿੱਤਾ। ਮੇਰੀ ਵਾਰੀ ਆਈ ਤਾਂ ਮੈਂ ਜਿੰਦੂਆ ਦਾ ਗੀਤ ਪੇਸ਼ ਕੀਤਾ। ਇਸ ਗੀਤ ਨੇ ਐਸਾ ਰੰਗ ਬੰਨਿਆ ਕਿ ਸਾਰੇ ਨੱਚਣ ਲੱਗ ਪਏ। ਅੱਗੇ ਜਿੰਦੂਆ ਪਟਿਆਲੇ ਤੋਂ ਰੇਸ਼ਮੀ ਨਾਲੇ, ਮਿਆਨੀ ਤੋਂ ਸੁਰਮੇਦਾਨੀ ਲੈਣ ਤੱਕ ਹੀ ਸੀਮਤ ਸੀ ਪਰ ਹੁਣ ਤਾਂ ਤੇਰਾ ਜਿੰਦੂਆ, ਪੈਰਿਸ, ਲੰਡਨ ਅਤੇ ਐਮਸਟਰਡਮ ਵੀ ਘੁੰਮ ਆਇਆ ਹੈ ਅਤੇ ਹੋਰ ਕਿਥੇ ਕਿੱਥੇ ਜਾਵੇਗਾ। ਮੈਂ ਇਹ ਨਵੇਂ ਸ਼ਹਿਰ ਆਪਣੇ ਜਿੰਦੂਆ ਦੇ ਗੀਤ ਵਿੱਚ ਸ਼ਾਮਲ ਕਰ ਲਏ। ਕਵਿਤਾ ਅਤੇ ਗੀਤ ਲਿਖਣ ਦਾ ਸ਼ੌਂਕ ਤਾਂ ਮਹਿੰਦਰਾ ਕਾਲਜ ਵੇਲੇ ਦਾ ਹੀ ਹੈ। ਤੇਰੀਆਂ ਮੰਗਾਂ ਹੁਣ 'ਨਾਲੇ' ਨਹੀਂ ਸਗੋਂ ਪੈਰਿਸ ਅਤੇ ਯੂਰਪ ਦੇ ਹੁਸੀਨ ਨਜ਼ਾਰੇ, ਇਥੋਂ ਦੇ ਪਿਆਰ ਸਮੁੰਦਰੀ, ਲਹਿਰਾਂ ਅਤੇ ਮੇਰੀਆਂ ਸਹੇਲੀਆਂ। ਜਦੋਂ ਜਿੰਦੂਆ ਅੰਬਾਲੇ ਜਾਂਦਾ, ਉਸਦੀ ਪਤਨੀ ਅੰਬਾਲੇ ਦੇ ਦੁਸ਼ਮਣਾਂ ਤੋਂ ਹੁਸ਼ਿਆਰ ਕਰਦੀ, ਤੂੰ ਵੀ ਮੈਨੂੰ ਆਪਣੇ ਪਿਆਰੇ ਅਤੇ ਪਿਆਰੀਆਂ ਤੋਂ ਹੁਸ਼ਿਆਰ ਕਰਦੀ ਲਗਦੀ ਹੈਂ?

ਜਦੋਂ ਸੀਰੀਆ ਦੇ ਅਰਬੀ ਮੁੰਡੇ ਦੀ ਵਾਰੀ ਆਈ ਤਾਂ ਉਸ ਨੇ ਇੰਡੀਆ ਦਾ ਫਿਲਮੀ ਗੀਤ ਗਾਇਆ। 'ਕਸ਼ਮੀਰ ਦੀ ਕਲੀ' ਫਿਲਮ ਦਾ ਗੀਤ 'ਚਾਹੇ ਮੁਝੇ ਕੋਈ ਜੰਗਲੀ ਕਹੇ' ਜਿਸ ਵਿਚ 'ਸ਼ੂਕੂ ਸ਼ੂਕੂ' ਦੇ ਬੋਲ ਹਨ। ਗੀਤ ਭਾਵੇਂ ਉਸ ਨੂੰ ਪੂਰਾ ਯਾਦ ਨਹੀਂ ਸੀ ਪਰ 'ਸ਼ੂਕੂ ਸ਼ੂਕੂ' ਨੇ ਰੰਗ ਬੰਨ੍ਹ ਦਿੱਤਾ। ਇਸੇ ਤਰ੍ਹਾਂ ਹੀ ਮੇਰੇ ਜਿੰਦੂਆ ਦੇ ਗੀਤ ਦੀਆਂ ਆਖਰੀ ਸਤਰਾਂ, 'ਤੇਰੇ ਮਿੱਠੜੇ ਨੀ ਲਗਦੇ ਬੋਲ' ਸਭ ਰਲ ਕੇ ਗਾਉਂਦੇ ਤਾਂ ਰੰਗ ਬੱਝ ਜਾਂਦਾ। ਅੱਧੀ ਰਾਤ ਤੱਕ ਇਹ ਪ੍ਰੋਗਰਾਮ ਚੱਲਦਾ ਰਿਹਾ। ਰੋਟੀ ਖਾਣ ਵੇਲੇ ਇਹ ਸਾਡੇ ਪੰਜਾਬੀ ਬਰਾਤੀਆਂ ਵਾਂਗ ਸ਼ਰਾਬ

ਦੇ ਡੱਕੇ ਹੋਏ ਲੋਟ ਪੋਟ ਹੋ ਰਹੇ ਸਨ। ਹੋਟਲ ਦੇ ਮਾਲਕ ਅਤੇ ਬਹਿਰੇ ਜੋ ਵਧੇਰੇ ਕੁੜੀਆਂ ਹੀ ਹੁੰਦੀਆਂ ਹਨ ਇਸ ਜਸ਼ਨ ਵਿੱਚ ਸ਼ਾਮਲ ਸਨ।

ਵਾਪਸੀ ਦੇ ਸਫਰ ਸਮੇਂ ਰਸਤੇ ਵਿਚ ਇਕ ਸ਼ਰਾਬ ਦਾ ਕਾਰਖਾਨਾ ਵੇਖਿਆ। ਰਵਾਇਤ ਅਨੁਸਾਰ ਸਭ ਨੂੰ ਸ਼ਰਾਬ ਦਾ ਟੇਸਟ ਕਰਵਾਇਆ। ਗਵਰਦਨਾ ਨੇ ਮੈਨੂੰ ਵੀ ਮਜ਼ਬੂਰ ਕਰ ਕੇ ਇਕ ਘੁੱਟ ਪਿਲਾਇਆ। ਅੱਗੇ ਕਈ ਵਾਰ ਦੋਸਤਾਂ ਨੇ ਪੇਸ਼ ਕਰਨੀ ਪਰ ਮੈਂ ਜਵਾਬ ਹੀ ਦੇ ਦਿੰਦਾ। ਮੈਨੂੰ ਬਚਪਨ ਤੋਂ ਹੀ ਮੀਟ ਅਤੇ ਸ਼ਰਾਬ ਨਾਲ ਘਿਰਣਾ ਹੋ ਗਈ ਸੀ। ਪਹਿਲੇ ਪੰਜ ਸਾਲ ਮੀਟ ਖਾਣ ਤੇ ਪਾਬੰਦੀ ਸੀ, ਬਾਅਦ ਵਿੱਚ ਮੇਰਾ ਮਨ ਹੀ ਉਕਤਾ ਗਿਆ ਅਤੇ ਮੈਂ ਸਾਰੀ ਉਮਰ ਮੀਟ ਸ਼ਰਾਬ ਦੇ ਸੇਵਨ ਤੋਂ ਕੰਨੀ ਕਤਰਾਉਂਦਾ ਰਿਹਾ। ਦੋਸਤਾਂ ਮਿੱਤਰਾਂ ਨੇ ਮਜਬੂਰ ਵੀ ਕੀਤਾ ਪਰੰਤੂ ਮੈਂ ਇਸ ਤੋਂ ਬਚਿਆ ਹੀ ਰਿਹਾ। ਗਵਰਦਨਾ ਦੇ ਦੇਸ਼ ਯੂਗੋਸਲਾਵੀਆ ਜਾਣ ਦਾ ਪ੍ਰੋਗਰਾਮ ਹੈ ਜਦੋਂ ਗਰਮੀ ਦੀਆਂ ਛੁੱਟੀਆਂ ਹੋਣਗੀਆਂ।। ਇੱਥੋਂ ਦੇ ਲੋਕ ਬੜੇ ਪਿਆਰੇ ਅਤੇ ਮਿਲਾਪੜੇ ਹਨ।

ਮੈਂ ਫਾਲਤੂ ਦੀਆਂ ਗੱਲਾਂ ਵਿੱਚ ਸਮਾਂ ਬਰਬਾਦ ਕਰ ਦਿੰਦਾ ਹਾਂ ਅਤੇ ਦੋ ਘੰਟੇ ਚਿੱਠੀ ਲਿਖਣ ਵਿੱਚ ਲੱਗ ਜਾਂਦੇ ਹਨ। ਕਦੇ ਤੰਗ ਆ ਕੇ ਸੋਚਦਾ ਹਾਂ ਕਿ ਦੇਰ ਬਾਅਦ ਲਿਖਿਆ ਕਰਾਂਗਾ। ਇਕ ਦਿਨ ਚਿੱਠੀ ਕਰਕੇ ਦੋ ਘੰਟੇ ਦੇਰੀ ਨਾਲ ਲੈਬ ਵਿਚ ਪਹੁੰਚਿਆ ਤਾਂ ਮੇਰਾ ਗਾਈਡ ਹੈਰਾਨ ਹੋ ਕੇ ਮੇਰੀ ਸਿਹਤ ਬਾਰੇ ਪੁੱਛਣ ਲੱਗਾ। ਤੇਰਾ ਜਵਾਬ ਕਿੰਨਾ ਸਖਤ ਲੱਗਾ ਚਿੱਠੀ ਦੇ ਅੱਖਰ ਵੀ ਚੁੱਭਣ ਲੱਗੇ। ਮੈਂ ਆਪਣੇ ਆਪ ਨੂੰ ਬੜਾ ਕੋਸਿਆ ਕਿ ਮੈਂ ਕਿਉਂ ਆਪਣੀ ਚਿੱਠੀ ਵਿਚ ਸਖਤ ਅਤੇ ਰੋਸ ਭਰੇ ਸ਼ਬਦ ਵਰਤੇ। ਹੁਣ ਪਤਾ ਲੱਗਾ ਕਿ ਮੇਰੇ ਖਤ ਨੇ ਸ਼ਾਮੋਂ ਨੂੰ ਕਿੰਨਾ ਦੁੱਖ ਦਿੱਤਾ ਹੋਵੇਗਾ ਤੂੰ ਤਾਂ ਪੱਕੀ ਹੋ ਚੁੱਕੀ ਹੈਂ ਚਟਾਨ ਵਰਗੀ।

ਕੁਝ ਲੂਣ ਤੇਲ ਦੀ ਗੱਲ ਮੈਂ ਵੀ ਕਰ ਲਵਾਂ। ਕਮੀਜਾਂ ਆਪਣੇ ਲਈ ਲੰਡਨ ਤੋਂ ਲੈ ਆਇਆਂ ਸਾਂ। ਰੰਗਾਂ ਦੀ ਚੋਣ ਬਹੁਤੀ ਚੰਗੀ ਨਹੀਂ ਹੋਈ, ਕੁਝ ਸੁਫਿਆਨੇ ਜਹੇ ਰੰਗ ਹੀ ਲਏ ਹਨ। ਦਲਜੀਤ ਨੇ ਬਿੰਕੂ ਦੀ ਫੋਟੋ ਖਿੱਚੀ ਸੀ, ਸੋ ਮੇਰਾ ਦਿਲ ਕਰਦਾ ਹੈ ਕਿ ਉਸ ਲਈ ਇਕ ਕਮੀਜ਼ ਲੈ ਲਵਾਂ। ਲਾਲੀ ਨੇ ਬਿੰਕੂ ਦੇ ਜਨਮ ਦੀ ਚਿੱਠੀ ਭੇਜੀ ਸੀ, ਉਸ ਲਈ ਵੀ ਇਕ ਤੋਹਫੇ ਦੇ ਤੌਰ ਤੇ ਕਮੀਜ਼ ਭੇਜ ਦਿਆਂਗਾ। ਸਾਈਜ਼ ਅਤੇ ਕੀਮਤ ਦੋਹਾਂ ਕਮੀਜਾਂ ਦੀ ਬਰਾਬਰ ਹੈ ਆਪੇ ਚੋਣ ਕਰਕੇ ਦੇ ਦੇਣੀਆਂ। ਇਸ ਵਾਰ ਫੋਟੋਆਂ ਕਮਾਲ ਦੀਆਂ ਹਨ। ਰਾਜਾ ਤਾਂ ਸੂਦ

ਦੇ ਦੀਪਕ ਵਾਂਗ ਲੱਗਦਾ ਹੈ। ਹੋ ਸਕਦਾ ਹੈ ਪਤਲਾ ਅਤੇ ਲੰਮਾ ਹੋ ਗਿਆ ਹੈ। ਪਰ ਬੱਬਲ ਦਾ ਤਾਂ ਕੀ ਕਹਿਣਾ। ਜੂੜੀ ਰਾਜੇ ਵਰਗੀ, ਮੇਰਾ ਯਾਰ ਮਸਤ ਖੜਾ ਹੈ। ਮੈਂ ਤਰਸਾਂ ਇਸ ਨਾਲ ਖੇਡਣ ਲਈ। ਅੱਜ ਮੈਨੂੰ ਬੱਸ ਵਿਚ ਸਾਰੇ ਬੱਚੇ ਬੱਬਲ ਦਾ ਰੂਪ ਹੀ ਜਾਪਣ। ਇਕ ਤਾਂ ਮੇਰੀ ਗੋਦੀ ਵਿਚ ਆ ਬੈਠਾ, ਉਸ ਦੇ ਹੱਥ ਭੰਭੀਰੀ ਫੜੀ ਹੋਈ ਸੀ। ਆਮ ਤੌਰ ਤੇ ਬੱਚਿਆਂ ਨੂੰ ਨਹੀਂ ਚੁੱਕਦੇ ਕਿਉਂਕਿ ਮੇਮਾਂ ਨਰਾਜ ਨਾ ਹੋ ਜਾਣ। ਪਰ ਅੱਜ ਮੈਂ ਇਹ ਖੁੱਲ੍ਹ ਲੈ ਲਈ ਅਤੇ ਬੱਚੇ ਦੀ ਮਾਂ ਵੀ ਖੁਸ਼ ਹੋ ਗਈ। ਫੁਲਾਂ ਦੀ ਬਗੀਚੀ ਵਿਚ ਖੇਡਦੇ ਬੱਚੇ ਬੱਸ ਫੁੱਲ ਹੀ ਲੱਗ ਰਹੇ ਸਨ। ਅਜੇ ਦੋ ਸਾਲ ਪਏ ਹਨ ਜਦੋਂ ਆਪਣੇ ਬੱਚਿਆਂ ਨਾਲ ਮਸਤੀ ਕਰਨ ਦਾ ਸਮਾਂ ਆਵੇਗਾ। ਦਿਲ ਉਪਰ ਪੱਥਰ ਰੱਖ ਕੇ ਇਹ ਸਮਾਂ ਵੀ ਗੁਜਰ ਜਾਵੇਗਾ।

ਤੇਰਾ ਕੰਮ ਅੱਗੇ ਹੀ ਬਥੇਰਾ ਸੀ। ਹੁਣ ਮਕਾਨ ਦੀ ਮਰੰਮਤ ਦਾ ਕੰਮ ਪੈ ਗਿਆ। ਬਿੰਕੂ ਅਜੇ ਛੋਟਾ ਹੈ, ਮਾਤਾ ਕੰਮ ਕਰਾ ਨਹੀਂ ਸਕਦੀ, ਘਰ ਦੀ ਮਾਲਕ ਤਰਖਾਣੀ ਵੀ ਆਕੜ ਵਾਲੀ ਹੈ, ਪਰ ਇਕ ਗੱਲ ਚੰਗੀ ਹੈ, ਭਈਆ ਸ਼ਰੀਫ ਹੈ ਅਤੇ ਚੰਗਾ ਕੰਮ ਕਰੇਗਾ। ਪੈਸੇ ਦੇਣ ਵਿਚ ਕੋਈ ਕੰਜੂਸੀ ਨਾ ਕਰਨੀ। ਬਜਾਰੋਂ ਸਮਾਨ ਉਹ ਖੁਦ ਖਰੀਦ ਲਵੇਗਾ, ਉਸ ਉਪਰ ਪੂਰਾ ਯਕੀਨ ਕਰੋ, ਤੁਹਾਡੇ ਚੱਕਰ ਬਚ ਜਾਣਗੇ। ਵੈਸੇ ਵੀ ਆਪਣੇ ਬੰਦੇ ਤਾਂ ਕੰਮਚੋਰ ਅਤੇ ਹਰਾਮੀ ਹਨ, ਇਹ ਪੂਰਬੀਏ ਹੀ ਕੁਝ ਚੰਗੇ ਕੰਮ ਕਰਨ ਵਾਲੇ ਰਹਿ ਗਏ ਹਨ। ਦਰਵਾਜੇ ਵੀ ਪਾਲਸ਼ ਕਰਵਾ ਲੈਣਾ। ਇੱਥੇ ਤਾਂ ਸਭ ਕੰਧਾਂ, ਦਰਵਾਜੇ ਅਤੇ ਛੱਤ ਵੀ ਬਣੇ ਬਣਾਏ ਮਿਲ ਜਾਂਦੇ ਹਨ। ਆਪਣੇ ਦੇਸ ਵਿਚ ਤਾਂ ਮਕਾਨ ਬਣਾਉਣਾ ਜੋਖਮ ਭਰਿਆ ਕੰਮ ਹੈ। ਮੇਰੇ ਛੇ ਮਹੀਨੇ ਦੀ ਭੱਜ ਨੱਠ ਤੋਂ ਬਾਅਦ ਵੀ ਕਈ ਕੰਮ ਅਧੂਰੇ ਰਹਿ ਗਏ ਸਨ। ਉਮੀਦ ਹੈ ਲੋੜ ਜੋਗੇ ਪੈਸੇ ਘਰ ਹੋਣਗੇ। ਖਰਚ ਲੈਣਾ, ਕਿਰਾਇਆ ਅਤੇ ਅੱਧੀ ਤਨਖਾਹ ਮਿਲ ਰਹੀ ਹੋਵੇਗੀ। ਘਰ ਦੀ ਸਾਂਭ ਸੰਭਾਲ ਅਤੇ ਜ਼ਿੰਮੇਵਾਰੀ ਤੇਰੇ ਸਿਰ ਛੱਡ ਆਇਆਂ ਹਾਂ। ਜਦੋਂ ਗਿਣਦਾ ਹਾਂ ਤਾਂ ਕਿੰਨਾ ਭਾਰ ਤੇਰੇ ਉਪਰ ਹੈ। ਉਸ ਦਾਤੇ ਦਾ ਸ਼ੁਕਰਗੁਜਾਰ ਹਾਂ ਜਿਸ ਨੇ ਤੈਨੂੰ ਹਿੰਮਤ ਬਖਸ਼ੀ ਹੈ। ਕਦੀ ਕਦੀ ਕੀਰਤਨ ਲਈ ਦਿਲ ਤੜਪਦਾ ਹੈ। ਰਾੜੇ ਵਾਲੇ ਸੰਤਾਂ ਦਾ ਦੀਵਾਨ ਖਤਮ ਹੋ ਗਿਆ ਹੋਵੇਗਾ। ਉਮੀਦ ਹੈ ਮਾਤਾ ਜੀ ਹਿੰਮਤ ਕਰਕੇ ਜਾ ਆਏ ਹੋਣਗੇ। ਐਤਵਾਰ ਜੇਕਰ ਦਿਲ ਕਰ ਆਵੇ ਤਾਂ ਮਸਤੀ ਵਿੱਚ ਸਾਰੇ ਪਾਠ, ਆਸਾ ਦੀ ਵਾਰ ਸਣੇ, ਕਰ ਛੱਡਦਾ ਹਾਂ। ਕਦੇ ਕਦੇ ਸਵੇਰੇ ਸਟੇਡੀਅਮ ਚਲਾ ਜਾਂਦਾ ਸੀ ਪਰੰਤੂ ਹੁਣ ਠੰਡ ਵੱਧ ਗਈ ਹੈ ਅਤੇ ਕਮਰੇ ਵਿਚ ਹੀ ਕਸਰਤ ਕਰ ਲੈਂਦਾ ਹਾਂ ।

ਇੱਥੇ ਤਾਂ ਕੁੜੀਆਂ ਦੇ ਸਰੀਰ ਬੰਦਿਆਂ ਤੋਂ ਵੀ ਤਕੜੇ ਹਨ। ਹਾਲੈਂਡ ਵਿਚ ਜੇਕਰ ਕੁਆਰੀ ਕੁੜੀ ਦਾ ਬੁਆਏ ਫਰੈਂਡ (ਦੋਸਤ) ਨਾ ਹੋਵੇ ਤਾਂ ਮਾਪੇ ਉਸ ਦੀ ਦਿਮਾਗੀ ਹਾਲਤ ਬਾਰੇ ਚਿੰਤਾ ਕਰਦੇ ਹਨ ਅਤੇ ਡਾਕਟਰ ਦਾ ਸਲਾਹ ਮਸ਼ਵਰਾ ਲੈਂਦੇ ਹਨ। ਕਿੰਨਾ ਜਮੀਨ ਅਸਮਾਨ ਦਾ ਫਰਕ ਹੈ ਸਾਡੇ ਦੇਸ਼ ਅਤੇ ਪੱਛਮੀ ਦੁਨੀਆਂ ਵਿਚ। ਇੱਥੇ ਕੁਆਰਾਪਨ ਲੱਭਣਾ ਇਕ ਬੁਝਾਰਤ ਬਣ ਗਈ ਹੈ। ਇਥੇ ਵਿਆਹ ਬਾਅਦ ਵੀ ਤਸੱਲੀ ਨਹੀਂ। ਮੇਰਾ ਦੋਸਤ ਦੱਸਦਾ ਹੈ ਕਿ ਉਸ ਦੀ ਸੈਕਟਰੀ ਪੰਜ ਦਿਨ ਘਰਵਾਲੇ ਕੋਲ ਅਤੇ ਦੋ ਦਿਨ (ਵੀਕਐਂਡ) ਆਪਣੇ ਦੋਸਤਾਂ ਨਾਲ ਮਜੇ ਕਰਦੀ ਹੈ। ਇਹ ਆਜ਼ਾਦੀ ਹੀ ਦੁੱਖ ਦਾ ਕਾਰਨ ਬਣ ਜਾਂਦੀ ਹੈ। ਅੱਗ ਦੇ ਭਾਂਬੜ ਪਾਣੀ ਨਾਲ ਕਿੱਥੇ ਬੁੱਝਦੇ ਹਨ। ਪੱਛਮ ਦੀ ਦੁਨੀਆਂ ਤੋਂ ਗੁਰੂ ਹੀ ਬਚਾਏ।

ਮੇਰੇ ਖੋਜ ਕੰਮ ਦਾ ਫਿਕਰ ਨਾ ਕਰ। ਮੇਰਾ ਚੀਨੀ ਗਾਈਡ ਖੁਸ਼ ਹੈ। ਜੂਨ ਮਹੀਨੇ ਦਾ ਕੰਮ ਮਈ ਵਿਚ ਹੀ ਮੁਕਾ ਦਿੱਤਾ। ਮਨਮੋਹਨ ਸਿੰਘ ਜਰਮਨੀ ਤੋਂ ਕੈਮਰਾ ਲਿਆ ਰਿਹਾ ਹੈ। ਫੋਟੋਆਂ ਭੇਜਣ ਵਿੱਚ ਸਹੂਲਤ ਹੋ ਜਾਵੇਗੀ। ਅਜੇ ਤਾਂ ਆਪਣੇ ਦੋਸਤਾਂ ਦੀ ਦਰਿਆ ਦਿਲੀ ਤੇ ਨਿਰਭਰ ਰਹਿਣਾ ਪੈਂਦਾ ਹੈ।

ਤੇਰਾ
ਹਰਦੇਵ

ਪੈਰਿਸ
18.5.71

ਮੇਰੀ ਪਿਆਰੀ ਰਾਨੀ,

ਸਤਿ ਸਿਰੀ ਅਕਾਲ। ਕਿੱਥੇ ਅਸੀਂ ਗਲਾਂ ਕਰੀਏ ਪੱਛਮ ਦੇ ਖੁੱਲ੍ਹੇ ਡੁੱਲ੍ਹੇ ਪਿਆਰ ਦੀਆਂ। ਅਸੀਂ ਤਾਂ ਚਿੱਠੀ ਵਿਚ ਵੀ ਡਰਦੇ 'ਪਿਆਰੀ' ਅੱਖਰ ਲਿਖਣ ਤੋਂ ਝਿਜਕਦੇ ਹਾਂ ਮਤਾਂ ਕੋਈ ਪੜ੍ਹ ਨਾ ਲਵੇ – ਕੋਈ ਸੁਣ ਨਾ ਲਵੇ। ਹੈ ਵੀ ਸੱਚ ਇੱਥੇ ਤਾਂ ਚੰਗੀਆਂ ਟਿਕਟਾਂ ਵੇਖ ਕੇ ਅਗਲੇ ਚਿੱਠੀ ਗਾਇਬ ਕਰ ਦੇਂਦੇ ਹਨ। ਸੋ ਸਾਡੇ ਪਿਆਰ ਵੀ ਦੱਬੇ ਦੱਬੇ ਅੱਗ ਦੀ ਧੂਣੀ ਵਾਂਗ ਸੁਲਗਦੇ ਰਹਿੰਦੇ ਹਨ। ਇਸ ਸੁਲਗਣ ਵਿਚ ਵੀ ਕੋਈ ਸਵਾਦ ਹੈ – ਕੋਈ ਰਮਜ਼ ਹੈ। ਭਾਂਬੜ ਤਾਂ ਝਟਪਟ ਬਲਦੇ ਤੇ ਬੁੱਝਦੇ ਹਨ, ਇਹ ਨਿਰੰਤਰ ਜਾਰੀ ਰਹਿਦਾ ਕੋਈ ਕ੍ਰਿਸ਼ਮਾ ਹੈ। ਇਸ ਵਾਰ ਕਿਹਾ ਸੀ ਕਿ ਕਿਤੋਂ ਕੁਝ ਲੱਭੀਏ ਲਿਖਣ ਲਈ ਪਰ ਆਪੇ ਹੀ ਮਿਸਾਲਾ ਲੱਭ ਪੈਂਦਾ ਹੈ। ਸ਼ਨੀਵਾਰ ਇਕ ਫਰਾਂਸੀਸੀ ਮੁੰਡੇ ਦੇ ਘਰ ਗਏ ਸੀ, ਸ਼ਾਮ ਨੂੰ ਕਾਕਟੇਲ (Cocktail) ਪਾਰਟੀ ਦਾ ਸੱਦਾ ਸੀ। ਸ਼ਾਇਦ ਮੈਂ ਪਿਛਲੇ ਖਤ ਵਿਚ ਸੱਦਾ ਦਾ ਜਿਕਰ ਕਰ ਦਿੱਤਾ ਹੋਵੇ ਜਦੋਂ ਇਕ ਫਰਾਂਸੀਸੀ ਟੱਬਰ ਦੇ ਘਰ ਰੋਟੀ ਖਾਣ ਗਿਆ ਸੀ।

ਇਹ ਮੁੰਡਾ ਬਲਕਿ ਇਹ ਦੋਵੇਂ ਜੋੜੇ ਭਰਾ ਇਕ ਐਸੀ ਹੀ ਦਾਅਵਤ ਉਪਰ ਫੈਲਸੀਆ ਦੇ ਘਰ ਮਿਲੇ ਸਨ। ਇਸ ਨੇ ਫੋਟੋਆਂ ਵੀ ਖਿਚੀਆਂ ਸਨ। ਮੈਂ ਸੋਚਿਆ ਫੋਟੋਆਂ ਮਿਲ ਜਾਣਗੀਆਂ ਅਤੇ ਫੈਲੀਸੀਆ ਦੇ ਦਰਸ਼ਨ ਵੀ ਹੋ ਜਾਣਗੇ। ਇਹ ਫੋਟੋਆਂ ਜਨਵਰੀ ਵਿੱਚ ਫੈਲੀਸੀਆਂ ਦੇ ਘਰ ਹੀ ਖਿੱਚੀਆਂ ਸਨ ਪਰੰਤੂ ਇਨ੍ਹਾਂ ਦੀ ਕੋਈ ਉਘ ਸੁੱਘ ਨਾ ਮਿਲੀ। ਇਸ ਮੁੰਡੇ ਨੇ ਯੂਰਪੀ ਦੇਸ਼ਾਂ ਦੀ ਵਧੀਆ ਤੋਂ ਵਧੀਆ ਸ਼ਰਾਬ ਇਕੱਠੀ ਕੀਤੀ ਤਾਂ ਕਿ ਕਾਕਟੇਲ ਦਾ ਮਜ਼ਾ ਆ ਜਾਵੇ। ਕੁੜੀਆਂ ਤਾਂ ਗਟ ਗਟ ਕਰਕੇ ਸ਼ਰਾਬ ਪੀ ਜਾਣ ਪਰੰਤੂ ਮੇਰੇ ਮੁਆਫਕ ਨਾ ਬੈਠੀ। ਇਹਦੇ ਘਰ ਲੀਚੀਆਂ ਦਾ ਡੱਬਾ ਅਤੇ ਅੰਬ ਦਾ ਜੂਸ ਸੀ, ਜੋ ਮੇਰੇ ਕੰਮ ਆ ਗਿਆ। ਇੱਥੇ ਸਭ ਦੇਸ਼ਾਂ ਤੋਂ ਇਮਪੋਰਟਡ ਸਮਾਨ ਮਿਲ ਜਾਂਦਾ ਹੈ ਅਤੇ ਜੂਸ ਬੰਬੇ ਤੋਂ ਆਇਆ ਸੀ। ਸੇਵਾ ਦਾ ਅੰਦਾਜ਼ਾ ਹੱਥ ਪੂੰਝਣ ਵਾਲੇ ਕਾਗਜ਼ ਤੋਂ ਕਰ ਲੈਣਾ ਜੋ ਜਪਾਨ ਤੋਂ ਆਇਆ ਹੈ। ਮੈਂ ਕਿਹਾ ਇਸ ਨੂੰ ਕੀ ਵਰਤਣਾ ਹੈ, ਆਪਣੀ ਮੇਮ ਨੂੰ ਚਿਠੀ ਰਾਹੀਂ ਭੇਜਾਂਗਾ।

ਫੋਟੋਆਂ ਭੇਜਣ ਖਾਤਰ ਹੀ ਕੱਲ੍ਹ ਚਿੱਠੀ ਨਹੀਂ ਲਿਖੀ। ਆਪਣੀ ਫੋਟੋ ਤੇ

ਯਕੀਨ ਹੀ ਨਹੀਂ ਆ ਰਿਹਾ ਸੀ। ਫਿਰ ਸੋਚਿਆ ਜੋ ਚੰਗੀ ਚੀਜ ਲੱਗੇ ਉਹ ਸਾਂਭ ਕੇ ਨਹੀਂ ਰੱਖਣੀ ਚਾਹੀਦੀ। ਸਭ ਫੋਟੋਆਂ ਤੇਰੇ ਵੱਲ ਹੀ ਭੇਜ ਰਿਹਾਂ ਹਾਂ। ਫੈਲੀਸੀਆ ਦੇ ਘਰ ਦੀ ਪਾਰਟੀ ਤੇ ਵੀ ਮੇਰੇ ਗਲਾਸ ਵਿਚ ਕੋਕਾ ਕੋਲਾ ਹੀ ਸੀ ਪਰ ਮਸਤੀ ਸ਼ਰਾਬ ਤੋਂ ਵੀ ਵੱਧ ਨਜ਼ਰ ਆ ਰਹੀ ਸੀ। ਗਰੁੱਪ ਫੋਟੋ ਵਿਚ ਫੈਲੀਸੀਆ ਰਸੋਈ ਵਾਲੇ ਕੱਪੜਿਆਂ ਵਿਚ ਬੈਠੀ ਹੈ, ਨਾਲ ਈਕੁਆਡੋਰ ਦੀ ਕੁੜੀ ਅਤੇ ਫਰੈਂਚ ਮੁੰਡੇ ਦਾ ਭਰਾ ਹੈ। ਪਿੱਛੇ ਐਨਕ ਵਾਲੀ ਪੋਲੈਂਡ ਦੀ ਰੀਟਾ, ਨਾਲ ਇਟਲੀ ਦੀ ਅਧਕੜ ਉਮਰ ਦੀ ਮੇਮ, ਇਕ ਪੰਜਾਬੀ ਸਰਦਾਰ ਜੋ ਤੂੰ ਜਾਣਦੀ ਹੈਂ, ਨਾਲ ਵੈਨਜ਼ੁਏਲਾ ਦਾ ਟੋਰੋ ਅਤੇ ਮਛਟੰਡੀ ਜਹੀ ਫੈਲੀਸੀਆ ਦੀ ਵੱਡੀ ਭੈਣ ਹੈ। ਇਹ ਮਾਂ ਵਲੋਂ ਸੱਕੀ ਭੈਣ ਹੈ ਪਰ ਪਿਉ ਵਲੋਂ ਮਤਰੇਈ ਜੋ ਪੈਰਿਸ ਵਿਚ ਹੀ ਰਹਿੰਦੀ ਹੈ ਅਤੇ ਫਰਾਂਸੀਸੀ ਮੁੰਡੇ ਨਾਲ ਵਿਆਹੀ ਹੋਈ ਹੈ। ਤੇਰੀ ਆਮ ਜਾਣਕਾਰੀ ਘੱਟ ਹੈ, ਸੋ ਇਕ ਚੰਗੀ ਐਟਲੈਸ ਖਰੀਦ ਕੇ ਲਿਆ ਅਤੇ ਸਭ ਦੇਸ਼ਾਂ ਦੀ ਜਾਣਕਾਰੀ ਪ੍ਰਾਪਤ ਕਰ ਲੈ।

ਦੂਜੀ ਫੋਟੋ ਹੋਰ ਵੀ ਕਮਾਲ ਦੀ ਹੈ। ਫੈਲੀਸੀਆ ਦਾ ਦੋਸਤ ਉਸਦੀ ਬਾਂਹ 'ਚ ਬਾਂਹ ਪਾ ਕੇ ਬੈਠਾ ਹੈ। ਫੈਲੀਸੀਆ ਨੇ ਸਮਿਟਰੀ ਬਣਾਉਣ ਖਾਤਰ ਮੇਰੀ ਬਾਂਹ 'ਚ ਬਾਂਹ ਪਾ ਰੱਖੀ ਹੈ। ਗਹੁ ਨਾਲ ਨਾ ਵੇਖਿਆ ਜਾਵੇ ਤਾਂ ਪਤਾ ਨਹੀਂ ਲੱਗਦਾ। ਮੇਰਾ ਖਿਆਲ ਹੈ ਕਿ ਤੂੰ ਹੁਣ ਏਨੀ ਕਮਜੋਰ ਨਹੀਂ ਕਿ ਮੇਰੀ ਫੋਟੋ ਵੇਖ ਕੇ ਘਬਰਾ ਜਾਵੇਂ। ਹੋਰਨਾਂ ਨੂੰ ਬਾਕੀ ਫੋਟੋ ਵਿਖਾ ਛਡਣੀਆਂ ਕਿਉਂਕਿ ਪਿਆਰ ਭਰੇ ਅੰਦਾਜ਼ ਵਿਚ ਬੈਠਿਆਂ ਲੋਕੀਂ ਸ਼ੱਕ ਦੀ ਨਿਗਾਹ ਨਾਲ ਹੀ ਵੇਖਣਗੇ। ਮੇਰੇ ਬਿੰਕੂ ਸੇਠ (ਸਭ ਤੋਂ ਛੋਟੇ ਪੁੱਤਰ) ਨੂੰ ਜਰੂਰ ਵਿਖਾ ਦੇਣੀ। ਹੈਰਾਨੀ ਦੀ ਗੱਲ ਹੈ ਜਦੋਂ ਦੋ ਸਾਲ ਬਾਅਦ ਮੈਂ ਪਟਿਆਲੇ ਵਾਪਸ ਪਰਤਿਆ ਤਾਂ ਮੇਰੀ ਘਰਵਾਲੀ ਨੇ ਜਾਣ ਪਹਿਚਾਣ ਕਰਾਉਣ ਖਾਤਰ ਮੇਰੇ ਪੁੱਤਰ ਨੂੰ ਕਿਹਾ 'ਤੇਰਾ ਪਾਪਾ ਆ ਗਿਆ ਹੈ।' ਉਸ ਨੇ ਨਾਹ ਵਿਚ ਸਿਰ ਹਿਲਾ ਕੇ ਮੇਰੀ ਫੋਟੋ ਵੱਲ ਇਸ਼ਾਰਾ ਕਰਦੇ ਹੋਏ ਕਿਹਾ, 'ਉਹ ਪਾਪਾ ਹੈ'।

ਐਤਵਾਰ ਮੇਰੇ ਹੋਸਟਲ ਵਿਚ ਇਕ ਦਿੱਲੀ ਦਾ ਸਰਦਾਰ ਮੁੰਡਾ ਆ ਟਪਕਿਆ। ਉਹ ਆਪਣੀ ਅਸਟਰੇਲੀਅਨ ਸਹੇਲੀ ਨਾਲ ਦੁਨੀਆਂ ਦੀ ਸੈਰ ਤੇ ਨਿਕਲਿਆ ਸੀ ਅਤੇ ਪੁੱਛਦਾ ਪੁੱਛਾਂਦਾ ਮੇਰੇ ਕਮਰੇ ਵਿਚ ਪਹੁੰਚ ਗਿਆ। ਉਸ ਦੀ ਸਹੇਲੀ ਡਾਕਟਰੀ ਦੀ ਪੜ੍ਹਾਈ ਪੂਰੀ ਕਰਕੇ ਇੰਗਲੈਂਡ ਟ੍ਰੇਨਿੰਗ ਕਰਨ ਜਾ ਰਹੀ ਸੀ। ਅਸੀਂ ਪੈਰਿਸ ਤੋਂ ਗੱਡੀ ਤੇ ਸਵਾਰ ਹੋ ਕੇ ਰਾਮਾ ਕ੍ਰਿਸ਼ਨਾ ਆਸ਼ਰਮ ਪਹੁੰਚ ਗਏ। ਇਹ ਆਸ਼ਰਮ ਫਰਾਂਸੀਸੀ ਲੇਖਕ ਰੋਮੇਨ ਰੋਲੈਂਡ ਦੀ ਜਾਇਦਾਦ

(ਐਸਟੇਟ) ਉਪਰ ਬਣਿਆ ਹੋਇਆ ਹੈ। ਰੋਮੇਨ ਨੇ ਰਾਮਾ ਕ੍ਰਿਸ਼ਨਾ ਦੀ ਜੀਵਨੀ ਫਰਾਂਸੀਸੀ ਭਾਸ਼ਾ ਵਿਚ ਲਿਖੀ ਹੈ ਜਿਸ ਕਰਕੇ ਬਹੁਤ ਸਾਰੇ ਫਰਾਂਸੀਸੀ ਉਸ ਦੇ ਮੁਰੀਦ ਬਣ ਗਏ ਹਨ। ਜਦੋਂ ਅਸੀਂ ਆਸ਼ਰਮ ਵਿਚ ਪਹੁੰਚੇ ਤਾਂ ਇਕ ਫਰਾਂਸੀਸੀ ਕੁੜੀ ਸਿਤਾਰ ਨਾਲ ਬੰਗਾਲੀ ਵਿਚ ਭਜਨ ਗਾ ਰਹੀ ਸੀ। ਲਗਭੱਗ 200 ਦੇ ਕਰੀਬ ਲੋਕ ਆਸ਼ਰਮ ਵਿਚ ਭਜਨ ਅਤੇ ਕਥਾ ਸੁਨਣ ਪਹੁੰਚੇ ਹੋਏ ਸਨ। ਅਸੀਂ ਇੱਥੋਂ ਦੇ ਸ਼ਾਂਤਮਈ ਮਾਹੌਲ ਦਾ ਅਨੰਦ ਮਾਣਿਆ ਅਤੇ ਲੰਗਰ ਛਕ ਕੇ ਵਾਪਸ ਪੈਰਿਸ ਪਰਤ ਆਏ। ਤਫਰੀਹ ਖਾਤਰ ਫਿਰ ਵੀ ਇਸ ਆਸ਼ਰਮ ਦਾ ਚੱਕਰ ਲਗਾਇਆ ਕਰਾਂਗਾ।

ਮੁਆਫ ਕਰਨਾ ਮੈਂ ਕਾਫੀ ਸੁਨਾਹ ਭੇਜ ਦਿੱਤੇ ਸਨ ਅਤੇ ਕਈ ਮੰਗਾਂ ਕਰ ਲਈਆਂ। ਤੂੰ ਔਖੀ ਹੋ ਕੇ ਵੀ ਸਾਰੇ ਕੰਮ ਪੂਰੇ ਕਰ ਦਿੱਤੇ। ਮੈਨੂੰ ਪਤਾ ਸੀ ਕਿ ਮੇਰਾ ਪਾਰਸਲ ਲਿਮਿਟ ਤੋਂ ਉਪਰ ਹੋ ਗਿਆ ਹੈ ਜਿਸ ਕਰਕੇ ਕਸਟਮ ਵਾਲੇ ਡਿਊਟੀ ਲਗਾ ਸਕਦੇ ਸਨ। ਸੋ ਭੇਜੀਆਂ ਹੋਈਆਂ ਕਮੀਜਾਂ ਡਿਊਟੀ ਲਗਾ ਕੇ ਦੁੱਗਣੇ ਰੇਟ ਤੇ ਪੈ ਗਈਆਂ। ਚਲੋ ਅੱਗੇ ਤੋਂ ਪਤਾ ਲੱਗ ਗਿਆ ਹੈ ਕਿ ਟੈਰੀਲੀਨ ਉਪਰ ਵੀ ਡਿਊਟੀ ਪੈਂਦੀ ਹੈ। ਪਿਛਲੀ ਵਾਰ ਤਾਂ ਹੱਦ ਹੋ ਗਈ ਸੀ। ਕਸਟਮ ਵਾਲਿਆਂ ਨੇ ਬੱਚਿਆਂ ਲਈ ਭੇਜਿਆ ਖਿਲੌਣਾ 'ਵੀਊ ਮਾਸਟਰ' ਕੈਮਰਾ ਸਮਝਕੇ ਜਬਤ ਹੀ ਕਰ ਲਿਆ। ਇੰਡੀਅਨ ਕਸਟਮ ਦੀ ਇਸ ਹਰਕਤ ਕਰਕੇ ਕਈ ਵਿਦਿਆਰਥੀ ਜੋ ਭਾਰਤ ਮੁੜੇ ਸਨ ਆਪਣੇ ਕੀਮਤੀ ਤੋਹਫਿਆਂ ਉਪਰ ਡਿਊਟੀ ਭਰ ਕੇ ਦੁਖੀ ਹੋ ਰਹੇ ਸਨ। ਮੈਂ ਵੀ ਸੋਚਿਆ ਹੈ ਕਿ ਵਜ਼ੀਫੇ ਤੋਂ ਬਚੀ ਰਕਮ ਸੈਰ ਸਪਾਟੇ ਉਪਰ ਹੀ ਖਰਚ ਕਰਾਂ। ਜੂਨ ਦੇ ਅਖੀਰ ਉਪਰ ਛੁੱਟੀਆਂ ਹੋਣਗੀਆਂ ਅਤੇ ਮੈਂ ਗੋਵਰਧਨਾ ਦੇ ਦੇਸ਼ ਯੂਗੋਸਲਾਵੀਆ ਜਾਣ ਦਾ ਪ੍ਰੋਗਰਾਮ ਬਣਾਇਆ ਹੈ। ਕੁਲ ਖਰਚਾ 1000 ਰੁਪਏ ਹੋਵੇਗਾ। ਫਰੈਂਚ ਭਾਸ਼ਾ ਦੀ ਜਮਾਤ ਹੁਣ ਹੋਰ ਕਿਤੇ ਸ਼ੁਰੂ ਹੋਵੇਗੀ।

ਸੱਚ ਡਾਕਟਰੀ ਟੈਸਟਾਂ ਦਾ ਨਤੀਜਾ ਆ ਗਿਆ ਹੈ। ਕਬਜ ਦਾ ਕਾਰਨ 'ਹੁੱਕ ਵਾਰਮ' ਕੀੜਾ ਹੈ। ਇਲਾਜ ਸ਼ੁਰੂ ਕਰ ਦਿੱਤਾ ਹੈ। ਮਿਊਂਸਪਲ ਕਮੇਟੀ ਦੇ ਕੰਮ ਆ ਕੇ ਕਰਵਾ ਦਿਆਂਗਾ। ਤੁਸੀਂ ਕਿਸੇ ਝੰਜਟ ਵਿਚ ਨਾ ਪੈਣਾ। ਰਾਜੇ, ਬੱਬਲ ਅਤੇ ਬਿੰਕੂ ਨੂੰ ਪਿਆਰ ਸਹਿਤ ਗਲਵਕੜੀ। ਮਾਤਾ ਜੀ ਨੂੰ ਮੱਥਾ ਟੇਕਣਾ।

ਤੇਰਾ
ਹਰਦੇਵ

ਪੈਰਿਸ
3.6.71

ਮੇਰੀ ਪਿਆਰੀ ਰਨਜੀਤ

ਜਦੋਂ ਪੈਰਿਸ ਵਿਚ ਪਹੁੰਚਿਆ ਤਾਂ ਪਹਿਲਾ ਖਤ ਜਰਮਨੀ ਤੋਂ ਮਨਮੋਹਨ ਦਾ ਹੀ ਆਇਆ। ਮੈਂ ਸਦਾ ਉਡੀਕਦਾ ਰਹਿੰਦਾ ਉਹ ਕਦੋਂ ਪੈਰਿਸ ਮਿਲਣ ਆਵੇਗਾ। ਕਈ ਉਡੀਕਾਂ ਬਾਅਦ ਜਦ ਉਹ ਆਇਆ ਤਾਂ ਸਿੱਧਾ ਮੇਰੀ ਲੈਬ ਵਿਚ ਹੀ ਪਹੁੰਚ ਗਿਆ। ਮੈਂ ਹੈਰਾਨ ਹੋ ਰਿਹਾ ਸਾਂ ਕਿਵੇਂ ਮੇਰੀ ਲੈਬ 'ਚ ਪਹੁੰਚ ਗਿਆ। ਇੱਥੇ ਤਾਂ ਨਾਲ ਦੇ ਕਮਰੇ ਵਾਲੇ ਨੂੰ ਵੀ ਨਹੀਂ ਪਤਾ ਹੁੰਦਾ ਕਿਉਂ ਕਿ ਸਭ ਆਪਣੇ ਕੰਮ ਵਿਚ ਮਸਰੂਫ ਰਹਿੰਦੇ ਹਨ। ਉਹ ਕਾਫੀ ਸਮਝਦਾਰ ਹੈ ਅਤੇ ਮੇਰੀ ਚਿੱਠੀ ਵਿਚ ਦੱਸੇ ਪਤੇ ਉਪਰ ਯੂਨੀਵਰਸਿਟੀ ਪਹੁੰਚ ਗਿਆ। ਇਕ ਗੋਰੀ ਮੇਮ ਦੱਸਣ ਆਈ ਕਿ ਮੇਰਾ ਪ੍ਰਾਹੁਣਾ ਕਿਸੇ ਨਾਲ ਉਪਰ ਆ ਰਿਹਾ ਹੈ। ਪਗੜੀ ਵਾਲਾ ਮੈਂ ਇਕੱਲਾ ਹੀ ਸਰਦਾਰ ਹਾਂ ਅਤੇ ਜਦੋਂ ਕੋਈ ਹੋਰ ਸਿੱਖ ਪੈਰਿਸ ਵਿਚ ਆ ਜਾਵੇ ਤਾਂ ਸਭ ਸਮਝਦੇ ਹਨ ਕਿ ਮੇਰਾ ਹੀ ਪ੍ਰਾਹੁਣਾ ਹੋਵੇਗਾ।

ਇਹ ਮਿਲਣੀ ਸਾਡੀਆਂ ਉਮੀਦਾਂ ਤੋਂ ਉਲਟ ਇਉਂ ਲੱਗੀ ਜਿਵੇਂ ਉਹ ਇੱਥੇ ਹੀ ਰਹਿੰਦਾ ਹੋਵੇ ਕਿਉਂਕਿ ਅਸੀਂ ਆਪਣੇ ਆਪ ਨੂੰ ਯੂਰਪ ਵਿਚ ਸਮੋ ਲਿਆ ਹੈ। ਇੱਥੋਂ ਦੇ ਬਜ਼ਾਰ, ਗਲੀਆਂ ਅਤੇ ਲੋਕ ਸਾਡੇ ਆਪਣੇ ਹੀ ਲੱਗਦੇ ਹਨ। ਪਰ ਇਕ ਦੀ ਥਾਂ ਦੋ ਪੱਗਾਂ, ਦੂਸਰਾ ਹੋਰ ਵੀ ਸੋਹਣਾ ਅਤੇ ਜਵਾਨ ਵੇਖ ਸਾਰੇ ਹੈਰਾਨ ਹੋ ਰਹੇ ਸਨ। ਮੈਨੂੰ ਜਾਪ ਰਿਹਾ ਸੀ ਪੈਰਿਸ ਵਿਚ ਸਵਾ ਲੱਖ ਨਹੀਂ ਇਕ ਵੱਡੀ ਸਾਰੀ ਸਿੱਖ ਫੌਜ ਆ ਗਈ ਹੈ। ਡਾ. ਮਲਿਕ ਹੋਰਾਂ ਨਾਲ ਮੁਲਾਕਾਤ ਕਰਵਾ ਕੇ ਅਸੀਂ ਦੋਵੇਂ ਪੈਰਿਸ ਦੇ 'ਕਾਰਤੀਏ ਲਾਤਾਂ' ਵਿਚ ਘੁੰਮਣ ਚਲੇ ਗਏ। ਇਹ ਪੈਰਿਸ ਦਾ ਉਹ ਮਸ਼ਹੂਰ ਇਲਾਕਾ ਹੈ ਜਿੱਥੇ ਵਿਦਿਆਰਥੀਆਂ ਦਾ ਹੜ੍ਹ ਵਗਦਾ ਹੈ। ਸਵੇਰ ਦੇ ਚਾਰ ਵਜੇ ਤੱਕ ਰੈਸਤੋਰਾਂ ਖੁੱਲ੍ਹੇ ਰਹਿੰਦੇ ਹਨ।

ਹੋਸਟਲ ਪਰਤਣ ਤੋਂ ਪਹਿਲਾਂ ਅਸੀਂ ਪੈਰਿਸ ਦੀ ਸੁੰਦਰ ਮਸਜਿਦ ਵੇਖਣ ਗਏ। ਇਹ ਮੇਰੇ ਰਸਤੇ ਵਿਚ ਹੀ ਪੈਂਦੀ ਹੈ। ਇੱਥੇ ਕਾਫ਼ੀ ਅਤੇ ਸ਼ਰਦਾਈ ਵਰਗਾ ਸ਼ਰਬਤ ਮਿਲਦਾ ਹੈ। ਮਨਮੋਹਨ ਕਹਿ ਰਿਹਾ ਸੀ ਕਿ ਇਹ ਤਾਂ ਪੰਜਾਬ ਦੀ ਸ਼ਰਦਾਈ ਵਰਗਾ ਸਵਾਦੀ ਹੈ। ਇਸ ਤੋਂ ਬਾਅਦ ਅਸੀਂ ਪੈਰਿਸ ਸ਼ਹਿਰ ਦਾ ਇਕ ਪਾਰਕ ਵੇਖਿਆ ਜਿੱਥੇ ਪ੍ਰੇਮੀ ਜੋੜੇ ਗਲਵਕੜੀ ਪਾਈ ਬੈਠੇ ਰਹਿੰਦੇ ਹਨ। ਅੱਜ ਪਤਾ ਨਹੀਂ ਕਿਉਂ ਸਾਡੇ ਦੋ ਸਰਦਾਰਾਂ ਨੂੰ ਵੇਖਣ ਲਈ ਉਹ ਗਲਵਕੜੀ

ਪਾਉਣੀ ਭੁੱਲ ਗਏ ਹੋਣ। ਯੂਨੀਵਰਸਿਟੀ ਰੈਸਤੋਰਾਂ ਵਿੱਚ ਡਿਨਰ ਕਰਨ ਗਏ ਤਾਂ ਸਭ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ 'ਸ਼ਾਪੋ ਸ਼ਾਪੋ'। ਇੱਥੇ ਸਿਰ ਢੱਕ ਕੇ ਰੈਸਤੋਰਾਂ ਜਾਂ ਥੀਏਟਰ ਵਿਚ ਜਾਣ ਦੀ ਇਜਾਜਤ ਨਹੀਂ। ਪਹਿਲਾਂ ਪਹਿਲਾਂ ਮੇਰੇ ਨਾਲ ਕਈ ਦਿਨ ਇਹ ਰੌਲਾ ਰੱਪਾ ਪੈਂਦਾ ਰਿਹਾ ਸੀ ਪਰੰਤੂ ਅੱਜ ਤਾਂ ਅਸੀਂ ਦੋ ਸਰਦਾਰ ਸਾਂ। ਕੁਝ ਚਿਰ ਪਲੇਟਾਂ ਖੜਕਾ ਕੇ ਫਰਾਂਸੀਸੀ ਮੁੰਡਿਆਂ ਨੇ ਆਪਣਾ ਚਾਅ ਪੂਰਾ ਕਰ ਲਿਆ। ਹਜ਼ਾਰਾਂ ਵਿਦਿਆਰਥੀ ਅੰਤਰ-ਰਾਸ਼ਟਰੀ ਕੈਂਪਸ ਵਿਚ ਰਹਿੰਦੇ ਹਨ। ਇੱਥੇ ਹਰ ਦੇਸ਼ ਦਾ ਆਪਣਾ ਹੋਸਟਲ ਹੁੰਦਾ ਹੈ। ਮੇਰੀ ਰਿਹਾਇਸ਼ ਇੰਡੀਅਨ ਹੋਸਟਲ ਵਿਚ ਹੈ। ਡਿਨਰ ਤੋਂ ਬਾਅਦ ਅਸੀਂ ਕੈਂਪਸ ਘੁੰਮਦੇ ਰਹੇ, ਸ਼ਾਮੋਂ ਦੇ ਹੋਸਟਲ ਅੱਗੋਂ ਲੰਘ ਕੇ ਚੰਡੀਗੜ੍ਹ ਵਾਲੇ ਮੁੰਡੇ ਕੋਲ ਚਾਹ ਪੀ ਕੇ, ਬਾਬਾ ਬਾਹਰੀ ਨਾਲ ਮੁਲਾਕਾਤ ਕੀਤੀ। ਬਾਹਰੀ ਸਾਹਿਬ ਪਿਲਾਨੀ ਤੋਂ ਪੈਰਿਸ ਕਈ ਵਾਰ ਆ ਚੁੱਕੇ ਹਨ ਅਤੇ ਇਸ ਸ਼ਹਿਰ ਨਾਲ ਇਸ਼ਕ ਹੋ ਗਿਆ ਹੈ। ਪੰਜਾਬੀ ਮੁੰਡੇ ਉਸ ਨੂੰ ਬਾਬਾ ਬਾਹਰੀ ਕਹਿ ਕੇ ਛੇੜਦੇ ਹਨ।

ਕਮਰੇ ਵਿਚ ਪਹੁੰਚ ਕੇ ਮੈਂ ਬੱਚਿਆਂ ਦੀਆਂ ਫੋਟੋਆਂ ਵਿਖਾਉਣ ਲੱਗਾ। ਬਿੰਕੂ ਦੀਆਂ ਫੋਟੋਆਂ ਬਹੁਤ ਪਿਆਰੀਆਂ ਹਨ। ਰਾਜੇ ਦੀ ਫੋਟੋ ਜਿਵੇਂ ਮੈਂ ਅੱਗੇ ਵੀ ਲਿਖਿਆ ਸੀ, ਕੁਝ ਕੁਝ ਸੂਦ ਦੇ ਦੀਪਕ ਨਾਲ ਰਲਦੀ ਹੈ। ਉਹ ਵੀ ਕਹਿ ਰਿਹਾ ਸੀ ਕਿ ਰਾਜਾ ਮਾੜਾ ਹੋ ਗਿਆ ਹੈ। ਰਾਜੇ ਦੀ ਸਿਹਤ ਦਾ ਖਿਆਲ ਰੱਖਣਾ। ਉਹ ਬਹੁਤ ਹੀ ਪਿਆਰਾ ਬੱਚਾ ਹੈ। ਇਹ ਸ਼ੁਰੂ ਤੋਂ ਹੀ ਜਿਆਦਾ ਤੇਰੇ ਨਾਲ ਰਹਿੰਦਾ ਹੈ। ਮੈਂ ਚਾਹੁੰਦਾ ਹਾਂ ਕਿ ਇਸ ਦੀ ਮਾਨਸਿਕ ਅਤੇ ਦਿਮਾਗੀ ਬਣਤਰ ਕੁਦਰਤੀ ਜੇਹੀ ਬਣੀ ਰਹੇ ਜੋ ਉਸ ਦੇ ਸੁਭਾਅ ਤੋਂ ਝਲਕ ਪੈਂਦੀ ਹੈ।

ਭੂਆ ਜੀ ਦਾ ਖਤ ਤੇਰੇ ਖਤ ਦੇ ਨਾਲ ਹੀ ਮਿਲ ਗਿਆ। ਜਾਪਦਾ ਹੈ ਖਤ ਉਪਰ ਐਡਰੈਸ ਤੇਰਾ ਹੀ ਲਿਖਿਆ ਹੋਵੇ। ਤੇਰੇ ਅਤੇ ਦਲਜੀਤ ਦੇ ਲਿਖਣ ਵਿਚ ਕੋਈ ਫਰਕ ਨਹੀਂ ਜਾਪਦਾ। ਉਹ ਵੀ ਲਿਖਦੇ ਹਨ, ਰਾਜਾ ਬੀਬਾ ਬੱਚਾ ਹੈ, ਬੱਬਲ ਸ਼ਰਾਰਤੀ ਅਤੇ ਬਿੰਕੂ ਸਵੀਟ। ਅੱਛਾ ਹੈ ਬੱਬਲ ਮੈਂ ਉਸ ਦੇ ਬਚਪਨ ਨੂੰ ਥੋੜਾ ਚਿਰ ਵੇਖਿਆ ਹੈ, ਬਿੰਕੂ ਦੇ ਬਚਪਨ ਬਾਰੇ ਮੇਰੇ ਅੰਦਾਜੇ ਹੀ ਰਹਿਣਗੇ। ਕਈ ਵਾਰ ਉਹ ਦਿਨ ਯਾਦ ਆ ਜਾਂਦਾ ਹੈ ਜਦੋਂ ਸਵੇਰੇ ਸਵੇਰੇ ਮੈਂ ਇਨ੍ਹਾਂ ਨੂੰ ਸੁੱਤਿਆਂ ਨੂੰ ਛੱਡ ਕੇ ਘਰੋਂ ਪੈਰਿਸ ਵੱਲ ਰਵਾਨਾ ਹੋ ਗਿਆ ਸਾਂ। ਜਾਂ ਉਹ ਕਰਨਾਲ ਦੀ ਬੱਸ ਵਿਚ ਬੈਠਾ ਭਾਈ ਜਿਸ ਨੇ ਸਾਨੂੰ ਦੋਹਾਂ ਨੂੰ ਪਹਿਲਾਂ ਹੀ ਨਿਖੇੜ ਛੱਡਿਆ ਸੀ। ਅਸੀਂ ਵੀ ਸੰਗ ਦੇ ਮਾਰੇ ਅਲੱਗ ਹੀ ਬੈਠੇ ਰਹੇ। ਅੱਛਾ ਹੁੰਦਾ ਕਿ ਤੂੰ ਵੀ

ਯੂਰਪ ਘੁੰਮ ਸਕਦੀ। ਪਰ ਇਹ ਸੰਭਵ ਨਹੀਂ ਹੋ ਸਕਿਆ ਕੁਝ ਮੇਰੇ ਕਾਰਨ ਅਤੇ ਕੁਝ ਬੱਚਿਆਂ ਦੀ ਸਾਂਭ ਸੰਭਾਲ ਖਾਤਰ। ਤੇਰੀਆਂ ਜਿੰਮੇਵਾਰੀਆਂ ਵੇਖ ਕੇ ਮੈਂ ਤਾਂ ਹੈਰਾਨ ਹੁੰਦਾ ਹਾਂ, ਕਈ ਵਾਰ ਡਾ. ਮਲਿਕ ਵੀ ਹੈਰਾਨੀ ਜਾਹਰ ਕਰਦੇ ਹਨ ਕਿ ਤਿੰਨ ਬੱਚਿਆਂ ਦਾ ਪਾਲਣ ਪੋਸਣ ਕੋਈ ਸੌਖਾ ਕੰਮ ਨਹੀਂ ਹੈ।

ਯੂਗੋਸਲਾਵੀਆ ਦਾ ਪ੍ਰੋਗਰਾਮ ਰੁਕਦਾ ਲੱਗਦਾ ਹੈ ਕਿਉਂਕੇ ਕਾਨਫਰੰਸ ਵਿਚ ਜਾਣ ਲਈ ਫਰਾਂਸੀਸੀ ਸਰਕਾਰ ਵਿਦੇਸ਼ੀ ਸਕਾਲਰਾਂ ਨੂੰ ਵਜ਼ੀਫਾ ਨਹੀਂ ਦੇਂਦੀ। ਚੰਡੀਗੜ੍ਹ ਵਾਲੇ ਮੁੰਡੇ ਦੇ ਫਾਰਮ ਮੈਂ ਭੇਜੇ ਸਨ, ਉਸ ਦੀ ਕਿਸਮਤ ਚੰਗੀ ਹੈ ਅਤੇ ਇਟਲੀ ਜਾਣ ਦਾ ਫਜ਼ੀਫਾ ਮਿਲ ਗਿਆ ਹੈ ਕਿਉਂਕਿ ਉਹ ਪੀ.ਐਚ.ਡੀ. ਹੈ, ਹੋ ਸਕਦਾ ਹੈ ਮੈਨੂੰ ਵੀ ਇਟਲੀ ਤੋਂ ਖਤ ਆ ਜਾਵੇ ਪਰ ਅਜੇ ਕੋਈ ਉਮੀਦ ਨਹੀਂ। ਇਸ ਕਰਕੇ ਹੀ ਮੈਂ ਰਾਨੇ ਦਾ ਪਤਾ ਮੰਗ ਭੇਜਿਆ ਹੈ। ਉਹ ਇਟਲੀ ਦੇ ਤੋਰੀਨੋ ਸ਼ਹਿਰ ਵਿਚ ਰਹਿੰਦਾ ਹੈ ਅਤੇ ਮਿਲਣਸਾਰ ਬੰਦਾ ਹੈ।

ਕਮੀਜਾਂ ਲਈਆਂ ਸਨ, ਇੱਥੇ ਤਾਂ ਤੰਗ ਕਪੜੇ ਹੀ ਪਹਿਨਦੇ ਹਨ ਜੋ ਮੈਨੂੰ ਠੀਕ ਨਹੀਂ ਲੱਗਦੇ। ਬਿੰਕੂ ਦੇ ਕੱਪੜੇ ਛੋਟੇ ਸਾਈਜ਼ ਦੇ ਲਏ ਹਨ ਪਰੰਤੂ ਕੋਟ 6 ਮਹੀਨੇ ਦੇ ਬੱਚੇ ਦਾ ਲਿਆ ਹੈ। ਫੋਟੋਆਂ ਤੋਂ ਜਾਪਦਾ ਹੈ ਕਿ ਬਿੰਕੂ ਸੇਠ ਹੁਣੇ ਹੀ ਗੁਲਗੁਲਾ ਜਿਹਾ ਹੈ। ਸੱਚ ਟੇਪ ਰੀਕਾਰਡ ਤਾਂ ਜਰਮਨੀ ਤੋਂ ਮਨਮੋਹਨ ਸਿੰਘ ਲੈ ਆਇਆ ਹੈ। ਹੁਣ ਵੀ ਪੰਜਾਬੀ ਗਾਣੇ ਸੁਣ ਰਿਹਾ ਹਾਂ। ਗੀਤ ਵੀ ਕਮਾਲ ਦਾ ਹੈ: 'ਘਰ 'ਚ ਸੰਧੂਰੀ ਅੰਬੀਆਂ, ਕਾਹਨੂੰ ਚੂਪਦੇਂ ਚਰੀ ਦੇ ਟਾਂਡੇ।' ਪੰਜਾਬਣ ਜੱਟੀ ਦਾ ਮੇਹਣਾ ਵੀ ਗਜ਼ਬ ਦਾ ਹੈ। 'ਮੇਮਾਂ ਤਾਂ ਚਰੀ ਦੇ ਚੂਪੇ ਟਾਂਡੇ ਹੀ ਹਨ।' ਇਸ ਗੀਤ ਦੇ ਬੋਲਾਂ ਨੇ ਲੋਹੜਾ ਲਿਆ ਦਿੱਤਾ ਹੈ। ਭਾਵੇਂ ਸਾਡੀ ਅੰਬੀ ਸੰਧੂਰੀ ਤਾਂ ਨਹੀਂ ਪਰ ਅਸੀਂ ਚਰੀ ਦੇ ਟਾਂਡੇ ਚੂਪਣ ਤੋਂ ਡਰਦੇ ਹਾਂ। ਅਸੀਂ ਸੰਧੂਰੀ ਦਿਨਾਂ ਦੀ ਯਾਦ ਵਿਚ ਜੀਅ ਕੇ ਦਿਲ ਪ੍ਰਚਾਵਾ ਕਰ ਲੈਂਦੇ ਹਾਂ।

ਰੱਸ਼ੀਅਨ ਪ੍ਰੋਫੈਸਰ ਇਵੀਲੀਨਾ ਦਾ ਖਤ ਆਇਆ ਹੈ। ਨਿਮਾਣੀ ਹੋ ਕੇ ਲਿਖਦੀ ਹੈ: 'ਸ਼ਾਇਦ ਮੇਰਾ ਵਿਆਹ ਨਾ ਹੋਵੇ ਅਤੇ ਸਾਰੀ ਉਮਰ ਕੰਵਾਰੀ ਹੀ ਰਹਾਂ।' ਉਹ ਅੱਗੇ ਲਿਖਦੀ ਹੈ: 'ਮੈਂ ਆਪਣੇ ਭਤੀਜੇ ਬੱਬਲ ਲਈ ਆਪਣੀ ਭਤੀਜੀ (ਭਰਾ ਦੀ ਲੜਕੀ) ਪੇਸ਼ ਕਰਦੀ ਹਾਂ। ਉਹ ਪਹਿਲਾਂ ਕਲਮੀ ਦੋਸਤ (Pen Friend) ਬਣਨਗੇ। ਜੇਕਰ ਦੋਸਤੀ ਕਾਇਮ ਰਹੀ ਤਾਂ ਸ਼ਾਦੀ ਵਿਚ ਤਬਦੀਲ ਹੋ ਜਾਵੇਗੀ।'

ਭੂਆ ਜੀ ਦੀ ਸੇਵਾ ਕਰੋ। ਉਹੀ ਨਿਮਾਣੀ ਮੇਰਾ ਰੋਲ ਮਾਡਲ ਬਣੀ ਹੈ। ਉਹ ਕਹਿੰਦੀ ਹੈ, 'ਦਾਦਾ ਆਪਣੇ ਪੋਤਰੇ ਵੇਖਣ ਕਿਉਂ ਨਹੀਂ ਆਉਂਦਾ?' ਚਲੋ ਉਸਦੀ ਮਰਜੀ। ਮਾਤਾ ਜੀ ਨੂੰ ਮੱਥਾ ਟੇਕਣਾ, ਭੂਆ ਜੀ ਨੂੰ ਸਤਿ ਸਿਰੀ ਅਕਾਲ, ਬੱਚਿਆਂ ਨੂੰ ਢੇਰ ਸਾਰਾ ਪਿਆਰ।

ਤੇਰਾ ਹਰਦੇਵ

ਪੈਰਿਸ
21.6.71

ਡੀਅਰ ਰਾਨੀ,

ਸਤਿ ਸਿਰੀ ਅਕਾਲ। ਅੱਗੇ ਤਾਂ ਇੰਤਜ਼ਾਰ ਪਿੱਛੋਂ ਨਿਰਾਸ਼ਾ ਹੀ ਹੋਈ ਹੈ ਪਰ ਇਸ ਵਾਰ ਨਿਰਾਸ਼ਾ ਦੀ ਹੱਦ ਟੱਪ ਜਾਵੇਗੀ ਕਿ ਮੇਰਾ ਖਤ ਦੋ ਹਫਤੇ ਵਿਚ ਵੀ ਪਹੁੰਚਾ ਨਹੀਂ। ਵੈਸੇ ਤਾਂ ਸੋਮਵਾਰ ਫੋਟੋਆਂ ਭੇਜ ਦਿੱਤੀਆਂ ਸਨ ਪਰ ਜੋ ਸਵਾਦ ਇਨ੍ਹਾਂ ਅੱਖਰਾਂ ਵਿਚ ਹੈ ਉਹ ਫੋਟੋ ਅਤੇ ਕਾਰਡ ਵਿਚ ਕਿੱਥੋਂ ਆਵੇ। ਕਾਰਨ ਤੈਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਮੈਂ ਹਮੇਸ਼ਾਂ ਖਤ ਸੋਮਵਾਰ ਉਡੀਕ ਕੇ ਜਵਾਬ ਦਿੰਦਾ ਹਾਂ ਤਾਂ ਕਿ ਦੂਸਰੇ ਪਾਸੇ ਦੀਆਂ ਕੁਝ ਖਬਰਾਂ ਵੀ ਮਿਲ ਜਾਣ। ਪਰ ਇਸ ਵਾਰ ਸ਼ਨੀਚਰਵਾਰ ਆ ਗਿਆ ਪਰ ਖਤ ਨਹੀਂ ਮਿਲਿਆ। ਤੇਰਾ 11 ਤਰੀਕ ਦਾ ਖਤ ਕੱਲ੍ਹ ਸ਼ਨੀਵਾਰ ਸ਼ਾਮ ਨੂੰ ਮਿਲ ਗਿਆ ਹੈ। ਮੇਰੇ ਉਪਰ ਗੁੱਸਾ ਤਾਂ ਤੇਰਾ ਅੱਗੇ ਹੀ ਬਹੁਤ ਹੈ, ਹੁਣ ਤਾਂ ਖਤ ਲਿਖਦਾ ਵੀ ਡਰਦਾ ਹਾਂ ਕਿ ਅਗਲੇ ਖਤ ਵਿਚ ਪਿਆਰ ਭਰੇ ਬੋਲ ਮਿਲਣਗੇ ਜਾਂ ਕੰਮਾਂ ਦੀ ਲਿਸਟ ਦਾ ਰੋਅਬ।

ਮੈਨੂੰ ਹਰ ਖਤ ਉਪਰ ਟਿਕਟ ਲਗਾ ਕੇ ਡਰ ਹੋ ਜਾਂਦਾ ਹੈ ਕਿ ਕੋਈ ਟਿਕਟ ਖਾਤਰ ਖਤ ਹੀ ਗੁੰਮ ਨਾ ਕਰ ਦੇਵੇ। 2 ਤਰੀਕ ਮਨਮੋਹਨ ਆ ਗਿਆ ਉਸ ਦਿਨ ਖਤ ਪਾ ਦਿੱਤਾ ਸੀ। ਉਸ ਦੀ ਮਿਲਣੀ ਦਾ ਹਾਲ 6 ਜਾਂ 7 ਤਰੀਕ ਦੇ ਖਤ ਵਿਚ ਲਿਖ ਦਿੱਤਾ ਸੀ। ਦੋਹਾਂ ਉਪਰ ਸੁੰਦਰ ਟਿਕਟਾਂ ਲਗਾਈਆਂ ਸਨ। ਉਸ ਤੋਂ 14 ਦਿਨ ਬਾਅਦ ਅੱਜ ਲਿਖ ਰਿਹਾ ਹਾਂ। ਦੂਸਰਾ ਦੇਰੀ ਦਾ ਕਾਰਨ ਖਤ ਲਈ ਕੋਈ ਕਹਾਣੀ ਨਹੀਂ ਲੱਭੀ ਸੀ, ਫੋਟੋ ਅਤੇ ਕਾਰਡ ਹੀ ਭੇਜ ਦਿੱਤੇ ਸਨ ਪਰ ਕੋਈ ਚਿੱਠੀ ਨਹੀਂ ਭੇਜੀ ਸੀ। ਕੁਝ ਤਾਂ ਡਾ. ਮਲਿਕ ਅਤੇ ਲਤਾ ਹੋਰੀਂ ਰਾਤ 10 ਵਜੇ ਤੱਕ ਮੇਰੇ ਕਮਰੇ ਵਿਚ ਰਹੇ ਜਿਸ ਕਰਕੇ ਐਤਵਾਰ ਖਤ ਨਾ ਲਿਖ ਸਕਿਆ। ਅਤੇ ਹਫਤਾ ਤਾਂ ਇਸ ਤਰ੍ਹਾਂ ਲੰਘਦਾ ਹੈ ਜਿਵੇਂ 5 ਸੈਕੰਡ ਹੀ ਹੋਏ ਹੋਣ। ਕੁਝ ਸੁਭਾ ਸ਼ਾਮ ਕਵੇਲਾ ਹੋ ਜਾਂਦਾ ਹੈ ਕੰਮ ਕਰਕੇ। ਤੇਰੇ ਭਾਣੇ ਇਹ ਕੰਮ ਦਿਮਾਗੀ ਹੈ ਪਰ ਖੁਰਦਬੀਨ (ਮਾਈਕਰੋਸਕੋਪ) ਤੇ ਸਾਰਾ ਦਿਨ ਕੰਮ ਕਰਕੇ ਅੱਖਾਂ ਥੱਕ ਜਾਂਦੀਆਂ ਹਨ ਅਤੇ ਨਾਲ ਹੀ ਸਰੀਰਕ ਥਕੇਵਾਂ ਹੋ ਜਾਦਾ ਹੈ। ਥੀਸਜ਼ ਲਿਖਣ ਸਮੇਂ ਦਿਮਾਗੀ ਕੰਮ ਵਧੇਰੇ ਹੋਵੇਗਾ। ਉਸ ਵਿਚ ਆਪਣੇ ਚੀਨੀ ਗਾਈਡ ਦੀ ਮੱਦਦ ਲੈਣੀ ਪਵੇਗੀ। ਸਾਰੇ ਖੋਜ ਪਰਚੇ ਫਰੈਂਚ ਭਾਸ਼ਾ ਵਿਚ ਹੋਣ ਕਰਕੇ ਅਤੇ ਹਿਸਾਬੀ ਗਿਣਤੀਆਂ ਮਿਣਤੀਆਂ ਲਈ ਉਸ ਦੀ ਮੱਦਦ ਉਡੀਕਦਾ ਰਹਿੰਦਾ ਹਾਂ।

ਰਾਤ ਨੂੰ ਅਖਬਾਰ ਪੜ੍ਹ ਕੇ ਜਾਂ ਕਦੇ ਗੀਤਾਂ ਦੀ ਮਿੱਠੀ ਗੂੰਜ ਵਿਚ ਆਪ ਮੁਹਾਰੇ ਨੀਂਦ ਆ ਜਾਂਦੀ ਹੈ। ਕਈ ਵਾਰ ਟੇਪ ਰੀਕਾਰਡ ਬੰਦ ਕਰਨਾ ਭੁੱਲ ਜਾਂਦਾ ਹਾਂ ਅਤੇ ਨੀਂਦ ਵਿਚੋਂ ਅਧਵਾਟੇ ਉਠ ਕੇ ਹੀ ਬੰਦ ਕਰਨਾ ਪੈਂਦਾ ਹੈ। ਇਸ ਗੀਤ ਵਿਚ ਤਾਂ ਲੋਹੜੇ ਦਾ ਨਿਹੋਰਾ ਹੈ 'ਘਰ ਵਿੱਚ ਸੰਧੂਰੀ ਅੰਬੀਆਂ, ਕਾਹਨੂੰ ਚੁਪਦੈਂ ਚਰ੍ਹੀ ਦੇ ਟਾਂਡੇਂ।' ਇਹ ਹੁਣ ਵੀ ਟੇਪ ਤੇ ਵੱਜ ਰਿਹਾ ਹੈ। ਸਾਉਣ ਦੇ ਕਾਲੇ ਬੱਦਲਾਂ ਦਾ ਗੀਤ ਵੀ ਲੋਹੜਾ ਲਿਆ ਦਿੰਦਾ ਹੈ। ਇਸ ਦੇ ਬੋਲ 'ਚੁੰਡੀਆਂ ਵੱਢ ਵੱਢ ਸਾਵਣ ਛੇੜੇ' ਅਤੇ 'ਯਾਦ ਤੇਰੀ ਦਾ ਬੱਦਲ ਚੜ੍ਹਿਆ ਅਸਾਂ ਅੱਖੀਆਂ ਵਿਚ ਵਰਸਾਣਾ' ਕਿਤੇ ਦੂਰ ਦੁਰਾਡੇ ਬੈਠੇ ਮਾਹੀ ਦੀ ਯਾਦ ਵਿਚ ਪੰਜਾਬਣ ਮੁਟਿਆਰ ਦੇ ਦਿਲ ਦੀ ਹੂਕ ਜਾਪਦੇ ਹਨ। ਇਨ੍ਹਾਂ ਗੀਤਾਂ ਦੀ ਟੇਪ ਇਕ ਹੰਗਰੀ ਦੀ ਔਰਤ ਤੋਂ ਮਿਲੀ ਜੋ ਇੰਡੀਅਨ ਐਂਬੇਸੀ ਦੇ ਇਕ ਪੰਜਾਬੀ ਅਫਸਰ ਨਾਲ ਵਿਆਹੀ ਹੋਈ ਹੈ ਅਤੇ ਉਸ ਦਾ ਪੁੱਤਰ ਮੇਰੇ ਹੋਸਟਲ ਵਿਚ ਰਹਿੰਦਾ ਹੈ। ਕੈਮਰਾ ਨਹੀਂ ਲਿਆ, ਉਮੀਦ ਹੈ ਜੁਲਾਈ ਵਿਚ ਸਵਿਰਜ਼ਰਲੈਂਡ ਤੋਂ ਖਰੀਦ ਲਵਾਂਗਾ ਕਿਉਂਕਿ ਇਥੇ ਫੋਟੋਗਰਾਫੀ ਮਹਿੰਗੀ ਪੈਂਦੀ ਹੈ।

ਇਸ ਵਾਰ ਕਹਾਣੀਆਂ ਇੰਨੀਆਂ ਹਨ ਕਿ ਇਕ ਕਿਤਾਬ ਤਿਆਰ ਹੋ ਜਾਵੇ। ਇਹ ਸਭ ਆਪੋ ਵਿੱਚ ਟਕਰਾਂਦੀਆਂ ਮੈਨੂੰ ਲਿਖਣ ਲਈ ਮਜ਼ਬੂਰ ਕਰਦੀਆਂ ਹਨ ਪਰ ਮੇਰੀ ਕਲਮ ਤੋਂ ਇਹ ਸਾਂਭੀਆਂ ਨਹੀਂ ਜਾਂਦੀਆਂ। ਇਸ ਉਲਝਣ ਕਰਕੇ ਹੀ ਕੋਈ ਮੁੱਢ ਸਿਰਾ ਨਹੀਂ ਲੱਭ ਰਿਹਾ ਜਿਵੇਂ ਮੈਂ ਅੱਗੇ ਲਿਖਿਆ ਕਰਦਾ ਸਾਂ। ਇਨ੍ਹਾਂ ਸਾਰੀਆਂ ਦਾ ਸੋਮਾਂ ਉਹੋ ਪਿਆਰ ਹੈ ਜਿਸ ਦੇ ਭੇਦ ਅਜੇ ਲੱਭੇ ਨਹੀਂ ਜਾ ਸਕੇ। ਇਨ੍ਹਾਂ ਵਿਚ ਹੀ ਆਪਾ ਗਵਾਚਾ ਜਿਹਾ ਲੱਗਦਾ ਹੈ । ਲਵਾਰ ਵਾਦੀ ਦੇ ਕਿਲ੍ਹੇ ਵੇਖ ਆਇਆਂ ਅਤੇ ਕੁਝ ਫੋਟੋ ਅਤੇ ਕਾਰਡ ਲੈ ਆਇਆਂ ਹਾਂ। ਇਕ ਫੋਟੋ ਵਿਚ ਕਿਲ੍ਹੇ ਦੀ ਗਾਈਡ ਵੀ ਨਾਲ ਹੈ। ਸਿੱਖ ਵੇਖ ਕੇ ਹੈਰਾਨ-ਪ੍ਰੇਸ਼ਾਨ ਹੋਈ ਨੇ ਪੁੱਛਿਆ, ਕਿਲ੍ਹਾ ਪਸੰਦ ਆਇਆ, ਕਿੰਨਾ ਸੁੰਦਰ ਹੈ? ਮੈਂ ਗੋਵਰਧਨਾ ਦੇ ਕਹੇ ਅਨੁਸਾਰ ਜਵਾਬ ਪਹਿਲਾਂ ਹੀ ਘੜਿਆ ਹੋਇਆ ਸੀ। ਮੈਂ ਕਿਹਾ, 'ਕਿਲ੍ਹਾ ਤਾਂ ਸੁੰਦਰ ਹੈ ਪਰ ਇਸ ਦੀ ਗਾਈਡ ਕਿਲ੍ਹੇ ਤੋਂ ਵੀ ਸੁੰਦਰ ਹੈ'।

ਪੈਰਿਸ ਪਹੁੰਚ ਕੇ ਮੈਂ ਇਕ ਫੋਟੋ ਗਾਈਡ ਨੂੰ ਭੇਜ ਦਿੱਤੀ ਜੋ ਉਸ ਨੇ ਪਹਿਲਾਂ ਹੀ ਮੰਗੀ ਹੋਈ ਸੀ। ਉਸਦਾ ਸ਼ੁਕਰਾਨੇ ਦਾ ਖਤ ਅਤੇ ਇਕ ਸਿੱਖ ਦੀ ਯਾਦ ਸਾਂਭ ਕੇ ਰੱਖਣ ਦਾ ਉਪਰਾਲਾ ਮੈਨੂੰ ਚੰਗਾ ਲੱਗਿਆ। ਇਹ ਗਾਈਡ ਇਕ

ਰੁਪਇਆ ਹਰ ਯਾਤਰੀ ਤੋਂ ਇਕੱਠਾ ਕਰ ਕੇ ਪੂਰੀ ਹਿਸਟਰੀ ਦੁਹਰਾਂਦੇ ਹਨ ਅਤੇ ਕੋਲੋਂ ਮਿਰਚ ਮਸਾਲਾ ਲਾ ਕੇ ਉਤਸੁਕਤਾ ਵਧਾ ਦਿੰਦੇ ਹਨ। ਇਹ ਕੁੜੀ ਕਿਸੇ ਗਰੀਬ ਘਰ ਦੀ ਹੋਵੇਗੀ ਪਰੰਤੂ ਇਸ ਦੀ ਸੁੰਦਰਤਾ ਕਿਸੇ ਰਾਨੀ ਤੋਂ ਘੱਟ ਨਹੀਂ ਸੀ ਜੋ ਕਦੇ ਇਸ ਕਿਲ੍ਹੇ ਦਾ ਸ਼ਿੰਗਾਰ ਹੋਵੇਗੀ। ਕਾਲਜ ਵਿਚ ਦਾਖਲ ਹੋਣ ਲਈ ਇਹ ਗਾਈਡ ਦਾ ਕੰਮ ਕਰਕੇ ਪੈਸੇ ਇਕੱਠੇ ਕਰ ਰਹੀ ਸੀ। ਉਸ ਦੇ ਆਖਰੀ ਸ਼ਬਦ ਮੇਰੇ ਹਿਰਦੇ ਨੂੰ ਟੁੰਬ ਗਏ: 'ਯਾਤਰੀ ਤਾਂ ਹਰ ਰੋਜ਼ ਆਉਂਦੇ ਜਾਂਦੇ ਰਹਿੰਦੇ ਹਨ ਪਰ ਗਾਈਡ ਨੂੰ ਕੌਣ ਯਾਦ ਕਰਦਾ ਹੈ, ਜਿਵੇਂ ਮੁਸਾਫਰ ਮਲਾਹ ਨੂੰ ਭੁੱਲ ਜਾਂਦੇ ਹਨ।'

ਮੇਰੀ ਫੋਟੋ ਵਿਚ ਫਲੀਸੀਆ ਵੀ ਨਾਲ ਖੜ੍ਹੀ ਹੈ। ਇਕ ਹੋਰ ਵਿਚ ਸਾਰੇ ਗਰੁੱਪ ਦੀ ਫੋਟੋ ਹੈ। ਉਸ ਕੁੜੀ ਨੇ ਮੇਰੀ ਇਕੱਲੀ ਫੋਟੋ ਦੀ ਮੰਗ ਕੀਤੀ ਹੈ ਜੇਕਰ ਇਜ਼ਾਜਤ ਦੇਵੇਂ ਤਾਂ ਭੇਜ ਦਿਆਂਗਾ। ਮੈਂ ਇਸ ਦੀ ਕਾਪੀ ਤੈਨੂੰ ਵੀ ਭੇਜ ਰਿਹਾ ਹਾਂ, ਫਲੀਸੀਆ ਤਾਂ ਹਮੇਸ਼ਾਂ ਹਾਸੇ ਦੇ ਮਾਹੌਲ ਵਿਚ ਹੀ ਰਹਿੰਦੀ ਹੈ, ਵਾਕਿਆ ਹੀ ਸ਼ਾਮੋਂ ਦੇ ਐਨ ਉਲਟ। ਫੋਟੋ ਵਿਚ ਗਾਈਡ ਕੁੜੀ ਕੁਝ ਉਪਰੇਵੇਂ ਕਰਕੇ, ਕੁਝ ਡੂੰਘੀ ਸੋਚ ਵਿਚ ਲੱਗਦੀ ਹੈ, ਭਾਵੇਂ ਸਾਡੇ ਗਰੁੱਪ ਵਿਚ ਕੋਈ ਹੋਰ ਕੁੜੀ ਇਸ ਦੀ ਸੁੰਦਰਤਾ ਦੇ ਨੇੜੇ ਤੇੜੇ ਨਹੀਂ ਢੁਕਦੀ। ਕਈ ਮੁੰਡੇ ਧੱਕੇ ਨਾਲ ਹੀ ਮੇਰੀਆਂ ਫੋਟੋਆਂ ਵਿਚ ਆ ਵੜੇ। ਉਸ ਦਿਨ ਧੁੱਪ ਵਾਹਵਾ ਸੀ ਅਤੇ ਕੁੜੀਆਂ ਦੇ ਲਾਲ ਰੰਗ ਦੇ ਸ਼ਾਲ ਮੇਰੀ ਨਾਭੀ ਰੰਗ ਦੀ ਪੱਗ ਨਾਲ ਮੈਚ ਕਰਦੇ ਸਨ। ਗਰੁੱਪ ਫੋਟੋਆਂ ਕੰਬੋਦੀਆ ਦੇ ਮੁੰਡੇ ਨੇ ਖਿੱਚੀਆਂ ਸਨ ਜਦੋਂ ਮਿਲ ਗਈਆਂ ਤਾਂ ਭੇਜ ਦਿਆਂਗਾ।

ਪਿਛਲੇ ਖਤ ਤੋਂ ਪਤਾ ਲੱਗਾ ਗਿਆ ਹੋਵੇਗਾ ਕਿ ਹੁਣ ਮੇਰੇ ਕੋਲ ਰੋਟੀ ਖਾਣ ਕੋਈ ਮਹਿਮਾਨ ਨਹੀਂ ਆ ਰਿਹਾ। ਮੇਰਾ ਇਹ ਭੁਲੇਖਾ ਸੀ। ਪੈਰਿਸ ਪਹੁੰਚ ਕੇ ਜੋ ਫਰੈਂਚ ਮੁੰਡਾ ਮੇਰਾ ਪਹਿਲਾ ਦੋਸਤ ਬਣਿਆ ਸੀ ਉਹ ਆਪਣੀ ਸਹੇਲੀ ਨਾਲ ਰੋਟੀ ਖਾਣ ਆ ਗਿਆ ਅਤੇ ਚੰਗੀ ਰੌਣਕ ਲਾ ਗਿਆ। ਕਿੱਥੇ ਤਾਂ ਮੈਂ ਲਿਖਿਆ ਸੀ ਕਿ ਅੱਜ ਕੱਲ੍ਹ ਸ਼ਾਮੋਂ ਤੋਂ ਸਲਾਮ ਨਹੀਂ ਪਹੁੰਚ ਰਹੀ। ਪਰ ਪਿਛਲੇ ਸੋਮਵਾਰ ਰੋਟੀ ਖਾਣ ਸਮੇਂ ਉਸ ਨੂੰ ਆਪਣੇ ਮਹਿਕਮੇ ਵਿਚ ਵੇਖ ਕੇ ਹੈਰਾਨ ਹੋ ਗਿਆ, ਹਾਲ ਪੁੱਛਣ ਤੋਂ ਬਾਅਦ ਬਿੰਕੂ ਦੀ ਫੋਟੋ ਪਹਿਲੀ ਵਾਰ ਵਿਖਾਈ। ਪਰ ਉਹ ਗੁੱਸੇ ਵਿਚ ਜਾਪਦੀ ਸੀ। ਮੈਂ ਡਰਦੇ ਜਹੇ ਕਿਹਾ ਕਿ ਤੇਰੇ ਲਈ ਇਕ ਫਰੈਂਚ ਮੁੰਡਾ ਲੱਭਾ ਹੈ। ਉਸ ਨੇ ਮੇਰੇ ਨਾਲ ਪਹਿਲਾਂ ਵੀ ਵੇਖ ਲਿਆ ਸੀ। ਕਹਿੰਦੀ 'ਸੁੰਦਰ ਹੈ ਪਰ

ਜੇ ਮੇਰੇ ਨਾਲ ਵਿਆਹ ਕਰੇਗਾ।' ਮੈਂ ਕਿਹਾ ਸ਼ਨੀਵਾਰ ਜਾਂ ਐਤਵਾਰ ਮਿਲ ਲੈਣਾ। ਉਹ ਕਹਿੰਦੀ ਅੱਜ ਹੀ ਮਿਲਣਾ ਹੈ। ਮੈਂ ਤਾਂ ਮੁੰਡੇ ਨਾਲ ਅਜੇ ਗੱਲ੍ਹ ਵੀ ਨਹੀਂ ਸੀ ਕੀਤੀ, ਮੁਲਾਕਾਤ ਲਈ ਕਿਵੇਂ ਕਹਿ ਦਿੰਦਾ। ਸ਼ਾਮੋਂ ਇਸ ਮਾਮੂਲੀ ਗੱਲ ਪਿੱਛੋਂ ਨਰਾਜ਼ ਹੋ ਗਈ ਅਤੇ ਫਿਰ ਕਦੇ ਨਾ ਬੋਲੀ।

ਜਾਂਦੀ ਹੋਈ ਸ਼ਾਮੋਂ ਕਹਿ ਗਈ ਕਿ ਪੱਛਮੀ ਔਰਤਾਂ ਬੰਦੇ ਪਿੱਛੇ ਨਹੀਂ ਜਾਂਦੀਆਂ, ਆਪੇ ਬੰਦਾ ਮਗਰ ਲੱਗੇਗਾ ਵਰਨਾ ਵਿਆਹ ਕਾਮਯਾਬ ਨਹੀਂ ਹੁੰਦਾ। ਮੈਂ ਚੁੱਪ ਰਿਹਾ ਪਰ ਮਨ ਵਿਚ ਜ਼ਰੂਰ ਕਹਿ ਦਿਤਾ ਕਿ ਤਾਂ ਹੀ ਪੱਛਮੀ ਔਰਤਾਂ ਭਟਕਦੀਆਂ ਰਹਿੰਦੀਆਂ ਹਨ ਅਤੇ ਵਿਆਹ ਕਰਨ ਤੱਕ ਬੁੱਢੀਆਂ ਹੋ ਜਾਂਦੀਆਂ ਹਨ। ਪਿਆਰ ਨੂੰ ਇਸ ਤਰ੍ਹਾਂ ਸਮਝਿਆ ਹੈ ਜਿਵੇਂ ਬੱਚਿਆਂ ਦਾ ਓਲੀਆ ਮਗੋਲੀਆ ਜਿਹਾ ਹੋਵੇ, ਜਦੋਂ ਜੀਅ ਕਰੇ ਰੱਦ ਕਰ ਦਿਓ। ਸੋ ਕਿੱਥੇ ਤਾਂ ਅਸੀਂ ਇਸ ਐਤਵਾਰ ਉਸ ਦੇ ਮੰਗਣੇ ਦੀਆਂ ਤਿਆਰੀਆਂ ਬਾਰੇ ਸੋਚਦੇ ਸਾਂ ਤੇ ਕਿੱਥੇ ਅੱਜ ਉਹ ਇਕੱਲਾ ਹੀ ਰਾਜਮਾਂਹ ਚੌਲ ਖਾਣ ਆਵੇਗਾ। ਇਹ ਕਹਾਣੀ ਜਲਦੀ ਹੀ ਖਤਮ ਹੋ ਗਈ ਹੈ। ਹੋ ਸਕਦਾ ਹੈ ਇਹ ਮੁੰਡਾ ਸ਼ਾਮੋਂ ਦਾ ਫਿਰ ਕਦੇ ਦੋਸਤ ਬਣ ਜਾਵੇ। ਹਾਲ ਘੜੀ ਇਹ ਇੰਡੀਅਨ ਕੁੜੀਆਂ ਲੱਭਦਾ ਫਿਰਦਾ ਹੈ ਅਤੇ ਚਾਰ ਪੰਜ ਵਾਰੀ ਬੰਬਈ ਅਤੇ ਪੂਨੇ ਹੋ ਆਇਆ ਹੈ।

ਸ਼ਾਮੋਂ ਦੀ ਮੁਲਾਕਾਤ ਭਾਵੇਂ ਉਦਾਸ ਕਰਨ ਵਾਲੀ ਸੀ ਪਰ ਉਸ ਦਿਨ ਦੇ ਕਮਾਲ ਕੀ ਦੱਸਾਂ। ਵਜ਼ੀਫਾ ਦਫਤਰ ਕਿਸੇ ਕੰਮ ਗਿਆ ਤਾਂ ਪਤਾ ਲੱਗਾ ਕਿ 9 ਜੁਲਾਈ ਤੋਂ 20 ਜੁਲਾਈ ਤੱਕ ਗਰੀਨੋਬਲ ਸ਼ਹਿਰ ਵਿਚ ਅੰਤਰ-ਰਾਸ਼ਟਰੀ ਫਿਲਮ ਫੈਸਟੀਵਲ ਹੋ ਰਿਹਾ ਹੈ ਜਿਸ ਵਿਚ ਦੋ ਹਫਤੇ ਦਾ ਰਿਹਾਇਸ਼ੀ ਪ੍ਰਬੰਧ ਸਰਕਾਰੀ ਐ ਅਤੇ ਸਿਰਫ 200 ਰੁਪਏ ਦਾ ਖਰਚਾ ਹੈ। ਗਰੀਨੋਬਲ ਸਵਿਟਜ਼ਰਲੈਂਡ ਦੀ ਸਰਹੱਦ ਦੇ ਨੇੜੇ ਹੈ ਅਤੇ ਮੇਰਾ ਸੈਰ ਦਾ ਪ੍ਰੋਗਰਾਮ ਬਣ ਜਾਵੇ ਅਤੇ ਕੈਮਰਾ ਵੀ ਮਿਲ ਜਾਵੇ। ਖੋਜ ਦਾ ਕੰਮ ਤਾਂ ਚੱਲਦਾ ਹੀ ਰਹਿੰਦਾ ਹੈ। ਮੈਂ ਥੀਸਜ਼ ਦਾ ਕੰਮ ਸ਼ੁਰੂ ਕਰਨਾ ਚਾਹੁੰਦਾ ਹਾਂ ਪਰ ਚੀਨੀ ਗਾਈਡ ਨੇ ਹੋਰ ਸਿਰ ਦਰਦੀ ਵਾਲਾ ਕੰਮ ਦੇ ਦਿੱਤਾ ਹੈ। ਉਸ ਦੀ ਮੰਨਣੀ ਪੈਂਦੀ ਹੈ। ਯੂਗੋਸਲਾਵੀਆ ਦੇ ਵਜ਼ੀਫੇ ਤੋਂ ਨਾਹ ਹੋ ਗਈ ਹੈ। ਉਥੋਂ ਦਾ ਇਕ ਮੁੰਡਾ ਕਾਰ ਵਿਚ ਵਾਪਸ ਘਰ ਜਾ ਰਿਹਾ ਹੈ, ਉਸ ਨੇ ਨਾਲ ਜਾਣ ਲਈ ਕਿਹਾ। ਕਾਰ ਤਾਂ ਗੋਵਰਧਨਾ ਹੋਰਾਂ ਵੀ ਲੈ ਲਈ ਹੈ ਪਰ ਉਹ ਜੁਲਾਈ ਵਿਚ ਆਪਣੇ ਦੇਸ਼ ਪਰਤ ਜਾਣਗੇ ਜਦੋਂ ਮੈਂ ਗਰੀਨੋਬਲ ਵਿਚ ਹੋਵਾਂਗਾ। ਨਹੀਂ ਤਾਂ ਉਹ ਆਪਣੇ ਨਾਲ ਲੈ ਜਾਂਦੇ।

ਵਜ਼ੀਫਾ ਦਫਤਰ ਵਿਚ ਫਲੀਸੀਆ ਵੀ ਟੱਕਰ ਪਈ। ਉਸਦੀ ਮਾਂ ਛੁੱਟੀਆਂ 'ਚ ਪੈਰਿਸ ਆ ਰਹੀ ਹੈ। ਉਹ ਵੀ ਕਹਿ ਰਹੀ ਸੀ ਕਿ ਮੇਰੇ ਲਈ ਕੋਈ ਫਰੈਂਚ ਮੁੰਡਾ ਲੱਭਣਾ। ਦਰਅਸਲ ਪੈਰਿਸ ਚਿ ਆ ਕੇ ਵਾਪਸ ਮੁੜਨ ਨੂੰ ਕਿਸੇ ਦਾ ਦਿਲ ਨਹੀਂ ਕਰਦਾ ਅਤੇ ਜੇਕਰ ਇੱਥੇ ਵਿਆਹ ਕਰਵਾ ਲੈਣ ਤਾਂ ਸਰਕਾਰੀ ਨੌਕਰੀ ਵੀ ਮਿਲਣ ਦਾ ਮੌਕਾ ਬਣ ਜਾਂਦਾ ਹੈ। ਫਲੀਸੀਆ ਦੀ ਮਾਂ ਵੀ ਪੋਲੈਂਡ ਤੋਂ ਪੈਰਿਸ ਆਈ ਸੀ ਅਤੇ ਚਿੱਲੀ ਦੇ ਬੰਦੇ ਨਾਲ ਵਿਆਹ ਕਰਕੇ ਚਿੱਲੀ ਚਲੀ ਗਈ। ਉਸ ਦੀ ਭੈਣ ਨੇ ਵੀ ਇਹੋ ਕੁਝ ਕੀਤਾ ਅਤੇ ਪੈਰਿਸ ਵਿਚ ਹੀ ਰਹਿਣ ਲੱਗ ਪਈ ਹੈ। ਲਤੀਨੀ ਅਮਰੀਕਾ ਦੇ ਦੇਸ਼ਾਂ ਵਿਚ ਹਾਲਾਤ ਖਰਾਬ ਹੀ ਰਹਿੰਦੇ ਹਨ ਅਤੇ ਉਥੋਂ ਆਏ ਵਿਦਿਆਰਥੀ ਕਦੇ ਵੀ ਵਾਪਸ ਨਹੀਂ ਪਰਤਦੇ।

ਵਜ਼ੀਫਾ ਦਫਤਰ ਦੀ ਮੇਰੀ ਰੂਸੀ ਦੋਸਤ ਆਪਣੇ ਸ਼ਹਿਰ ਮਾਸਕੋ ਜਾ ਰਹੀ ਹੈ। ਮੈਂ ਇਵੀਲੀਨਾ ਲਈ ਸ਼ੁਭ ਸੁਨੇਹਾ ਭੇਜ ਰਿਹਾਂ ਹਾਂ। ਉਮੀਦ ਹੈ ਉਸ ਨੂੰ ਮਿਲ ਕੇ ਆਵੇ। ਸੋ ਇਸ ਇਕ ਦਿਨ ਦੇ ਕਮਾਲਾਂ ਦੀ ਕਹਾਣੀ ਖਤਮ ਹੋ ਗਈ ਹੈ। ਟੈਲੀਵੀਜ਼ਨ ਤੇ ਕੇਂਦਰੀ ਮੰਤਰੀ ਸਵਰਨ ਸਿੰਘ ਦੇ ਪੈਰਿਸ ਆਉਣ ਦੀ ਖਬਰ ਸੁਣੀ। ਅਗਲੇ ਦਿਨ ਮੇਰੇ ਚੀਨੀ ਗਾਈਡ ਨੇ ਵੀ ਦੱਸਿਆ ਕਿ ਪਗੜੀ ਵਾਲਾ ਮੇਰਾ ਭਾਈ ਪੈਰਿਸ ਪਹੁੰਚ ਗਿਆ ਹੈ। ਜਦੋਂ ਮੈਂ ਅੰਬੈਸੀ ਗਿਆ ਤਾਂ ਸਵਰਨ ਸਿੰਘ ਉਥੇ ਟੱਕਰ ਪਿਆ।

ਇਸ ਵੀਰਵਾਰ ਇਕ ਅਖਬਾਰ ਦੇ ਐਡੀਟਰ ਨੇ ਏਅਰ-ਇੰਡੀਆ ਦੀ ਪਬਲੀਸਿਟੀ ਲਈ ਇਸ਼ਤਿਹਾਰ ਤਿਆਰ ਕਰਨਾ ਸੀ। ਮਹਾਰਾਜੇ ਦੀ ਚੋਣ ਲਈ ਪੱਗ ਵਾਲਾ ਬੰਦਾ ਨਾ ਮਿਲਿਆ ਤਾਂ ਮੇਰੇ ਕੋਲ ਆ ਪਹੁੰਚਿਆ। 250 ਫਰੈਂਕ ਦੇ ਕੇ 100 ਤੋਂ ਵੱਧ ਫੋਟੋ ਖਿੱਚੇ ਪਰ ਛਪਿਆ ਇਕ। ਜਦੋਂ ਅਗਲੇ ਦਿਨ ਬੱਸ ਵਿਚ ਸਵਾਰ ਹੋ ਕੇ ਯੂਨੀਵਰਸਿਟੀ ਜਾ ਰਿਹਾਂ ਸਾਂ ਤਾਂ ਸਾਰੇ ਬਿਟਰ ਬਿਟਰ ਮੇਰੇ ਵੱਲ ਵੇਖਣ। ਮੈਂ ਸਮਝ ਗਿਆ ਫਰਾਂਸੀਸੀ ਮੀਡੀਆ ਵਿਚ ਮੇਰੀ ਫੋਟੋ ਛਪੀ ਹੈ। ਏਅਰ-ਇੰਡੀਆ ਦਾ ਮਹਾਰਾਜਾ ਬਣ ਕੇ ਮੁਸੀਬਤ ਹੀ ਸਹੇੜ ਲਈ। ਉਸ ਤੋਂ ਬਾਅਦ ਮੈਂ ਤਹੱਈਆ ਕਰ ਲਿਆ ਕਿ ਕਿਸੇ ਇਸ਼ਤਿਹਾਰਬਾਜ਼ੀ ਦੇ ਕੰਮ ਵਿਚ ਨਹੀਂ ਪੈਣਾ।

ਇਕ ਦਿਨ ਰਾਤ ਨੂੰ ਤਿੰਨ ਸਾਈਕਲ ਸਵਾਰ ਬੰਗਾਲੀ ਮੇਰੇ ਹੋਸਟਲ ਵਿਚ ਆ ਪਹੁੰਚੇ। ਉਹ ਸਾਰੀ ਦੁਨੀਆਂ ਦਾ ਚੱਕਰ ਲਗਾ ਰਹੇ ਸਨ। ਹੋਸਟਲ ਦੇ

ਮੁੰਡਿਆਂ ਨੇ ਪੈਸੇ ਇਕੱਠੇ ਕਰ ਕੇ ਮੱਦਦ ਕੀਤੀ ਅਤੇ ਰਾਤ ਵੀ ਰੱਖਿਆ। ਇਕ ਬੰਗਾਲੀ ਮੇਰੇ ਕਮਰੇ ਵਿਚ ਆ ਸੁੱਤਾ। ਰਾਤ ਨੂੰ ਕਹਿਣ ਲੱਗਾ ਕਿ ਦੁਨੀਆਂ ਭਰ ਵਿਚ ਗੁਰਦਵਾਰੇ ਹੋਣੇ ਚਾਹੀਦੇ ਹਨ ਜਿਥੇ ਮੁਫਤ ਵਿਚ ਰਿਹਾਈਸ਼ ਦਾ ਪ੍ਰਬੰਧ ਅਤੇ ਲੰਗਰ ਦੀ ਸੇਵਾ ਚਲਦੀ ਰਹਿੰਦੀ ਹੈ। ਉਸ ਸਮੇਂ ਸਾਰੇ ਯੂਰਪ ਵਿਚ ਕੋਈ ਗੁਰਦਵਾਰਾ ਨਹੀਂ ਸੀ ਹੁੰਦਾ। ਉਹ ਇਰਾਨ ਦੇ ਰਸਤੇ ਆਏ ਸਨ ਜਿੱਥੇ ਗੁਰਦਵਾਰਾ ਕਾਇਮ ਹੈ ਅਤੇ ਉਥੇ ਹੀ ਇਹ ਰਹੇ ਸਨ।

ਸ਼ਨੀਵਾਰ ਰਾਤ ਨੂੰ ਪਹਿਲੀ ਵਾਰ ਮੈਂ ਇੰਡੀਅਨ ਹੋਸਟਲ ਦੀ ਬਾਰ (ਸ਼ਰਾਬ ਘਰ) ਅਤੇ ਰੈਸਤੋਰਾਂ ਵਿਚ ਕੰਮ ਕੀਤਾ। ਮੇਰੇ ਦੋਸਤ ਫਿਕੀਹ ਨੇ ਡਿਊਟੀ ਲਈ ਸੀ ਅਤੇ ਸਾਥ ਲਈ ਮੇਰਾ ਨਾਮ ਦਰਜ਼ ਕਰਵਾ ਲਿਆ। ਇਸ ਤਜ਼ਰਬੇ ਵਿਚੋਂ ਕਾਫੀ ਕੁਝ ਸਿੱਖਿਆ। ਪੱਗੜੀ ਵਾਲਾ ਵੇਖ ਕੇ ਗਾਹਕਾਂ ਦਾ ਤਾਂਤਾ ਲੱਗਾ ਰਿਹਾ। ਬੀਅਰ ਦੇ ਸ਼ੌਕੀਨ 600 ਫਰੈਂਕ ਦੀ ਸ਼ਰਾਬ ਪੀ ਗਏ। ਖਾਣਾ ਤਿਆਰ ਕਰਨ ਵਿਚ ਫਿਕੀਹ ਮਾਹਰ ਸੀ ਪਰੰਤੂ ਆਮਲੇਟ ਬਣਾਉਣਾ ਮੇਰੀ ਡਿਊਟੀ ਸੀ। ਰੈਸਤੋਰਾਂ ਦਾ ਮਦਰਾਸੀ ਮੈਨੇਜਰ ਕਹਿਣ ਲੱਗਾ 'ਸਰਦਾਰ ਜੀ ਆਪ ਆਮਲੇਟ ਕੇ ਲੀਏ ਜਿਆਦਾ ਤੇਲ ਵਰਤ ਰਹੇ ਹੋ।' ਮੈਨੂੰ ਤਾਂ ਗੁੱਸਾ ਹੀ ਆ ਗਿਆ ਅਤੇ ਉਸ ਦੀ ਚੰਗੀ ਝਾੜ-ਝੰਬ ਕੀਤੀ। ਜਦੋਂ ਮਿਹਨਤਾਨਾ ਦੇਣ ਦੀ ਵਾਰੀ ਆਈ ਤਾਂ ਕਹਿਣ ਲੱਗਾ 'ਆਜ ਤੋਂ ਹਮੇਂ ਘਾਟਾ ਪੜ ਗਿਆ ਹੈ। ' ਹਿਸਾਬ ਕਿਤਾਬ ਵਿਚ ਗੜਬੜ ਜਰੂਰ ਹੋਈ ਹੋਵੇਗੀ। ਮਰਾਕੋ ਹੋਸਟਲ ਦੇ ਮੁੰਡੇ ਪੈਸੇ ਦਾ ਭੁਗਤਾਨ ਨਹੀਂ ਕਰਕੇ ਗਏ ਹੋਣਗੇ। ਸਾਨੂੰ ਦੋਹਾਂ ਨੂੰ ਪੰਜ ਘੰਟੇ ਦੇ ਕੰਮ ਬਦਲੇ ਚਾਲੀ ਚਾਲੀ ਫਰੈਂਕ ਮਿਲੇ। ਰਾਤ ਦੋ ਵਜੇ ਤੱਕ ਰੈਸਤੋਰਾਂ ਦੀ ਸਫਾਈ ਦਾ ਕੰਮ ਮੁਕਾ ਕੇ ਸੁੱਤਾ। ਸਵੇਰੇ ਸਾਢੇ ਦਸ ਵਜੇ ਉਠਿਆ ਹਾਂ। ਮੈਂ ਤਾਂ ਤੋਬਾ ਕਰ ਲਈ ਹੈ ਕਿ ਅੱਗੇ ਤੋਂ ਇਹ ਕੰਮ ਨਹੀਂ ਕਰਨਾ। ਵਜ਼ੀਫੇ ਵਿਚ ਹੀ ਚੰਗਾ ਗੁਜਾਰਾ ਹੋ ਜਾਂਦਾ ਹੈ।

ਬਿੰਕੂ ਦੀ ਨਵੀਂ ਫੋਟੋ ਭੇਜ ਦੇਣਾ। ਰਾਜੇ ਦੀ ਫੋਟੋ ਚੰਗੀ ਲੱਗੀ ਹੈ। ਮਾਡਲ ਟਾਊਨ ਦੇ ਮਕਾਨ ਦੀ ਪਾਲਿਸ਼ ਦਾ ਕੰਮ ਮਾਨ ਸਾਹਿਬ ਕਰਵਾ ਲੈਣਗੇ। ਮਾਤਾ ਜੀ ਨੂੰ ਸਤਿ ਸਿਰੀ ਅਕਾਲ। ਬਾਕੀ ਸਭ ਨੂੰ ਪਿਆਰ।

ਤੇਰਾ
ਹਰਦੇਵ

ਪੈਰਿਸ
28.6.71

ਡੀਅਰ ਰਾਨੀ,

ਸਤਿ ਸਿਰੀ ਅਕਾਲ!

ਚਿੱਠੀ ਸ਼ੁਰੂ ਕਰਨ ਲੱਗਿਆ ਤਾਂ ਪਤਾ ਲੱਗਾ ਕਿ ਲਿਫਾਫਾ ਹੈ ਨਹੀਂ ਜਿਸ ਕਰਕੇ ਮਜ਼ਮੂਨ ਵਿਚ ਕਟੌਤੀ ਕਰਨੀ ਪਵੇਗੀ। ਅਸੀਂ ਸਾਰੀ ਉਮਰ ਸੰਗ ਵਿਚ ਹੀ ਗੁਜਾਰ ਦਿੱਤੀ ਹੈ। ਡਰ ਰਹਿੰਦਾ ਹੈ ਕਿ ਕੋਈ ਚਿੱਠੀ ਨਾ ਪੜ੍ਹ ਲਵੇ। ਲਗਭਗ ਹਰ ਚਿੱਠੀ ਵਿਚ ਮੈਂ ਫੋਟੋ ਭੇਜ ਦਿੰਦਾ ਹਾਂ। ਮਈ ਵਿਚ ਈਫਲ ਟਾਵਰ ਤੋਂ ਪੈਰਿਸ ਸ਼ਹਿਰ ਦੀ ਫੋਟੋ ਖਿੱਚੀ ਸੀ। ਤੂੰ ਦੱਸਿਆ ਨਹੀਂ ਇਹ ਫੋਟੋ ਮਿਲ ਗਈ ਹੈ ਕਿ ਨਹੀਂ। ਜੇਕਰ ਕਾਰਡ ਗੁੰਮ ਜਾਵੇ ਤਾਂ ਬਹੁਤ ਫਰਕ ਨਹੀਂ ਪੈਂਦਾ ਪਰ ਫੋਟੋ ਨਾਲ ਕਈ ਯਾਦਾਂ ਜੁੜੀਆਂ ਹੁੰਦੀਆਂ ਹਨ।

ਤੇਰੀ ਚਿੱਠੀ ਪਿਛਲੇ ਸ਼ਨੀਵਾਰ ਅਤੇ ਇਸ ਸੋਮਵਾਰ ਮਿਲ ਗਈ ਸੀ। ਉਮੀਦ ਹੈ ਮਕਾਨ ਦੇ ਕੰਮ ਤੋਂ ਵਿਹਲੀ ਹੋ ਕੇ ਚੰਗੀ ਤਰ੍ਹਾਂ ਲਿਖ ਸਕੇਂਗੀ। ਪੈਸੇ ਖਰਚ ਕੇ ਚੀਜ ਚੰਗੀ ਬਣ ਜਾਂਦੀ ਹੈ। ਇਹ ਵੱਡਾ ਸਾਰਾ ਕੰਮ ਮੈਥੋਂ ਰਹਿ ਗਿਆ ਸੀ ਕਿਉਂਕਿ ਪੈਰਿਸ ਜਾਣ ਦੀ ਕਾਹਲੀ ਸੀ। ਵੈਸੇ ਤਾਂ ਇੱਥੇ ਘਰ ਵੇਖ ਕੇ ਬਥੇਰਾ ਦਿਲ ਕਰਦਾ ਹੈ ਚੰਗਾ ਮਕਾਨ ਬਣਾ ਲੈਂਦੇ ਪਰ ਚਾਲੀ ਹਜ਼ਾਰ ਵਿਚ ਜੋ ਬਣ ਗਿਆ ਉਹ ਹੀ ਠੀਕ ਹੈ। ਰੀਸ ਕਰਨੀ ਚੰਗੀ ਨਹੀਂ ਹੁੰਦੀ। ਅੱਜ ਦਿਨ ਚੰਗਾ ਧੁੱਪ ਵਾਲਾ ਸੀ। ਦਿਲ ਤਾਂ ਕਰਦਾ ਸੀ ਕਿ ਹਰੀ ਕੀਰਤਨ ਸੁਣ ਆਈਏ। ਇੱਥੇ ਅਮਰੀਕਨ ਹਿੱਪੀ ਜਹੇ 'ਹਰੇ ਰਾਮਾ ਹਰੇ ਕਿਸ਼ਨਾ' ਢੋਲਕੀ ਛੈਣਿਆਂ ਨਾਲ ਗਾਉਂਦੇ ਲੰਘਦੇ ਮਿਲ ਜਾਂਦੇ ਹਨ। ਇਕ ਦਿਨ ਆਪਣੇ ਮੰਦਰ ਦਾ ਪਤਾ ਦੇ ਗਏ ਜੋ ਪੈਰਿਸ ਤੋਂ ਬਾਹਰ ਓਰਸੇ (Orsay) ਕਸਬੇ ਵਿਚ ਹੈ ਅਤੇ ਮੈਟਰੋ ਤੇ ਜਾਇਆ ਜਾ ਸਕਦਾ ਹੈ।

ਅੱਜ ਸਵੇਰੇ ਮੁਨਸਿਫ ਫਿੱਕੀ ਨੂੰ ਓਰਲੀ ਹਵਾਈ ਅੱਡੇ ਤੇ ਛੱਡਣ ਗਿਆ ਤਾਂ ਕਈ ਇੰਡੀਅਨ ਮਿਲ ਗਏ ਜੋ ਦਿੱਲੀ ਤੋਂ ਜਹਾਜ ਰਾਹੀਂ ਪੈਰਿਸ ਪਹੁੰਚੇ ਸਨ। ਸਭ ਨੇ ਗਲਾਂ ਵਿਚ ਹਾਰ ਪਾਏ ਹੋਏ ਸਨ ਜੋ ਵਿਦਾਇਗੀ ਵੇਲੇ ਸੱਜਣਾ ਮਿੱਤਰਾਂ ਨੇ ਪਾਏ ਹੋਣਗੇ। ਮੈਨੂੰ ਭਾਵੇਂ ਹਾਰ ਤਾਂ ਕਿਸੇ ਨਹੀਂ ਪਾਏ ਸਨ ਪਰ ਉਹ ਵਿਦਾਈ ਦਾ ਨਜ਼ਾਰਾ ਯਾਦ ਆ ਗਿਆ। ਅੱਜ ਦੁਪਹਿਰ ਬਾਅਦ ਇਕ ਫਰਾਂਸੀਸੀ ਸਿੱਖ ਮੇਮ ਨੇ ਆਉਣਾ ਸੀ ਜਿਸਦੇ ਪਿਉ ਨੂੰ ਸਿਖ ਧਰਮ ਨਾਲ

ਲਗਾਉ ਸੀ। ਇਹ ਸਿੱਖੀ ਬਾਰੇ ਕਿਤਾਬਾਂ ਇਕੱਠੀਆਂ ਕਰਦੀ ਰਹਿੰਦੀ ਹੈ। ਮੈਂ ਪ੍ਰੋ. ਹਰਬੰਸ ਸਿੰਘ ਹੋਰਾਂ ਦੀਆਂ ਭੇਜੀਆਂ ਗੁਰੂ ਨਾਨਕ ਬਾਰੇ ਫਰੈਂਚ ਭਾਸ਼ਾ ਵਿਚ ਕੁਝ ਕਿਤਾਬਾਂ ਮਿਲ ਗਈਆਂ ਸਨ ਅਤੇ ਇਕ ਇਸ ਔਰਤ ਨੂੰ ਦੇ ਦਿੱਤੀ ਸੀ। ਆਸਾ ਦੀ ਵਾਰ ਦੀ ਟੇਪ ਅਤੇ ਪੰਜਾਬੀ ਗੀਤਾਂ ਵਾਲੀ ਟੇਪ ਇਸ ਨੇ ਕਾਪੀ ਕਰਕੇ ਵਾਪਸ ਕਰ ਦਿੱਤੀ ਹੈ। ਮੈਂ ਪ੍ਰਕਾਸ਼ ਸਿੰਘ ਨੂੰ ਸ਼ਬਦਾਂ ਦੀ ਟੇਪ ਭੇਜਣ ਲਈ ਕਿਹਾ ਸੀ। ਉਸ ਵਾਇਦਾ ਤਾਂ ਕੀਤਾ ਪਰ ਨਿਭਾਇਆ ਨਹੀਂ। ਜੇਕਰ ਕਿਧਰੇ ਮਿਲ ਪਵੇ ਤਾਂ ਉਸ ਨੂੰ ਯਾਦ ਕਰਵਾ ਦੇਣਾ।

ਅੱਜ ਸ਼ਾਮ ਨੂੰ ਡਾ. ਮਲਿਕ ਆਪਣੇ ਪ੍ਰੀਵਾਰ ਸਮੇਤ ਇੰਡੀਅਨ ਹੋਸਟਲ ਵਿਚ ਆਏ ਅਤੇ ਮੇਰੇ ਨਾਲ ਸੈਰ ਕੀਤੀ। ਉਹ ਚਾਰ ਸਾਲ ਇੱਥੇ ਰਹਿ ਕੇ ਗਏ ਹਨ ਅਤੇ ਪੁਰਾਣੀਆਂ ਯਾਦਾਂ ਤਾਜਾ ਕਰਨ ਆ ਜਾਂਦੇ ਹਨ। ਕੁਝ ਇੱਥੋਂ ਦੇ ਹੋਸਟਲਾਂ ਦਾ ਮਾਹੌਲ ਜਵਾਨ ਹੈ ਅਤੇ ਹਰ ਕੋਈ ਚਾਹੁੰਦਾ ਹੈ ਜਵਾਨੀ ਨਾਲ ਖਹਿ ਕੇ ਲੰਘ ਜਾਵਾਂ। ਦਰਖਤਾਂ ਦੀਆਂ ਕਤਾਰਾਂ ਅਤੇ ਫੁੱਲਾਂ ਦੀਆਂ ਕਿਆਰੀਆਂ ਖਾਸ ਤਰਤੀਬ ਵਿਚ ਲੱਗੀਆਂ ਹੋਣ ਕਰਕੇ ਚੰਗਾ ਨਜ਼ਾਰਾ ਪੇਸ਼ ਕਰਦੀਆਂ ਹਨ। ਸਾਡੇ ਦੇਸ਼ ਵਿਚ ਤਾਂ ਅਜੇ ਕਿੱਕਰ ਅਤੇ ਬੋਹੜ ਹੀ ਪ੍ਰਧਾਨ ਹਨ। ਮੇਮਾਂ ਵਾਂਗ ਇੱਥੋਂ ਦੇ ਦਰਖਤ ਵੀ ਸੋਹਣੇ ਹਨ। ਪਿਆਰ ਕਲੋਲਾਂ ਕਰਦੇ ਜੋੜੇ ਇਨ੍ਹਾਂ ਦਰਖਤਾਂ ਅਤੇ ਫੁੱਲਾਂ ਦੀ ਸੁੰਦਰਤਾ ਵਿਚ ਵਾਧਾ ਕਰਦੇ ਹਨ। ਸਾਡੇ ਵਰਗੇ ਸੈਰ ਦੇ ਸ਼ੌਕੀਨ ਵੀ ਦਿਲ ਪ੍ਰਚਾਵਾ ਕਰ ਲੈਂਦੇ ਹਨ।

ਪੈਰਿਸ ਸੈਲਾਨੀਆਂ ਨਾਲ ਭਰਿਆ ਪਿਆ ਹੈ। ਸ਼ੁਕਰਵਾਰ ਰਾਤ ਨੂੰ ਪੈਰਿਸ ਦੀ ਸੈਰ ਕੀਤੀ। ਦਿੱਲੀ ਦੇ ਚਾਂਦਨੀ ਚੌਕ ਵਾਂਗ ਗਹਿਮਾਂ ਗਹਿਮ ਕਰ ਰਹੇ ਭੀੜੇ ਬਜ਼ਾਰ ਵੀ ਵੇਖੇ। ਇਥੇ ਦੋ ਇੰਡੀਅਨ ਹੋਟਲ ਵੀ ਲੱਭ ਪਏ ਜੋ ਲੱਡੂ ਅਤੇ ਜਲੇਬੀਆਂ ਵੀ ਵੇਚ ਰਹੇ ਸਨ। ਇਹ ਇਲਾਕਾ ਨਾਚ ਗਾਣੇ ਲਈ ਮਸ਼ਹੂਰ ਹੈ। ਹੋਟਲ ਅਤੇ ਰੈਸਤੋਰਾਂ ਸਾਰੀ ਰਾਤ ਖੁੱਲ੍ਹੇ ਰਹਿੰਦੇ ਹਨ। ਇੰਜ ਜਾਪਦਾ ਹੈ ਜਿਵੇਂ ਰਾਤ ਨੂੰ ਦਿਨ ਚੜ੍ਹਿਆ ਹੋਵੇ। ਪੈਰਿਸ ਵਿਚ ਅਜੇਹੇ ਹੋਰ ਵੀ ਕਈ ਥਾਂ ਹਨ ਜਿਵੇਂ ਮੋਂ-ਮਾਰਤਰ ਅਤੇ ਕਾਰਤੀਏ ਲਾਤਾਂ।

ਅੱਜ ਸਾਡਾ ਚੰਡੀਗੜ੍ਹ ਦਾ ਸਾਥੀ ਕਿਤੋਂ ਦੋ ਅਮਰੀਕਨ ਕੁੜੀਆਂ ਅਤੇ ਇਕ ਮੁੰਡਾ ਯਾਰ ਬਣਾ ਲਿਆਇਆ ਹੈ। ਜਿਸ ਦਾ ਜੀਅ ਕਰੇ ਇਨ੍ਹਾਂ ਨੂੰ ਰਾਤ ਕਟਾਣ ਲਈ ਲੈ ਜਾਵੇਂ। ਵੈਸੇ ਹੋਸਟਲ ਵਿਚ ਪ੍ਰਾਹੁਣੇ ਲਿਆਉਣ ਦੀ ਮਨਾਹੀ ਹੈ

ਪਰ ਵੀਕ-ਐਂਡ ਤੇ ਹਰ ਕੋਈ ਮਨਮਰਜੀ ਕਰਦਾ ਹੈ। ਮੈਂ ਸਮਝ ਗਿਆ ਕਿ ਮੁੰਡਾ ਮੇਰੇ ਕਮਰੇ ਵਿਚ ਭੇਜੇਗਾ ਅਤੇ ਕੁੜੀਆਂ ਆਪਣੇ ਕੋਲ ਰੱਖੇਗਾ। ਕਹਿੰਦਾ ਤੂੰ ਵੱਡਾ ਭਰਾ ਹੈਂ, ਮਿੰਨਤ ਨਾਲ ਮੇਰੀ ਗੱਲ ਮੰਨ ਜਾ, ਹੁਣ ਅੱਧੀ ਰਾਤੀਂ ਇਸ ਨੂੰ ਕੌਣ ਰੱਖੇਗਾ। ਇੱਥੇ ਤਾਂ ਬਜ਼ਾਰੀ ਜੀਵਨ ਹੀ ਜੀਉਂਦੇ ਹਨ। ਇਸ ਬਾਰੇ ਚਰਚਾ ਕਰਨੀ ਵੀ ਜਾਇਜ਼ ਨਹੀਂ ਮੰਨਦੇ। ਮੈਨੂੰ ਤਾਂ ਇਕੋ ਹੀ ਡਰ ਹੈ ਕਿ ਅਮਰੀਕਨ ਹਿੱਪੀ ਜਿਹਾ ਮੇਰੇ ਕਮਰੇ ਵਿਚ ਕਿਵੇਂ ਰਹਿ ਸਕਦਾ ਹੈ। ਇਨ੍ਹਾਂ ਕੋਲੋਂ ਲੰਘਦਿਆਂ ਹੀ ਬੋ ਆਉਂਦੀ ਹੈ। ਵੇਖੀਏ ਮੇਰੀ ਰਾਤ ਕਿਵੇਂ ਨਿਕਲਦੀ ਹੈ।

ਗਰੀਨੋਬਲ 9 ਜੁਲਾਈ ਜਾ ਰਿਹਾ ਹਾਂ। ਉਥੇ ਪਹੁੰਚ ਕੇ ਖਤ ਲਿਖਾਂਗਾ, ਦੋ ਹਫਤੇ ਦਾ ਪ੍ਰੋਗਰਾਮ ਹੈ ਅਤੇ ਹੋਸਟਲ ਦੇ ਬਹੁਤ ਸਾਰੇ ਇੰਡੀਅਨ ਸਾਥੀ ਵੀ ਜਾ ਰਹੇ ਹਨ। ਇਟਲੀ ਅਤੇ ਸਵਿਟਜ਼ਰਲੈਂਡ ਵੀ ਘੁੰਮ ਆਵਾਂਗਾ ਜੋ ਗਰੀਨੋਬਲ ਤੋਂ ਨੇੜੇ ਹਨ। ਤੁਸੀਂ ਵੀ ਘੁੰਮ ਫਿਰ ਆਵੋ, ਬੱਚਿਆਂ ਲਈ ਚੰਗਾ ਰਹੇਗਾ। ਬਠਿੰਡੇ ਵਾਲਾ ਗੁਪਤਾ ਵਾਪਸ ਆ ਗਿਆ ਹੈ, ਦੱਸਦਾ ਹੈ ਕਿ ਉਥੇ ਗਰਮੀ ਬਹੁਤ ਪੈ ਰਹੀ ਹੈ। ਇੱਥੇ ਤਾਂ ਗਰਮੀਆਂ ਵਿਚ ਵੀ ਮੌਸਮ ਸੁਹਾਵਣਾ ਹੈ।

ਰਾਜਾ, ਬੱਬਲ ਅਤੇ ਬਿੰਕੂ ਦੀਆਂ ਤੋਤਲੀਆਂ ਗੱਲਾਂ ਸੁਨਣ ਨੂੰ ਦਿਲ ਕਰਦਾ ਹੈ। ਆਪਣੇ ਵਿਦਿਆਰਥੀ ਉਪਕਾਰ ਸਿੰਘ ਅਤੇ ਹੋਰਨਾਂ ਦੇ ਗੀਤਾਂ ਦੀ ਟੇਪ ਤਾਂ ਲੈ ਆਂਦੀ ਪਰ ਬੱਚਿਆਂ ਦੀ ਕੋਈ ਟੇਪ ਮੇਰੇ ਕੋਲ ਨਹੀਂ ਹੈ। ਮਾਤਾ ਜੀ ਬਾਰੇ ਅਤੇ ਤੇਰੇ ਬਾਰੇ ਰਾਤ ਸੋਚਾਂ ਵਿਚ ਅਤੇ ਸੁਪਨਿਆਂ ਵਿਚ ਗੁਜਰ ਜਾਂਦੀ ਹੈ। ਦਿਨੇ ਚੀਨੀ ਗਾਈਡ ਅਤੇ ਖੋਜ ਸਾਥੀਆਂ ਨਾਲ ਲੰਘ ਜਾਂਦਾ ਹੈ।ਚੀਨੀ ਦੇ ਪਿੰਡ ਵੀ ਕਦੀ ਜਾਣਾ ਹੈ, ਉਸ ਦਾ ਘਰ ਅਤੇ ਬਾਗ ਵੇਖਣ। ਇਹ ਲੋਕ ਪੈਰਿਸ ਛੱਡ ਕੇ ਗਰਮੀਆਂ ਵਿਚ ਆਪਣੇ ਪਿੰਡ ਚਲੇ ਜਾਂਦੇ ਹਨ।

ਪਿਆਰ ਅਤੇ ਯਾਦ ਸਹਿਤ
ਤੇਰਾ
ਹਰਦੇਵ

ਪੈਰਿਸ
3.7.71

ਡੀਅਰ ਰਾਨੀ,

ਸਤਿ ਸਿਰੀ ਅਕਾਲ

ਕੱਲ੍ਹ ਰਾਤ ਮੇਰੇ ਘਰ ਵਿਆਹ ਵਾਲਾ ਮਾਹੌਲ ਸੀ। ਮੈਂ ਖਤ ਵਿਚ ਲਿਖ ਭੇਜਿਆ ਸੀ ਕਿ ਜੇਕਰ ਇਸ ਵਾਰ ਗਵਰਧਨਾ ਨਾ ਆਈ ਤਾਂ ਬੱਚਿਆਂ ਵਾਂਗ ਇਕ ਦੋ ਤਿੰਨ ਕਹਿ ਕੇ ਕੱਟੀ ਕਰ ਦੇਣੀ ਹੈ। ਭਲਾ ਕਿਉਂ ਨਾ ਆਉਂਦੀ। ਮੈਂ ਖਤ ਭੇਜ ਰੱਖਿਆ ਸੀ। ਉਸ ਦਾ ਖਤ ਵੀ ਆਇਆ ਜਿਸ ਵਿਚ ਲਿਖ ਰੱਖਿਆ ਸੀ ਕਿ ਐਤਵਾਰ ਉਹ ਆਪਣੇ ਦੇਸ਼ ਯੁਗੋਸਲਾਵੀਆ ਵਾਪਸ ਜਾ ਰਹੇ ਹਨ। ਮੇਰਾ ਖਤ ਪਹਿਲਾਂ ਪਹੁੰਚ ਗਿਆ ਅਤੇ ਉਹ ਵਿਦਾਇਗੀ ਦੀ ਪਾਰਟੀ ਮੇਰੇ ਕੋਲੋਂ ਲੈਣ ਲਈ ਮੰਨ ਗਏ। ਮੈਂ ਰੌਣਕ ਲਈ ਦੋ ਹੋਰ ਦੋਸਤ ਉਨ੍ਹਾਂ ਦੇ ਦੇਸ ਦੇ ਬੁਲਾਏ ਅਤੇ ਚਾਰ ਫਰੈਂਚ ਮੁੰਡੇ ਸੱਦ ਲਏ ਜੋ ਸਾਡੇ ਸਾਂਝੇ ਦੋਸਤ ਸਨ। ਸ਼ੁੱਕਰਵਾਰ ਸ਼ਾਮ ਦੀ ਪਾਰਟੀ ਸੀ ਜਿਸ ਕਰਕੇ ਮੈਂ ਵੀਰਵਾਰ ਰਾਤ ਤੋਂ ਹੀ ਤਿਆਰੀ ਅਰੰਭ ਕਰ ਦਿੱਤੀ ਸੀ। ਆਮ ਤੌਰ ਤੇ ਪਾਰਟੀ ਵਿੱਚ ਅੱਧੇ ਮੁੰਡੇ ਤੇ ਅੱਧੀਆਂ ਕੁੜੀਆਂ ਹੋ ਜਾਣ ਤਾਂ ਰੌਣਕ ਵਧੀਆ ਲੱਗਦੀ ਹੈ। ਮੈਨੂੰ ਉਮੀਦ ਸੀ ਕਿ ਫਰੈਂਚ ਮੁੰਡੇ ਆਪਣੀਆਂ ਕੁੜੀਆਂ ਸਮੇਤ ਪਾਰਟੀ ਵਿਚ ਆਉਣਗੇ।

ਯੁਗੋਸਲਾਵੀਆ ਦੇ ਦੋਵੇਂ ਦੋਸਤ ਆਪਣੀਆਂ ਵਹੁਟੀਆਂ ਸਮੇਤ ਪਹੁੰਚ ਗਏ। ਇਹ ਦੋਸਤ ਮੇਰੇ ਭਰਾਵਾਂ ਤੋਂ ਵੀ ਵੱਧ ਪਿਆਰੇ ਹਨ। ਉਨ੍ਹਾਂ ਦੀਆਂ ਵਹੁਟੀਆਂ ਮੇਰੇ ਨਾਲ ਰਸੋਈ ਵਿਚ ਮੱਦਦ ਕਰ ਰਹੀਆਂ ਸਨ। ਇਕ ਦੀ ਵਹੁਟੀ ਡਾਕਟਰੀ ਦੀ ਪੜ੍ਹਾਈ ਕਰ ਰਹੀ ਛੇ ਫੁੱਟ ਲੰਮੀ ਹੋਵੇਗੀ। ਸਾਡੇ ਇੰਡੀਅਨ ਮੁੰਡੇ ਉਸ ਵੱਲ ਤੱਕ ਕੇ ਹੈਰਾਨ ਹੋ ਰਹੇ ਸਨ। ਸ਼ਾਕਾਹਾਰੀ ਭੋਜਨ ਵਿਚ ਖੀਰ ਅਤੇ ਕੜਾਹ ਤਾਂ ਜਰੂਰੀ ਹੈ। ਗਰਵਧਨਾ ਦਾ ਘਰਵਾਲਾ ਤੋਮੀਸਲਾਵ ਤਾਂ ਕੜਾਹ ਪ੍ਰਸ਼ਾਦ ਦੇ ਦੋਹਰੇ ਗੱਫੇ ਛੱਕ ਰਿਹਾ ਸੀ। ਮੈਂ ਵੀ ਭਾਬੀਆਂ ਨੂੰ ਛੇੜਨ ਲਈ ਮਰਚਾਂ ਤੇਜ ਪਾ ਰੱਖੀਆਂ ਸਨ ਪਰ ਉਹ ਸੀ ਸੀ ਕਰਦੀਆਂ ਮੇਰੇ ਪਕਵਾਨ ਛਕ ਗਈਆਂ। ਰਾਤ ਦੇ ਇਕ ਵਜੇ ਤੱਕ ਇਹ ਪਾਰਟੀ ਚਲਦੀ ਰਹੀ। ਫਰੈਂਚ ਮੁੰਡੇ ਤਾਂ ਨਾ ਪਹੁੰਚੇ ਪਰ ਜਦੋਂ ਮੇਰੇ ਮਹਿਮਾਨ ਚਲੇ ਗਏ ਤਾਂ ਇਕ ਫਰੈਂਚ ਮੁੰਡਾ ਦੋ ਵਜੇ ਆਣ ਧਮਕਿਆ ਜੋ ਕਿਸੇ ਹੋਰ ਪਾਰਟੀ ਤੋਂ ਆਇਆ ਸੀ। ਰੋਟੀ ਤਾਂ ਖਾਧੀ ਨਾ ਪਰ ਇਕ ਬੀਅਰ ਪੀ ਕੇ ਚਲਾ ਗਿਆ। ਮਸਾਂ ਤਿੰਨ ਵਜੇ ਵਿਹਲਾ ਹੋਇਆ ਅਤੇ ਸੌਣ ਦੀ ਤਿਆਰੀ ਕੀਤੀ।

ਇਸ ਪਾਰਟੀ ਵਰਗਾ ਅਨੰਦ ਅੱਗੇ ਕਦੇ ਨਹੀਂ ਆਇਆ, ਤਾਂ ਹੀ ਮੈਂ ਇਸ ਨੂੰ ਵਿਆਹ ਨਾਲ ਤਰਜ਼ੀਹ ਦਿੱਤੀ ਹੈ।

ਪੈਰਿਸ ਵਿਚ ਕਈ ਤਜ਼ਰਬੇ ਹੋਏ ਹਨ ਜਿਨ੍ਹਾਂ ਵਿਚੋਂ ਇਕ ਲੋਕਾਂ ਦੇ ਸੁਭਾਅ ਅਤੇ ਸਭਿਆਚਾਰ ਬਾਰੇ ਜਾਣਕਾਰੀ ਹੈ। ਯੂਰਪ ਦੇ ਲੋਕ ਰੁੱਖੇ ਅਤੇ ਮਤਲਬੀ ਹਨ, ਉਹ ਆਪਣੇ ਆਪ ਨੂੰ ਹਾਕਮ ਸ਼੍ਰੇਣੀਆਂ ਵਿਚ ਗਿਣਦੇ ਹਨ ਕਿਉਂਕਿ ਬਸਤੀਵਾਦੀ ਯੁੱਗ ਖਤਮ ਹੋਣ ਨਾਲ ਵੀ ਇਨ੍ਹਾਂ ਦੀ ਮਾਨਸਿਕਤਾ ਨਹੀਂ ਬਦਲੀ। ਯੂਗੋਸਲਾਵੀਆ ਸੋਸ਼ਲਿਸਟ ਦੇਸ਼ ਹੈ ਅਤੇ ਇੰਡੀਆ ਨਾਲ ਇਸ ਦੀ ਸਿਆਸੀ ਤੌਰ ਤੇ ਸਾਂਝ ਹੈ। ਨਹਿਰੂ-ਟੀਟੋ-ਨਾਸਰ ਦੀ ਤ੍ਰਿਕੜੀ ਨੇ ਆਪਣੀ ਵੱਖਰੀ ਪਹਿਚਾਣ ਬਣਾ ਰੱਖੀ ਹੈ ਅਤੇ ਸੋਸ਼ਲਿਸਟ ਗਰੁੱਪ ਦੇ ਦੇਸ਼ਾਂ ਨਾਲ ਨੇੜਤਾ ਕਾਇਮ ਕਰ ਲਈ ਹੈ। ਜਿਉਂ ਜਿਉਂ ਪੂਰਬ ਵੱਲ ਜਾਈਏ ਲੋਕਾਂ ਦੇ ਵਿਵਹਾਰ ਵਿਚ ਫਰਕ ਲੱਭ ਪੈਂਦਾ ਹੈ। ਏਸ਼ੀਆ ਦੇ ਲੋਕ ਜਿਆਦਾ ਮਿਲਾਪੜੇ ਹਨ। ਔਰਤਾਂ ਵਿਚ ਸ਼ਰਮ ਹਿਆ ਝਲਕਾਂ ਮਾਰਦੀ ਹੈ ਜੋ ਯੂਰਪ ਦੀਆਂ ਔਰਤਾਂ ਵਿਚ ਨਹੀਂ ਲੱਭਦੀ।

ਜਾਣ ਲੱਗਿਆਂ ਸਾਰੇ ਦੋਸਤ ਯੂਗੋਸਲਾਵੀਆ ਆਉਣ ਦਾ ਸੱਦਾ ਦੇ ਗਏ। ਇਨ੍ਹਾਂ ਨੇ ਮੇਰੀਆਂ ਫੋਟੋ ਅਤੇ ਵੀਡੀਓ ਆਪਣੇ ਘਰਾਂ ਵਿੱਚ ਭੇਜ ਕੇ ਮੇਰੇ ਆਉਣ ਦੀ ਖਬਰ ਪਹਿਲਾਂ ਹੀ ਭੇਜ ਰੱਖੀ ਹੈ। ਅੱਜ ਸ਼ਨੀਵਾਰ ਐਸਾ ਲੱਗ ਰਿਹਾ ਹੈ ਜਿਵੇਂ ਵਿਆਹ ਤੋਂ ਬਾਅਦ ਘਰ ਵਿਚ ਉਦਾਸੀ ਛਾ ਜਾਂਦੀ ਹੈ। ਕੁਝ ਦੇਰ ਨਾਲ ਸੌਣ ਨਾਲ ਉਨੀਂਦਰਾ ਅਤੇ ਕੰਮ ਦਾ ਥਕੇਵਾਂ ਜਾਪਦਾ ਹੈ। ਜਿਵੇਂ ਤੂੰ ਕਿਹਾ ਕਰਦੀ ਹੈਂ ਕਿ ਖਲੋ ਕੇ ਕੰਮ ਕਰਨ ਨਾਲ ਨਾੜ ਚੜ੍ਹ ਜਾਂਦੀ ਹੈ, ਅਜੇਹਾ ਹੀ ਮੇਰਾ ਹਾਲ ਹੈ। ਵੀਕ-ਐਂਡ ਤੇ ਆਰਾਮ ਕਰਕੇ ਠੀਕ ਹੋ ਜਾਵਾਂਗਾ।

ਕੁਝ ਦਿਨਾਂ ਦੀ ਠੰਡ ਬਾਅਦ ਇੰਡੀਆ ਵਰਗੀ ਗਰਮੀ ਪੈਣੀ ਸ਼ੁਰੂ ਹੋ ਗਈ ਹੈ। ਇਹ ਲੋਕ ਧੁੱਪ ਵਿਚ ਨੰਗ ਧੜੰਗੇ ਫਿਰਦੇ ਹਨ ਤਾਂ ਕਿ ਗੋਰੀ ਚਮੜੀ ਨੂੰ ਕੁਝ ਤਾਂਬਾ-ਰੰਗੀ ਕਰ ਲੈਣ। ਗੋਰੀਆਂ ਕੁੜੀਆਂ ਵੀ ਮੁੰਡਿਆਂ ਤੋਂ ਪਿੱਛੇ ਨਹੀਂ ਰਹਿੰਦੀਆਂ। ਛਾਤੀ ਅਤੇ ਗੁਪਤ ਅੰਗਾਂ ਉਪਰ ਲੀਰਾਂ ਜੇਹੀਆਂ ਵਲੇਟ ਕੇ ਘਾਹ ਉਪਰ ਲੇਟ ਜਾਂਦੀਆਂ ਹਨ। ਇਸ ਨਜ਼ਾਰੇ ਉਪਰ ਮੈਂ ਇਕ ਕਵਿਤਾ ਵੀ ਲਿਖ ਭੇਜੀ ਸੀ। ਹੁਣ ਇਹ ਇਨ੍ਹਾਂ ਆਮ ਜਿਹਾ ਲੱਗਦਾ ਹੈ ਕਿ ਕਵਿਤਾ ਲਿਖਣ ਦੀ ਲੋੜ ਨਹੀਂ ਪੈਂਦੀ। ਸਾਡੇ ਤਾਂ ਅਜੇ ਰੋਟੀ ਦੀ ਵੀ ਭੁੱਖ ਦੂਰ ਨਹੀਂ ਹੋਈ, ਜਿਸਮ ਦੀ ਭੁੱਖ ਕਿਥੋਂ ਦੂਰ ਹੋਵੇਗੀ। ਇਥੇ ਇਹ ਸਰੀਰਕ ਭੁੱਖਾਂ ਤੋਂ ਉਪਰ ਉਠ ਚੁਕੇ ਹਨ।

ਅੱਜ ਵਿਹਲ, ਥਕੇਵਾਂ, ਅਕੇਵਾਂ ਸਭ ਇਕੱਠੇ ਹੋ ਕੇ ਚੰਬੜ ਗਏ ਅਤੇ ਕੋਈ ਕੰਮ ਨਾ ਕੀਤਾ । ਰੋਟੀ ਤਾਂ ਦੋ ਡੰਗ ਜਿੰਨੀ ਹੀ ਬਚ ਗਈ ਸੀ। ਐਵੇਂ ਸਮਾਂ ਬਤੀਤ ਕਰਨ ਲਈ ਕੈਮਰਾ ਵੇਖਣ ਚਲਾ ਗਿਆ ਪਰ ਦੁਕਾਨ ਦਾ ਗੇੜਾ ਲਾ ਕੇ ਮੁੜ ਆਇਆ ਕਿਉਂਕਿ ਪੈਰਿਸ ਵਿਚ ਕੈਮਰੇ ਮਹਿੰਗੇ ਹਨ। ਦਾੜ੍ਹੀ ਖੁੱਲ੍ਹੀ ਨਾਲ ਜੇਕਰ ਸਿਰ ਦੇ ਵਾਲ ਵੀ ਖੁੱਲ੍ਹੇ ਹੋਣ ਤਾਂ ਕੋਈ ਨਹੀਂ ਵੇਖਦਾ। ਕਿਉਂਕਿ ਇਹ ਇੱਥੋਂ ਦਾ ਫੈਸ਼ਨ ਹੈ। ਸਿਰ ਦੀ ਪਗੜੀ ਵੇਖ ਕੇ ਹਰ ਕੋਈ ਖਿੱਚਿਆ ਜਾਂਦਾ ਹੈ। ਕਈ ਵਾਰ ਭੀੜ ਵੇਖ ਕੇ ਪਾਸਾ ਵੱਟ ਕੇ ਲੰਘਣਾ ਪੈਂਦਾ ਹੈ। ਪੈਰਿਸ ਦੇ ਲੋਕ ਤਾਂ ਪਹਿਚਾਣ ਲੈਂਦੇ ਹਨ ਪਰ ਗਰਮੀਆਂ ਵਿਚ ਇੱਥੇ ਟੂਰਿਸਟਾਂ ਦਾ ਤਾਂਤਾ ਲੱਗਾ ਰਹਿੰਦਾ ਹੈ ਅਤੇ ਹਰ ਕੋਈ ਮੇਰੇ ਨਾਲ ਫੋਟੋ ਖਿਚਵਾਣ ਦਾ ਚਾਹਵਾਨ ਹੁੰਦਾ ਹੈ।

ਮਾਸਕੋ ਤੋਂ ਇਵੀਲੀਨਾ ਦਾ ਖਤ ਆਇਆ ਹੈ। ਤੈਨੂੰ ਸਤਿ ਸਿਰੀ ਅਕਾਲ ਲਿਖ ਭੇਜੀ ਹੈ। ਗਰੁੱਪ ਵਿਚ ਮੇਰੀ ਫੋਟੋ ਵੇਖ ਕੇ ਲਿਖਦੀ ਹੈ ਕਿ ਤੂੰ ਜਵਾਨ ਲੱਗਦਾ ਹੈਂ। ਕੱਲ੍ਹ ਰਾਤ ਗਵਰਧਨਾ ਵੀ ਕਹਿ ਰਹੀ ਸੀ ਕਿ ਤੇਰੀ ਵਹੁਟੀ ਵੱਡੀ ਜਾਪਦੀ ਹੈ। ਮੈਂ ਕਿਹਾ ਵੈਸੇ ਤਾਂ ਅਸੀਂ ਮੈਟਰਿਕ ਇਕੋ ਸਾਲ ਵਿਚ ਕੀਤੀ ਸੀ, ਪਰ ਹੁਣ ਉਹ ਮੇਰੇ ਤਿੰਨ ਪੁੱਤਰਾਂ ਦੀ ਮਾਂ ਹੈ। ਜੇਕਰ ਤਿੰਨਾਂ ਦੀ ਉਮਰ ਉਸ ਵਿਚ ਜਮਾਂ ਕਰ ਲਵੇਂ ਤਾਂ ਹਿਸਾਬ ਆਪੇ ਠੀਕ ਹੋ ਜਾਵੇਗਾ। ਰਾਨੇ ਦਾ ਖਤ ਆ ਗਿਆ ਹੈ, 15 ਜੁਲਾਈ ਉਸ ਕੋਲ ਇਟਲੀ ਜਾਵਾਂਗਾ। ਸਵਿਟਜ਼ਰਲੈਂਡ ਵੀ ਜਾਣਾ ਹੈ ਤਾਂ ਕਿ ਤੇਰੇ ਲਈ ਘੜੀ ਅਤੇ ਆਪਣੇ ਲਈ ਕੈਮਰਾ ਖਰੀਦ ਸਕਾਂ। ਗਰੀਨੋਬਲ ਦਾ ਪਤਾ ਚਿੱਠੀ ਦੇ ਬਾਹਰ ਲਿਖ ਦਿੱਤਾ ਹੈ। ਅਗਲਾ ਖਤ ਉਸ ਪਤੇ ਤੇ ਭੇਜ ਦੇਣਾ।

ਬਜਾਰ ਵਿਚੋਂ ਲੰਘਦਿਆਂ ਬੱਚਿਆਂ ਦੇ ਕੱਪੜੇ ਬੋਲੀ ਤੇ ਵਿਕ ਰਹੇ ਸਨ। ਮੈਂ ਰੁਕ ਗਿਆ ਅਤੇ ਬਿੰਕੂ ਲਈ ਲਾਲ ਰੰਗ ਦਾ ਸੂਟ ਲੈ ਲਿਆ ਭਾਵੇਂ ਇਹ ਬੱਬਲ ਦੇ ਵੀ ਮੇਚ ਆ ਜਾਵੇ। ਬੱਚਿਆਂ ਦੇ ਕੱਪੜੇ ਖਰੀਦਣ ਤੋਂ ਮੈਂ ਨਹੀਂ ਰਹਿ ਸਕਦਾ। ਅਗਲੇ ਹਫਤੇ ਚਿੱਠੀ ਦੇ ਨਾਲ ਹੀ ਪਾਰਸਲ ਕਰਾਂ ਦਿਆਂਗਾ। ਰੰਗ ਪਤਾ ਨਹੀਂ ਲਾਲ ਹੀ ਪਸੰਦ ਆ ਜਾਂਦਾ ਹੈ। ਕਿਉਂਕਿ ਇਹ ਲੋਕ ਮੇਰੀ ਲਾਲ ਪੱਗ ਦੇ ਦੀਵਾਨੇ ਹੋ ਗਏ ਹਨ। ਤੇਰੀ ਗੱਲ ਠੀਕ ਹੈ ਕਿ ਮਹਿੰਦਰ ਦਾ ਰਿਸ਼ਤਾ ਸ਼ਾਮੋਂ ਨਾਲ ਕਰਾਦਿਆਂ। ਦੋਵੇਂ ਕਰੈਂਕ ਹਨ ਅਤੇ ਚੰਗੀ ਨਿਭ ਜਾਵੇਗੀ। ਗਰੀਨੋਬਲ ਵਿਚ ਤੇਰੇ ਖਤਾਂ ਲਈ ਬਹੁਤ ਮਸਾਲਾ ਮਿਲ ਜਾਵੇਗਾ ਅਤੇ ਸੈਰ ਵੀ ਹੋ ਜਾਵੇਗੀ।

ਤੇਰਾ
ਹਰਦੇਵ

ਪੈਰਿਸ (ਗਰੀਨੋਬਲ)
8.7.71

ਡੀਅਰ ਰਾਨੀ

ਪਿਆਰ ਭਰੀ ਸਤਿ ਸਿਰੀ ਅਕਾਲ।

ਤੇਰਾ ਖਤ ਸਮੇਂ ਸਿਰ ਹੀ ਮਿਲ ਜਾਂਦਾ ਹੈ। ਤੇਰੀਆਂ ਯਾਦਾਂ ਤਾਂ ਸਦਾ (ਹਰ ਘੜੀ) ਆ ਮਿਲਦੀਆਂ ਹਨ। ਪਰ ਤੇਰੇ ਪਿਆਰ ਭਰੇ ਅੱਖਰਾਂ ਦੀ ਛੋਹ ਦੀ ਉਡੀਕ ਬਣੀ ਰਹਿੰਦੀ ਹੈ। ਖਤ ਸ਼ੁਰੂ ਤਾਂ ਪੈਰਿਸ ਕੀਤਾ ਹੈ ਪਰ ਅੰਤ ਗਰੀਨੋਬਲ ਪਹੁੰਚ ਕੇ ਕਰਾਂਗਾ। ਚਿੱਠੀ ਭੇਜ ਰਿਹਾਂ ਹਾਂ ਕਿਉਂਕਿ ਐਰੋਗਰਾਮ (ਹਵਾਈ ਡਾਕ ਦਾ ਪੱਤਰ) ਵਿਚ ਪੂਰੀ ਕਹਾਣੀ ਨਹੀਂ ਸਮੇਟੀ ਜਾ ਸਕਦੀ।

ਸੁੰਦਰ ਦੀ ਖਬਰ ਤੇਰੇ ਖਤ ਨਾਲ ਹੀ ਮਿਲ ਗਈ ਹੈ। ਉਸ ਨੇ ਖਤ ਵਿਚ 14 ਸਵਾਲਾਂ ਦੇ ਜਵਾਬ ਮੰਗੇ ਹਨ ਜੋ ਸਾਰੇ ਆਪਣੀ ਰੰਨ (ਵਹੁਟੀ) ਦੇ ਪੈਰਿਸ ਲਿਆਉਣ ਬਾਰੇ ਹਨ। ਮੇਰੇ ਖਤ ਦਾ ਅੱਗੇ ਕਦੇ ਜਵਾਬ ਨਹੀਂ ਦਿੱਤਾ। ਪਰ ਸਾਡੀ ਕਿਸਮਤ ਕਾਫੀ ਮਿਲਦੀ ਜੁਲਦੀ ਹੈ। ਜਦੋਂ ਮੈਂ ਪਟਿਆਲੇ ਪੜ੍ਹਨ ਆਇਆ ਤਾਂ ਪ੍ਰੋ. ਬਹਾਦਰ ਸਿੰਘ ਦੀ ਬਦਲੀ ਮਹਿੰਦਰਾ ਕਾਲਜ ਹੋ ਗਈ ਅਤੇ ਸੁੰਦਰ ਵੀ ਮੇਰੀ ਪਿਛਲੀ ਜਮਾਤ ਵਿਚ ਦਾਖਲ ਹੋ ਗਿਆ। ਮੈਂ ਅਲੀਗੜ੍ਹ ਗਿਆ ਤਾਂ ਉਥੇ ਵੀ ਉਸ ਦਾ ਦਾਖਲਾ ਹੋ ਗਿਆ। ਹੁਣ ਪੈਰਿਸ ਵਿਚ ਵੀ ਟਾਕਰਾ ਹੋਵੇਗਾ। ਅਲੀਗੜ੍ਹ ਤੋਂ ਇਹ ਵਾਪਸ ਘਰ ਪਰਤ ਗਿਆ ਸੀ ਕਿਉਂਕਿ ਇਸ ਦਾ ਦਿਲ ਨਹੀਂ ਸੀ ਲੱਗਾ। ਹੁਣ ਵੇਖੋ ਵਹੁਟੀ ਛੱਡ ਕੇ ਕਿਵੇਂ ਰਹੇਗਾ। ਮੇਰੇ ਪ੍ਰੋ. ਬਹਾਦਰ ਸਿੰਘ ਦਾ ਛੋਟਾ ਭਰਾ ਹੋਣ ਕਰਕੇ ਮੈਂ ਇਸ ਦੇ ਵਿਆਹ ਵਿਚ ਵਿਚੋਲੇ ਦਾ ਰੋਲ ਵੀ ਨਿਭਾਇਆ ਸੀ।

ਉਸ ਦੀ ਵਹੁਟੀ ਲਈ ਨੌਕਰੀ ਲੱਭਣ ਲਈ ਮੈਂ ਟੈਲੀਫੋਨ ਵੀ ਕਰਵਾਇਆ ਹੈ। ਕੱਲ੍ਹ ਜਵਾਬ ਮਿਲ ਜਾਵੇਗਾ ਪਰ ਫਰੈਂਚ ਭਾਸ਼ਾ ਦੀ ਵਾਕਫੀਅਤ ਤੋਂ ਬਗੈਰ ਕੰਮ ਮਿਲਣਾ ਮੁਸ਼ਲਕ ਹੈ। ਹਾਂ ਛੋਟੇ ਮੋਟੇ ਕੰਮ ਮਿਲ ਜਾਂਦੇ ਹਨ ਪਰ ਆਪਣੀ ਆਕੜ ਛੱਡਣੀ ਪੈਂਦੀ ਹੈ। ਉਸ ਨੇ ਬੱਚੇ ਬਾਰੇ ਨਹੀਂ ਦੱਸਿਆ, ਹੋ ਗਿਆ ਹੈ ਜਾਂ ਹੋਣ ਵਾਲਾ ਹੈ। ਕਿਉਂਕਿ ਮੈਂ ਜਵਾਬ ਉਸ ਨੂੰ ਮੁੱਖ ਰੱਖ ਕੇ ਦਿੰਦਾ। ਮੈਂ ਤਾਂ ਪੂਰੀ ਕੋਸ਼ਿਸ਼ ਕਰਾਂਗਾ ਕਿ ਦੋਵੇਂ ਇਕੱਠੇ ਆਉਣ। ਅਸੀਂ ਤਾਂ ਦੋ ਨਹੀਂ ਹੋ ਸਕੇ ਆਪਣੀਆਂ ਮਜਬੂਰੀਆਂ ਕਰਕੇ। ਸੁੰਦਰ ਅਤੇ ਦਵਿੰਦਰ ਵਰਗੀ ਸੋਹਣੀ ਜੋੜੀ ਪੈਰਿਸ ਦੇ ਲੋਕਾਂ ਨੇ ਕਿੱਥੋਂ ਵੇਖੀ ਹੋਣੀ ਹੈ। ਮੈਨੂੰ ਤਾਂ ਇਸ ਗੱਲ ਦੀ ਖੁਸ਼ੀ ਹੈ ਕਿ

ਪੈਰਿਸ ਵਿਚ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਉਮੀਦ ਹੈ ਉਸ ਦਾ ਕੰਮ ਸਿਰੇ ਚੜ੍ਹ ਜਾਵੇਗਾ।

ਮੇਰੇ ਲਈ ਕੋਈ ਖੇਚਲ ਕਰਕੇ ਭੇਜਣ ਦੀ ਲੋੜ ਨਹੀਂ, ਨਾ ਹੀ ਉਸ ਨੂੰ ਖੇਚਲ ਦੇਣੀ ਹੈ। ਹਰ ਕੋਈ ਆਪਣੇ ਸਮਾਨ ਨਾਲ ਲੱਦਿਆ ਹੀ ਪੈਰਿਸ ਪਹੁੰਚਦਾ ਹੈ। ਹਾਂ, ਕੁਝ ਨਿਕੇ ਮੋਟੇ ਕੰਮ ਮੈਂ ਉਸ ਨੂੰ ਲਿਖ ਦਿਆਂਗਾ। ਮੇਰੇ ਸਾਰੇ ਸਰਟੀਫੀਕੇਟ ਭੇਜ ਦੇਣੇ। ਕੁਝ ਸਕਾਰਫ (Scarf) ਅਤੇ ਦੋ ਕਛਹਿਰੇ ਵੀ ਸ਼ਾਇਦ ਮੈਂ ਮੰਗ ਭੇਜਾਂ, ਦਰਜੀ ਬਾਬੇ ਜੀਉਂਦੇ ਰਹਿਣ, ਉਨ੍ਹਾਂ ਕੋਲ ਮੇਰਾ ਪੱਕਾ ਮਾਪ ਹੈ। ਜੋ ਮੈਂ ਲੈ ਕੇ ਆਇਆਂ ਸਾਂ ਉਹ ਤੰਗ ਨਿਕਲੇ ਅਤੇ ਪਹਿਲੇ ਹਫਤੇ ਹੀ ਫਟ ਗਏ। ਗਾਂਢੇ ਤੋਪੇ ਦੀ ਮੱਦਦ ਨਾਲ ਕੰਮ ਚਲਾ ਰਿਹਾ ਹਾਂ।

ਪਿਛਲੇ ਖਤ ਵਿਚ ਤੂੰ ਮੇਰੀ ਕਬਜ਼ ਦੀ ਬੀਮਾਰੀ ਬਾਰੇ ਪੁੱਛਿਆ ਸੀ। ਮੈਂ ਡਾਕਟਰ ਤੋਂ ਰਿਪੋਰਟ ਲੈ ਆਇਆ ਹਾਂ ਪਰ ਉਸ ਵਿਚ ਕੋਈ ਨੁਕਸ ਆਦਿ ਨਹੀਂ ਦੱਸਿਆ। ਅੰਦਰੋਂ ਬਾਹਰੋਂ ਚੈਕ ਕਰਕੇ ਦੱਸਿਆ ਸੀ ਕਿ ਕਿਸੇ ਅਪਰੇਸ਼ਨ ਦੀ ਜ਼ਰੂਰਤ ਨਹੀਂ। ਮੈਨੂੰ ਆਪਣੀ ਬਿਮਾਰੀ ਦੀ ਤਾਂ ਸਮਝ ਹੈ ਪਰ ਇਲਾਜ ਡਾਕਟਰ ਦੀ ਮਰਜ਼ੀ ਤੇ ਨਿਰਭਰ ਕਰਦਾ ਹੈ। ਇੱਥੇ ਕੁਝ ਸਲਾਭਾ ਜਿਹਾ ਹੋਣ ਕਰਕੇ ਅਤੇ ਸਾਰਾ ਦਿਨ ਕੁਰਸੀ ਤੇ ਬੈਠੇ ਹੋਏ ਕੰਮ ਕਰਨ ਨਾਲ ਜੋੜ ਅੰਗਾਂ ਵਿੱਚ ਪਸੀਨਾ ਜਿਹਾ ਮੁਸ਼ਕ ਮਾਰਦਾ ਹੈ। ਆਦਤ ਅਨੁਸਾਰ ਪਾਊਡਰ ਮੈਂ ਕਦੇ ਵਰਤਿਆ ਨਹੀਂ। ਇਕ ਡਾਕਟਰ ਨੇ ਪਹਿਲਾਂ ਵੀ ਜੋੜਾਂ ਵਿਚ ਮਲਣ ਦੀ ਦਵਾਈ ਦੇ ਕੇ ਕਿਹਾ ਸੀ ਮੈਂ ਨਾਈਲਨ ਦਾ ਪਸੀਨਾ ਚੂਸ ਲੈਣ ਵਾਲਾ ਕੱਛਾ ਵਰਤ ਸਕਦਾ ਹਾਂ। ਉਸ ਨੂੰ ਕੀ ਪਤਾ ਸੀ ਕਿ ਖਾਲਸੇ ਆਪਣੀ ਰਹਿਤ ਦਾ ਤਿਆਗ ਨਹੀਂ ਕਰ ਸਕਦੇ।

ਦੂਸਰਾ ਵੱਡਾ ਕਾਰਨ ਮੇਰੀਆਂ ਆਦਤਾਂ ਦਾ ਵਿਗੜਣਾ ਹੈ। ਮਨਮੋਹਨ ਦੇ ਆਉਣ ਸਮੇਂ ਤੋਂ ਹੁਣ ਤੱਕ ਦੇਰ ਸੌਣ ਦੀ ਆਦਤ ਹੋ ਗਈ ਹੈ ਅਤੇ ਸਵੇਰੇ ਦੇ ਦੋ ਜਾਂ ਤਿੰਨ ਵੱਜ ਜਾਂਦੇ ਹਨ। ਲੇਟ ਸੌਣ ਕਰਕੇ ਉਠਣਾ ਵੀ ਅੱਠ ਨੌ ਵਜੇ ਤੱਕ ਲੇਟ ਹੋ ਜਾਂਦਾ ਹੈ। ਆਮ ਮੁੰਡੇ ਤਾਂ ਠੀਕ ਰਹਿੰਦੇ ਹਨ ਪਰ ਮੈਨੂੰ ਇਹ ਰੁਟੀਨ ਤਬਾਹ ਕਰ ਰਿਹਾ ਹੈ। ਨਾ ਕੰਮ ਠੀਕ ਹੁੰਦਾ ਹੈ ਅਤੇ ਨਾਲੇ ਕਬਜ਼ ਦੀ ਬੀਮਾਰੀ ਚੰਬੜ ਗਈ ਹੈ। ਲੇਟ ਸੌਣਾ ਮੇਰਾ ਕਸੂਰ, ਤੇਰੀਆਂ ਯਾਦਾਂ, ਕੰਮ ਦਾ ਜੋਰ ਅਤੇ 10 ਵਜੇ ਰਾਤ ਤੱਕ ਚਾਨਣ ਦਾ ਰਹਿਣਾ ਕਿਉਂਕਿ ਇੱਥੇ ਗਰਮੀਆਂ ਵਿਚ ਦਿਨ ਵੱਡੇ ਹੋ ਜਾਂਦੇ ਹਨ ਅਤੇ ਰੌਸ਼ਨੀ ਜਹੀ ਰਹਿੰਦੀ ਹੈ। ਹਰ ਰੋਜ ਜਲਦੀ ਸੌਣ ਦਾ ਸੋਚਦਾ ਹਾਂ। ਅੱਜ ਵੀ ਖਤ ਲਿਖਣ ਤੋਂ ਬਾਅਦ ਸਵੇਰ ਦੇ ਦੋ ਵੱਜ ਜਾਣਗੇ।

ਮੇਰੀ ਅਕਲ ਦਾੜ੍ਹ ਵੀ ਤੰਗ ਕਰ ਰਹੀ ਹੈ। ਪੈਰਿਸ ਪਹੁੰਚ ਕੇ ਅਕਲ ਦੀ ਲੋੜ ਵਧੇਰੇ ਪੈ ਗਈ ਜਾਪਦੀ ਹੈ। ਮੈਂ ਆਪਣੀ ਵੀਅਤਨਾਮੀ ਸਕੈਨਰ ਨੂੰ ਪੁੱਛਿਆ ਤਾਂ ਉਹ ਦੰਦਾਂ ਦੇ ਡਾਕਟਰ ਕੋਲ ਲੈ ਗਈ। ਉਸ ਨੇ ਕਿਹਾ ਕਈ ਹਫਤੇ ਆਉਣਾ ਪਵੇਗਾ। 500 ਰੁਪਏ (ਫਰੈਂਕ) ਦੰਦ ਦੀ ਤਕਲੀਫ ਠੀਕ ਕਰਨ ਉਪਰ ਲੱਗ ਗਏ ਹਨ। 80 ਪ੍ਰਤੀਸ਼ਤ ਡਾਕਟਰੀ ਇਲਾਜ ਦਾ ਖਰਚਾ ਮਿਲ ਜਾਂਦਾ ਹੈ ਅਤੇ ਬਾਕੀ 20 ਪ੍ਰਤੀਸ਼ਤ ਕੋਲੋਂ ਖਰਚਣੇ ਪੈਂਦੇ ਹਨ। ਸੋ ਇਹ ਹਿਸਟਰੀ ਹੈ ਆਪਣੇ ਰੋਗਾਂ ਦੀ। ਸ਼ਾਇਦ ਨਰਸਾਂ ਦੀ ਛੇੜਖਾਨੀ ਅਤੇ ਦੇਖ ਭਾਲ ਕਰਕੇ ਰੋਗੀ ਬਨਣ ਦਾ ਵੀ ਆਪਣਾ ਸਵਾਦ ਹੁੰਦਾ ਹੈ। ਉਮੀਦ ਹੈ ਅੱਗੇ ਤੋਂ ਬੀਮਾਰੀਆਂ ਦੀ ਕਥਾ ਦਾ ਭੋਗ ਹੀ ਪਾ ਦਿਆਂ ਐਂਵੇ ਤੇਰੇ ਲਈ ਚਿੰਤਾ ਬਣ ਜਾਵੇਗੀ।

ਪਿਆਰ ਤਾਂ ਬਥੇਰੇ ਮਿਲਦੇ ਹਨ ਅਤੇ ਮਿਲੇ ਪਰ ਇਨ੍ਹਾਂ ਸਾਰਿਆਂ ਉਪਰ ਤੇਰੀਆਂ ਯਾਦਾਂ ਦਾ ਪਾਰਾ ਇੰਜ ਚੜ੍ਹ ਜਾਂਦਾ ਹੈ ਜਿਵੇਂ ਬੱਦਲਾਂ ਪਿੱਛੇ ਚੰਨ ਖਤਮ ਹੋ ਜਾਂਦਾ ਹੈ। ਫਿਰ ਉਹੀ ਯਾਦਾਂ ਦਾ ਝੁਰਮਟ ਆ ਘੇਰਦਾ ਹੈ ਅਤੇ ਇਹ ਸਾਰੇ ਡਰਾਮੇ ਦੇ ਪਾਤਰ ਬਣ ਕੇ ਅਲੋਪ ਹੋ ਜਾਂਦੇ ਹਨ। ਦੇਰ ਰਾਤ ਸੌਣ ਦੀ ਆਦਤ ਠੀਕ ਹੋ ਜਾਣ ਨਾਲ ਇਹ ਸੋਚ ਚੱਕਰ ਵੀ ਟੁੱਟ ਜਾਵੇਗਾ। ਇਹ ਤੇਰਾ ਵੀ ਤਜ਼ਰਬਾ ਹੈ, ਜਿਉਂ ਜਿਉਂ ਰਾਤ ਵਧਦੀ ਹੈ, ਨੀਂਦ ਕੋਈ ਚੁਰਾ ਹੀ ਲੈ ਜਾਂਦਾ ਹੈ। ਸਭ ਤੋਂ ਚੰਗਾ ਹੱਲ ਕੰਮ ਦਾ ਥਕੇਵਾਂ ਹੈ ਜੋ ਝੱਟ ਸਭ ਕੁਝ ਭੁਲਾ ਕੇ ਗੂੜ੍ਹੀ ਨੀਂਦ ਸੁਲਾ ਦਿੰਦਾ ਹੈ। ਜਦੋਂ ਕੰਮ ਦੀ ਮਾਰ ਪਈ ਤਾਂ ਨੀਂਦਰ ਦਾ ਰੋਗ ਵੀ ਠੀਕ ਹੋ ਜਾਵੇਗਾ।

ਮੇਰਾ ਚੀਨੀ ਗਾਈਡ ਪੁੱਛ ਰਿਹਾ ਸੀ ਕਿ ਕਮਾਲ ਦਾ ਬੰਦਾ ਹੈਂ ਕਿ ਪੈਰਿਸ ਪਹੁੰਚ ਕੇ ਵੀ ਤੈਨੂੰ ਮੀਟ, ਸ਼ਰਾਬ ਦੀ ਕੋਈ ਖਿੱਚ ਨਹੀਂ ਪੈ ਰਹੀ। ਮੈਂ ਕਿਹਾ ਕੋਸ਼ਿਸ਼ ਕਰਨ ਤੇ ਵੀ ਇਹ ਚੀਜਾਂ ਮੇਰੀ ਤਬੀਅਤ ਦੇ ਰਾਸ ਨਹੀਂ ਆਈਆਂ। ਹਾਂ, ਇਕੋ ਖਿੱਚ ਤੇ ਵਧੇਰੇ ਕਾਬੂ ਰੱਖਣਾ ਪੈਂਦਾ ਹੈ, ਉਹ ਹਨ ਤੇਰੀਆਂ ਯਾਦਾਂ। ਭਾਵੇਂ ਬਥੇਰੇ ਦਿਲ ਡੋਲਾਣੇ ਪਿਆਰ ਮਿਲਦੇ ਹਨ ਪਰ ਮੇਰੇ ਜੀਵਨ ਵਿਚ ਕੁਝ ਮਹਾਨ ਔਰਤਾਂ ਦੀ ਕੁਰਬਾਨੀ ਵੇਖ ਕੇ ਧਰਵਾਸ ਬੱਝ ਜਾਂਦਾ ਹੈ। ਇਹ ਦੋਵੇਂ ਸਾਡੇ ਆਪਣੇ ਘਰ ਵਿਚ ਮਾਂ ਅਤੇ ਭੂਆ ਦੇ ਰੂਪ ਵਿਚ ਮੌਜੂਦ ਹਨ। ਭਾਵੇਂ ਸ਼ਾਮੋਂ ਨੇ ਆਪਣੀ ਸਹੇਲੀ ਨਾਲ ਮੁਲਾਕਾਤ ਕਰਾਉਣ ਵੇਲੇ ਕਿਹਾ, "ਇਹ ਆਪਣੀ ਔਰਤ ਦੇ ਪਿਆਰ ਦਾ ਗੁਲਾਮ ਹੈ ਜਿਸ ਕਰਕੇ ਇਸ ਤੋਂ ਪਿਆਰ ਦੀ ਉਮੀਦ ਨਹੀਂ ਹੋ ਸਕਦੀ।" ਸ਼ਾਮੋਂ ਆਪਣਾ ਤਜ਼ਰਬਾ ਸਹੇਲੀ ਨਾਲ ਸਾਂਝਾ ਕਰ ਰਹੀ ਸੀ।

ਮੈਂ ਆਪੇ ਦੀ ਕਮਜੋਰੀ ਦਾ ਵਾਕਫ ਹਾਂ ਪਰ ਮੇਰੀ ਕੋਸ਼ਿਸ਼ ਸੱਚੇ ਪਿਆਰ ਦੀ ਭਾਲ ਦੀ ਹੀ ਰਹੀ, ਜੋ ਮੈਂ ਪ੍ਰੀਤਲੜੀ ਦੇ ਐਡੀਟਰ ਗੁਰਬਖਸ਼ ਸਿੰਘ ਦੇ ਲੇਖਾਂ ਵਿਚ ਪੜ੍ਹਦਾ ਰਿਹਾ ਹਾਂ। ਉਹ ਲਿਖਦਾ ਹੈ, 'ਪਿਆਰ ਜੇਕਰ ਜਿਸਮ ਤੋਂ ਉਪਰ ਉਠ ਜਾਵੇ ਤਾਂ ਜਿੰਦਗੀ ਵਿਚ ਕ੍ਰਿਸ਼ਮੇ ਦਾ ਕੰਮ ਕਰਦਾ ਹੈ, ਰੂਹ ਨੂੰ ਬਲਵਾਨ ਕਰਦਾ ਹੈ ਅਤੇ ਮਨੁੱਖ ਕੁਝ ਦਾ ਕੁਝ ਕਰ ਸਕਦਾ ਹੈ।' ਇਹੋ ਜਹੇ ਬੰਦੇ ਇਨ੍ਹਾਂ ਦੇਸ਼ਾਂ ਵਿਚ ਸਾਡੇ ਕੁਝ ਲਿਖਾਰੀਆਂ ਨੂੰ ਮਿਲੇ, ਜਿਵੇਂ ਪ੍ਰੋ ਪੂਰਨ ਸਿੰਘ ਨੇ ਜਪਾਨੀ ਨਾਇਕਾ ਦੀ ਕਹਾਣੀ ਵਿਚ ਬਿਆਨ ਕੀਤਾ ਹੈ। ਮੈਨੂੰ ਵੀ ਕਈ ਅਜੇਹੇ ਪਿਆਰ ਮਿਲੇ ਹਨ ਅਤੇ ਮਿਲਦੇ ਰਹਿਣਗੇ। ਪਰ ਕਦੇ ਕੋਈ ਔਝੜ ਜਿਹਾ ਵੀ ਪਿਆਰ ਟੱਕਰਦਾ ਹੈ ਜਿਵੇਂ ਸ਼ਾਮੋਂ ਦਾ। ਪਰ ਇਸ ਤੋਂ ਡਰ ਕੇ ਸੱਚੇ ਪਿਆਰ ਦੀ ਭਾਲ ਤਾਂ ਨਹੀਂ ਛੱਡ ਦੇਣੀ ਚਾਹੀਦੀ। ਤੈਨੂੰ ਸਭ ਪਿਆਰ ਦੇ ਕਿੱਸੇ ਲਿਖ ਭੇਜਦਾ ਹਾਂ ਕਿ ਕਿਤੇ ਕਮਜੋਰੀ ਨਾ ਆ ਜਾਵੇ। ਪਰ ਹੈ ਇਹ ਲੋਕ ਵੀ ਸ਼ਦਾਈ, ਮੈਨੂੰ ਕਿਉਂ ਪਿਆਰ ਕਰਦੇ ਹਨ?

ਕਿਲ੍ਹੇ ਵਾਲੀ ਗਾਈਡ ਕੁੜੀ ਕਰਿਸਤੀਨਾ ਦਾ ਪੱਤਰ ਅੱਜ ਮਿਲ ਗਿਆ। ਉਹ ਕਹਿ ਰਹੀ ਹੈ ਕਿ ਇੰਡੀਆ ਜਾਣ ਤੋਂ ਪਹਿਲਾਂ ਇਕ ਵਾਰ ਮਿਲ ਜਾਵਾਂ। ਅਗਲੇ ਸਾਲ ਲਵਾਰ ਵਾਦੀ ਦੇ ਕਿਲ੍ਹੇ ਵੇਖਣ ਗਿਆ ਤਾਂ ਉਸ ਦੀ ਮੰਗ ਪੂਰੀ ਕਰ ਦਿਆਂਗਾ। ਪਿਛਲੀ ਯਾਤਰਾ ਵਿਚ ਉਸ ਦਾ ਜ਼ਿਕਰ ਕੀਤਾ ਸੀ। ਸਿੱਖਾਂ ਨੂੰ ਪਿਆਰ ਕਰਨ ਵਾਲੀ ਫਰੈਂਚ ਔਰਤ, ਆਨਮਾਰੀ ਮੇਜੋਂ, ਮੇਰੇ ਹੋਸਟਲ ਵਿਚ ਆ ਜਾਂਦੀ ਹੈ। ਉਹ ਗੋਲਡਨ ਟੈਂਪਲ ਦੇ ਕਾਰਡ ਪੈਰਿਸ ਦੀ ਕਿਸੇ ਦੁਕਾਨ ਤੋਂ ਲੈ ਕੇ ਆਈ। ਇਕ ਕਾਰਡ ਰੂਸੀ ਇਵੀਲੀਨਾ ਨੂੰ ਭੇਜ ਦਿੱਤਾ ਹੈ ਅਤੇ ਦੂਜਾ ਅੰਗਰੇਜ਼ ਔਰਤ ਨੂੰ ਜਿਸ ਨੇ ਪੰਜਾਬੀ ਯੂਨੀਵਰਸਿਟੀ ਵਿਚ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵਾਲਾ ਸ਼ਬਦ ਪੜ੍ਹਿਆ ਸੀ।

ਗੰਗਾਨਗਰ ਤੋਂ ਕਿਰਪਾਲ ਸਿੰਘ ਖੁਰਾਨਾ 25 ਜੁਲਾਈ ਨੂੰ ਪੈਰਿਸ ਪਹੁੰਚ ਰਿਹਾ ਹੈ। ਉਹ ਆਪਣੀ ਪੈਨ-ਫਰੈਂਡ ਕੁੜੀ ਨੂੰ ਵਿਆਹੁਣ ਖਾਤਰ ਆ ਰਿਹਾ ਹੈ। ਪਿਛਲੇ ਦਸ ਬਾਰਾਂ ਸਾਲਾਂ ਤੋਂ ਉਹ ਚਿੱਠੀ ਪੱਤਰ ਰਾਹੀਂ ਦੋਸਤ ਬਣੇ ਸਨ। ਅੱਜ ਉਸ ਦੀ ਦੋਸਤ ਕੁੜੀ ਮੇਰੇ ਕਮਰੇ ਵਿਚ ਆਈ ਅਤੇ ਵਿਆਹ ਦੇ ਰਸਮੋਂ-ਰਿਵਾਜਾਂ ਬਾਰੇ ਪੁੱਛ-ਗਿੱਛ ਕਰਦੀ ਰਹੀ। ਰੰਗ ਰੂਪ ਅਤੇ ਸੁਭਾਅ ਤੋਂ ਪੂਰੀ ਪੰਜਾਬਣ ਲੱਗਦੀ ਹੈ। ਜਿਆਦਾ ਪੜ੍ਹੀ ਲਿਖੀ ਨਹੀਂ ਜਾਪਦੀ ਕਿਉਂਕਿ ਅੱਖਾਂ ਵਿੱਚ ਸੁਰਮਾ ਪਾ ਕੇ ਪੰਜਾਬ ਦੀਆਂ ਜੱਟੀਆਂ ਵਾਂਗ ਲੱਗਦੀ ਹੈ। ਸੁਭਾਅ

ਦੀ ਖੁੱਲ੍ਹੀ ਡੁੱਲ੍ਹੀ ਅਤੇ ਬਗੈਰ ਕਿਸੇ ਨਖਰੇ ਤੋਂ। ਸ਼ਾਇਦ ਪੈਰਿਸ ਵਿਚ ਇਹ ਵਿਆਹ ਵੇਖੀਏ। ਉਹ ਕਹਿ ਰਹੀ ਸੀ ਕਿ ਮੁੰਡਾ ਦਾਹੜੀ ਕੱਟਦਾ ਹੈ। ਜੋ ਉਸ ਨੂੰ ਪਸੰਦ ਨਹੀਂ। ਜਾਂ ਪੂਰੀ ਦਾਹੜੀ ਰੱਖੇ ਨਹੀਂ ਤਾਂ ਪੂਰੀ ਕੱਟੇ। ਮੇਰਾ ਖਿਆਲ ਹੈ ਕਿ ਕਿਲ੍ਹੇ ਵਾਲੀ ਕਰਿਸਟੀਨਾ ਆਪਣੇ ਦਲਜੀਤ ਦੀ ਪੈਨ-ਫਰੈਂਡ ਬਣ ਸਕਦੀ ਹੈ। ਕੁੜੀ ਉਹ ਵੀ ਚੰਗੀ ਹੈ ਪਰ ਆਪਣਾ ਮੁੰਡਾ ਤਾਂ ਮੰਗਿਆ ਹੋਇਆ ਹੈ।

ਗਰੀਨੋਬਲ 9.7.71

ਪਿਆਰੀ ਸਜਨੀ ਗਰੀਨੋਬਲ ਵੀ ਪਹੁੰਚ ਗਏ ਹਾਂ। ਖਿਆਲ ਤਾਂ ਸੀ ਪਤਾ ਨਹੀਂ ਕਿਸੇ ਵੱਡੇ ਪਹਾੜ ਤੇ ਹੋਵੇਗਾ ਪਰ ਇਹ ਤਾਂ ਕਾਲਕਾ ਵਰਗਾ ਪਹਾੜੀ ਦੇ ਸਿਰੇ ਤੇ ਹੀ ਵੱਸਿਆ ਹੈ। ਮੈਂ ਤਾਂ ਕੱਪੜਿਆਂ ਨਾਲ ਆਪਣਾ ਅਟੈਚੀ ਤੇ ਬੈਗ ਭਰ ਲਿਆ ਪਰ ਇੱਥੇ ਤਾਂ ਪੈਰਿਸ ਤੋਂ ਵੱਧ ਗਰਮੀ ਪੈ ਰਹੀ ਹੈ। ਪੈਰਿਸ ਤੋਂ 9 ਵਜੇ ਗੱਡੀ ਤੁਰੀ ਅਤੇ 3 ਵਜੇ ਪਹੁੰਚ ਗਈ ਸੀ। ਆਦਤ ਅਨੁਸਾਰ ਮੈਂ ਸਭ ਤੋਂ ਪਹਿਲਾਂ ਉਠਿਆ ਸਾਂ ਪਰ ਸਟੇਸ਼ਨ ਤੇ ਮਸਾਂ ਦਸ ਮਿੰਟ ਪਹਿਲਾਂ ਪਹੁੰਚਿਆ। ਦੋ ਕਿਲੋਮੀਟਰ ਲੰਬੇ ਪਲੇਟਫਾਰਮ ਤੇ ਗੱਡੀ ਖੜੀ ਸੀ ਪਰ ਸਾਡਾ ਰਾਖਵਾਂ ਡੱਬਾ ਅਖੀਰ ਉਪਰ ਸੀ। ਇਕ ਸਾੜੀ ਵਾਲੀ ਨਜ਼ਰ ਪਈ ਤਾਂ ਮੈਂ ਉਸ ਡੱਬੇ ਵੱਲ ਤੁਰ ਪਿਆ। ਡੱਬੇ ਵਿਚ ਵੜ੍ਹਿਆ ਹੀ ਸੀ ਕਿ ਗੱਡੀ ਤੁਰ ਪਈ।

ਮੇਰੇ ਕੋਲ ਖਾਣ ਪੀਣ ਦਾ ਸਮਾਨ ਕਾਫੀ ਸੀ। ਸਫਰ ਲਈ ਫਲ ਅਤੇ ਰਾਤ ਦਾ ਬਣਾਇਆ ਕੜਾਹ ਪ੍ਰਸ਼ਾਦ ਵੀ ਲੈ ਲਿਆ ਸੀ। ਗੱਡੀ ਸਟੇਸ਼ਨਾਂ ਤੇ ਦੋ ਮਿੰਟ ਤੋਂ ਵੱਧ ਕਿਤੇ ਵੀ ਰੁਕਦੀ ਨਹੀਂ ਜਿਸ ਕਰਕੇ ਸਵਾਰੀਆਂ ਖਾਣ ਪੀਣ ਦਾ ਸਮਾਨ ਲੈ ਕੇ ਆਉਂਦੀਆਂ ਹਨ। ਇੰਡੀਆ ਵਰਗੀ ਮੌਜ ਨਹੀਂ ਕਿ ਸਟੇਸ਼ਨ ਤੇ ਉਤਰ ਕੇ ਆਲੂ ਛੋਲੇ ਦੀਆਂ ਪਲੇਟਾਂ ਖਾ ਆਉ। ਮੈਂ ਤਾਂ ਮਦਰਾਸ ਜਾਂਦਾ ਹੋਇਆ ਭੂਪਾਲ ਦੇ ਸਟੇਸ਼ਨ ਤੇ ਇਸ਼ਨਾਨ ਵੀ ਕਰ ਆਇਆ ਸਾਂ। ਗੱਡੀ ਦਾ ਸਫਰ ਸੁਹਾਵਣਾ ਸੀ। ਮੇਰੇ ਨਾਲ ਦੀ ਸੀਟ ਤੇ ਦਾਦੀ ਆਪਣੇ ਦੋ ਪੋਤਿਆਂ ਨਾਲ ਸਫਰ ਕਰ ਰਹੀ ਸੀ। ਵਾਹਵਾ ਗੋਲ ਮੋਲ ਜਹੇ ਬੱਚੇ ਦੇਖ ਕੇ ਮੈਂ ਫਲ ਅਤੇ ਕੜਾਹ ਪ੍ਰਸ਼ਾਦ ਭੇਟਾ ਕੀਤਾ। ਬੱਚਿਆਂ ਨਾਂਹ-ਨੁਕਰ ਕੀਤੀ ਪਰ ਦਾਦੀ ਦੇ ਕਹਿਣ ਤੇ ਲੈ ਲਿਆ। 6 ਘੰਟੇ ਦੇ ਸਫਰ ਬਾਅਦ ਅਸੀਂ ਗਰੀਨੋਬਲ ਪਹੁੰਚ ਗਏ।

ਪਹੁੰਚਣ ਸਾਰ ਗਰੀਨੋਬਲ ਯੂਨੀਵਰਸਿਟੀ ਦੇ ਕੈਂਪਸ ਵਿਚ ਕਮਰਾ ਮਿਲ

ਗਿਆ ਹੈ। ਗਰਮੀ ਦੀਆਂ ਛੁੱਟੀਆਂ ਵਿਚ ਹੋਸਟਲ ਖਾਲੀ ਹੋ ਜਾਂਦੇ ਹਨ ਅਤੇ ਬਾਹਰੋਂ ਆਏ ਯਾਤਰੀ ਇੱਥੇ ਕਰਾਇਆ ਭਰ ਕੇ ਠਹਿਰ ਸਕਦੇ ਹਨ। ਸਾਡੇ ਗਰੁੱਪ ਤੋਂ ਬਗੈਰ ਵਿਦੇਸ਼ਾਂ ਤੋਂ ਹੋਰ ਵੀ ਵਿਦਿਆਰਥੀ ਆਏ ਹੋਏ ਹਨ ਤਾਂ ਕਿ ਯੂਥ ਫਿਲਮ ਫੈਸਟੀਵਲ ਵਿਚ ਹਿੱਸਾ ਲੈ ਸਕਣ। ਕੱਲ੍ਹ ਸ਼ਾਮ ਨੂੰ ਪਵਿੱਤਰ ਪਾਪੀ ਫਿਲਮ ਵਿਖਾਈ ਜਾਵੇਗੀ। ਜਦੋਂ ਮੈਂ ਦਿੱਲੀ ਤੋਂ ਜਹਾਜ ਚੜ੍ਹਨ ਲਈ ਏਅਰਪੋਰਟ ਗਿਆ ਸਾਂ ਤਾਂ ਇਸ ਫਿਲਮ ਦੇ ਪੋਸਟਰ ਲੱਗੇ ਦੇਖੇ ਸਨ। ਇੰਡੀਆ ਵਿਚ ਤਾਂ ਕਦੇ ਫਿਲਮ ਵੇਖੀ ਨਹੀਂ ਪਰ ਇੱਥੇ ਜਰੂਰ ਵੇਖਾਂਗਾ। ਨਾਨਕ ਸਿੰਘ ਦੇ ਨਾਵਲ ਉਪਰ ਬਣੀ ਹੋਈ ਹੈ ਜੋ ਮੈਂ ਸਕੂਲ ਦੇ ਸਮੇਂ ਪੜ੍ਹਿਆ ਸੀ। ਅਸੀਂ ਵੀ ਤੇਰੇ 'ਪਵਿੱਤਰ ਪਾਪੀ' ਹੀ ਹਾਂ। ਸਾਡੇ ਖਿਆਲਾਂ ਦੀ ਦੁਨੀਆਂ ਵਿਚ ਕਈ ਹੁਸੀਨ ਚਿਹਰੇ ਚੱਕਰ ਲਗਾ ਗਏ ਹਨ ਪਰ ਦਿਲ ਦੀ ਦੁਨੀਆਂ ਵਿਚ ਕਿਸੇ ਨੂੰ ਥਾਂ ਨਹੀਂ ਲੱਭੀ। ਕੁਝ ਕੁ ਪਿਆਰੇ ਹਿਰਦੇ ਹੀ ਯਾਦ ਰਹਿ ਗਏ ਹਨ।

ਗਰੀਨੋਬਲ
10.7.71

ਕੱਲ੍ਹ ਰਾਤ 12 ਵਜੇ ਤੱਕ ਇਕ ਫਰੈਂਚ ਫਿਲਮ ਵੇਖੀ। ਇੱਥੋਂ ਦੀਆਂ ਅਤੇ ਸਾਡੀਆਂ ਫਿਲਮਾਂ ਵਿਚ ਜਮੀਨ ਅਸਮਾਨ ਦਾ ਫਰਕ ਹੈ। ਕਈ ਜਗ੍ਹਾ ਦੋਵੇਂ ਹੀਰੋ ਅਤੇ ਹੀਰੋਇਨ ਅਲਫ ਨੰਗੇ ਵੇਖੇ ਪਰੰਤੂ ਕੋਈ ਸ਼ੋਰ ਸ਼ਰਾਬਾ ਨਹੀਂ ਹੋਇਆ ਜਿਵੇਂ ਸਾਡੇ ਸਿਨੇਮਾਂ ਘਰਾਂ ਵਿੱਚ ਅਕਸਰ ਹੁੰਦਾ ਰਹਿੰਦਾ ਹੈ। ਇਸ ਫਿਲਮ ਵਿਚ ਪੇਂਡੂ ਜੀਵਨ ਦੀਆਂ ਝਾਕੀਆਂ ਸਨ ਅਤੇ ਗਰੀਬੀ ਅਤੇ ਲੜਾਈ ਦੇ ਉਲਟ ਰੋਸ ਸੀ। ਕੁਝ ਸੀਨ ਤਾਂ ਪੰਜਾਬੀ ਜੀਵਨ ਨਾਲ ਮੇਲ ਖਾਂਦੇ ਸਨ ਜਿਵੇਂ ਪਿਆਰ ਕਰਨ ਲਈ ਮਕੱਈ ਦਾ ਖੇਤ ਉਹਲਾ ਕਰ ਕੇ ਵਰਤਣਾ। ਇੱਥੇ 40 ਦੇਸ਼ਾਂ ਤੋਂ ਵਿਦਿਆਰਥੀ ਆਏ ਹੋਏ ਹਨ ਅਤੇ ਅੱਜ ਸ਼ਾਮ 'ਪਵਿੱਤਰ ਪਾਪੀ' ਫਿਲਮ ਵਿਖਾਈ ਜਾਵੇਗੀ। ਫਿਲਮ ਦੇ ਡਾਇਰੈਕਟਰ ਬੀ.ਆਰ. ਚੋਪੜਾ ਅਤੇ ਉਸਦੀ ਪਤਨੀ ਵੀ ਆਏ ਹੋਏ ਹਨ। ਭੀਸ਼ਮ ਸਾਹਨੀ ਦਾ ਪੁੱਤਰ ਵੀ ਆਇਆ ਹੋਇਆ ਹੈ ਜੋ ਇਸ ਫਿਲਮ ਦਾ ਹੀਰੋ ਹੈ। ਲੋਕੀਂ ਪੱਗ ਅਤੇ ਸਾੜੀ ਵੱਲ ਵਧੇਰੇ ਖਿੱਚੇ ਜਾਂਦੇ ਹਨ। ਪੱਗ ਵਾਲਾ ਤਾਂ ਮੈਂ ਸਵਾ ਲੱਖ ਹੀ ਹਾਂ ਪਰ ਸਾੜੀ ਵਾਲੀਆਂ ਦੋ ਚਾਰ ਹੋਰ ਵੀ ਪਹੁੰਚ ਗਈਆਂ ਹਨ। ਅੱਜ ਚਿੱਠੀ ਪਾਉਣੀ ਜਰੂਰੀ ਹੈ। ਫਿਲਮ ਦਾ ਹਾਲ ਅਗਲੀ ਚਿੱਠੀ ਵਿੱਚ ਲਿਖਾਂਗਾ।

ਅੱਜ ਹੁਣੇ ਹੀ ਅਸੀਂ ਬੱਸ ਵਿੱਚ ਸਵਾਰ ਹੋਏ ਤਾਂ ਕਿ ਗਰੀਨੋਬਲ ਦੇ ਆਲੇ ਦੁਆਲੇ ਦੇ ਪਹਾੜਾਂ ਦੀ ਸੈਰ ਕਰੀਏ। ਮੈਂ ਚਿੱਠੀ ਬੱਸ ਵਿਚ ਹੀ ਸਮਾਪਤ ਕਰ ਰਿਹਾਂ ਹਾਂ। ਸਾਡੇ ਕੈਂਪਸ ਵਿਚ 20 ਹੋਸਟਲ ਹਨ ਪਰ ਪਤਾ ਨਹੀਂ ਤੇਰਾ ਖਤ ਕਿਵੇਂ ਪਹੁੰਚ ਗਿਆ। ਐਡਰੈਸ ਵਿਚ ਪਤਾ ਪੂਰਾ ਨਹੀਂ ਸੀ ਪਰ ਮੇਰੇ 116 ਨੰਬਰ ਕਮਰੇ ਵਿਚ ਚਿੱਠੀ ਪਹੁੰਚ ਗਈ ਕਿਉਂਕਿ ਪਗੜੀ ਵਾਲੇ ਸਰਦਾਰ ਨੂੰ ਸਭ ਜਾਣਦੇ ਹਨ ਜਿਵੇਂ ਮੈਂ ਹੀ ਇੰਡੀਆ ਦਾ ਸਫੀਰ ਹੋਵਾਂ। ਮੈਂ 22 ਜੁਲਾਈ ਨੂੰ ਵਾਪਸ ਪਹੁੰਚ ਜਾਵਾਂਗਾ ਅਤੇ ਅਗਲਾ ਖਤ ਪੈਰਿਸ ਦੇ ਪਤੇ ਉਪਰ ਹੀ ਪਾਉਣਾ। ਇਟਲੀ ਅਤੇ ਸਵਿਟਰਜਲੈਂਡ ਇੱਥੋਂ ਨੇੜੇ ਹਨ। ਵੇਖੋ ਕਦੋਂ ਗੇੜਾ ਲਗਦਾ ਹੈ।

ਬੱਸ ਵਿਚ ਸਲਵਾਰ ਕਮੀਜ ਵਾਲੀ ਇਕ ਪੰਜਾਬਣ ਆ ਚੜ੍ਹੀ। ਮੈਂ ਤਾਂ ਉਸਦਾ ਮੁਹਾਂਦਰਾ ਵੇਖ ਕੇ ਖੁਸ਼ ਹੋ ਗਿਆ। ਪੱਛਿਆ ਤਾਂ ਲਾਹੌਰ ਦੀ ਹਮੀਦਾ ਬਾਨੋ ਨਿਕਲੀ। ਪੰਜਾਬੀ ਮਿੱਠੀ ਬੋਲਦੀ ਸੀ ਪਰ ਆਕੜ ਅਤੇ ਨਖਰਾ ਦੱਸਦਾ ਸੀ ਕਿ ਕਿਸੇ ਵੱਡੇ ਘਰ ਦੀ ਸ਼ਹਿਜਾਦੀ ਹੋਵੇਗੀ। ਗਰਮੀ ਅਜੇ ਵੀ ਕਾਫੀ ਹੈ। ਸਾਡੇ ਤਾਂ ਪੱਛਮੀ ਪਹਿਰਾਵੇ ਦਾ ਰਿਵਾਜ ਹੈ ਪਰ ਇੱਥੇ ਕੁੜੀਆਂ ਚੋਲੀ, ਘੱਗਰੀ ਅਤੇ ਮਲਮਲ ਦੀਆਂ ਪਾਰਦਰਸ਼ੀ ਕਮੀਜ਼ਾਂ ਪਾ ਕੇ ਫਿਰਦੀਆਂ ਹਨ। ਮੁੰਡੇ ਵੀ ਪਟਸਨ ਦੇ ਬੈਗ, ਪੈਂਟ ਵਿਚ ਬੈਲਟ ਦੀ ਥਾਂ ਰੱਸੀ ਅਤੇ ਖਿੱਲਰੇ ਵਾਲਾਂ ਨਾਲ ਤੁਰੇ ਫਿਰਦੇ ਫਕੀਰ ਜਾਪਦੇ ਹਨ। ਦੋ ਦਿਨ ਪਹਾੜਾਂ ਦੀ ਸੈਰ ਹੈ ਚੰਗਾ ਸਮਾਂ ਲੰਘ ਰਿਹਾ ਹੈ।

ਸੁੰਦਰ ਨੂੰ ਜਵਾਬ ਭੇਜ ਦਿੱਤਾ ਹੈ। ਜੇਕਰ ਉਸਦੀ ਵਹੁਟੀ ਘਰਾਂ ਵਿਚ ਕੰਮ ਕਰ ਲਵੇ ਤਾਂ ਬੱਚੇ ਸਾਂਭਣ ਦਾ ਇਕ ਹਜ਼ਾਰ ਰੁਪਿਆ ਮਿਲ ਜਾਵੇਗਾ। ਮੇਰੇ ਡਾਇਰੈਕਟਰ ਦੀ ਮਾਂ ਸਾਡੀ ਲੈਬ ਵਿਚ ਜਮਾਂਦਾਰਾ ਵਾਲਾ ਸਫਾਈ ਦਾ ਕੰਮ ਕਰਦੀ ਹੈ। ਪੁੱਤਰ ਤੋਂ ਹੱਥ ਅੱਡ ਕੇ ਕੁਝ ਨਹੀਂ ਮੰਗਦੀ। ਕੰਮ ਕੋਈ ਮਾੜਾ ਨਹੀਂ ਸਮਝਿਆ ਜਾਂਦਾ, ਸਾਡੇ ਲੋਕਾਂ ਵਿਚ ਫੋਕੀ ਆਕੜ ਹੈ। ਮੈਂ ਖਤ ਬੰਦ ਕਰਦਾ ਹਾਂ। ਸਭ ਨੂੰ ਪਿਆਰ । ਮਾਤਾ ਜੀ ਨੂੰ ਸਤਿ ਸਿਰੀ ਅਕਾਲ।

ਤੇਰੀ ਯਾਦ ਵਿੱਚ ਬੈਠੇ ਸੱਜਣ
ਹਰਦੇਵ

ਗਰੀਨੋਬਲ
14.7.71

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਕੱਲ੍ਹ ਸਵੇਰੇ ਸਵਿਟਜ਼ਰਲੈਂਡ ਦੇ ਸ਼ਹਿਰ ਜਨੇਵਾ ਜਾਣਾ ਹੈ ਜੋ ਇੱਥੋਂ ਸੌ ਕੁ ਮੀਲ ਦੂਰ ਹੈ। ਉਮੀਦ ਹੈ ਸਵੇਰੇ ਠੀਕ ਸਮੇਂ ਰਵਾਨਾ ਹੋ ਸਕਾਂਗਾ। ਅੱਜ ਪਹਾੜਾਂ ਵਿੱਚ ਘੁੰਮ ਕੇ ਆਏ, ਸੌ ਮੀਲ ਦਾ ਸਫਰ ਕੀਤਾ ਅਤੇ ਪਿਕਨਿਕ ਹੋ ਗਈ। ਆਪਣੇ ਪਹਾੜ ਵਧੇਰੇ ਸੁੰਦਰ ਹਨ ਪਰ ਇੱਥੇ ਪਹਾੜਾਂ ਦੀ ਦੇਖ ਰੇਖ ਚੰਗੀ ਹੈ। ਰਸਤੇ ਵਿਚ ਸਭ ਯਾਤਰੀ ਨੰਗੇ ਧੁੱਪ ਸੇਕਦੇ ਮਿਲੇ। ਇਹ ਸ਼ਹਿਰ ਪਹਾੜ ਦੀ ਵਾਦੀ ਵਿਚ ਹੋਣ ਕਰਕੇ ਬਹੁਤ ਗਰਮੀ ਪੈਂਦੀ ਹੈ। ਮੈਨੂੰ ਤਾਂ ਪੰਜਾਬ ਦੀ ਜੂਨ-ਜੁਲਾਈ ਦੇ ਦਿਨ ਯਾਦ ਆ ਗਏ, ਬਨੈਨ ਸਣੇ ਪੱਗ ਲਾਹ ਕੇ ਮਸਾਂ ਕਿਤੇ ਹੋਸ਼ ਆਈ। ਵੇਖੀਏ ਕੱਲ੍ਹ ਦਾ ਟੂਰ ਕਿਵੇਂ ਰਹੇਗਾ? ਮੈਂ ਸ਼ਾਮ ਨੂੰ ਉਸੇ ਬੱਸ ਵਿਚ ਹੀ ਵਾਪਸ ਆ ਜਾਵਾਂਗਾ।

ਪਰਸੋਂ ਸਵੇਰੇ ਇਟਲੀ ਦੀ ਗੱਡੀ ਸਵਾਰ ਹੋ ਕੇ ਅਵਤਾਰ ਰਾਣੇ ਦੇ ਸ਼ਹਿਰ ਤੋਰੀਨੋ ਜਾਵਾਂਗਾ ਜੋ ਐਲਪਸ ਪਹਾੜ ਦੇ ਦੂਜੇ ਪਾਸੇ ਹੈ। ਇਹ ਗੱਡੀ 40 ਕਿਲੋਮੀਟਰ ਲੰਮੀ ਟੱਨਲ ਵਿਚੋਂ ਲੰਘਦੀ ਹੈ। ਵੀਕ-ਐਂਡ ਉਸਦੇ ਕੋਲ ਬਿਤਾ ਕੇ ਐਤਵਾਰ ਵਾਪਸ ਆ ਜਾਵਾਂਗਾ। ਮੰਗਲਵਾਰ ਪੈਰਿਸ ਦੀ ਵਾਪਸੀ ਹੈ ਅਤੇ 31 ਜੁਲਾਈ ਤੱਕ ਉਥੇ ਹੀ ਰਹਾਂਗਾ। ਅਗਸਤ ਦੇ ਪਹਿਲੇ ਹਫਤੇ ਯੂਗੋਸਲਾਵੀਆ ਜਾਣ ਦਾ ਪ੍ਰੋਗਰਾਮ ਹੈ। ਅਗਸਤ ਦਾ ਮਹੀਨਾ ਇੰਡੀਅਨ ਹੋਸਟਲ ਬੰਦ ਹੋਣ ਕਰਕੇ ਮੈਂ ਨਾਰਵੇ ਦੇ ਹੋਸਟਲ ਵਿਚ ਰਹਾਂਗਾ ਅਤੇ ਉਥੋਂ ਦਾ ਐਡਰੈਸ ਭੇਜ ਚੁੱਕਾ ਹਾਂ। ਅਗਲੀ ਚਿੱਠੀ ਉਸ ਪਤੇ ਤੇ ਹੀ ਭੇਜਣਾ।

ਪੰਜਾਬੀ ਨਾਵਲ ਪਵਿੱਤਰ ਪਾਪੀ ਉਪਰ ਬਣੀ ਫਿਲਮ ਉਪਰ ਚਰਚਾ ਲਈ ਮੈਨੂੰ ਹੀ ਕੰਮ ਸਾਰਨਾ ਪਿਆ। ਹਰ ਫਿਲਮ ਦੇ ਅੰਤ ਉਪਰ ਚਰਚਾ ਹੁੰਦੀ ਹੈ ਅਤੇ ਸਰੋਤੇ ਬਹਿਸ ਵਿਚ ਹਿੱਸਾ ਲੈਂਦੇ ਹਨ। ਡਾਇਰੈਕਟਰ ਨੂੰ ਫਰੈਂਚ ਨਹੀਂ ਸੀ ਆਉਂਦੀ ਸੋ ਮੈਂ ਆਪਣੀ ਗੁਜਾਰੇ ਜੋਗੀ ਫਰੈਂਚ ਵਿਚ ਇਸ ਦੀ ਵਿਆਖਿਆ ਕਰ ਦਿੱਤੀ। ਇੱਹੋ ਜਹੇ ਪਿਆਰ ਘੱਟ ਹੀ ਸਮਝ ਸਕਦੇ ਹਨ। ਪਵਿੱਤਰ ਪਾਪੀ ਦੇ ਹੀਰੋ ਕਿਦਾਰ ਜਿੰਨੀ ਕੁਰਬਾਨੀ ਕਰਨ ਦਾ ਮਾਦਾ ਅਤੇ ਸੋਮਨਾ ਵਰਗੀਆਂ ਸ਼ਰੀਫ ਅਤੇ ਵਫਾਦਾਰ ਕੁੜੀਆਂ ਪੱਛਮ ਵਿਚ ਕਿੱਥੇ ਲੱਭਣ।

ਦੂਸਰੇ ਦਿਨ ਦਵਿੰਦਰ ਗੋਇਲ ਦੀ ਫਿਲਮ 'ਏਕ ਫੂਲ ਦੋ ਮਾਲੀ' ਵਿਖਾਈ ਗਈ। ਇਹ ਫਿਲਮ ਸਭ ਨੂੰ ਚੰਗੀ ਲੱਗੀ। ਆਡੀਟੋਰੀਅਮ ਖਚਾ ਖਚਾ ਭਰਿਆ ਹੋਇਆ ਸੀ ਅਤੇ ਜਾਪਦਾ ਸੀ ਇੰਡੀਆ ਦੇ ਸਿਨੇਮਾ ਹਾਲ ਵਿਚ ਹੀ ਫਿਲਮ ਵੇਖ ਰਿਹਾ ਹਾਂ। ਇੰਡੀਅਨ ਡੈਲੀਗੇਸ਼ਨ ਵਿਚ ਕਾਫੀ ਲੋਕ ਆਏ ਹੋਏ ਸਨ। ਜਿਸ ਸਾੜੀ ਵਾਲੀ ਦਾ ਪਿਛਲੇ ਖਤ ਵਿਚ ਜ਼ਿਕਰ ਕੀਤਾ ਸੀ, ਉਹ ਇੰਡੀਅਨ ਐਕਟਰੈਸ ਵਿਮੀ ਨਿਕਲੀ। ਵਿਮੀ ਇਥੇ ਜਿਊਰੀ ਦੀ ਮੈਂਬਰ ਬਣ ਕੇ ਫਿਲਮਾਂ ਦੀ ਚੋਣ ਲਈ ਜੱਜ ਦਾ ਕੰਮ ਕਰ ਰਹੀ ਹੈ। ਐਕਟਰੈਸ ਕਰਕੇ ਤਾਂ ਲੋਕ ਨਹੀਂ ਖਿੱਚੇ ਆਉਂਦੇ, ਜਿਵੇਂ ਇੰਡੀਆ ਵਿਚ ਦੀਵਾਨੇ ਹੋਏ ਫਿਰਦੇ ਹਨ, ਪਰੰਤੂ ਉਸ ਦੀ ਸਾੜੀ ਅਤੇ ਮੇਰੀ ਪੱਗ ਖਿੱਚ ਦਾ ਕਾਰਨ ਬਣੀ ਹੋਈ ਹੈ। ਫਿਲਮਾਂ ਕਰਕੇ ਵਾਹਵਾ ਰੌਣਕ ਲੱਗੀ ਰਹੀ ਹੈ।

ਕੱਲ੍ਹ ਇਕ ਕਾਂਗਰਸੀ ਲੀਡਰ ਅਖਬਾਰ ਨਵੀਸ ਬਣ ਕੇ ਗਰੀਨੋਬਲ ਦੇ ਫਿਲਮ ਫੈਸਟੀਵਲ ਵਿਚ ਪਹੁੰਚ ਗਿਆ। ਪੱਛਿਆ ਤਾਂ ਪਤਾ ਲੱਗਾ ਕਿ ਉਹ ਢੀਂਗੀਵਾਲੇ ਸਰਪੰਚ ਅਮਰੀਕ ਸਿੰਘ ਦਾ ਪੁੱਤਰ ਨਰਿੰਦਰ ਸਿੰਘ ਹੈ। ਸਾਡੇ ਪਿੰਡ ਅਲੀਪੁਰ ਦੀਆਂ ਖਬਰਾਂ ਦੇ ਰਿਹਾ ਸੀ। ਲੜਾਈ ਵਿਚ ਦੋ ਕਤਲ ਹੋ ਗਏ ਹਨ। ਕਰਨੈਲ ਸਿੰਘ ਅਲੀਪੁਰ ਵਾਲਾ ਮਾਰਿਆ ਗਿਆ ਅਤੇ ਦੂਜਾ ਕਰਨੈਲ ਸਿੰਘ ਕੈਦ ਹੋ ਗਿਆ ਹੈ। ਆਪਣੇ ਇਲਾਕੇ ਦਾ ਹੋਣ ਕਰਕੇ ਅਤੇ ਪੰਜਾਬੀ ਜੱਟ ਮੇਰਾ ਬੇਲੀ ਬਣ ਗਿਆ।

ਹੋਰ ਸਭ ਠੀਕ ਹੈ। ਬਿੰਕੂ ਦੀ ਫੋਟੋ ਕਦੇ ਭੇਜ ਦੇਣੀ, ਰਾਜੇ, ਬੱਬਲ ਨੂੰ ਪਿਆਰ, ਮਾਤਾ ਜੀ ਨੂੰ ਸਤਿ ਸਿਰੀ ਅਕਾਲ। ਤੈਨੂੰ ਹਰ ਤਰ੍ਹਾਂ ਦਾ ਪਿਆਰ।

ਤੇਰਾ
ਹਰਦੇਵ

ਪੈਰਿਸ
26.7.71

ਪਿਆਰੀ ਰਾਨੀ,

ਸਤਿ ਸਿਰੀ ਅਕਾਲ।

ਪੁਰਾਣੀ ਚਿੱਠੀ ਪੜ੍ਹ ਕੇ ਦਿਨ ਗਿਣੇ ਤਾਂ ਪੂਰੇ 21 ਦਿਨ ਹੋ ਗਏ ਹਨ ਪਰ ਕੋਈ ਖਤ ਨਾ ਗਰੀਨੋਬਲ ਪਹੁੰਚਿਆ ਅਤੇ ਨਾ ਹੀ ਪੈਰਿਸ ਪਹੁੰਚ ਕੇ ਮਿਲਿਆ ਹੈ। ਆਪਣੇ ਗਰੁੱਪ ਨਾਲ 9 ਤੋਂ 21 ਜੁਲਾਈ ਤੱਕ ਬਾਹਰ ਘੁੰਮ ਕੇ ਪੈਰਿਸ ਹੀ ਆ ਗਿਆ ਹਾਂ ਕਿਉਂਕਿ ਯੂਗੋਸਲਾਵੀਆ ਤੋਂ ਕਿਸੇ ਮਿੱਤਰ ਨੇ ਆਪਣਾ ਐਡਰੈਸ ਹੀ ਨਹੀਂ ਭੇਜਿਆ। ਵੈਸੇ ਤਾਂ ਸਭ ਦੇ ਘਰਾਂ ਦੇ ਪਤੇ ਮੇਰੇ ਕੋਲ ਹਨ ਪਰ ਅਗਸਤ ਦੇ ਮਹੀਨੇ ਸਭ ਸਮੁੰਦਰ ਦੀਆਂ ਬੀਚਾਂ ਤੇ ਪਹੁੰਚ ਜਾਂਦੇ ਹਨ। ਇੰਨੀ ਭੀੜ ਹੁੰਦੀ ਹੈ ਕਿ ਹੋਟਲਾਂ ਵਿਚ ਕਮਰਾ ਹੀ ਨਹੀਂ ਮਿਲਦਾ। ਪੈਸੇ ਦੀ ਤੰਗੀ ਕਰਕੇ ਵੀ ਇਹ ਯਾਤਰਾ ਅੱਗੇ ਪਾ ਦਿੱਤੀ ਹੈ। ਗਰੀਨੋਬਲ 1200 ਰੁਪਏ ਲੈ ਕਿ ਗਿਆ ਸਾਂ। ਉਥੇ ਤਾਂ 100 ਰੁਪਏ ਹੀ ਖਰਚੇ ਪਰ ਜਨੇਵਾ ਵਿਚ ਸ਼ਾਪਿੰਗ ਤੇ ਬਾਕੀ ਰੁਪਏ ਖਰਚ ਹੋ ਗਏ। ਤੇਰੀ ਘੜੀ 280 ਰੁਪਏ ਵਿਚ ਮਿਲੀ ਅਤੇ ਮੇਰਾ ਕੈਮਰਾ 700 ਰੁਪਏ 'ਚ ਖਰੀਦਿਆ। ਜਨੇਵਾ ਇਕ ਝੀਲ ਦੇ ਕਿਨਾਰੇ ਤੇ ਵੱਸਿਆ ਸੁੰਦਰ ਸ਼ਹਿਰ ਹੈ। ਮੈਂ ਚਾਰ ਘੰਟੇ ਵਿਚ ਸ਼ਾਪਿੰਗ ਹੀ ਕਰ ਸਕਿਆ ਅਤੇ ਸ਼ਹਿਰ ਨਾ ਘੁੰਮ ਸਕਿਆ। ਵਾਪਸੀ ਟਿਕਟ ਉਸੇ ਬੱਸ ਦਾ ਸੀ ਜਿਸ ਵਿਚ ਗਰੀਨੋਬਲ ਤੋਂ ਆਇਆਂ ਸਾਂ।

18 ਜੁਲਾਈ ਸਵੇਰੇ ਇਟਲੀ ਜਾਣ ਵਾਲੀ ਗੱਡੀ ਪਕੜੀ ਅਤੇ ਦੋ ਵਜੇ ਬਾਅਦ ਦੁਪਹਿਰ ਰਾਨੇ ਦੇ ਸ਼ਹਿਰ ਤੋਰੀਨੋ ਜਾ ਪਹੁੰਚਿਆ। ਘਰੋਂ ਕਾਰ ਤੇ ਆਪਣੀ ਨਵੀਂ ਵਿਆਹੀ ਵਹੁਟੀ ਨਾਲ ਸਟੇਸ਼ਨ ਤੇ ਲੈਣ ਆ ਗਿਆ ਜਿਸ ਕਰਕੇ ਬਹੁਤ ਸਹੂਲਤ ਹੋ ਗਈ। ਇਸ ਨੇ ਦੋ ਕਮਰਿਆਂ ਦਾ ਫਲੈਟ ਲੈ ਰੱਖਿਆ ਹੈ ਅਤੇ ਮੈਂ ਇਸ ਦੇ ਘਰ ਹੀ ਠਹਿਰਿਆ। ਪਹਿਲੇ ਦਿਨ ਕੁਝ ਉਪਰੇਵਾਂ ਮਹਿਸੂਸ ਕੀਤਾ ਅਤੇ ਗਰਮੀ ਕਰਕੇ ਥੱਕਿਆ ਹੋਇਆ ਵੀ ਸਾਂ। ਪਰ ਦੂਸਰੇ ਦਿਨ ਤਾਂ ਇਨ੍ਹਾਂ ਦੀ ਕਾਰ ਵਿਚ ਸ਼ਹਿਰ ਤੋਂ ਬਾਹਰ ਝੀਲਾਂ ਅਤੇ ਪਿੰਡਾਂ ਦੀ ਸੈਰ ਕੀਤੀ। ਕਈ ਮਹੀਨਿਆਂ ਬਾਅਦ ਇਸ ਦੀ ਵਹੁਟੀ ਨੇ ਆਲੂ ਦੇ ਪਰੌਂਠੇ ਅਤੇ ਘਰ ਦੀਆਂ ਬਣੀਆਂ ਰੋਟੀਆਂ ਖਵਾਈਆਂ। ਫਿਰ ਤਾਂ ਇੰਨਾ ਦਿਲ ਲੱਗਾ ਕਿ ਇਸ ਜੋੜੀ ਨੇ ਐਤਵਾਰ ਦੀ ਜਗਹ ਸੋਮਵਾਰ ਜਾਣ ਲਈ ਮਜ਼ਬੂਰ ਕਰ ਦਿੱਤਾ। ਐਤਵਾਰ ਸਾਰਾ ਦਿਨ ਸੈਰ ਸਪਾਟੇ ਕਰ ਕੇ ਗੁਜਾਰਿਆ।

ਖਿਆਲ ਤਾਂ ਸੀ ਕਿ 300 ਮੀਲ ਦੂਰ ਸਮੁੰਦਰ ਕੰਢੇ ਜਾਵਾਂਗੇ ਪਰ ਅਗਲੇ ਦਿਨ ਬਾਰਸ਼ ਹੋਣ ਕਰਕੇ ਸ਼ਹਿਰ ਦੇ ਇੰਡੀਅਨ ਪ੍ਰੀਵਾਰਾਂ ਨੂੰ ਮਿਲ ਕੇ ਦਿਨ ਗੁਜਾਰਿਆ। ਤੋਰੀਨੋ ਵਿਚ ਤਿੰਨ ਜੋੜੇ ਅਤੇ ਇਕ ਛੜਾ ਸਿੱਖ ਰਹਿੰਦਾ ਹੈ। ਇਸ ਕਰਕੇ ਹੀ ਆਪਸ ਵਿਚ ਬੜੇ ਘੁਲ ਮਿਲ ਕੇ ਰਹਿੰਦੇ ਹਨ ਅਤੇ ਮੈਨੂੰ ਆਪਣਾ ਹੀ ਮਹਿਮਾਨ ਸਮਝ ਕੇ ਆਉ-ਭਗਤ ਕੀਤੀ। ਸੋਮਵਾਰ ਸਵੇਰੇ ਅੱਠ ਵਜੇ ਰਾਨਾ ਮੈਨੂੰ ਗੱਡੀ ਚੜ੍ਹਾਣ ਆਇਆ ਤਾਂ ਇਕ ਹੋਰ ਸਮੱਸਿਆ ਪੈਦਾ ਹੋ ਗਈ। ਮੇਰਾ ਟਿਕਟ ਸੈਕੰਡ ਕਲਾਸ ਦਾ ਸੀ ਪਰ ਇਹ ਸ਼ਪੈਸ਼ਲ ਗੱਡੀ ਸਾਰੀ ਦੀ ਸਾਰੀ ਫਸਟ ਕਲਾਸ ਸੀ। ਮੈਂ ਗੱਡੀ ਤੇ ਸਵਾਰ ਹੋ ਗਿਆ ਕਿਉਂਕਿ ਟਿਕਟ ਬਦਲਣ ਦਾ ਸਮਾਂ ਨਹੀਂ ਸੀ।

ਰਾਨੇ ਨੇ ਦੱਸਿਆ ਕਿ ਇਟਲੀ ਦੇ ਬਾਰਡਰ ਉਪਰ ਇਕ ਸੁੰਦਰ ਪਹਾੜ ਹੈ ਅਤੇ ਮੈਂ ਉਸ ਸਟੇਸ਼ਨ ਤੇ ਉਤਰ ਜਾਵਾਂ ਅਤੇ ਪਹਾੜ ਦੀ ਸੈਰ ਕਰਨ ਤੋਂ ਬਾਅਦ ਚਾਰ ਘੰਟੇ ਬਾਅਦ ਵਿਚ ਚੱਲਣ ਵਾਲੀ ਗੱਡੀ ਤੇ ਚੜ੍ਹ ਸਕਦਾ ਹਾਂ। ਜਦੋਂ ਮੈਂ ਉਤਰ ਹੀ ਰਿਹਾ ਸਾਂ ਤਾਂ ਗੱਡੀ ਦਾ ਟਿਕਟ ਚੈਕਰ ਮੇਰੇ ਨਾਲ ਦੀ ਸਵਾਰੀ ਦੀਆਂ ਟਿਕਟਾਂ ਚੈਕ ਕਰਨ ਆ ਗਿਆ। ਗੱਡੀ ਤੋਂ ਉਤਰਿਆ ਤਾਂ ਅੱਗੇ ਪੁਲੀਸ ਖੜ੍ਹੀ ਸੀ। ਮੈਂ ਸਹਿਜ ਸੁਭਾਅ ਸਟੇਸ਼ਨ ਤੋਂ ਬਾਹਰ ਨਿਕਲ ਗਿਆ। ਮੇਰੀ ਪਗੜੀ ਦਾ ਜਾਦੂ ਚੱਲ ਗਿਆ। ਮੈਨੂੰ ਪਤਾ ਸੀ ਕਿ ਫਰਾਂਸ ਦੀ ਹੱਦ ਅੰਦਰ ਦਾਖਲ ਹੁੰਦਿਆਂ ਸਾਰ ਮੈਨੂੰ ਗੱਡੀ ਤੋਂ ਲਾਹ ਲਿਆ ਜਾਵੇਗਾ ਅਤੇ ਜੁਰਮਾਨਾਂ ਵੀ ਭਰਨਾ ਪੈ ਸਕਦਾ ਹੈ।

ਚਾਰ ਘੰਟੇ ਪਹਾੜ ਦੀ ਸੈਰ ਕੀਤੀ। ਇਹ ਚਾਰ ਹਜ਼ਾਰ ਫੁੱਟ ਦੀ ਸਿੱਧੀ ਚੜ੍ਹਾਈ ਹੈ ਅਤੇ ਟੀਸੀ ਤੋਂ ਸੁੰਦਰ ਨਜ਼ਾਰਾ ਲੱਭਦਾ ਹੈ। ਇੱਥੇ ਇਕ ਨਵੀਂ ਵਿਆਹੀ ਜੋੜੀ ਟੱਕਰ ਪਈ ਅਤੇ ਮੈਂ ਆਪਣੇ ਨਵੇਂ ਕੈਮਰੇ ਲਈ ਚੰਗਾ ਮਹੂਰਤ ਸਮਝ ਕੇ ਫੋਟੋਆਂ ਖਿੱਚੀਆਂ। ਜਦੋਂ ਦੂਸਰੀ ਗੱਡੀ ਦਾ ਸਮਾ ਹੋ ਗਿਆ ਤਾਂ ਮੈਂ ਵਾਪਸ ਸਟੇਸ਼ਨ ਤੇ ਆ ਗਿਆ ਅਤੇ ਗੱਡੀ ਤੇ ਸਵਾਰ ਹੋ ਕੇ ਸ਼ਾਮ ਹੋਣ ਤੱਕ ਗਰੀਨੋਬਲ ਪਹੁੰਚ ਗਿਆ। ਮੰਗਲਵਾਰ ਦੁਪਹਿਰ ਵੇਲੇ ਅਸੀਂ ਪੈਰਿਸ ਲਈ ਰਵਾਨਾ ਹੋ ਪਏ। ਉਸ ਦਿਨ ਤੋਂ ਹੀ ਆਪਣੇ ਖੋਜ ਦੇ ਕੰਮ ਵਿਚ ਰੁੱਝ ਗਿਆ ਹਾਂ ਪਰ ਕਿੱਥੇ ਗਰੀਨੋਬਲ ਦੀਆਂ ਮੌਜਾਂ ਅਤੇ ਕਿੱਥੇ ਲੈਬ ਵਿਚ ਖੋਜ। ਬਾਕੀ ਸਾਰੇ ਸਾਥੀ ਗਰਮੀ ਦੀਆਂ ਛੁੱਟੀਆਂ ਮਨਾ ਰਹੇ ਹਨ ਅਤੇ ਮੈਂ ਇਕੱਲਾ ਹੀ ਲੈਬ ਵਿਚ ਹਾਜ਼ਰ ਹਾਂ। ਇਨ੍ਹਾਂ ਦਿਨਾਂ ਵਿਚ ਤਾਂ ਪੈਰਿਸ ਖਾਲ੍ਹੀ ਹੋ ਜਾਂਦਾ ਹੈ ਅਤੇ ਯਾਤਰੀ

ਪੈਰਿਸ ਘੁੰਮਣ ਆ ਜਾਂਦੇ ਹਨ।

ਮੇਰੇ ਪਹਿਲੇ ਦੋਵੇਂ ਖਤ ਗਰੀਨੋਬਲ ਤੋਂ ਲਿਖੇ ਮਿਲ ਗਏ ਹੋਣਗੇ। ਤੇਰਾ ਖਤ ਕੋਈ ਨਹੀਂ ਮਿਲਿਆ, ਹੋ ਸਕਦਾ ਹੈ ਐਡਰੈਸ ਵਿੱਚ ਤਰੁਟੀ ਰਹਿ ਗਈ ਹੋਵੇ। ਇੱਥੇ ਇਕ ਹੋਰ ਸ਼ਾਮੋਂ ਟੱਕਰੀ ਜੋ ਵਿਆਹੀ ਹੋਈ ਹੈ। ਇਸ ਦਾ ਪਤੀ ਸਾਡੇ ਕੈਂਪ ਦਾ ਡਾਇਰੈਕਟਰ ਹੈ। ਇਸ ਦਾ ਨਾਮ ਮਾਰੀ ਕਲੌਡ ਹੈ ਅਤੇ ਇਸ ਦਾ ਪਤੀ 'ਜ਼ੀਰਾ ਧੇਨਿਨ'। ਇਹ ਦੋਵੇਂ ਹੀ ਮੇਰੇ ਦੋਸਤ ਬਣ ਗਏ ਹਨ। ਜਦੋਂ ਮੈਂ ਲਾਲ ਪੱਗ ਬਦਲ ਕੇ ਨੀਲੀ ਬੰਨ ਕੇ ਕਮਰੇ ਵਿਚੋਂ ਨਿਕਲਿਆ ਤਾਂ ਮਾਰੀ ਕਲੌਡ ਨੇ ਇਸ ਦਾ ਕਾਰਨ ਪੁੱਛਿਆ। ਮੈਂ ਉਸ ਦੀ ਤਸੱਲੀ ਖਾਤਰ ਢੁਕਵਾਂ ਜਵਾਬ ਦੇ ਸੱਕਿਆ ਕਿ ਨਹੀਂ ਪਰ ਉਸ ਨੇ ਹੱਸ ਕੇ ਪ੍ਰਵਾਨ ਕਰ ਲਿਆ। ਜਾਪਦਾ ਸੀ ਮਾਰੀ ਕਲੌਡ ਮੇਰੇ ਸਿੱਖ ਪਹਿਰਾਵੇ ਤੇ ਮੋਹਿਤ ਹੋ ਗਈ ਹੋਵੇ ਕਿਉਂਕਿ ਜਿਸ ਦਿਨ ਮੈਂ ਕੇਸੀ ਇਸ਼ਨਾਨ ਕਰਕੇ ਵਾਲ ਖਿਲਾਰੀ ਘੁੰਮ ਰਿਹਾ ਸੀ ਤਾਂ ਉਹ ਹੱਕੀ-ਬੱਕੀ ਰਹਿ ਗਈ।

ਗਰੀਨੋਬਲ ਤੋਂ ਵਿਦਾਈ ਦਾ ਦਿਨ ਆ ਗਿਆ। ਕਈਆਂ ਦੀਆਂ ਦੋਸਤ ਕੁੜੀਆਂ ਸਟੇਸ਼ਨ ਤੇ ਮਿਲਣ ਆਈਆਂ ਅਤੇ ਵਿਦਾਈ ਦੀ ਚੁੰਮਣ ਸਾਂਝੀ ਕਰ ਗਈਆਂ। ਮੈਂ ਹੈਰਾਨ ਹੋ ਗਿਆ ਜਦੋਂ ਮਾਰੀ ਕਲੌਡ ਲੱਭਦੀ ਲਭਾਉਂਦੀ ਮੇਰੇ ਡੱਬੇ ਵਿਚ ਆ ਚੜ੍ਹੀ। ਉਸ ਦੇ ਹੱਥ ਵਿੱਚ ਪਾਲਤੂ ਜਾਨਵਾਰ ਦਾ ਪਿੰਜਰਾ ਸੀ ਅਤੇ ਮੈਨੂੰ ਆਪਣਾ ਫੋਨ ਅਤੇ ਪਤਾ ਦੇਣ ਆਈ ਸੀ। ਮੈਂ ਸਹਿਜ ਸੁਭਾਅ ਉਸ ਦੀ ਪਿਆਰ ਗਲਵੱਕੜੀ ਮਨਜੂਰ ਕਰ ਲਈ। ਜਦੋਂ ਗੱਡੀ ਚੱਲਣ ਪਿੱਛੋਂ ਉਸ ਦਾ ਦਿੱਤਾ ਕਾਗਜ ਦਾ ਟੁਕੜਾ ਵੇਖਿਆ ਤਾਂ ਉਸਦੇ ਪਿੱਛੇ ਫਰੈਂਚ ਵਿਚ ਲਿਖੀ ਕਵਿਤਾ ਸੀ। ਜਿਸ ਦਾ ਤਰਜ਼ਮਾ ਕਰਾਂ ਤਾਂ ਤੂੰ ਹੈਰਾਨ ਰਹਿ ਜਾਵੇਂ। ਤੇਰੇ ਲਈ ਇਕ ਸਤਰ ਹੀ ਕਾਫੀ ਹੈ: 'ਤੇਰੀ ਰੌਸ਼ਨੀ ਵਿਚ ਬੈਠਣ ਦਾ ਮੇਰਾ ਸੁਪਨਾ ਕਦੋਂ ਪੂਰਾ ਹੋਵੇਗਾ।' ਪੂਰੀ ਕਵਿਤਾ ਨੇ ਮੈਨੂੰ ਮੰਤਰ-ਮੁਗਧ ਕਰ ਦਿੱਤਾ ਅਤੇ ਮੈਂ ਇਸ ਦੇ ਨਸ਼ੇ ਵਿਚ ਹੀ ਪੈਰਿਸ ਦੇ ਸਟੇਸ਼ਨ ਤੇ ਜਾ ਉਤਰਿਆ।

ਪਹਿਲੀ ਮਿਲਣੀ ਤੇ ਜੋ ਕੁਝ ਸ਼ਾਮੋਂ ਨੇ ਕਿਹਾ ਸੀ, ਬਿਲਕੁਲ ਇੰਨ ਬਿੰਨ ਅਜੇਹੇ ਬੋਲ ਮਾਰੀ ਕਲੌਡ ਤੋਂ ਵੀ ਸੁਣਨ ਨੂੰ ਮਿਲੇ। ਜਾਂਦੀ ਹੋਈ ਕਹਿ ਗਈ: 'ਤੇਰੀਆਂ ਅੱਖਾਂ ਵਿਚ ਕੋਈ ਅਸਚਰਜ ਖਿੱਚ ਹੈ। ਦਾਹੜੀ ਅਤੇ ਪੱਗ ਤਾਂ ਅਤੀ ਸੁੰਦਰ ਹਨ।' ਇਸ ਨੇ ਗੁਰੂ ਨਾਨਕ ਸਾਹਿਬ ਬਾਰੇ ਦਾਨੀਅਲ ਗਿੱਲ ਦਵਾਰਾ ਅਨੁਵਾਦਿਤ ਪ੍ਰੋ. ਹਰਬੰਸ ਸਿੰਘ ਦੀ ਕਿਤਾਬ ਪੜ੍ਹੀ ਸੀ ਅਤੇ ਸਿੱਖੀ ਬਾਰੇ ਹੋਰ

ਜਾਨਣ ਲਈ ਉਤਸੁਕ ਸੀ। ਵੈਸੇ ਤਾਂ ਸਿੱਖ ਨੂੰ ਸਾਰਾ ਕੁਝ ਹੀ ਗੁਰੂ ਦਾ ਬਖਸ਼ਿਆ ਹੋਇਆ ਹੈ। ਪਰ ਜੋ ਪਿਆਰ ਮਿਲਣੀ ਇਕ ਸਿੱਖ ਹੋਣ ਨਾਤੇ ਵਿਦਾਈ ਵੇਲੇ ਮਾਰੀ ਕਲੌਡ ਤੋਂ ਮਿਲੀ, ਉਹ ਸ਼ਾਇਦ ਮੈਨੂੰ ਆਪਣੀ ਜਿੰਦਗੀ ਵਿਚ ਪਹਿਲਾਂ ਕਦੇ ਨਸੀਬ ਨਹੀਂ ਹੋਈ। ਘਰ ਆ ਕੇ ਸੂਫੀ ਮੱਤ ਦੀ ਕਿਤਾਬ ਪੜ੍ਹੀ ਤਾਂ ਇਕ ਕਹਾਣੀ ਮਿਲ ਗਈ। ਕਿਸੇ ਔਰਤ ਨੂੰ ਸੂਫੀ ਫਕੀਰ ਦੀਆਂ ਅੱਖਾਂ ਪਸੰਦ ਆ ਗਈਆਂ ਅਤੇ ਉਹ ਮੋਹਿਤ ਹੋ ਗਈ। ਦੂਸਰੇ ਦਿਨ ਫਕੀਰ ਅੱਖਾਂ ਕੱਢ ਕੇ ਉਸ ਔਰਤ ਨੂੰ ਦੇ ਆਇਆ। ਪਰ ਅਸੀਂ ਸੂਫੀ ਮੱਤ ਦੇ ਧਾਰਨੀ ਨਹੀਂ, ਅਸੀਂ ਤਾਂ ਗੁਰੂ ਦੇ ਸਿੱਖ ਹਾਂ। ਸਾਨੂੰ ਤਾਂ 'ਹਸੰਦਿਆਂ, ਖੇਲੰਦਿਆਂ, ਪਹਿਨੰਦਿਆਂ, ਖਾਵੰਦਿਆਂ ਵਿਚੇ ਹੋਵੇ ਮੁਕਤ' ਦੀ ਸਿੱਖਿਆ ਮਿਲੀ ਹੈ।

ਪਰ ਐਵੇਂ ਆਪਣੇ ਆਪ ਬਾਰੇ ਝੂਠੇ ਦਾਅਵੇ ਕਰੀ ਜਾਈਏ। ਅਜੇ ਤੱਕ ਤਾਂ ਪੰਡਿਤ ਵਾਲੀ ਸੁੱਚਤਾ ਕਾਇਮ ਰੱਖੀ ਹੈ ਅਤੇ ਗੁਰੂ ਉਪਰ ਪੂਰਾ ਭਰੋਸਾ ਹੈ। ਪਵਿੱਤਰ ਪਾਪੀ ਫਿਲਮ ਵੇਖਣ ਤੋਂ ਬਾਅਦ ਫਰੈਂਚ ਮੁੰਡੇ ਹੈਰਾਨ ਸਨ ਕਿ ਸਾਡੇ ਲੋਕ ਖੁੱਲ੍ਹਾ ਡੁੱਲ੍ਹਾ ਪਿਆਰ ਕਿਉਂ ਨਹੀਂ ਕਰਦੇ। ਐਵੇਂ ਦਰਦ ਵਿਛੋੜੇ ਦਾ ਸੰਤਾਪ ਭੋਗਦੇ ਰਹਿੰਦੇ ਹਨ ਜੋ ਮੈਂ ਵੀ ਭੋਗ ਰਿਹਾਂ ਹਾਂ। ਪਿਆਰ ਹਰ ਬੰਦੇ ਦੀ ਮਾਨਸਿਕ ਅਤੇ ਸਰੀਰਕ ਲੋੜ ਹੈ। ਸਾਡੇ ਲੋਕ ਆਪਣੇ ਮਨ ਤੇ ਬੋਝ ਜਿਹਾ ਪਾ ਕੇ ਜੀਉਂਦੇ ਹਨ ਪਰ ਪੈਰਿਸ ਵਿਚ ਖੁੱਲ੍ਹ ਕੇ ਜੀਉਂਦੇ ਹਨ। ਮੈਂ ਇਨ੍ਹਾਂ ਦੀ ਰਾਏ ਨੂੰ ਨਕਾਰਿਆ ਨਹੀਂ ਪਰ ਆਪਣੇ ਪਿਆਰ ਦਾ ਪੱਛਮੀ ਇਜ਼ਹਾਰ ਕਰਨ ਤੋਂ ਸੰਕੋਚ ਹੀ ਕੀਤਾ ਹੈ।

ਢੀਂਗੀ ਵਾਲਾ ਕਾਂਗਰਸੀ ਭਾਈ ਕੱਲ੍ਹ ਵਾਪਸ ਜਾ ਰਿਹਾ ਹੈ। ਤੇਰੀ ਘੜੀ ਇਸ ਲਈ ਨਹੀਂ ਦੇ ਰਿਹਾ ਕਿ ਬੰਦਾ ਚਾਲੂ ਜਿਹਾ ਲੱਗਾ ਹੈ। ਡਾ. ਮਲਿਕ ਹੋਰੀਂ ਇਕ ਅਗਸਤ ਇੰਡੀਆ ਪਹੁੰਚ ਰਹੇ ਹਨ। ਉਸ ਦੇ ਘਰ ਗਿਆ ਤਾਂ ਲਤਾ ਭੈਣ ਜੀ ਕਹਿਣ ਲੱਗੀ ਕਿ ਉਹ ਭਾਣਜੀ ਦੇ ਵਿਆਹ ਲਈ ਢੇਰ ਸਾਰਾ ਸਮਾਨ ਲੈ ਕੇ ਜਾ ਰਹੀ ਹੈ। ਮੈਂ ਸਮਝ ਗਿਆ ਕਿ ਤੇਰੀ ਘੜੀ ਨਹੀਂ ਜਾ ਸਕੇਗੀ। ਇੱਥੋਂ ਸਾਰੇ ਸਮਾਨ ਦੇ ਲੱਦੇ ਹੋਏ ਜਾਂਦੇ ਹਨ। ਜੇਕਰ ਡਿਊਟੀ ਭਰ ਕੇ ਲੈ ਜਾਣ ਤਾਂ ਪੁੱਛਾਂਗਾ। ਨਹੀਂ ਤਾਂ ਮੇਰੇ ਮੁੜਨ ਦੀ ਉਡੀਕ ਵਿਚ ਬੁੱਢੀ ਹੋ ਜਾਵੇਂਗੀ। ਕਦੀ ਕਦਾਈ ਮੈਂ ਤੇਰੀ ਘੜੀ ਨੂੰ ਆਪਣੇ ਗੁੱਟ ਤੇ ਬੰਨ੍ਹ ਲੈਂਦਾ ਹਾਂ। ਸਭ ਪਸੰਦ ਕਰਦੇ ਹਨ। ਇਸ ਨੂੰ ਚਾਹੇ ਗਲ ਵਿਚ ਗਾਨੀ ਵਾਂਗ ਪਾ ਲਵੋ, ਚਾਹੇ ਉਂਗਲ ਵਿੱਚ ਸ਼ਾਪ ਛੱਲੇ ਵਾਂਗ ਪਹਿਨੋ, ਇਸ ਦੇ ਅੱਠ ਕਿਸਮ ਦੇ ਫਰੇਮ ਹਨ। ਮਨਮੋਹਨ ਸਿੰਘ ਨੇ ਜਰਮਨੀ ਤੋਂ ਵੀ ਇਹੋ ਜਿਹੀ ਘੜੀ ਆਪਣੀ ਘਰਵਾਲੀ ਲਈ ਖਰੀਦ ਰੱਖੀ ਹੈ।

ਦਿਲ ਕਰਦਾ ਹੈ ਛੁੱਟੀਆਂ ਵਿਚ ਹੋਰ ਘੁੰਮ ਆਵਾਂ। ਪੈਸੇ ਵੀ ਵਜ਼ੀਫੇ ਦੇ ਇਕ ਅਗਸਤ ਨੂੰ ਮਿਲ ਗਏ ਹਨ। ਸਿਰਫ ਗਵਰਧਨਾ ਦੇ ਖਤ ਦੀ ਉਡੀਕ ਹੈ। ਜੇਕਰ ਖਤ ਨਾ ਆਇਆ ਤਾਂ ਪੈਰਿਸ ਵਿਚ ਹੀ ਦਿਨ ਕੱਟਾਂਗਾ। 18 ਅਗਸਤ ਨੂੰ ਅਵਤਾਰ ਰਾਨਾ ਅਤੇ ਉਸਦੀ ਘਰਵਾਲੀ ਪਰਮ ਰਨਜੀਤ ਕਾਰ ਤੇ ਲੰਡਨ ਤੋਂ ਮੁੜਦੇ ਹੋਏ ਦੋ ਦਿਨ ਮੇਰੇ ਕੋਲ ਠਹਿਰਣਗੇ। ਜਾਂਦੇ ਹੋਏ ਵੀ ਮਿਲਕੇ ਜਾਣਗੇ ਅਤੇ ਉਨ੍ਹਾਂ ਦੀ ਪ੍ਰਾਹੁਣਾਚਾਰੀ ਦਾ ਮੌਕਾ ਮਿਲੇਗਾ। ਮੇਰੀ ਤੋਰੀਨੋ ਯਾਤਰਾ ਦਾ ਕੁਝ ਅਹਿਸਾਨ ਤਾਂ ਮੋੜਨਾ ਬਣਦਾ ਹੈ।

ਮਹਿੰਦਰ ਸਿੰਘ ਬਾਜਵਾ ਦਾ ਖਤ ਮਿਲਿਆ ਹੈ। ਛੁੱਟੀਆਂ ਤੋਂ ਬਾਅਦ ਯੂਨੀਵਰਸਿਟੀ ਵਿਚ ਫਿਰ ਰੌਣਕ ਹੋ ਗਈ ਹੋਵੇਗੀ। ਉਸ ਨੇ ਆਪਣੇ ਖਤ ਵਿਚ ਘਰ ਵਾਲਿਆਂ ਦਾ ਜਿਕਰ ਤਾਂ ਕੀਤਾ ਹੈ ਪਰ ਤੁਹਾਡੇ ਬਾਰੇ ਕੁਝ ਨਹੀਂ ਲਿਖਿਆ। ਮੈਂ ਆਉਣ ਲੱਗਿਆਂ ਉਸ ਨੂੰ ਕਾਫੀ ਕੰਮ ਸੌਂਪ ਆਇਆ ਸਾਂ ਪਰ ਉਸ ਨੇ ਕਦੇ ਪੁੱਛਣ ਤੇ ਵੀ ਠੀਕ ਠੀਕ ਉਤਰ ਨਹੀਂ ਦਿੱਤਾ। ਜੇਕਰ ਟਾਈਪ ਵਾਲੇ ਨੂੰ 50 ਰੁਪਏ ਦੇਣੇ ਪਏ ਤਾਂ ਬਾਜਵਾ ਦੇ ਆਵੇਗਾ। ਘੜੀ ਦੀ ਡਿਊਟੀ ਲਈ ਦੋ ਸੌ ਰੁਪਏ ਰੱਖ ਛੱਡਣੇ, ਸ਼ਾਇਦ ਕੋਈ ਸੱਜਣ ਲੈ ਜਾਵੇ। ਮੈਂ ਵਾਪਸੀ ਵੇਲੇ ਇਕ ਘੜੀ ਹੀ ਲਿਆ ਸਕਦਾ ਹਾਂ ਜਿਸ ਕਰਕੇ ਆਪਣੇ ਲਈ ਕੋਈ ਖਰੀਦੀ ਨਹੀਂ। ਤੇਰੀ ਘੜੀ ਸਸਤੀ ਮਿਲ ਗਈ ਜੇਕਰ ਓਮੇਗਾ (Omega) ਦੀ ਘੜੀ ਲੈਂਦਾ ਤਾਂ ਇਕ ਹਜ਼ਾਰ ਤੋਂ ਪੱਚੀ ਸੌ ਤੱਕ ਦਾ ਭੁਗਤਾਨ ਕਰਨਾ ਪੈਣਾ ਸੀ।

ਹਰ ਰੋਜ਼ ਤੇਰਾ ਖਤ ਉਡੀਕਦਾ ਹਾਂ ਪਰ ਅਜੇ ਤੱਕ ਨਹੀਂ ਮਿਲਿਆ । ਹੋ ਸਕਦਾ ਹੈ ਸੋਮਵਾਰ ਮਿਲ ਜਾਵੇ। ਅੱਜ ਐਤਵਾਰ ਘਰ ਹੀ ਰਿਹਾ ਪਰ ਇਕ ਅਜੀਬ ਪ੍ਰਾਹੁਣੀ ਆ ਗਈ। ਇਕ ਕੁੜੀ ਦਿੱਲੀ ਵਾਲੇ ਮੁੰਡੇ ਦੀ ਸਹੇਲੀ ਹੈ ਜੋ ਵਿਸ਼ਵ ਯਾਤਰਾ ਉਪਰ ਨਿਕਲੇ ਹਨ। ਜਦੋਂ ਇਹ ਲੰਡਨ ਗਈ ਤਾਂ ਮੁੰਡੇ ਨੂੰ ਪੈਰਿਸ ਹੀ ਛੱਡ ਗਈ। ਅੱਜ ਉਹ ਵਾਪਸ ਆਈ ਤਾਂ ਰੋ ਰਹੀ ਹੈ ਕਿ ਉਸ ਦਾ ਦੋਸਤ ਗੁੰਮ ਹੋ ਗਿਆ ਹੈ। ਉਹ ਸਾਰੇ ਦੱਸੇ ਪਤਿਆਂ ਤੇ ਖੱਜਲ ਹੋ ਕੇ ਸਿੱਖ ਮੁੰਡੇ ਨੂੰ ਲੱਭ ਲਿਆਈ ਜੋ ਹੁਣ ਸਿਰ ਮਨਾ ਆਇਆ ਹੈ ਅਤੇ ਮੈਥੋਂ ਵੀ ਪਛਾਣਿਆ ਨਹੀਂ ਜਾਂਦਾ। ਇਹ ਪੱਛਮੀ ਕੁੜੀਆਂ ਵੀ ਪਿਆਰ ਵਿਚ ਝੱਲੀਆਂ ਹੋ ਜਾਂਦੀਆਂ ਹਨ। ਹੁਣ ਇਨ੍ਹਾਂ ਦੇ ਰਹਿਣ ਦਾ ਪ੍ਰਬੰਧ ਵੀ ਕਰਨਾ ਹੈ।

ਨਵੀਂ ਸ਼ਾਮੋਂ, ਮਾਰੀ ਕਲੌਂਡ ਦਾ ਸੱਦਾ ਵੀ ਆਇਆ ਹੈ। ਅਗਲੀਆਂ ਛੁੱਟੀਆਂ ਵਿਚ ਕਾਨ ਸ਼ਹਿਰ ਦੀ ਸੈਰ ਕਰਨ ਗਿਆ ਤਾਂ ਉਸ ਨੂੰ ਮਿਲ ਕੇ

ਆਵਾਂਗਾ। ਕੱਲ੍ਹ ਰਾਤ ਪਾਕਿਸਤਾਨੀ ਕੁੜੀ ਹਮੀਦਾ, ਜੋ ਗਰੀਨੋਬਲ ਮਿਲੀ ਸੀ, ਪੈਰਿਸ ਵਿਚ ਟੱਕਰ ਪਈ। ਉਹ ਕਹਿੰਦੀ ਮੈਂ ਤਾਂ ਗੱਡੀ ਵਿਚ ਸਰਦਾਰ ਜੀ ਨੂੰ ਲੱਭਦੀ ਰਹੀ ਪਰ ਤੂੰ ਨਾ ਮਿਲਿਆ। ਹਮੀਦਾ ਤਾਂ ਦੋਸਤ ਬਣੀ ਸੀ ਕਿ ਮੈਂ ਆਪਣੇ ਜਿੰਦੂਆਂ ਦੇ ਗੀਤ ਵਿਚ ਲਹੌਰ ਵੀ ਜੋੜ ਲਿਆ ਹੈ: 'ਜਿੰਦੂਆਂ ਜੇ ਤੂੰ ਗਿਉਂ ਲਹੌਰ, ਜਿੱਥੇ ਹੁਸਨ ਇਸ਼ਕ ਦੇ ਚੋਰ'। ਬੱਸ ਫਿਰ ਕੀ ਸੀ, ਕਹਿੰਦੀ ਤੂੰ ਜਾਣ ਬੁੱਝ ਕੇ ਲਹੌਰਨਾ ਨੂੰ ਛੇੜਦਾ ਹੈਂ। ਅਸੀਂ ਤਾਂ ਉਸਦੀ ਲਾਲ ਰੰਗ ਦੀ ਸਲਵਾਰ ਦੇ ਦੀਵਾਨੇ ਬਣੇ ਸਾਂ ਪਰ ਉਹ ਸ਼ਕੀਨੀ ਲਈ ਸਾੜੀਆਂ ਪਾਈ ਫਿਰਦੀ ਹੈ। ਮੈਨੂੰ ਨਹੀਂ ਸੀ ਪਤਾ ਕਿ ਮੁਸਲਮਾਨ ਕੁੜੀਆਂ ਵੀ ਸਾੜੀ ਦੀਆਂ ਸ਼ੌਕੀਨ ਹਨ।

ਹੋਸਟਲ ਦੇ ਟੀ.ਵੀ. ਉਪਰ ਬੱਚੇ ਦੇ ਗਰਭ ਤੋਂ ਲੈ ਕੇ ਜਨਮ ਤੱਕ ਦੀ ਮੂਵੀ ਵੇਖੀ। ਉਹ ਕੁਝ ਵੇਖਿਆ ਜੋ ਕਦੇ ਕਿਆਸ ਵੀ ਨਹੀਂ ਕੀਤਾ। ਔਰਤ ਦੀ ਕੁਰਬਾਨੀ ਵੇਖ ਕੇ ਸਭ ਅਛ ਅਛ ਕਰ ਰਹੇ ਸਨ। ਜਣੇਪਾ ਵੀ ਇਕ ਨਵਾਂ ਜਨਮ ਮਾਂ ਪੁੱਤ ਦਾ ਹੁੰਦਾ ਹੈ। ਸਿੰਦੀ ਦੀ ਖਬਰ ਉਡੀਕ ਰਹੇ ਹਾਂ। ਬਾਕੀ ਤਨਖਾਹ ਵਗੈਰਾ ਸਮੇਂ ਸਿਰ ਮਿਲ ਜਾਂਦੀ ਹੋਣੀ ਹੈ। ਬਾਰਸ਼ ਦਾ ਕੀ ਹਾਲ ਹੈ।

ਅਗਲਾ ਖਤ ਨਾਰਵੇ ਹੋਸਟਲ ਦੇ ਪਤੇ ਤੇ ਲਿਖਣਾ। 31 ਅਗਸਤ ਤੱਕ ਇੱਥੇ ਹੀ ਰਹਾਂਗਾ। ਸੱਜਣੋ ਕਦੇ ਆਪਣੀ ਵੀ ਫੋਟੋ ਭੇਜ ਦੇਣਾ। ਬੱਚਿਆਂ ਦੀ ਫੋਟੋ ਤਾਂ ਮਿਲ ਜਾਂਦੀ ਹੈ ਪਰ ਉਸ ਵਿਚ ਬੱਚਿਆਂ ਦੀ ਮਾਂ ਹਮੇਸ਼ਾਂ ਗਾਇਬ ਹੁੰਦੀ ਹੈ। ਉਮੀਦ ਹੈ ਅਗਲੇ ਖਤ ਲਈ ਕੋਈ ਨਵਾ ਮਸਾਲਾ ਲੱਭ ਪਵੇ।

ਤੇਰਾ
ਹਰਦੇਵ

ਸਾਰਾਜੀਵੋ
4.8.71

ਪਿਆਰੀ ਸਜਨੀ,

ਜਿਵੇਂ ਸੂਰਜ ਚੜ੍ਹਨ ਸਾਰ ਤਾਰੇ ਅਲੋਪ ਹੋ ਜਾਂਦੇ ਹਨ, ਉਸੇ ਤਰ੍ਹਾਂ ਹੀ ਰਾਤ ਦਾ ਸੁਪਨਾ ਯਾਦਾਂ ਦੀ ਧੁੰਧਲਾਈ ਪ੍ਰਛਾਈ ਬਣ ਗਿਆ ਹੈ। ਸਵੇਰੇ ਉਠਣ ਸਾਰ ਬਥੇਰਾ ਸੋਚਿਆ ਕਿ ਇਸ ਦੀ ਕੰਨੀ ਦਾ ਲੜ ਪਕੜਾਂ ਪਰ ਇਹ ਸੁਪਨਾ ਕਿੱਥੇ ਡਾਹ ਦੇਵੇ। ਗਰਵਧਨਾ ਦਾ ਘਰਵਾਲਾ ਸੋਚ ਰਿਹਾ ਸੀ ਕਿ ਮੈਂ ਕਿਸੇ ਪ੍ਰਾਰਥਨਾ ਵਿਚ ਮਗਨ ਬੈਠਾ ਹੋਇਆਂ ਹਾਂ। ਮੈਂ ਕਿਹਾ, 'ਸੁਪਨਾ ਆਇਆ ਸੀ ਜੋ ਉਠਣ ਸਾਰ ਹੀ ਗੁੰਮ ਹੋ ਗਿਆ ਹੈ, ਜਿਸ ਬਾਰੇ ਸੋਚ ਰਿਹਾ ਹਾਂ।' ਇੰਜ ਲੱਗਾ ਜਿਵੇਂ ਮੈਂ ਆਪਣਾ ਸਮਾਨ ਬੰਨ ਕੇ ਘਰ ਜਾਣ ਦੀ ਤਿਆਰੀ ਕਰ ਰਿਹਾ ਹਾਂ। ਘਰ ਵਿਚ ਸਾਰੇ ਮੇਰੀ ਉਡੀਕ ਕਰ ਰਹੇ ਹਨ। ਪ੍ਰਵਾਰ ਨੂੰ ਮੁੜ-ਮਿਲਣ ਦੀ ਖਿੱਚ ਸੀ। ਅਸਲ ਵਿੱਚ ਇਸ ਸੁਪਨੇ ਵਿਚ ਸਾਰੇ ਜੀਵਨ ਦੀ ਝਾਕੀ ਸੀ। ਪਟਿਆਲੇ ਤੋਂ ਅਲੀਗੜ੍ਹ ਅਤੇ ਫਿਰ ਪੈਰਿਸ ਦਾ ਸਾਰਾ ਸਫਰ। ਜਿਵੇਂ ਅਸੀਂ ਕਿਸੇ ਪਹਾੜ ਤੇ ਜਾਣ ਦੀ ਤਿਆਰੀ ਕਰ ਰਹੇ ਹੋਈਏ। ਹੋ ਸਕਦਾ ਹੈ ਇਹ ਸੁਪਨਾ ਮੇਰੀ ਅਗਲੀ ਯਾਤਰਾ ਦੀ ਚਿਤਾਵਨੀ ਸੀ। ਅੱਜ ਸ਼ਾਮ ਮੈਂ ਗਵਰਧਨਾ ਦੇ ਘਰੋਂ ਚਾਲੇ ਪਾ ਦੇਣੇ ਹਨ। ਮੰਜਿਲ ਕਦੇ ਮੁਕਦੀ ਨਹੀਂ, ਜਿੱਥੇ ਰਾਤ ਪਈ ਮੁਸਾਫਰ ਟਿਕ ਜਾਵੇਗਾ।

ਇਕ ਅਗਸਤ ਨੂੰ ਪੈਰਿਸ ਤੋਂ ਯੂਗੋਸਲਾਵੀਆ ਜਾਣ ਲਈ ਮੈਂ ਜਾਗਰੈਬ ਦੀ ਗੱਡੀ ਪਕੜੀ। ਰਾਖਵੀਂ ਸੀਟ ਦੇ ਬਾਵਜੂਦ ਮੇਰੀ ਬੈਠਣ ਦੀ ਸੀਟ ਮੱਲੀ ਹੋਈ ਸੀ ਅਤੇ ਮੈਂ ਆਪਣੇ ਆਪ ਨੂੰ ਇਕ ਖੂੰਜੇ ਵਿਚ ਘੁਸੇੜ ਕੇ ਬੈਠ ਗਿਆ। ਦਰਅਸਲ ਛੁੱਟੀਆਂ ਵਿਚ ਕਾਮੇ ਆਪਣੇ ਦੇਸ ਨੂੰ ਪਰਤ ਰਹੇ ਸਨ ਅਤੇ ਗੱਡੀ ਖਚਾਖਚ ਭਰੀ ਹੋਈ ਸੀ। 27 ਘੰਟੇ ਦੇ ਸਫਰ ਬਾਅਦ ਮੈਂ ਰਾਤ ਗਿਆਰਾਂ ਵਜੇ ਜਾਗਰੈਬ ਦੇ ਸਟੇਸ਼ਨ ਤੇ ਜਾ ਉਤਰਿਆ। ਗੱਡੀ ਪੂਰਾ ਫਰਾਂਸ, ਕੁਝ ਹਿੱਸਾ ਸਵਿਟਜ਼ਰਲੈਂਡ ਅਤੇ ਇਟਲੀ ਦੇ ਰਮਣੀਕ ਇਲਾਕੇ ਵਿਚੋਂ ਲੰਘ ਕੇ ਛੇ ਘੰਟੇ ਦੀ ਦੇਰੀ ਨਾਲ ਜਾਗਰੈਬ ਪਹੁੰਚੀ ਸੀ। ਪਹੁੰਚਣ ਸਾਰ ਮੈਂ ਆਪਣੇ ਦੋਸਤ ਨੂੰ ਕਈ ਵਾਰ ਫੋਨ ਕੀਤਾ ਪਰ ਅੱਗੋਂ ਕੋਈ ਜਵਾਬ ਨਾ ਮਿਲਿਆ ਹੋ ਸਕਦਾ ਹੈ ਉਹ ਸੈਰ ਸਪਾਟੇ ਲਈ ਕਿਤੇ ਘੁੰਮਣ ਗਿਆ ਹੋਵੇ। ਨਿਰਾਸ਼ ਹੋ ਕੇ ਮੈਂ ਹੋਟਲ ਲੱਭਣੇ ਸ਼ੁਰੂ ਕੀਤੇ ਪਰ ਕੋਈ ਕਮਰਾ ਨਾ ਮਿਲਿਆ। ਸਟੇਸ਼ਨ ਤੇ ਰਾਤ ਕੱਟਣੀ ਮੁਸ਼ਕਲ ਸੀ। ਅੱਧੀ ਰਾਤ ਵੇਲੇ ਇਕ ਬਜ਼ੁਰਗ ਔਰਤ ਸਟੇਸ਼ਨ ਮਾਸਟਰ ਦੇ ਦਫਤਰ

ਵਿਚ ਆਈ। ਉਸ ਨੇ ਮੇਰੇ ਕੋਲ ਭੇਜ ਦਿੱਤਾ ਅਤੇ ਕਿਹਾ ਕਿ ਕਮਰਾ ਮਿਲ ਸਕਦਾ ਹੈ। ਸੋ ਰੈਣ ਬਸੇਰੇ ਲਈ ਉਹ ਔਰਤ ਮੈਨੂੰ ਆਪਣੇ ਘਰ ਲੈ ਗਈ । 25 ਰੁਪਏ ਕਿਰਾਏ ਤੇ ਕਮਰਾ ਮਿਲ ਗਿਆ ਅਤੇ ਮੈਂ ਸੁੱਖ ਦੀ ਨੀਂਦ ਸੌਂ ਸਕਿਆ।

ਸਵੇਰੇ ਤਿਆਰ ਹੋ ਕੇ ਦੋਬਾਰਾ ਆਪਣੇ ਦੋਸਤ ਦੇ ਘਰ ਫੋਨ ਕੀਤੇ ਪਰ ਰਾਤ ਵਾਂਗ ਕੋਈ ਜਵਾਬ ਨਾ ਮਿਲਿਆ। 9 ਵਜੇ ਸਾਰਾਜੀਵੋ ਦੀ ਗੱਡੀ ਤਿਆਰ ਮਿਲੀ ਅਤੇ ਮੈਂ ਗਰਵਧਨਾ ਦੇ ਸ਼ਹਿਰ ਜਾਣ ਲਈ ਸਵਾਰ ਹੋ ਗਿਆ। ਰਸਤੇ ਵਿਚ ਕਈ ਲੋਕ ਇੰਡੀਅਨ ਸਮਝ ਕੇ ਪਿਆਰ ਨਾਲ ਪੇਸ਼ ਆਏ ਪਰ ਕਈ ਸ਼ਰਾਰਤੀ ਮੁੰਡੇ ਛੇੜਨ ਦੇ ਮੂਡ ਵਿਚ ਸਨ ਅਤੇ ਆਪਣੀ ਰੀਝ ਪੂਰੀ ਕਰ ਗਏ। ਗੱਡੀ ਪਹਾੜਾਂ ਦੀਆਂ ਵਾਦੀਆਂ ਅਤੇ ਦਰਿਆਵਾਂ ਦੇ ਨਾਲ ਤੁਰਦੀ 9 ਘੰਟੇ ਦੇ ਸਫਰ ਬਾਅਦ ਸਾਰਾਜੀਵੋ ਦੇ ਸਟੇਸ਼ਨ ਤੇ ਪਹੁੰਚ ਗਈ। ਜਦੋਂ ਫੋਨ ਕਰਨ ਬਾਅਦ ਕੋਈ ਉਤਰ ਨਾ ਮਿਲਿਆ ਤਾਂ ਮੈਂ ਟੈਕਸੀ ਕਰਕੇ ਗਰਵਧਨਾ ਦੇ ਘਰ ਪਹੁੰਚ ਗਿਆ।

ਗਵਰਧਨਾ ਅਤੇ ਉਸ ਦਾ ਪਤੀ ਈਸਾਕ ਟਾਮੀਸਲਾਵ ਘਰ ਨਹੀਂ ਸਨ। ਮੇਰੀ ਪੱਗ ਵੇਖ ਕੇ ਗਵਾਂਢੀਆਂ ਦੀ ਨੌਜਵਾਨ ਮੁਸਲਮਾਨ ਕੁੜੀ ਬਾਹਰ ਨਿਕਲ ਆਈ ਅਤੇ ਆਪਣੇ ਘਰ ਲੈ ਗਈ। ਆਪਦੀ ਮਾਂ ਕੋਲ ਬਿਠਾ ਕੇ ਉਹ ਗਵਰਧਨਾ ਨੂੰ ਲੱਭਣ ਚਲੀ ਗਈ ਜੋ ਆਪਣੀ ਸੱਸ ਕੋਲ ਗਈ ਹੋਈ ਸੀ। ਕੁੜੀ ਦੀ ਮਾਂ ਨੇ ਘਰ ਆਏ ਪ੍ਰਾਹੁਣੇ ਦੀ ਸੇਵਾ ਅਰੰਭ ਕਰ ਦਿੱਤੀ। ਬਾਅਦ 'ਚ ਪਤਾ ਲੱਗਿਆ ਕਿ ਗਰਵਧਨਾ ਦੇ ਗਵਾਂਢੀ ਤੁਰਕਿਸ਼ ਮੁਸਲਮਾਨ ਹਨ। ਮੇਰੇ ਲਈ ਕਾਹਵਾ ਤਿਆਰ ਕੀਤਾ ਗਿਆ, ਹੁੱਕਾ ਬੀੜਿਆ ਗਿਆ ਅਤੇ ਤੁਰਕੀ ਦੀ ਸ਼ਰਾਬ ਭੇਟਾ ਕੀਤੀ ਗਈ। ਦਰਅਸਲ, ਕੁੜੀ ਦੀ ਮਾਂ ਨੂੰ ਪੱਗੜੀ ਵੇਖ ਕੇ ਭੁਲੇਖਾ ਲੱਗਾ ਕਿ ਮੈਂ ਮੁਸਲਮਾਨ ਹਾਂ ਜਿਸ ਕਰਕੇ ਉਹ ਤਕੱਲਫ ਕਰ ਰਹੀ ਸੀ। ਕੁੜੀ ਗਰਵਧਨਾ ਦੇ ਪਤੀ ਨੂੰ ਮੇਰੇ ਬਾਰੇ ਦੱਸ ਕੇ ਵਾਪਸ ਆ ਗਈ। ਉਸ ਨੂੰ ਪਤਾ ਨਹੀਂ ਜਵਾਨੀ ਦਾ ਜੋਸ਼ ਸੀ ਜਿਸ ਕਰਕੇ ਮੈਨੂੰ ਜਾਪ ਰਿਹਾ ਸੀ ਕਿ ਉਸ ਲਈ ਮੈਂ ਕੋਈ ਕੈਂਠੇ ਵਾਲਾ ਪ੍ਰਾਹੁਣਾ ਬਣ ਕੇ ਆਇਆਂ ਹਾਂ। ਟਾਮੀਸਲਾਵ ਨੇ ਆ ਕੇ ਮੈਨੂੰ ਜੱਫੀ ਵਿਚ ਲੈ ਲਿਆ। ਉਸ ਨੇ ਗਵਰਧਨਾ ਨੂੰ ਮੇਰੀ ਖਬਰ ਨਹੀਂ ਸੀ ਦਿੱਤੀ।

ਗਵਰਧਨਾ ਦੇ ਪੇਕੇ ਅਤੇ ਸਹੁਰੇ ਸਾਰਾਜੀਵੋ ਸ਼ਹਿਰ ਵਿਚ ਹੀ ਹਨ। ਛੁੱਟੀ ਦਾ ਦਿਨ ਹੋਣ ਕਰਕੇ ਉਹ ਬੱਚਿਆਂ ਸਮੇਤ ਘੁੰਮਣ ਗਈ ਹੋਈ ਸੀ। ਟਾਮੀਸਲਾਵ ਨੇ ਫੋਨ ਕਰਕੇ ਉਸ ਨੂੰ ਬੁਲਾ ਭੇਜਿਆ। ਘਰ ਪਹੁੰਚੀ ਤਾਂ ਉਹ ਬੜੀ ਹੈਰਾਨ ਹੋਈ ਕਿ ਮੈਂ ਪਹਿਲਾਂ ਹੀ ਆਇਆ ਬੈਠਾ ਹਾਂ। ਪਿਆਰ ਭਰੀ ਚੁੰਮਣ ਸਾਂਝੀ ਕੀਤੀ, ਜੋ

ਘਰ ਆਏ ਪ੍ਰਾਹੁਣੇ ਦੇ ਸਤਿਕਾਰ ਲਈ 'ਜੀ ਆਇਆਂ' ਕਹਿਣ ਦੇ ਬਰਾਬਰ ਹੈ। ਮੇਰੇ ਸਫਰ ਦਾ ਹਾਲ ਚਾਲ ਪੁੱਛਿਆ। ਰਾਤ ਦਾ ਖਾਣਾ ਗਵਰਧਨਾ ਦੇ ਭਰਾ ਦੇ ਘਰ ਵਰਜਿਆ ਹੋਇਆ ਸੀ। ਜਦੋਂ ਅਸੀਂ ਪਹੁੰਚੇ ਤਾਂ ਪੇਕੇ ਅਤੇ ਸਹੁਰੇ ਪ੍ਰੀਵਾਰ ਮੇਰੀ ਇੰਤਜ਼ਾਰ ਕਰ ਰਹੇ ਸਨ। ਮੈਨੂੰ ਉਹ ਲੋਕ ਬੜੇ ਮਿਲਾਪੜੇ ਲੱਗੇ। ਇੰਡੀਆ ਅਤੇ ਨਹਿਰੂ ਬਾਰੇ ਗੱਲਾਂ ਪੁੱਛਦੇ ਰਹੇ। ਇਹ ਪਾਰਟੀ ਅੱਧੀ ਰਾਤ ਤੱਕ ਚੱਲਦੀ ਰਹੀ।

3 ਅਗਸਤ ਮੈਂ ਅਤੇ ਗਵਰਧਨਾ ਸਾਰਾ ਦਿਨ ਸਾਰਜੀਵੋ ਘੁੰਮਦੇ ਰਹੇ। ਇੱਥੇ ਅੱਧੀ ਅਬਾਦੀ ਮੁਸਲਮਾਨਾਂ ਦੀ ਹੈ ਜਿਸ ਕਰਕੇ ਕਈ ਸ਼ਾਨਦਾਰ ਮਸਜਿਦਾਂ ਵੀ ਵੇਖੀਆਂ। ਇਕ ਮਸਜਿਦ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਦਵਾਰਾ ਭੇਟ ਕੀਤਾ ਸੁੰਦਰ ਗਲੀਚਾ ਵੀ ਵੇਖਿਆ। ਬਜਾਰਾਂ ਵਿੱਚ ਰੌਣਕ ਵੇਖੀ ਅਤੇ ਸਾਰੇ ਮੈਨੂੰ ਮੁਸਲਮਾਨ ਹੀ ਸਮਝਦੇ ਰਹੇ। ਕਈ ਜਗਹ ਬੱਚੇ ਮੇਰੇ ਪਿੱਛੇ ਲੱਗ ਜਾਂਦੇ ਜਿਵੇਂ ਆਪਣੇ ਦੇਸ਼ ਵਿਚ ਵਿਦੇਸ਼ੀ ਯਾਤਰੀਆਂ ਨਾਲ ਹੁੰਦਾ ਹੈ। ਗਵਰਧਨਾ ਦੇ ਸਾਰੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਮਿਲਣ ਗਏ। ਮੇਰੀ ਪੱਗ ਵੇਖ ਕੇ ਆਂਢੀ-ਗਵਾਂਢੀ ਵੀ ਮਿਲਣ ਆ ਜਾਂਦੇ ਜਿਵੇਂ ਆਪਣੇ ਪਿੰਡਾਂ ਵਿਚ ਰਿਵਾਜ ਹੈ। ਰਾਤ ਦਾ ਡਿਨਰ ਗਰਵਧਨਾ ਦੇ ਪੇਕੇ ਘਰ ਸੀ। ਖਾਣੇ ਤੋਂ ਬਾਅਦ ਰੰਗਰਲੀਆਂ ਦਾ ਪ੍ਰੋਗਰਾਮ ਸ਼ੁਰੂ ਹੋਇਆ ਅਤੇ ਮੇਰੇ ਲੋਕ ਗੀਤ ਨੇ ਮਹਿਫਲ ਵਿਚ ਚੰਗਾ ਰੰਗ ਬੰਨ੍ਹਿਆ। ਇੱਥੇ ਪੈਰਿਸ ਵਰਗੀ ਸ਼ੋਖੀ ਨਹੀਂ। ਕੁੜੀਆਂ ਜਵਾਨ ਅਤੇ ਸੁੰਦਰ ਹਨ, ਅਸਲੀ ਹੀਰਾਂ ਤਾਂ ਸਾਰਾਜੀਵੋ ਵਿਚ ਹੀ ਵੇਖੀਆਂ। ਗੱਡੀ ਦੇ ਸਫਰ ਦੌਰਾਨ ਪੇਂਡੂ ਕੁੜੀਆਂ ਭੇਡਾਂ ਚਰਾਉਂਦੀਆਂ ਵੇਖੀਆਂ ਜਿਨ੍ਹਾਂ ਨੇ ਘੱਗਰੇ ਪਾਏ ਹੋਏ ਸਨ।

4 ਅਗਸਤ ਗਰਵਧਨਾ ਦਾ ਪ੍ਰੀਵਾਰ ਹਿੱਲ ਸਟੇਸ਼ਨ ਤੇ ਜਾ ਰਿਹਾ ਸੀ। ਉਹ ਮੇਰੇ ਕਰਕੇ ਕੇ ਦੋ ਦਿਨ ਰੁਕ ਗਏ ਸਨ। ਮੈਂ ਜਿੱਥੇ ਘਰ ਵਾਂਗ ਸਮਝਾਂ ਪਸੱਲਾ ਮਾਰ ਕੇ ਬੈਠ ਜਾਂਦਾ ਹਾਂ। ਪਰ ਹੁਣ ਰੁਕਣਾ ਠੀਕ ਨਹੀਂ ਸੀ ਜਾਪਦਾ। ਅੱਜ ਮੈਂ ਵੀ ਆਪਣੇ ਅਗਲੇ ਸਫਰ ਦੀ ਤਿਆਰੀ ਕਰ ਲਵਾਂਗਾ। ਟਾਮੀਸਲਾਵ ਨੂੰ ਪਤਾ ਸੀ ਕਿ ਮੈਂ ਸ਼ਾਕਾਹਾਰੀ ਹਾਂ, ਉਹ ਮੇਰੇ ਲਈ ਸਬਜ਼ੀਆਂ ਲੱਭ ਲਿਆਂਦਾ ਅਤੇ ਗਵਰਧਨਾ ਨੂੰ ਤਾੜਨਾ ਕਰ ਜਾਂਦਾ ਕਿ ਵਿਰਕ ਦੀ ਸੇਵਾ ਵਿਚ ਕੋਈ ਕਸਰ ਨਹੀਂ ਰਹਿਣੀ ਚਾਹੀਦੀ। ਉਹ ਦਫਤਰ ਦੇ ਕੰਮਾਂ ਵਿਚ ਰੁੱਝਿਆ ਹੋਇਆ ਸੀ, ਜਿਸ ਕਰਕੇ ਗਵਰਧਨਾ ਘਰ ਅਤੇ ਬਾਹਰ ਮੇਰਾ ਸਾਥ ਦੇ ਰਹੀ ਸੀ। ਗੱਲ ਵਿਸ਼ਵਾਸ਼ ਅਤੇ ਭਰੋਸੇ ਦੀ ਹੁੰਦੀ ਹੈ। ਉਹ ਮੈਨੂੰ ਆਪਣਾ ਬੰਦਾ ਅਤੇ ਦੋਸਤ ਸਮਝਦੇ ਸਨ ਜਿਸ ਕਰਕੇ ਉਸਦੀ ਵਹੁਟੀ ਮੇਰੀ ਆਉ-ਭੁਗਤ ਵਿਚ ਜੁਟੀ ਹੋਈ ਸੀ।

ਸਾਰਾਜੀਵੋ ਦੀ ਯਾਤਰਾ ਮੇਰੇ ਲਈ ਅਦਭੁੱਤ ਤਜ਼ਰਬਾ ਸਾਬਤ ਹੋਈ ਹੈ। ਇਹਨਾਂ ਲੋਕਾਂ ਦੇ ਪਿਆਰ ਨੇ ਮੈਨੂੰ ਕੀਲਿਆ ਹੈ। ਗਵਰਧਨਾ ਦੇ ਸਹੁਰੇ ਅਤੇ ਪੇਕੇ ਘਰ ਦੇ ਜੀਅ ਬਹੁਤ ਮਿਲਾਪੜੇ ਹਨ। ਉਸ ਦੀ ਨਣਦ ਤਾਂ ਸ਼ਰਮਾਕਲ ਕੁੜੀ ਹੈ ਜੋ ਲੁਕ ਛਿਪ ਕੇ ਵੇਖਦੀ ਰਹੀ। ਉਸਦੀ ਧੀ ਆਪਣੇ ਰਾਜੇ ਦੇ ਹਾਣ ਦੀ ਹੈ। ਉਹ ਕਹਿੰਦੀ ਹੁਣੇ ਹੀ ਪਸੰਦ ਕਰ ਲੈ ਜੇਕਰ ਇਸ ਨੂੰ ਆਪਣੀ ਨੂੰਹ ਬਣਾਉਣਾ ਹੈ। ਗਵਰਧਨਾ ਦੇ ਭੇਣ, ਭਰਾਵਾਂ ਅਤੇ ਚਾਚੇ ਤਾਇਆਂ ਦੇ ਘਰ ਕੁੜੀਆਂ ਦੀ ਭਰਮਾਰ ਹੈ। ਮਖੌਲ ਕਰਦੇ ਸਨ ਕਿ ਮੁੰਡਿਆਂ ਦੀ ਘਾਟ ਦੂਰ ਕਰਨ ਲਈ ਕੋਈ ਨੁਕਸਾ ਦੱਸ ਜਾ।

ਕੱਲ੍ਹ ਸ਼ਾਮ ਆਪਣੇ ਪਿਆਰੇ ਸੱਜਣਾਂ ਤੋਂ ਵਿਦਾ ਹੋ ਜਾਣਾ ਹੈ। ਅਗਲੀ ਮੰਜਿਲ ਸਮੁੰਦਰ ਦੇ ਕੰਢੇ ਇਨ੍ਹਾਂ ਦੇ ਕਿਸੇ ਦੋਸਤ ਦੇ ਘਰ ਹੈ। ਉਥੋਂ 500 ਮੀਲ ਦੂਰ ਇਟਲੀ ਦੇ ਬਾਰਡਰ ਕੋਲ 'ਪੂਲਾ' ਸ਼ਹਿਰ ਹੈ ਜਿੱਥੇ ਇਕ ਹੋਰ ਯੁਗੋਸਲਾਵੀਆ ਦੇ ਦੋਸਤ ਦਾ ਘਰ ਹੈ। ਉਹ ਬੀਮਾਰ ਹੋਣ ਕਰਕੇ ਪੈਰਿਸ ਤੋਂ ਆ ਨਹੀਂ ਸਕਿਆ ਪਰੰਤੂ ਉਸ ਨੇ ਆਪਣੀ ਮਾਂ ਨੂੰ ਮੇਰੇ ਆਉਣ ਦੀ ਖਬਰ ਭੇਜ ਰੱਖੀ ਹੈ। ਦੋ ਰਾਤਾਂ ਪੂਲਾ ਸ਼ਹਿਰ ਰਹਿ ਕੇ ਮੈਂ ਬੱਸ ਰਾਹੀ ਇਟਲੀ ਦੇ ਤਰੀਸਤੇ ਸ਼ਹਿਰ ਦਸ ਅਗਸਤ ਨੂੰ ਪਹੁੰਚ ਜਾਵਾਂਗਾ। ਵਾਪਸੀ ਰੇਲ ਟਿਕਟ ਮੇਰੇ ਪਾਸ ਹੈ ਅਤੇ ਉਸੇ ਰਾਤ ਪੈਰਿਸ ਜਾਣ ਵਾਲੀ ਗੱਡੀ ਤੇ ਸਵਾਰ ਹੋ ਜਾਵਾਂਗਾ। ਯਾਤਰਾ ਲਈ ਖਾਣ ਪੀਣ ਦਾ ਸਮਾਨ, ਚਾਹ ਪੱਤੀ, ਸੁੱਕਾ ਦੁੱਧ ਅਤੇ ਸਟੋਵ ਮੇਰੇ ਕੋਲ ਹੁੰਦਾ ਹੈ। ਜਿੱਥੇ ਕੋਈ ਦੋਸਤ ਨਾ ਟੱਕਰਿਆ, ਉਥੇ ਆਪਣਾ ਰਹਿਣ ਦਾ ਪ੍ਰਬੰਧ ਕਿਸੇ ਘਰ ਕਮਰਾ ਕਿਰਾਏ ਤੇ ਲੈ ਕੇ ਕਰ ਲੈਂਦਾ ਹਾਂ। ਹੋਟਲ ਤਾਂ ਬਹੁਤ ਮਹਿੰਗੇ ਹਨ ਅਤੇ ਪਹਿਲਾਂ ਬੁਕਿੰਗ ਕਰਾਉਣੀ ਪੈਂਦੀ ਹੈ।

ਅੱਜ ਕੱਲ੍ਹ ਲੜਾਈ ਦੀਆਂ ਖਬਰਾਂ ਪਰੇਸ਼ਾਨ ਕਰਦੀਆਂ ਹਨ। ਪੂਰਬੀ ਪਾਕਿਸਤਾਨ ਤਾਂ ਖਤਮ ਹੋ ਜਾਵੇਗਾ ਪਰ ਲੜਾਈ ਪੰਜਾਬ ਵਿਚ ਵੀ ਲੱਗ ਜਾਵੇਗੀ। ਗੁਰੂ ਦੀ ਯਾਦ ਵਿਚ ਰਹੋ ਆਪੇ ਸਭ ਭਲੀ ਕਰੇਗਾ। ਬੱਚਿਆਂ ਨੂੰ ਪਿਆਰ ਮਾਤਾ ਜੀ ਨੂੰ ਯਾਦ ਭਰੀ ਸਤਿ ਸਿਰੀ ਅਕਾਲ। ਅਗਲਾ ਹਾਲ ਪੈਰਿਸ ਪਹੁੰਚ ਕੇ ਲਿਖਾਂਗਾ।

ਪਿਆਰ ਸਹਿਤ,
ਹਰਦੇਵ

ਪੈਰਿਸ
10.8.71

ਪਿਆਰੀ ਸਜਨੀ,

ਮੇਰੇ ਜੀਵਨ ਵਿਚ ਜਿਥੇ ਸ਼ਾਮੋਂ ਵਰਗੀਆਂ ਭਟਕਦੀਆਂ ਆਤਮਾਵਾਂ ਦਾ ਨਿਵਾਸ ਹੋਇਆ ਹੈ, ਉਥੇ ਗਵਰਧਨਾ ਵਰਗੀਆਂ ਸ਼ਾਂਤ, ਅਡੋਲ ਰੂਹਾਂ ਵੀ ਮੇਰੇ ਦਿਲ ਵਿਚ ਵੱਸ ਗਈਆਂ ਹਨ। ਇਕ ਪਾਸੇ ਜਿੱਥੇ ਪਿਆਰ ਦੀ ਭੁੱਖ ਕਾਰਨ ਤਰਸੇਵਾਂ, ਸਾੜਾ ਅਤੇ ਬੁੱਝੇ ਹੋਏ ਦਿਲ ਹਨ, ਉਥੇ ਦੂਜੇ ਪਾਸੇ ਜੀਵਨ ਦੀ ਸੰਤੁਸ਼ਟਤਾ ਅਤੇ ਪਿਆਰ ਖੇੜਾ ਵੀ ਹੈ ਜੋ ਜੀਵਨ ਦੇ ਵਿਗਾਸ ਲਈ ਜਰੂਰੀ ਹੈ। ਇਸ ਖਿੜੇ ਜੀਵਨ ਦੀ ਮਹਿਕ ਲੈਣ ਹੀ ਮੈਂ ਯੂਗੋਸਲਾਵੀਆ ਦਾ ਚੱਕਰ ਲਗਾਉਣਾ ਉਚਿਤ ਸਮਝਿਆ।

ਪੈਰਿਸ ਤੋਂ ਗੱਡੀ ਚੱਲੀ ਤਾਂ ਟੂਰਨ ਵਾਲਿਆਂ ਨਾਲੋਂ ਤੋਰਨ ਵਾਲਿਆਂ ਦੀ ਭੀੜ ਵੱਧ ਸੀ। ਮੇਰੇ ਡੱਬੇ ਵਿੰਚ ਯੂਗੋਸਲਾਵੀਆ ਦੀਆਂ ਸੋਹਣੀਆਂ ਮੁਟਿਆਰਾਂ ਆਪਣੇ ਦੇਸ਼ ਛੁੱਟੀਆਂ ਕੱਟਣ ਜਾ ਰਹੀਆਂ ਸਨ। ਪੂਰਬੀ ਯੂਰਪ ਦੇ ਲੋਕ ਕੰਮ ਦੀ ਭਾਲ ਵਿਚ ਫਰਾਂਸ ਅਤੇ ਜਰਮਨੀ ਆ ਜਾਂਦੇ ਹਨ, ਜਿਵੇਂ ਯੂ.ਪੀ. ਦੇ ਭਈਏ ਪੰਜਾਬ ਮਜ਼ਦੂਰੀ ਕਰਨ ਆਉਂਦੇ ਹਨ। ਇਹ ਲੋਕ ਪਿਆਰ ਵਿਚ, ਰਸਮੋਂ ਰਿਵਾਜ ਅਤੇ ਲੋਕ ਗੀਤਾਂ ਵਿਚ ਵੀ ਸਾਡੇ ਨਾਲ ਸਾਂਝ ਰੱਖਦੇ ਹਨ। ਲੋਕ ਗੀਤਾਂ ਵਿਚ ਤੂੰਬੇ ਦੀ ਤਰਜ ਦਾ ਸਾਜ ਵਰਤਦੇ ਹਨ। ਵਿਛੜਨ ਲੱਗਿਆਂ ਸਾਡੇ ਵਾਂਗ ਧਾਹੀਂ ਮਾਰ ਕੇ ਰੋਂਦੇ ਹਨ। ਮੇਰਾ ਦਿਲ ਵੀ ਤਰਸਦਾ ਰਿਹਾ ਕਿ ਕੋਈ ਪਿਆਰਾ ਸਾਥੀ ਮੈਨੂੰ ਅਲਵਿਦਾ ਕਹਿਣ ਆਉਂਦਾ, ਪਰ ਕਿਸ ਨੇ ਆਉਣਾ ਸੀ। ਸੋ ਭਰੇ ਹੋਏ ਮਨ ਨਾਲ ਯੂਗੋਸਲਾਵੀਆ ਦੀ ਯਾਤਰਾ ਅਰੰਭ ਕੀਤੀ।

4 ਅਗਸਤ ਸਾਰਾ ਦਿਨ ਘੁੰਮਦੇ ਰਹੇ ਅਤੇ ਸ਼ਾਮ ਵੇਲੇ ਗਰਵਧਨਾ ਅਤੇ ਉਸ ਦਾ ਪਤੀ ਟਾਮੀਸਲਾਵ ਮੈਨੂੰ ਗੱਡੀ ਚੜ੍ਹਾਉਣ ਸਟੇਸ਼ਨ ਤੇ ਆਏ। ਉਨ੍ਹਾਂ ਦਾ ਖਿਆਲ ਸੀ ਕਿ ਮੈਨੂੰ ਕਿਸੇ ਦੀ ਕਾਰ ਦੀ ਲਿਫਟ ਮਿਲ ਜਾਵੇਗੀ ਅਤੇ ਮੈਂ 'ਮੋਸਤਾਰ' ਪਹੁੰਚ ਜਾਵਾਂਗਾ। ਇਕ ਘੰਟਾ ਸੜਕ ਕੰਢੇ ਖੜੋ ਕੇ ਕੋਸ਼ਿਬ ਕੀਤੀ ਪਰ ਕਿਸੇ ਨੇ ਵੀ ਲਿਫਟ ਨਾ ਦਿੱਤੀ। ਹਾਰ ਕੇ ਗੱਡੀ ਤੇ ਜਾਣ ਦਾ ਪ੍ਰੋਗਰਾਮ ਬਣਾਇਆ। ਜਦੋਂ ਸਟੇਸ਼ਨ ਤੇ ਪਹੁੰਚੇ ਤਾਂ ਗੱਡੀ ਤੁਰਨ ਵਿਚ ਦੋ ਮਿੰਟ ਬਾਕੀ ਸਨ। ਗੋਵਰਧਨਾ ਨੇ ਮੇਰਾ ਅਟੈਚੀ ਡੱਬੇ ਵਿਚ ਸੁੱਟਿਆ ਅਤੇ ਕਾਲ੍ਹੀ ਵਿੱਚ ਮੇਰਾ ਮੂੰਹ ਚੁੰਮ ਕੇ ਅਲਵਿਦਾ ਕਹਿ ਗਈ। ਝੱਟ ਹੀ ਗੱਡੀ ਤੁਰ ਪਈ ਅਤੇ

ਅਸੀਂ ਆਪਣੇ ਨੈਣਾਂ ਨਾਲ ਉਸ ਦੇ ਕਲਬੂਤ ਦਾ ਪਿੱਛਾ ਕਰਦੇ ਰਹੇ, ਜਦੋਂ ਤੱਕ ਕਿ ਉਹ ਅੱਖੋਂ ਓਝਲ ਨਾ ਹੋ ਗਈ।

ਢਾਈ ਘੰਟੇ ਦੇ ਸਫਰ ਬਾਅਦ ਮੈਂ ਮੋਸਤਾਰ ਪਹੁੰਚ ਗਿਆ ਜੋ ਸਾਰਾਜੀਵੋ ਦੇ ਮੁਕਾਬਲੇ ਇਕ ਛੋਟਾ ਜਿਹਾ ਸ਼ਹਿਰ ਹੈ। ਇੱਥੇ ਵੀ ਮੁਸਲਮਾਨ ਵਸੋਂ ਵਧੇਰੇ ਹੈ। ਗੋਵਰਧਨਾ ਨੇ ਆਪਣੀ ਸਹੇਲੀ ਨੂੰ ਫੋਨ ਕਰ ਕੇ ਮੇਰੇ ਪਹੁੰਚਣ ਦੀ ਖਬਰ ਦੇ ਰੱਖੀ ਸੀ। ਮੈਂ ਦੱਸੇ ਹੋਏ ਪਤੇ 'ਤੇ ਪਹੁੰਚ ਗਿਆ। ਰਸਤੇ ਵਿਚ ਲੋਕ ਬਹੁਤ ਹੈਰਾਨ ਹੋ ਕੇ ਮੇਰੇ ਵੱਲ ਵੇਖਦੇ ਰਹੇ ਪਰ ਬੱਚਿਆਂ ਦਾ ਇਕ ਟੋਲਾ ਮੇਰਾ ਪਿੱਛਾ ਕਰਦਾ ਹੋਇਆ ਉਸ ਦੀ ਸਹੇਲੀ ਦੇ ਘਰ ਤੱਕ ਆ ਪਹੁੰਚਿਆ। ਅੰਦਰ ਵੜ ਕੇ ਮਸਾਂ ਖਹਿੜਾ ਛੁਡਾਇਆ। ਕਈ ਮੈਨੂੰ ਮਹਾਰਾਜਾ ਕਹਿ ਕੇ ਬੁਲਾ ਵੀ ਰਹੇ ਸਨ। ਜਿੱਥੇ ਮੈਂ ਠਹਿਰਨਾ ਸੀ, ਉਥੇ ਪਹਿਲਾਂ ਹੀ ਹੋਰ ਪ੍ਰਾਹੁਣੇ ਆਏ ਹੋਏ ਸਨ, ਸੋ ਮੇਰੇ ਲਈ ਕਿਸੇ ਹੋਰ ਘਰ ਵਿਚ ਕਮਰਾ ਕਿਰਾਏ ਤੇ ਲੈ ਕੇ ਇੰਤਜ਼ਾਮ ਕੀਤਾ ਗਿਆ।

ਮੇਰਾ ਮਕਾਨ ਮਾਲਕ ਵੀ ਤੁਰਕਿਸ਼ ਮੁਸਲਮਾਨ ਸੀ। ਉਸ ਦੀ ਜਵਾਨ ਧੀ ਅੰਗਰੇਜ਼ੀ ਸਮਝਦੀ ਸੀ। ਉਹ ਪੁੱਛਣ ਲੱਗੀ ਰਾਤ ਦੇ ਖਾਣੇ ਬਾਰੇ ਪਰ ਮੈਂ ਨਾਹ ਕਰ ਦਿੱਤੀ ਕਿਉਂਕਿ ਇੱਥੇ ਸਭ ਮੀਟ ਖਾਂਦੇ ਹਨ। ਉਸ ਮੇਰੀ ਸ਼ਾਦੀ ਬਾਰੇ ਵੀ ਪੁੱਛਿਆ, ਮੈਂ ਹਾਂ ਕਿਹਾ ਅਤੇ ਬੱਚਿਆਂ ਬਾਰੇ ਵੀ ਦੱਸਿਆ। ਮੇਰੇ ਕਮਰੇ ਦੀ ਬਾਰੀ ਪਹਾੜ ਵਾਲੇ ਪਾਸੇ ਖੁੱਲ੍ਹਦੀ ਸੀ। ਪੂਰਨਮਾਸ਼ੀ ਦਾ ਪੂਰਾ ਚੰਨ ਕਾਲੇ ਪਹਾੜ ਉਪਰ ਇਸ ਤਰ੍ਹਾਂ ਬੈਠਾ ਲੱਗਦਾ ਸੀ ਜਿਵੇਂ ਇਸ ਸ਼ਹਿਰ ਦੀਆਂ ਪ੍ਰੀਤਾਂ ਦਾ ਪਹਿਰੇਦਾਰ ਹੋਵੇ। ਮੇਰੀ ਤਾਂ ਨੀਂਦ ਹੀ ਅਲੋਪ ਹੋ ਗਈ। ਪਤਾ ਨਹੀਂ ਕਦੋਂ ਅੱਖ ਲੱਗੀ ਤੇ ਮੈਂ ਸੁਪਨਿਆਂ ਦੀ ਦੁਨੀਆਂ ਵਿਚ ਘੁੰਮਦਾ ਰਿਹਾ। ਇਹੋ ਜਹੀ ਸੁਹਾਵਣੀ ਰਾਤ ਦੇ ਸ਼ਾਂਤ ਅਡੋਲ ਚੌਗਿਰਦੇ ਵਿਚ ਮਨ ਵੀ ਭਾਵਾਂ ਦੀ ਬਹਿਬਲਤਾ ਵਿਚ ਗ੍ਰੱਸਿਆ ਜਾਂਦਾ ਹੈ।

ਦਿਨ ਚੜ੍ਹਿਆ ਤਾਂ ਮੈਂ ਅਗਲੀ ਮੰਜਿਲ ਦੀ ਤਿਆਰੀ ਕਰ ਲਈ। ਗਵਰਧਨਾ ਦੀ ਸਹੇਲੀ ਨੇ ਦੱਸਿਆ ਕਿ ਮੋਸਤਾਰ ਵਿਚ ਨਦੀ ਦਾ ਪੁਰਾਣਾ ਪੁਲ ਹੈ ਜੋ ਵੇਖਣ ਲਈ ਸਭ ਯਾਤਰੀ ਆਉਂਦੇ ਹਨ। ਇਸ ਦੇ ਕਿਨਾਰੇ ਇਕ ਮਸਜਿਦ ਹੈ ਜੋ ਸਭ ਤੋਂ ਪੁਰਾਣੀ ਮੰਨੀ ਜਾਂਦੀ ਹੈ। ਤੁਰਕਾਂ ਨੇ ਇੱਥੇ ਰਾਜ ਕਾਇਮ ਕੀਤਾ ਤਾਂ ਇਹ ਪੁਲ, ਮਸਜਿਦ ਅਤੇ ਪੁਰਾਣੇ ਸ਼ਹਿਰ ਦੀ ਰਾਖੀ ਲਈ ਕਿਲ੍ਹਾ ਵੀ ਬਣਾਇਆ। ਦੁਪਹਿਰ ਤੱਕ ਅਸੀਂ ਦੋਵੇਂ ਇਹ ਇਤਿਹਾਸਕ ਸਥਾਨ ਵੇਖ ਕੇ

ਮੁੜ ਆਏ। ਪਰਤਣ ਲੱਗਿਆਂ ਉਸ ਨੇ ਆਪਣੇ ਦੁੱਖ ਮੇਰੇ ਨਾਲ ਸਾਂਝੇ ਕੀਤੇ। ਕਹਿੰਦੀ ਉਸ ਦਾ ਘਰਵਾਲਾ ਜ਼ਰਨਲਿਸਟ ਹੈ ਅਤੇ ਉਹ ਖਬਰਾਂ ਇਕੱਠੀਆਂ ਕਰਨ ਲਈ ਕਈ ਦੇਸ ਘੁੰਮਦਾ ਫਿਰਦਾ ਹੈ। ਮੈਨੂੰ ਉਸ ਦੀ ਬੇਵਫਾਈ ਦਾ ਪੂਰਾ ਪਤਾ ਹੈ ਪਰ ਮੈਂ ਮੁਸਲਮਾਨ ਔਰਤ ਹੋਣ ਕਰਕੇ ਮਜਬੂਰੀ ਵੱਸ ਦਿਨ ਕਟੀ ਕਰੀ ਜਾ ਰਹੀ ਹਾਂ। ਉਸ ਨੇ ਮੇਰੇ ਪੈਰਿਸ ਦੇ ਜੀਵਨ ਬਾਰੇ ਵੀ ਪੁੱਛਿਆ। ਮੈਂ ਕਿਹਾ ਅਸੀਂ ਤਾਂ ਕਿਸੇ ਦੇ ਪ੍ਰੇਮ ਬੰਧਨ ਵਿਚ ਬੱਝੇ ਹੋਏ ਦਿਨ ਬਤੀਤ ਕਰ ਰਹੇ ਹਾਂ। ਸਾਰਾ ਹੋਇਆ ਬੀਤਿਆ ਆਪਣੀ ਸੱਜਨੀ ਨੂੰ ਲਿਖ ਭੇਜਦੇ ਹਾਂ। ਤੇਰੀ ਕਹਾਣੀ ਵੀ ਉਸ ਨਾਲ ਸਾਂਝੀ ਕਰਾਂਗਾ।

5 ਅਗਸਤ ਦੀ ਸ਼ਾਮ ਨੂੰ 'ਸਪਲਿਟ' ਦੇ ਇਤਿਹਾਸਕ ਸ਼ਹਿਰ ਪਹੁੰਚ ਗਿਆ ਜੋ ਸਮੁੰਦਰ ਦੇ ਕੰਢੇ ਸਥਿਤ ਹੈ ਅਤੇ ਇਹ ਮੇਰੀ ਪਹਿਲੀ ਰਾਤ ਏਡੀਆਰਟਿਕ ਸਮੁੰਦਰ ਕਿਨਾਰੇ ਸੀ। ਇੱਥੇ ਮੇਰੀ ਕੋਈ ਵਾਕਫੀ ਨਹੀਂ ਸੀ ਅਤੇ ਰਿਹਾਇਸ਼ ਦਾ ਪ੍ਰਬੰਧ ਕਰਨਾ ਵੀ ਜਰੂਰੀ ਸੀ। ਹੋਟਲ ਟੂਰਿਸਟਾਂ ਨਾਲ ਭਰੇ ਹੋਣ ਕਰਕੇ ਬਹੁਤ ਯਾਤਰੀ ਸੁਮੰਦਰ ਕਿਨਾਰੇ ਤੰਬੂ ਲਾਈ ਬੈਠੇ ਸਨ। ਮੈਂ ਸ਼ਹਿਰ ਵਿਚ ਕਿਸੇ ਘਰ ਕਿਰਾਏ ਤੇ ਕਮਰਾ ਲੈ ਲਿਆ। ਖਾਣ ਪੀਣ ਦਾ ਪ੍ਰਬੰਧ ਮੇਰੇ ਕੋਲ ਸੀ। ਗਰਮੀ ਅੱਤ ਦੀ ਪੈ ਰਹੀ ਸੀ ਅਤੇ ਕਮਰੇ ਵਿਚ ਬਿਜਲੀ ਦੇ ਪੱਖੇ ਦਾ ਕੋਈ ਪ੍ਰਬੰਧ ਨਹੀਂ ਸੀ। ਬਾਰੀਆਂ ਖੋਲ੍ਹ ਕੇ ਸੌਂ ਗਿਆ ਭਾਵੇਂ ਮੱਛਰਾਂ ਦਾ ਡਰ ਵੀ ਸੀ।

6 ਅਗਸਤ ਸੂਰਜ ਚੜ੍ਹਣ ਤੋਂ ਪਹਿਲਾਂ ਹੀ ਮੈਂ ਸਪਲਿਟ ਦੇ ਬੱਸ ਅੱਡੇ 'ਤੇ ਪਹੁੰਚ ਗਿਆ ਅਤੇ 'ਪੂਲਾ' ਸ਼ਹਿਰ ਦੀ ਬੱਸ ਤੇ ਸਵਾਰ ਹੋ ਗਿਆ। ਗਿਆਰਾਂ ਘੰਟੇ ਦੇ ਸਫਰ ਬਾਅਦ ਮੈਂ ਆਪਣੇ ਦੋਸਤ ਦੇ ਘਰ ਪੂਲਾ ਪਹੁੰਚ ਗਿਆ। ਸਪਲਿਟ ਤੋਂ ਪੂਲਾ ਤੱਕ ਦਾ ਸਫਰ ਬਹੁਤ ਹੀ ਅਕੇਵੇਂ ਭਰਿਆ ਸੀ। ਇਕ ਪਾਸੇ ਖੁਸ਼ਕ ਪਹਾੜ ਅਤੇ ਦੂਜੇ ਪਾਸੇ ਸਮੁੰਦਰ ਸੀ। ਰਸਤੇ ਵਿਚ ਕੋਈ ਸ਼ਹਿਰ ਜਾਂ ਪਿੰਡ ਨਜ਼ਰੀ ਨਹੀਂ ਪਿਆ। ਸ਼ਾਮ ਦੇ ਚਾਰ ਵਜੇ ਰੀਅਕਾ ਸ਼ਹਿਰ ਪਹੁੰਚੇ ਅਤੇ ਉੱਥੋਂ ਅੱਗੇ ਪੂਲਾ ਪੰਜ ਵਜੇ ਪਹੁੰਚ ਗਿਆ। ਪੁੱਛਦਾ ਪੁਛਾਉਂਦਾ ਦੋਸਤ ਦੀ ਦਾਦੀ ਦੇ ਘਰ ਪਹੁੰਚ ਗਿਆ। ਉਹ 78 ਸਾਲ ਦੀ ਬਜੁਰਗ ਔਰਤ ਆਪਣੀ ਮਾਂ ਵਾਂਗ ਹੀ ਮਿਲੀ। ਉਹ ਆਪਣੇ ਤਿੰਨ ਪੋਤਰਿਆਂ ਨਾਲ ਪੂਲਾ ਸ਼ਹਿਰ ਵਿਚ ਰਹਿੰਦੀ ਹੈ। ਮੇਰੀ ਚੰਗੀ ਕਿਸਮਤ ਨੂੰ ਉਸ ਦਾ ਵੱਡਾ ਪੋਤਰਾ ਫਰੈਂਚ ਭਾਸ਼ਾ ਬੋਲਦਾ ਸੀ ਜਿਸ ਕਰਕੇ ਮੇਰੀ ਸਮੱਸਿਆ ਹੱਲ ਹੋ ਗਈ।

7 ਅਗਸਤ ਦਾਦੀ ਦਾ ਪੋਤਰਾ ਮੇਰਾ ਗਾਈਡ ਬਣ ਕੇ ਸ਼ਹਿਰ ਘੁਮਾ ਲਿਆਇਆ। ਦਾਦੀ ਘਰ ਦੀ ਸਫਾਈ ਦਾ ਕੰਮ ਕਰ ਕੇ ਦੋਵੇਂ ਵੇਲੇ ਗਿਰਜਾਘਰ ਪ੍ਰਾਰਥਨਾ ਵਿਚ ਹਾਜਰ ਹੁੰਦੀ। ਲੋਕ ਮੰਨਦੇ ਹਨ ਕਿ ਕਮਿਊਨਿਸਟ, ਧਰਮ ਦੇ ਵਿਰੋਧੀ ਹਨ ਪਰ ਮੇਰਾ ਤਜ਼ਰਬਾ ਉਲਟ ਸਿੱਧ ਹੋਇਆ। ਗਰਮੀਆਂ ਵਿਚ ਸਾਰਾ ਸ਼ਹਿਰ ਸਮੁੰਦਰ ਦੇ ਕੰਢੇ ਨਹਾਉਣ ਜਾਂਦਾ ਹੈ। ਘਰ ਵਿਚ ਬਾਥਰੂਮ ਦਾ ਪ੍ਰਬੰਧ ਨਹੀਂ ਸੀ, ਸੋ ਮਜ਼ਬੂਰੀ ਵੱਸ ਮੈਨੂੰ ਸਮੁੰਦਰ ਵਿੱਚ ਟੁੱਬੀ ਲਾਉਣੀ ਪਈ। ਮੇਰੀ ਮੁਸ਼ਕਲ ਬਣ ਗਈ ਕਿ ਭੀੜ ਤੋਂ ਦੂਰ ਕੋਈ ਨਿਵੇਕਲੀ ਜਗਹ ਲੱਭੀ ਜਾਵੇ। ਸੋ ਮੈਂ ਝਾੜੀਆਂ ਦੇ ਉਹਲੇ ਜਾ ਕੇ ਕੱਪੜੇ ਲਾਹ ਕੇ ਸਮੁੰਦਰ ਵਿਚ ਵੜ ਗਿਆ। ਤੈਰਨਾ ਮੈਂ ਸਿੱਖਿਆ ਨਹੀਂ। ਸੋ ਨਿਕਾਰੇ ਤੇ ਹੀ ਚੁੱਭੀ ਲਾ ਕੇ ਬਾਹਰ ਆ ਗਿਆ। ਮੇਰਾ ਸਮੁੰਦਰ ਵਿਚ ਨਹਾਉਣ ਦਾ ਪਹਿਲਾ ਤਜ਼ਰਬਾ ਸੀ। ਅੱਖਾਂ, ਕੰਨਾਂ ਅਤੇ ਮੂੰਹ ਵਿੱਚ ਖਾਰਾਪਣ ਦਾ ਸਵਾਦ ਆ ਰਿਹਾ ਸੀ। ਮੈਂ ਸੋਚਿਆ ਚੰਗੀ ਮੁਸੀਬਤ ਮੁੱਲ ਲੈ ਲਈ। ਬਾਕੀ ਲੋਕ ਸੁਮੰਦਰ ਵਿਚ ਨਹਾ ਕੇ ਟੂਟੀ ਥੱਲੇ ਨਹਾ ਕੇ ਖਾਰਾਪਨ ਲਾਹ ਲੈਂਦੇ ਪਰ ਮੇਰੀ ਹਿੰਮਤ ਨਹੀਂ ਸੀ ਪੈਂਦੀ ਕਿ ਅੱਧ ਨੰਗੇ ਲੋਕਾਂ ਵਿਚ ਸ਼ਾਮਲ ਹੋਵਾਂ। ਸੁੰਦਰ ਮੁਟਿਆਰਾਂ ਸਮੁੰਦਰ ਵਿਚ ਤਰਦੀਆਂ ਵੇਖ ਸੋਹਣੀ ਦੇ ਝਨਾ ਵਿਚ ਤਰਨ ਦਾ ਨਜ਼ਾਰਾ ਯਾਦ ਆ ਗਿਆ।

8 ਅਗਸਤ ਸਵੇਰੇ ਤਿਆਰ ਹੋ ਕੇ ਪੂਲਾ ਸ਼ਹਿਰ ਤੋਂ ਬੱਸ ਰਾਹੀਂ ਮੈਂ ਇਟਲੀ ਦੇ ਤਰੀਸਤੇ ਸ਼ਹਿਰ ਪਹੁੰਚ ਗਿਆ। ਇੱਥੋਂ ਗੱਡੀ ਤੇ ਸਵਾਰ ਹੋ ਕੇ ਦੋ ਘੰਟੇ ਦੇ ਸਫਰ ਬਾਅਦ ਵੀਨਸ ਦੇ ਸੁੰਦਰ ਸ਼ਹਿਰ ਜਾ ਉਤਰਿਆ। ਇਹ ਸਮੁੰਦਰ ਵਿਚ ਬਣਿਆ ਸ਼ਹਿਰ ਹੈ ਜਿੱਥੇ ਦੁਨੀਆਂ ਭਰ ਦੇ ਯਾਤਰੀ ਸਾਰਾ ਸਾਲ ਆਉਂਦੇ ਰਹਿੰਦੇ ਹਨ। ਗਰਮੀਆਂ ਵਿਚ ਤਾਂ ਇੱਥੇ ਤਿਲ ਸੁੱਟਣ ਦੀ ਥਾਂ ਨਹੀਂ ਹੁੰਦੀ। ਮੈਂ ਰਾਤ ਦੀ ਗੱਡੀ ਪੈਰਿਸ ਮੁੜਨਾ ਸੀ। ਸੋ ਦੋ ਘੰਟੇ ਗੰਡੋਲਾ ਦੀ ਸਵਾਰੀ ਕੀਤੀ ਅਤੇ ਵੀਨਸ ਦੇ ਪੁਰਾਣੇ ਗਿਰਜਾ ਘਰ ਅਤੇ ਨਹਿਰਾਂ ਦਾ ਦੌਰਾ ਕਰ ਕੇ ਰੇਲਵੇ ਸਟੇਸ਼ਨ ਤੇ ਪਰਤ ਆਇਆ। ਵੀਨਸ ਵਿਚ ਬਹੁਤ ਸਾਰੇ ਸਿੱਖ ਟੂਰਿਸਟ ਮਿਲੇ ਜੋ ਇੰਗਲੈਂਡ ਅਤੇ ਅਮਰੀਕਾ ਤੋਂ ਘੁੰਮਣ ਆਏ ਸਨ। ਇਕ ਕਾਰਡ ਭੇਜ ਰਿਹਾਂ ਹਾਂ, ਵੇਖ ਕੇ ਵੀਨਸ ਦੀ ਸੁੰਦਰਤਾ ਦਾ ਅੰਦਾਜਾ ਲਗਾ ਲੈਣਾ।

ਰਾਤ ਦੀ ਗੱਡੀ ਤੇ ਸਵਾਰ ਹੋ ਕੇ 9 ਅਗਸਤ ਦੁਪਹਿਰ ਵੇਲੇ ਪੈਰਿਸ ਪਹੁੰਚ ਗਿਆ। ਇਉਂ ਲੱਗਿਆ ਜਿਵੇਂ ਆਪਣੇ ਘਰ ਮੁੜ ਆਇਆ ਹਾਂ। ਸਫਰ ਦਾ ਥੱਕਿਆ ਹੋਣ ਕਰਕੇ ਸਾਰਾ ਦਿਨ ਆਰਾਮ ਕੀਤਾ। ਕੱਲ੍ਹ ਤੋਂ ਲੈਬ ਜਾਣਾ ਹੈ ਅਤੇ

ਫਿਰ ਉਹੀ ਰੂਟੀਨ ਸ਼ੁਰੂ ਹੋ ਜਾਵੇਗਾ। ਪੂਲਾ ਵਿਚ ਕਿਸੇ ਦੱਸਿਆ ਸੀ ਕਿ ਹਿੰਦ-ਪਾਕ ਯੁੱਧ ਸ਼ੁਰੂ ਹੋ ਗਿਆ ਹੈ। ਮੈਨੂੰ ਚਿੰਤਾ ਲੱਗ ਗਈ ਕਿ ਤੁਹਾਡਾ ਕੀ ਬਣੇਗਾ। ਪੈਰਿਸ ਆ ਕੇ ਭਰਮ ਦੂਰ ਹੋ ਗਿਆ। ਫਿਰ ਸੋਚਿਆ ਜੇਕਰ ਬੰਗਲਾਦੇਸ਼ ਲਈ ਯੁੱਧ ਸ਼ੁਰੂ ਵੀ ਹੋ ਗਿਆ ਤਾਂ ਮੈਂ ਕੀ ਕਰ ਸਕਦਾ ਹਾਂ। ਤੁਹਾਨੂੰ ਰੱਬ ਆਸਰੇ ਹੀ ਛੱਡ ਆਇਆਂ ਹਾਂ।

ਪੈਰਿਸ ਦਾ ਮੌਸਮ ਕਿਤੇ ਸੁਹਾਵਣਾ ਹੈ, ਨਾ ਗਰਮੀ ਨਾ ਸਰਦੀ, ਹਲਕੀ ਬਾਰਿਸ਼ ਪੈ ਰਹੀ ਹੈ ਅਤੇ ਠੰਡੀ ਹਵਾ ਵੀ ਚੱਲ ਰਹੀ ਹੈ। ਸਾਵਣ ਦਾ ਮਹੀਨਾ ਲੱਗਦਾ ਹੈ ਅਤੇ ਬ੍ਰਿਹਾ ਦੀ ਪੀੜ ਛੇੜ ਗਿਆ ਹੈ। ਚੰਗਾ ਹੋਇਆ ਤੂੰ ਖਤ ਵਿਚ ਸਾਵਣ ਦੀ ਸੰਗਰਾਂਦ ਬਾਰੇ ਲਿਖਿਆ, ਵਰਨਾ ਇੱਥੇ ਤਾਂ ਕੋਈ ਪਤਾ ਨਹੀਂ ਲਗਦਾ। ਗੁਰੂ ਨਾਨਕ ਮਹਾਰਾਜ ਦਾ ਇਕ ਸ਼ਬਦ ਸਾਵਣ ਮਹੀਨੇ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ, ਸ਼ਾਇਦ ਸੂਹੀ ਰਾਗ ਜਾਂ ਵਡਹੰਸ ਰਾਗ ਵਿਚ ਹੋਵੇ, ਯਾਦ ਨਹੀਂ ਆ ਰਿਹਾ।

ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ।

ਇਸ ਸ਼ਬਦ ਦੇ ਕੁਝ ਬੰਦ ਮੇਰੇ ਚੇਤੇ ਆ ਰਹੇ ਹਨ, ਪੂਰਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚੋਂ ਲੱਭ ਕੇ ਪੜ੍ਹ ਲੈਣਾ। ਜੋ ਬ੍ਰਿਹਾ ਦੀ ਤੜਫ ਇਸ ਸ਼ਬਦ ਵਿਚ ਦਰਸਾਈ ਗਈ ਹੈ, ਉਹ ਵਿਸ਼ਵ ਦੇ ਕਿਸੇ ਧਾਰਮਿਕ ਸਾਹਿਤ ਵਿਚ ਨਹੀਂ ਮਿਲਦੀ।

ਚੂੜਾ ਭੰਨ ਪਲੰਘ ਸਿਉ ਮੁੰਧੇ ਸਣ ਬਾਹੀ ਸਣ ਬਾਹਾ।
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।
ਨਾ ਮਨੀਆਰ ਨਾ ਚੂੜੀਆ ਨਾ ਸੇ ਵੰਗੜੀਆਹਾ।
ਜੋ ਸਹ ਕੰਠਿ ਨਾ ਲੱਗੀਆ ਜਲਨ ਸੇ ਬਾਹੜੀਆਹਾ।
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ।
ਸੀਸ ਵਢੇ ਕਰਿ ਬੈਸਣ ਦੀਜੈ ਵਿਣ ਸਿਰ ਸੇਵ ਕਰੀਜੈ।

ਮੁੰਧੇ ਉਸ ਇਸਤਰੀ ਲਈ ਵਰਤਿਆ ਗਿਆ ਹੈ ਜੋ ਆਪਣੇ ਸਹੁ (ਪਤੀ) ਦੀ ਯਾਦ ਵਿਚ ਸਾਵਣ ਦੇ ਮਹੀਨੇ ਤੜਪ ਰਹੀ ਹੈ।

ਭਾਵੇਂ ਗੁਰਬਾਣੀ ਵਿਚ ਭਾਵਾਰਥ ਆਤਮਾ ਦੀ ਪ੍ਰਮਾਤਮਾ ਲਈ ਤੜਪ ਹੈ ਪਰ ਗੁਰੂ ਨਾਨਕ ਇਸ ਸ਼ਬਦ ਵਿਚ ਪਤਨੀ ਦਾ ਬਿੰਬ ਵਰਤ ਰਹੇ ਹਨ। ਪਹਿਲੇ

ਬੰਦ ਵਿਚ ਪਤਨੀ ਨੂੰ ਤਾੜਨਾ ਕੀਤੀ ਹੈ, ਤੇਰੇ ਹਾਰ ਸ਼ਿੰਗਾਰ ਕਿਸ ਕੰਮ ਜਦੋਂ ਤੇਰਾ ਪਤੀ ਤਾਂ ਕਿਸੇ ਹੋਰ ਨਾਲ ਰੰਗਰਲੀਆਂ ਮਨਾ ਰਿਹਾ ਹੈ। ਤੂੰ ਆਪਣਾ ਚੂੜਾ ਪਲੰਘ ਦੀ ਬਾਹੀ ਨਾਲ ਆਪਣੀਆਂ ਬਾਹਾਂ ਸਣੇ ਭੰਨ ਲੈ।

ਦੂਜੇ ਬੰਦ ਵਿਚ ਵੀ ਨਿਹੋਰਾ ਹੈ ਕਿ ਤੇਰੀਆਂ ਚੂੜੀਆਂ ਕਿਸ ਕੰਮ ਜੇਕਰ ਤੇਰੀਆਂ ਬਾਹਾਂ ਪਤੀ ਦੇ ਗਲ ਨਹੀਂ ਲੱਗੀਆਂ, ਇਨ੍ਹਾਂ ਨੂੰ ਵਿਛੋੜੇ ਵਿਚ ਜਲਨਾ ਚਾਹੀਦਾ ਹੈ। ਤੀਜੇ ਬੰਦ ਵਿਚ ਕਮਾਲ ਹੈ, ਜੇਕਰ ਕੋਈ ਪਤੀ ਦਾ ਸੁਨੇਹਾ ਲੈ ਕੇ ਆਵੇ ਤਾਂ ਗੁਰੂ ਸਾਹਿਬ ਕਹਿੰਦੇ ਹਨ: 'ਮੈਂ ਆਪਣਾ ਸਿਰ ਵੱਢ ਕੇ ਉਸ ਨੂੰ ਮੂੜ੍ਹਾ ਬਣਾ ਕੇ ਬੈਠਣ ਲਈ ਪੇਸ਼ ਕਰਾਂ ਅਤੇ ਬਗੈਰ ਸਿਰ ਤੋਂ ਹੀ ਉਸ ਦੀ ਸੇਵਾ ਕਰਾਂ।' ਜਦੋਂ ਕਦੇ ਇਹ ਸ਼ਬਦ ਯਾਦ ਆ ਜਾਂਦਾ ਹੈ ਤਾਂ ਹਿਰਦੇ ਵਿਚ ਇਕ ਵੇਦਨਾ ਛਿੜ ਪੈਂਦੀ ਹੈ। ਗੁਰੂ ਆਪਣੇ ਸਹੁ (ਪ੍ਰਮਾਤਮਾ) ਦੀ ਯਾਦ ਵਿਚ ਸਾਵਣਦੇ ਮਹੀਨੇ ਮਿਲਾਪ ਦੀ ਪ੍ਰਬਲ ਇੱਛਾ ਪ੍ਰਗਟ ਕਰਦੇ ਹਨ। ਅਸੀਂ ਦੁਨਿਆਵੀ ਲੋਕ ਵੀ ਇਸ ਮਿਲਾਪ ਲਈ ਤੜਪ ਰਹੇ ਹਾਂ।

ਤੇਰਾ ਖਤ ਪੜ੍ਹ ਕੇ ਤੇਰੇ ਫਿਕਰਾਂ ਦੀ ਚਿੰਤਾ ਹੋ ਜਾਂਦੀ ਹੈ। ਅੱਛਾ ਕੀਤਾ ਲੋੜ ਦਾ ਸਮਾਨ ਖਰੀਦ ਲਿਆ। ਅਜੇ ਤੱਕ ਸੁੰਦਰ ਦਾ ਕੋਈ ਜਵਾਬ ਨਹੀਂ ਆਇਆ। ਡਾ. ਮਲਿਕ ਅਗਸਤ ਦੇ ਮਹੀਨੇ ਤੱਕ ਪਟਿਆਲੇ ਪਹੁੰਚੇਗਾ। ਉਸ ਦੇ ਪੁੱਤਰ ਨੂੰ ਸਰਦਾ ਬਣਦਾ ਸ਼ਗਨ ਪਾ ਦੇਣਾ, ਐਂਵੇ ਗਿਫਟ ਦੇ ਫਿਕਰ ਵਿਚ ਨਾ ਰਹਿਣਾ। ਮੇਰੇ ਕੋਲ ਪੱਗਾਂ ਦੀ ਘਾਟ ਨਹੀਂ, ਪਰ ਮੇਰੇ ਸਰਟੀਫੀਕੇਟ ਮਲਿਕ ਸਾਹਬ ਨੂੰ ਦੇਣੇ ਨਾ ਭੁੱਲਣਾ। ਮੈਂ ਵੀ ਉਨ੍ਹਾਂ ਨੂੰ ਜੋਰ ਦੇ ਕੇ ਕਿਹਾ ਸੀ। ਰਾਨਾ ਲੰਡਨ ਤੋਂ ਮੁੜਦਾ ਹੋਇਆ ਦੋ ਦਿਨ ਪੈਰਿਸ ਮੇਰੇ ਕੋਲ ਰੁਕੇਗਾ। ਜਾਂਦਾ ਹੋਇਆ ਮੈਨੂੰ ਕੁਝ ਕੋਡਕ (Kodak) ਦੀਆਂ ਫਿਲਮਾਂ ਦੇ ਗਿਆ ਸੀ। ਜੋ ਫਿਲਮ ਮੈਂ ਇਟਲੀ ਅਤੇ ਗਰੀਨੋਬਲ ਦੀਆਂ ਫੋਟੋ ਖਿੱਚਣ ਲਈ ਵਰਤੀ, ਉਹ ਖਰਾਬ ਹੋ ਗਈ ਕਿਉਂਕਿ ਫਿਲਮ ਪਾਉਣੀ ਤਾਂ ਆਉਂਦੀ ਸੀ ਪਰ ਕੈਮਰੇ ਵਿੱਚੋਂ ਕੱਢਣ ਦੀ ਜਾਚ ਨਹੀਂ ਸੀ ਸਿੱਖੀ। ਇਸ ਵਾਰ ਇਹ ਗਲਤੀ ਨਹੀਂ ਹੋਵੇਗੀ।

ਮਹਿੰਦਰ ਸਿੰਘ ਬਾਜਵਾ ਦੀ ਨੌਕਰੀ ਬਾਰੇ ਪਤਾ ਲੱਗਾ ਹੈ, ਚੰਗਾ ਹੋਇਆ ਉਸ ਨੂੰ ਕੰਮ ਮਿਲ ਗਿਆ। ਬਾਹਰ ਗਿਆ ਹੋਣ ਕਰਕੇ ਮੈਂ ਉਸ ਨੂੰ ਖਤ ਨਹੀਂ ਲਿਖ ਸਕਿਆ। ਉਸ ਨੇ ਮੇਰੀ ਰਾਏ ਮੰਗੀ ਸੀ। ਰਾਜਾ ਤਾਂ ਸਿਆਣਾ ਹੋ ਗਿਆ ਹੈ। ਉਸ ਨੂੰ ਘਰੇ ਹੀ ਅੰਗਰੇਜ਼ੀ ਅਤੇ ਪੰਜਾਬੀ ਦੀਆਂ ਕਿਤਾਬਾਂ ਲੈ ਕੇ ਪੜਾ

ਦੇਣਾ ਅਜੇ ਸਕੂਲ ਭੇਜਣ ਦੀ ਲੋੜ ਨਹੀਂ। ਬੱਬਲ ਦੀ ਸੇਵਾ ਕਰਦੇ ਰਹਿਣਾ ਉਹ ਸ਼ੁਰੂ ਤੋਂ ਹੀ ਕਮਜੋਰ ਹੈ ਅਤੇ ਬਿੰਕੂ ਨੂੰ ਆਪਣੇ ਦੁੱਧ ਉਪਰ ਹੀ ਪਾਲਣਾ। ਬੱਚਿਆਂ ਦੀ ਪਾਲਣ ਪੋਸਣ ਦੀ ਵੱਡੀ ਜਿੰਮੇਵਾਰੀ ਤੇਰੇ ਸਿਰ ਹੈ। ਬਿੰਕੂ ਦੇ ਵਾਲਾਂ ਦਾ ਧਿਆਨ ਰੱਖਣਾ ਅਤੇ ਪਿਆਰ ਨਾਲ ਸਭ ਦੇ ਜੂੜੇ ਕਰਨਾ। ਅੜਕਾਂ ਪੈ ਜਾਂਦੀਆਂ ਹਨ ਅਤੇ ਕਈ ਬੱਚੇ ਅਤੇ ਮਾਵਾਂ ਸਿਰ ਦੇ ਵਾਲ ਹੀ ਕਤਲ ਕਰ ਦਿੰਦੀਆਂ ਹਨ।

ਡਾ. ਮਲਿਕ ਅਤੇ ਲਤਾ ਨਾਲ ਸ਼ਾਪਿੰਗ ਕਰਵਾ ਦੇਣੀ। ਉਹ ਆਪਣੇ ਘਰ ਦੀ ਸਜਾਵਟ ਲਈ ਸਮਾਨ ਖਰੀਦਣਾ ਚਾਹੁੰਦਾ ਹੈ। ਉਸ ਨੂੰ ਆਪਣੇ ਘਰ ਦੇ ਪੜਦੇ (ਕਰਟੇਨ) ਵਿਖਾ ਦੇਣਾ, ਉਹ ਖਰੀਦਣਾ ਚਾਹੁੰਦੇ ਹਨ। ਲਤਾ ਤਾਂ ਬੱਚਿਆਂ ਨੂੰ ਮਿਲ ਕੇ ਬਹੁਤ ਖੁਸ਼ ਹੋਵੇਗੀ। ਮਲਿਕ ਹੁਸ਼ਿਆਰਪੁਰ ਦਾ ਪੜ੍ਹਿਆ ਹੋਣ ਕਰਕੇ ਤੇਰੇ ਦਾਰ ਜੀ ਨੂੰ ਚੰਗੀ ਤਰ੍ਹਾਂ ਜਾਣਦਾ ਹੈ । ਉਹ ਸਰਬਜੀਤ ਅਤੇ ਸਿੰਦੀ ਨੂੰ ਵੀ ਪਹਿਚਾਣਦਾ ਹੈ। ਕਹਿੰਦਾ ਕਾਲਜ ਵਿਚ ਉਹ ਸਭ ਤੋਂ ਸੋਹਣੀ ਕੁੜੀ ਸੀ। ਉਸ ਦੀ ਸੁੰਦਰਤਾ ਦੀ ਸਿਫਤ ਕਰਦਾ ਸੀ।

ਇਸ ਸਾਲ ਦਾ ਯਾਤਰਾ ਸਫਰ ਪੂਰਾ ਹੋ ਗਿਆ ਹੈ। ਗਰੀਨੋਬਲ ਤੋਂ ਬਗੈਰ ਸਵਿਟਜ਼ਰਲੈਂਡ, ਇਟਲੀ ਅਤੇ ਯੂਗੋਸਲਾਵੀਆ ਵੀ ਘੁੰਮ ਆਇਆਂ ਹਾਂ। ਮੇਰੇ ਅਕਾਊਂਟ ਵਿਚ ਇਕ ਰੁਪਿਆ ਬਚਿਆ ਹੈ। ਮਲਿਕ ਸਾਹਿਬ ਦਾ 300 ਰੁਪਏ ਦਾ ਉਧਾਰ ਆਉਣ ਸਾਰ ਲਾਹ ਦਿੱਤਾ। ਇਸ ਸਾਲ ਹਰ ਮਹੀਨੇ 750 ਫਰੈਂਕ ਪ੍ਰਤੀ ਮਹੀਨਾ ਫਜ਼ੀਫਾ ਮਿਲਿਆ ਸੀ ਅਤੇ 3000 ਫਰੈਂਕ ਦੀ ਰਾਸ਼ੀ ਵਿਚੋਂ ਰੋਟੀ ਪਾਣੀ, ਕਮਰੇ ਦਾ ਕਿਰਾਇਆ ਅਤੇ ਪ੍ਰਾਹੁਣਾਚਾਰੀ ਦਾ ਖਰਚ ਕੱਢ ਕੇ ਲੱਗਭਗ 1500 ਫਰੈਂਕ ਮੇਰੇ ਸਫਰਾਂ ਉਪਰ ਖਰਚ ਹੋ ਗਿਆ। ਇਸ ਵਿਚ ਤੇਰੀ ਘੜੀ ਅਤੇ ਮੇਰਾ ਕੈਮਰਾ ਵੀ ਸ਼ਾਮਲ ਹੈ।

ਮਹਿੰਗਾਈ ਇੱਥੇ ਪੈਰਿਸ ਵਿਚ ਵੀ ਹੋ ਰਹੀ ਹੈ। ਰੁਪਏ ਦੀ ਕੀਮਤ ਘੱਟ ਜਾਣ ਕਾਰਨ ਫਰੈਂਕ ਇਕ ਰੁਪਏ ਤੋਂ ਮਹਿੰਗਾ ਹੋ ਗਿਆ ਹੈ। 300 ਫਰੈਂਕ 400 ਰੁਪਏ ਦੇ ਬਰਾਬਰ ਹਨ। ਇਸ ਸਾਲ ਵਜ਼ੀਫਾ 750 ਫਰੈਂਕ ਤੋਂ ਵਧ ਕੇ 1000 ਫਰੈਂਕ ਪ੍ਰਤੀ ਮਹੀਨਾ ਹੋ ਜਾਵੇਗਾ। ਅਗਲੇ ਸਾਲ ਦਾ ਬੱਜ਼ਟ ਬਣਾ ਰਿਹਾ ਹਾਂ। ਇੰਗਲੈਂਡ , ਜਰਮਨੀ, ਪੋਲੈਂਡ ਅਤੇ ਮਾਸਕੋ ਜਾਣ ਦਾ ਪ੍ਰੋਗਰਾਮ ਹੈ । ਹੋ ਸਕਦਾ ਹੈ ਜੇਕਰ ਦਾਅ ਲੱਗਿਆ ਤਾਂ ਅਮਰੀਕਾ ਵੀ ਜਾ ਆਵਾਂ। ਹਰ ਦੇਸ਼ ਵਿਚ ਮੇਰੇ ਮਿੱਤਰਾਂ ਦਾ ਜਾਲ ਵਿਛਿਆ ਹੈ। ਸਿਰਫ ਹਵਾਈ ਜਹਾਜ਼ ਜਾਂ ਗੱਡੀ ਦਾ

ਕਰਾਇਆ ਹੀ ਚਾਹੀਦਾ ਹੈ। ਹੋਟਲਾਂ ਦਾ ਖਰਚਾ ਦੋਸਤ ਬਚਾ ਦਿੰਦੇ ਹਨ। ਆਪਣੇ ਰਸੋਈ ਦੇ ਸਮਾਨ ਦੀ ਲਿਸਟ ਭੇਜ ਦੇਣੀ। ਜਰਮਨੀ ਤੋਂ ਕੁਝ ਈਲੈਕਟ੍ਰੋਨਿਕ ਉਪਕਰਨ ਸਸਤੇ ਭਾਅ ਮਿਲ ਜਾਂਦੇ ਹਨ। ਮੈਨੂੰ ਇਕੋ ਡਰ ਹੈ ਕਿ ਜੇਕਰ ਡਿਊਟੀ ਭਰਨੀ ਪਈ ਤਾਂ ਇਹ ਸਮਾਨ ਮਹਿੰਗਾ ਪੈ ਜਾਵੇਗਾ। ਤੇਰੀ ਘੜੀ ਅਤੇ ਕੈਮਰੇ ਉਪਰ ਵੀ ਡਿਊਟੀ ਦੇਣੀ ਪਵੇਗੀ। ਸਿਰਫ 250 ਰੁਪਏ ਦਾ ਡਿਊਟੀ ਫਰੀ ਕਸਟਮ ਤੋਂ ਲੰਘਣ ਦੇਂਦੇ ਹਨ।

ਮੇਰਾ ਸਕੈਨਿੰਗ ਦਾ ਕੰਮ ਖਤਮ ਹੋ ਗਿਆ ਹੈ। ਕੱਲ੍ਹ ਤੋਂ ਫਿਰ ਮਾਈਕ੍ਰੋਸਕੋਪ ਉਪਰ ਰੀਡਿੰਗਾਂ ਦਾ ਕੰਮ ਸ਼ੁਰੂ ਕਰਨਾ ਹੈ। ਸਵੇਰ ਤੋਂ ਸ਼ਾਮ ਤੱਕ ਲੈਬ ਵਿਚ ਕੰਮ ਕਰ ਕੇ ਅੱਖਾਂ ਥੱਕ ਜਾਦੀਆਂ ਹਨ। ਦਸ ਮਹੀਨੇ ਤੋਂ ਬਾਅਦ ਆਪਣੀ ਖੋਜ ਦੇ ਸਿੱਟਿਆਂ ਬਾਰੇ ਆਪਣੇ ਗਾਈਡ ਅਤੇ ਡਾਈਰੈਕਟਰ ਨਾਲ ਵਿਚਾਰ-ਵਿਟਾਂਦਰਾ ਕਰਕੇ ਥੀਸਜ਼ ਲਿਖਣ ਦੀ ਤਿਆਰੀ ਕਰਾਂਗਾ। ਜੇਕਰ ਗੱਡੀ ਇਸੇ ਸਪੀਡ ਤੇ ਚਲਦੀ ਰਹੀ ਤਾਂ ਛੇ ਮਹੀਨੇ ਵਿਚ ਥੀਸਜ਼ ਅਤੇ ਡਿਗਰੀ ਮੁਕੰਮਲ ਹੋ ਜਾਵੇਗੀ। ਗੁਰੂ ਦੀ ਮਿਹਰ ਚਾਹੀਦੀ ਹੈ, ਸਿਦਕ ਨਾਲ ਬੇੜਾ ਪਾਰ ਹੋ ਜਾਂਦਾ ਹੈ।

ਮੇਰੀ ਇਕ ਸੱਧਰ ਹੈ, ਰੀਟਾਇਰ ਹੋ ਕੇ ਯੂਗੋਸਲਾਵੀਆ ਦੀ ਪੂਰੇ ਪ੍ਰੀਵਾਰ ਨਾਲ ਯਾਤਰਾ ਕਰੀਏ। ਗਵਰਧਨਾ ਦੇ ਸ਼ਹਿਰ ਸਾਰਾਜੀਵੋ ਵਿਚ ਆਪਣੇ ਸਨੇਹੀਆਂ ਨੂੰ ਮਿਲ ਕੇ ਪੁਰਾਣੀਆਂ ਯਾਦਾ ਤਾਜ਼ਾ ਕਰੀਏ।

ਰੱਬ ਸੁੱਖ ਰੱਖੇ।

ਤੇਰਾ

ਹਰਦੇਵ

ਪੈਰਿਸ
11.8.71

ਰੁੱਸੇ ਸੱਜਨੋ,

ਅੱਜ ਦਾ ਦਿਨ ਕਾਹਦਾ ਚੜ੍ਹ ਆਇਆ – ਇਕ ਦਿਨ ਹੀ ਮੇਰੀ ਸਾਲ ਦੀ ਉਮਰ ਬਰਾਬਰ ਹੋ ਗੁਜਰਿਆ। ਕਦੇ ਕਦੇ ਪੈਰਿਸ ਵਿਚ ਉਦਾਸੀ ਹੋ ਜਾਂਦੀ ਤਾਂ ਰੋਟੀ ਭੁੱਲ ਜਾਂਦੀ। ਪਰ ਮੈਟਰੋ ਵਿਚ ਸਫਰ ਕਰਦੇ ਆਪਣੇ ਸਟੇਸ਼ਨ ਤੋਂ ਅੱਗੇ ਲੰਘ ਜਾਣਾ – ਦੋ ਵਾਰੀ ਹੀ ਹੋਇਆ ਹੈ। ਇਕ ਵਾਰ ਦਲਜੀਤ ਦੇ ਖਤ ਤੋਂ ਕਿ ਬੀਬੀ (ਮਾਤਾ ਜੀ) ਨਰਾਜ਼ ਰਹਿੰਦੀ ਹੈ ਅਤੇ ਦੂਸਰੇ ਅੱਜ ਦੇ ਤੇਰੇ ਖਤ ਤੋਂ। ਪਤਾ ਨਹੀਂ ਕਿੱਥੇ ਜਾ ਕੇ ਉਤਰਿਆ ਅਤੇ ਕਦੋਂ ਖਿਆਲਾਂ ਦੀ ਲੜੀ ਟੁੱਟੀ।

ਹੁਣ ਤੱਕ ਮੈਂ ਸਮਝਦਾ ਰਿਹਾ ਕਿ ਤੇਰੀ ਆਤਮਾ ਇੰਨੀ ਬਲਵਾਨ ਕਰ ਲਈ ਹੈ ਕਿ ਹਰ ਤਰ੍ਹਾਂ ਦੇ ਸੱਚ ਨੂੰ ਤੂੰ ਸਹਾਰ ਸਕਦੀ ਹੈਂ। ਮੈਂ ਆਪਣੇ ਰੱਬ ਨੂੰ ਭੁਲਾ ਤੈਨੂੰ ਰੱਬ ਵਰਗਾ ਸਮਝ ਸਾਰਾ ਹਾਲ ਸੱਚੋ ਸੱਚ ਲਿਖਦਾ ਰਿਹਾ। ਭਾਵਾਂ ਦੀ ਦੁਨੀਆਂ ਮੇਰੇ ਹਿੱਸੇ ਸ਼ੁਰੂ ਤੋਂ ਰਹੀ ਹੈ ਪਰ ਕੋਲ ਹੁੰਦਿਆਂ ਅਤੇ ਤੇਰੀ ਸਮਝ ਕੱਚੀ ਹੋਣ ਕਰਕੇ ਮੈਂ ਦਿਲ ਦਾ ਦਰਦ ਕਦੇ ਫੋਲਿਆ ਨਹੀਂ। ਵਿਛੋੜੇ ਵਿਚ ਚੰਗਾ ਸਮਾ ਹੱਥ ਆਇਆ ਅਤੇ ਮੈਂ ਆਪਣਾ ਹਾਲ ਲਿਖਣਾ ਸ਼ੁਰੂ ਕਰ ਦਿੱਤਾ। ਇਹ ਪਿਆਰ ਕਬਜਾ ਨਹੀਂ, ਸਿਰਫ ਪਹਿਚਾਣ ਹੀ ਹੈ। ਇੱਥੇ ਦੁਨੀਆਂ ਪਿਆਰੀ ਲੱਗੀ, ਆਤਮਾ ਦਾ ਵਿਕਾਸ ਹੋਇਆ, ਤੇਰੀ ਖੁੱਲ੍ਹ ਦਿਲੀ ਵੇਖ ਅਸੀਂ ਤੇਰਾ ਸਹਾਰਾ ਤੱਕਿਆ ਕਿ ਤੂੰ ਇਸ ਰੱਬੀ ਪਿਆਰ ਵਿਚ ਪਾਤਰ ਬਣ ਗਈ ਹੈਂ।

ਯੂਰਪ ਦੇ ਜੀਵਨ ਨੂੰ ਚਿਤਰਣ ਦਾ ਸੁਪਨਾ ਸੀ — ਇਹ ਖਤ ਤੇਰੇ ਲਈ ਨਹੀਂ ਇਹ ਭਵਿੱਖ ਦੀ ਕਹਾਣੀ ਹੋਣੇ ਸਨ। ਵਿਹਲ ਦੇ ਪਲਾਂ ਵਿੱਚ ਕਦੇ ਬੈਠ ਕੇ ਇਨ੍ਹਾਂ ਨੂੰ ਪੜ੍ਹਦਾ – ਫਿਰ ਸੁਪਨੇ ਤਾਜੇ ਹੁੰਦੇ। ਮੇਰਾ ਸੁਪਨਾ ਅਧੂਰਾ ਰਹਿ ਗਿਆ ਹੈ ਜਿਵੇਂ ਤਾਰਾ ਅੱਧ ਅਸਮਾਨੇ ਹੀ ਟੁੱਟ ਗਿਆ ਹੋਵੇ। ਅੱਗੇ ਤੋਂ ਇਹ ਖਤ ਭਾਵਾਂ ਤੋਂ ਸੱਖਣੇ, ਵਿਹਾਰੀ ਗੱਲਾਂ ਬਾਤਾਂ ਨਾਲ ਭਰੇ ਲਿਖਿਆ ਕਰਾਂਗਾ — ਤਨਖਾਹ ਦੇ ਚੈਕ ਬਾਰੇ, ਤੇਰੀ ਘੜੀ ਬਾਰੇ, ਮਕਾਨ ਦੇ ਕਿਰਾਏ ਬਾਰੇ, ਲੋਕਾਂ ਦੇ ਮਸਲਿਆਂ ਬਾਰੇ। ਤੇਰੀ ਕਮਜੋਰੀ ਦਾ ਕਾਰਨ ਸਾਡਾ ਸਮਾਜਿਕ ਢਾਂਚਾ ਹੈ, ਇਸ ਕਰਕੇ ਹੀ ਮੈਂ ਤੇਰੇ ਕਸੂਰ ਨੂੰ ਆਪਣੇ ਸਿਰ ਹੀ ਮੜ੍ਹ ਲਿਆ ਹੈ। ਪਰ ਜੋ ਸਹਾਰਾ ਤੈਨੂੰ ਲਿਖ ਕੇ ਮੈਨੂੰ ਮਿਲਦਾ ਸੀ ਉਹ ਹੁਣ ਕਿਤੋਂ ਨਹੀਂ ਲੱਭੇਗਾ।

ਮੈਂ ਸਮਝ ਬੈਠਾ ਸਾਂ ਕਿ ਤੇਰੀਆਂ ਅੱਖਾਂ ਤੋਂ ਦੂਰ ਹੋਣ ਕਰਕੇ ਤੇਰੇ ਦਿਲ ਵਿਚ ਚਾਨਣ ਜਰੂਰ ਹੋ ਗਿਆ ਹੋਵੇਗਾ ਮਾੜੇ ਚੰਗੇ ਦੀ ਪਹਿਚਾਣ ਖਾਤਰ। ਭੋਲੀਏ ਇਹੋ ਜਹੇ ਸੱਚ ਤਾਂ ਬੰਦੇ ਦੀ ਹੱਦ ਤੋਂ ਬਾਹਰ ਹੋ ਜਾਂਦੇ ਹਨ, ਤੂੰ ਤਾਂ ਕੇਵਲ ਔਰਤ ਹੈਂ – ਉਹ ਵੀ ਭਾਰਤੀ ਜੋ ਬੰਦ ਦੀਵਾਰਾਂ ਦੀ ਕੈਦ ਵਿਚ ਗੁਲਾਮੀ ਦੇ ਖਿਆਲ ਹੀ ਘੜ ਸਕਦੀ ਹੈ। ਮੇਰੀ ਇੱਛਾ ਹੋਈ ਤੇ ਮੈ ਤੇਰੇ ਨਾਲ ਆਪਣੀ ਹੱਡ-ਬੀਤੀ ਸਾਂਝੀ ਕਰ ਲਈ। ਇਸ ਵਿਚ ਸ਼ਾਮੋਂ ਕੋਈ ਬਲਾ ਦਾ ਨਾਮ ਨਹੀਂ, ਇਕ ਨਾਟਕੀ ਪਾਤਰ ਹੀ ਹੈ ਜੋ ਮੇਰੇ ਜੀਵਨ ਵਿਚ ਆਇਆ। ਹਰ ਔਰਤ ਨੂੰ ਸ਼ਾਮੋਂ ਦਾ ਰੂਪ ਸਮਝ, ਉਸ ਦਾ ਅਧਿਐਨ ਕੀਤਾ। ਕਦੇ ਪ੍ਰੀਤਲੜੀ ਵਿਚ ਗੁਰਬਖਸ਼ ਸਿੰਘ ਦੇ 'ਮੇਰੇ ਝਰੋਖੇ 'ਚੋਂ" ਲਿਖੇ ਪ੍ਰੀਤ ਤਜ਼ਰਬੇ ਪੜ੍ਹੇ, ਕਦੇ ਪੂਰਨ ਸਿੰਘ ਦੀ ਜਪਾਨੀ ਨਾਇਕਾ ਦੀ ਕਹਾਣੀ ਪੜ੍ਹੀ ਤਾਂ ਯਕੀਨ ਨਹੀਂ ਸੀ ਹੁੰਦਾ ਕਿ ਇਹ ਪ੍ਰੀਤ ਕਹਾਣੀਆਂ ਅਸਲੀ ਹਨ ਜਾਂ ਕੇਵਲ ਮਨਘੜਤ। ਇਸ ਦੁਨੀਆਂ ਵਿਚ ਕੁਝ ਹੈ ਜੋ ਇਨਸਾਨ ਨੂੰ ਬਦਲਣ ਲਈ ਮਜਬੂਰ ਕਰ ਦਿੰਦਾ ਹੈ। ਇਹ ਜਾਦੂ ਇੱਥੇ ਯੂਰਪ ਵਿਚ ਵੇਖਿਆ ਅਤੇ ਤੈਨੂੰ ਇਸ ਬਾਰੇ ਲਿਖੀ ਗਏ। ਤੇਰੇ ਸਬਰ ਨੂੰ ਕੀ ਹੋ ਗਿਆ? ਤੈਨੂੰ ਪੜ੍ਹਣ ਤੱਕ ਦੀ ਜਾਂਚ ਨਹੀਂ ਆਈ – ਤੂੰ ਭਾਵਾਂ ਨੂੰ ਸਮਝਣ ਜੋਗੀ ਕਦੋਂ ਹੋਵੇਂਗੀ।

ਸ਼ਾਮੋਂ ਨੇ ਕਿਹਾ ਜਨਾਨੀ ਦਾ ਮਨ ਪਾਰੇ ਵਾਂਗ ਡੋਲਦਾ ਰਹਿੰਦਾ ਹੈ, ਮੈਂ ਨਹੀਂ ਮੰਨਦੀ ਕਿ ਤੇਰੀ ਘਰਵਾਲੀ ਤੇਰੀਆਂ ਲਿਖੀਆਂ ਸੱਚੀਆਂ ਗੱਲਾਂ ਨੂੰ ਮੰਨ ਲਵੇਗੀ। ਮੈਂ ਕਿਹਾ ਭੋਲੀਏ ਉਹ ਤਾਂ ਰੱਬ ਵਰਗੀ ਹੈ, ਪੂਰਾ ਮਰਦ ਹੈ – ਜੇ ਤੂੰ ਹੱਥ ਵੀ ਲਾਇਆ ਤਾਂ ਉਹ ਵੀ ਦੱਸਾਂਗਾ। ਇਸ ਗੱਲੋਂ ਹੀ ਉਹ ਨਰਾਜ਼ ਹੋ ਗਈ। ਅੱਜ ਤੂੰ ਵੀ ਮੈਨੂੰ ਸ਼ਾਮੋਂ ਦਾ ਰੂਪ ਬਣ ਕੇ ਦਿਸਣ ਲੱਗੀ। ਤੇਰੀ ਆਤਮਾ ਅਤੇ ਦਿਲ ਵਿਚ ਪਿਆਰ ਸਮਝਣ ਦੀ ਘਾਟ ਦਿਸ ਪਈ ਹੈ।

ਇੱਥੇ ਦੀ ਜਿੰਦਗੀ ਵਿਚ ਕਈ ਰੁਲਦੇ-ਫਿਰਦੇ, ਭਟਕਦੇ, ਪਿਆਰ ਤੋਂ ਸੱਖਣੇ, ਰੁੱਖਾਪਨ ਦੇ ਸ਼ਿਕਾਰ ਹੋਏ ਟੱਕਰ ਪੈਂਦੇ ਹਨ। ਪਰਾਏ ਦੇਸ਼ ਵਿਚ ਕੋਈ ਪਿਆਰ ਦੇ ਬੋਲ ਬੋਲੇ ਤਾਂ ਆਪਣਾ ਜਾਪਦਾ ਹੈ। ਅਸੀਂ ਤੈਨੂੰ ਕਦੇ ਆਪਣਾ ਦਰਦ ਵਿਛੋੜੇ ਦਾ ਹਾਲ ਸਾਂਝਾ ਨਾ ਕਰਦੇ ਹਮੇਸ਼ਾਂ ਚੰਗੀਆਂ ਖਬਰਾਂ ਹੀ ਲਿਖ ਭੇ ਜਦੇ। ਤੂੰ ਭਾਪਣ ਵਾਂਗ ਸਮਝਣ ਲੱਗੀ ਕਿ ਅਸੀਂ ਕਿਸੇ ਦੇ ਪਿਆਰ ਵਿਚ ਗਵਾਚ ਗਏ ਹਾਂ। ਉਸ ਨੇ ਤੈਨੂੰ ਪੁੱਠੀ ਪੱਟੀ ਪੜ੍ਹਾਈ ਹੋਵੇਗੀ ਅਤੇ ਤੇਰਾ ਜੱਟੀਆਂ ਵਾਲਾ ਜੇਰਾ ਕਿੱਥੇ ਗਿਆ। ਇਕ ਟੂਰ ਵਿਚ ਗਵਰਧਨਾ ਨਾਲ ਪਿਆਰ ਪੈ ਗਿਆ।

ਉਸ ਨੇ ਵੇਖਿਆ ਕਿ ਸਭ ਰੋਟੀ ਖਾ ਰਹੇ ਹਨ ਪਰ ਮੇਰੀ ਪਲੇਟ ਸੱਖਣੀ ਹੈ ਕਿਉਂਕਿ ਸ਼ਾਕਾਹਾਰੀ ਭੋਜਨ ਦਾ ਕੋਈ ਪ੍ਰਬੰਧ ਨਹੀਂ ਸੀ। ਉਹ ਆਪਣੇ ਪਤੀ ਨੂੰ ਲੈ ਕੇ ਮੇਰੇ ਲਈ ਭੋਜਨ ਲੈ ਆਈ। ਉਸ ਦੀ ਹਮਦਰਦੀ ਨੇ ਮੇਰਾ ਦਿਲ ਜਿੱਤ ਲਿਆ ਅਤੇ ਇਹ ਜੋੜੀ ਮੇਰੇ ਪਿਆਰ ਦੀ ਪਾਤਰ ਬਣ ਗਈ।

ਮੈਂ ਆਪਣੇ ਜੀਵਨ ਵਿਚ ਰੱਬ ਅਤੇ ਮਾਂ ਦਾ ਪਿਆਰ ਹੀ ਵੇਖ ਸਕਿਆ ਹਾਂ। ਰੱਬ ਅਜੇ ਦੂਰ ਹੈ, ਮਾਂ ਦਾ ਪਿਆਰ ਮੇਰੀ ਰਗ ਰਗ ਵਿਚ ਵੱਸਿਆ ਹੋਇਆ ਹੈ। ਤੇਰੇ ਖਤ ਵਿਚ ਮਾਤਾ ਦਾ ਪਿਆਰ ਵੇਖ, ਮੈਂ ਤੈਨੂੰ ਤਾਂ ਖਤ ਦੇ ਅੱਖਰ ਭੇਜ ਦੇਣੇ ਪਰ ਮਾਂ ਦੀ ਯਾਦ ਵਿਚ ਕੁਝ ਅਣਕਹੇ ਅੱਖਰ ਅੱਖਾਂ ਥਾਈਂ ਵਗਾ ਦੇਣੇ। ਪਰ ਹੁਣ ਲਗਦਾ ਹੈ ਕਿ ਮੇਰੇ ਸਾਰੇ ਅੱਖਰ ਹੰਝੂਆਂ ਰਾਹੀਂ ਹੀ ਵਗ ਜਾਇਆ ਕਰਨਗੇ। ਮੈਂ ਐਵੇਂ ਕਿਉਂ ਵਰਕੇ ਕਾਲੇ ਕਰਾਂ, ਅੱਧੀ ਰਾਤ ਤੱਕ, ਬਲਕਿ ਸਵੇਰੇ ਚਾਰ ਵਜੇ ਤੱਕ ਚਿੱਠੀਆਂ ਲਿਖ ਲਿਖ ਕੇ। ਮੈਨੂੰ ਪਤਾ ਹੈ ਜਦੋਂ ਤਿੰਨੇ ਚਿੱਠੀਆਂ ਤੈਨੂੰ ਮਿਲੀਆਂ ਤਾਂ ਯੂਗੋਸਲਾਵੀਆ ਵਿਚ ਜੋ ਪਿਆਰ ਮਿਲਿਆ ਉਸ ਦੀ ਸਹੀ ਤਸਵੀਰ ਤੇਰੇ ਦਿਲ ਵਿਚ ਵੱਸ ਜਾਵੇਗੀ। ਉਸ ਵੇਲੇ ਤੇਰੇ ਪਸ਼ਚਾਤਾਪ ਦਾ ਮੇਰੇ ਤੇ ਕੋਈ ਅਸਰ ਨਹੀਂ ਹੋਵੇਗਾ।

ਫਿਕਰ ਨਾ ਕਰੀਂ ਅਸੀਂ ਕਿਤੇ ਰੁਸਦੇ ਨਹੀਂ। ਸਮਝਣ ਦੀ ਕੋਸ਼ਿਸ਼ ਕਰੀਂ। ਜਿਉਂ ਜਿਉਂ ਤੂੰ ਖੁੱਲ੍ਹ ਦਿੱਤੀ, ਅਸੀਂ ਤੇਰੇ ਕੈਦੀ ਬਣਦੇ ਗਏ। ਸਾਰੀਆਂ ਸ਼ਾਮੋਂ ਤੇਰਾ ਰੂਪ ਹੀ ਵੇਖੀਆਂ। ਜਿੰਦਗੀ ਵਿਚ ਕੁਰਬਾਨੀ ਬੜੀ ਔਖੀ ਹੈ, ਅਜੇ ਤੇਰੇ ਕੋਲੋਂ ਬਹੁਤ ਵੱਡੇ ਕੰਮ ਲੈਣੇ ਹਨ। ਕਈ ਸਾਲਾਂ ਦਾ ਲੰਮੇ ਚੱਕਰ ਜਾਂ ਕਿਸੇ ਇਨਕਲਾਬ ਦੀ ਤਿਆਰੀ ਵਿਚ ਤੇਰਾ ਹਿੱਸਾ ਪੈਣਾ ਹੈ। ਤੂੰ ਤਾਂ ਕਾਹਦੀ ਜੱਟੀ ਨਿਕਲੀ, ਹੁਣੇ ਹੀ ਘਬਰਾ ਕੇ ਭੱਜ ਚੱਲੀ ਹੈਂ। ਜੇਕਰ ਤੇਰੇ ਪਿਆਰ ਦਾ ਕੈਦੀ ਸੀ ਤਾਂ ਹੀ ਪਹਾੜ ਜਿੱਡਾ ਸੱਚ ਲਿਖਦਾ ਰਿਹਾ ਪਰ ਅਜੇ ਵੀ ਤੂੰ ਮੰਗ ਕੀਤੀ ਹੈ ਕਿ ਤੈਨੂੰ ਸੱਚ ਦੱਸਦਾ ਰਹਾਂ। ਇਹ ਤਾਂ ਮੇਰੀ ਹਸਤੀ ਅਤੇ ਆਤਮਾ ਉਪਰ ਸ਼ੱਕ ਹੋ ਗਿਆ। ਮੈਂ ਆਪਣੇ ਆਪ ਵਿੱਚ ਹੀ ਦਫ਼ਨ ਹੋ ਕੇ ਰਹਿ ਗਿਆ।

ਜਿਸ ਕੁੜੀ ਦਾ ਦੋਸਤ, ਦਿੱਲੀ ਵਾਲਾ ਮੁੰਡਾ, ਗੁੰਮ ਹੋ ਗਿਆ ਸੀ, ਉਹ ਅੱਜ ਲੱਭ ਪਿਆ ਹੈ। ਪਰ ਕੈਦ ਵਿਚ ਹੈ। ਕੱਲ੍ਹ ਉਸ ਦੀ ਜਮਾਨਤ ਹੋ ਜਾਵੇਗੀ। ਬੈਂਕ ਵਿਚ ਚੋਰੀ ਹੋ ਗਈ ਅਤੇ ਅਸਲੀ ਚੋਰ ਭੱਜ ਗਏ। ਇਸ ਨੂੰ ਚੋਰਾਂ ਦਾ ਸਾਥੀ ਸਮਝ ਕੇ ਪੁਲੀਸ ਨੇ ਪਕੜ ਲਿਆ। ਐਵੇਂ ਭੁਲੇਖੇ ਵਿਚ ਪਕੜਿਆ ਹੋਇਆ ਹੈ। ਫਰੈਂਚ ਭਾਸ਼ਾ ਆਉਂਦੀ ਨਹੀਂ ਜਿਸ ਕਰਕੇ ਸਮੱਸਿਆ ਬਣ

ਗਈ। ਅਸਟਰੇਲੀਅਨ ਕੁੜੀ ਮੇਰੇ ਪਾਸ ਮੱਦਦ ਲਈ ਆਈ ਹੈ ਪਰ ਮੈਂ ਨਾਹ ਕਰ ਦਿੱਤੀ। ਉਸ ਨੂੰ ਰਾਤ ਕੱਟਣ ਲਈ ਕੋਈ ਟਿਕਾਣਾ ਚਾਹੀਦਾ ਹੈ। ਹੋਸਟਲ ਵਿਚ ਖਾਲ੍ਹੀ ਕਮਰਾ ਨਹੀਂ ਜਿਸ ਕਰਕੇ ਉਹ ਮੇਰੇ ਕਮਰੇ ਵਿਚ ਰਾਤ ਗੁਜਾਰੇਗੀ। ਇਹ ਖਬਰ ਸੁਣਕੇ ਤਾਂ ਤੇਰਾ ਸਰੀਰ ਹੀ ਫਟ ਜਾਵੇਗਾ ਕਿ ਹਿੰਦੁਸਤਾਨੀ ਮਰਦ ਨੂੰ ਕੀ ਹੋ ਗਿਆ ਹੈ। ਇਹ ਸੱਚ ਹੈ, ਉਹ ਘੂਕ ਸੁੱਤੀ ਪਈ ਹੈ ਅਤੇ ਮੈਂ ਤੈਨੂੰ ਚਿੱਠੀ ਲਿਖ ਕੇ ਆਪਣੇ ਨਵੇਂ ਤਜ਼ਰਬੇ ਦੀ ਜਾਣਕਾਰੀ ਦੇ ਰਿਹਾਂ ਹਾਂ। ਮਹਾਤਮਾ ਗਾਂਧੀ ਨੇ 60 ਸਾਲ ਦੀ ਉਮਰ ਵਿੱਚ ਕੰਵਾਰੀਆਂ ਕੁੜੀਆਂ ਨਾਲ ਸੌਂ ਕੇ ਆਪਣੇ ਬ੍ਰਹਮਚਰੀਆ ਦਾ ਟੈਸਟ ਕੀਤਾ ਸੀ। ਮੈਂ ਗਾਂਧੀ ਦਾ ਚੇਲਾ ਨਹੀਂ ਪਰ 30 ਸਾਲ ਦੀ ਉਮਰ ਵਿਚ ਇਹ ਪ੍ਰਯੋਗ ਕਰ ਰਿਹਾ ਹਾਂ।

ਅੱਜ ਡਾਕ ਵਿਚ 6 ਖਤ ਮਿਲੇ, ਸਾਰੇ ਭਿਆਨਕ ਸਨ। ਦਲਜੀਤ ਆਪਣੇ ਲਈ ਮੇਮ ਮੰਗ ਰਿਹਾ ਹੈ, ਦਿੱਲੀ ਵਾਲਾ ਮੁੰਡਾ ਕੈਦ ਵਿਚ ਹੈ। ਪ੍ਰਕਾਸ਼ ਸਿੰਘ ਦਾ ਦੋਸਤ ਪੈਰਿਸ ਆ ਰਿਹਾ ਹੈ। ਗੁਰੂ ਨਾਨਕ ਨੂੰ ਪੂਜਾ ਕਰਨ ਵਾਲੀ ਫਰੈਂਚ ਔਰਤ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਕਰ ਰਹੀ ਹੈ, ਮੈਂ ਉਸ ਦਾ ਸੇਵਕ ਬਣ ਕੇ ਘੁੰਮਾਂਗਾ। ਗੁਰੂ ਨਾਨਕ ਤਾਂ 24 ਸਾਲ ਚਾਰ ਉਦਾਸੀਆਂ ਕਰਦੇ ਦੁਨੀਆਂ ਵਿਚ ਘੁੰਮਦੇ ਰਹੇ, ਮੈਨੂੰ ਤੂੰ ਇਕ ਸਾਲ ਦੀ ਖੁੱਲ੍ਹ ਨਹੀਂ ਦਿੱਤੀ ਮੈਂ ਕਿੰਨਾ ਨੀਚ ਸਿੱਖ ਹਾਂ ਜੋ ਗੁਰੂ ਦੇ ਮਿਸ਼ਨ ਦਾ ਕੋਈ ਪ੍ਰਚਾਰ ਨਹੀਂ ਕਰ ਰਿਹਾ ਜਦ ਕਿ ਇਹ ਔਰਤ ਤਿਆਰ ਬਰ ਤਿਆਰ ਹੈ। ਇਸ ਨੇ ਖੁਸ਼ਵੰਤ ਸਿੰਘ ਦੀਆਂ ਸਿੱਖ ਹਿਸਟਰੀ ਦੀਆਂ ਕਿਤਾਬਾਂ ਪੜ੍ਹ ਰੱਖੀਆਂ ਹਨ। ਤੂੰ ਵੀ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰ, ਤੇਰਾ ਹਿਰਦਾ ਸ਼ਾਂਤ ਰਹੇ ਗਾ।

ਅੱਜ ਸਾਰਾ ਦਿਨ ਸ਼ਿਵ ਕੁਮਾਰ ਬਟਾਵਲੀ ਦੀਆਂ ਬਿਰਹਾ ਵਾਲੀਆਂ ਕਵਿਤਾਵਾਂ ਮੇਰੇ ਮਨ ਉਪਰ ਛਾਈਆਂ ਰਹੀਆਂ। ਕੁਝ ਸਤਰਾਂ ਤੈਨੂੰ ਭੇਜ ਰਿਹਾ ਹਾਂ:

ਅਸਾਂ ਤਾਂ ਜੋਬਨ ਰੁੱਤੇ ਮਰਨਾ, ਰਹਿ ਜਾਣੇ ਸਾਡੇ ਚਾਅ ਕਵਾਰੇ।
ਅਸਾਂ ਨਾ ਖਿੜਨਾ ਵਿਚ ਬਹਾਰਾਂ, ਸਾਡੇ ਚਮਨ ਗਮਾਂ ਦੇ ਮਾਰੇ।
ਸਾਡੇ ਮੱਥੇ ਦਾਗ ਚੰਨ ਦਾ ਸਾਡਾ ਜੋਬਨ ਛਿਪਦੇ ਤਾਰੇ।
ਅਸਾਂ ਤਾਂ ਜੋਬਨ ਰੁਤੇ ਮਰਨਾ, ਰਹਿ ਜਾਣੇ ਸਾਡੇ ਚਾਅ ਕਵਾਰੇ।

ਸਮੇਂ ਦਾ ਫਿਕਰ ਨਾ ਕਰਨਾ ਇਹ ਤਾਂ ਉਡ ਰਿਹਾ ਹੈ। ਮੇਰਾ ਚੀਨੀ ਗਾਈਡ ਕੱਲ੍ਹ ਛੁਟੀਆਂ ਤੋਂ ਬਾਅਦ ਵਾਪਸ ਆ ਰਿਹਾ ਹੈ। ਖੋਜ ਵਿਚ ਮਿਹਨਤ

ਕਰਨਾ ਮੇਰਾ ਕੰਮ ਹੈ ਪਰ ਠੀਕ ਸਿੱਟੇ ਪ੍ਰਾਪਤ ਹੋ ਜਾਣ, ਰੱਬ ਅਤੇ ਗੁਰੂ ਦੀ ਰਹਿਮਤ ਚਾਹੀਦੀ ਹੈ। ਮੇਰੀਆਂ ਅੱਖਾਂ ਥੱਕ ਜਾਂਦੀਆਂ ਹਨ ਸਾਰਾ ਦਿਨ ਕਣ ਮਾਰਗਾਂ ਤੇ ਕਿਣਕੇ ਗਿਣਦਿਆਂ। ਇਸ ਦਾ ਤਕਾਜ਼ਾ ਲਾਉਣਾ ਹੋਵੇ ਤਾਂ ਇਉਂ ਸਮਝ ਲੈਣਾ ਕਿ ਇਕ ਰੇਤ ਦੇ ਟਿੱਬੇ ਦੇ ਕਣ ਗਿਣਨ ਬਰਾਬਰ ਕੰਮ ਹੈ। ਹੁਣ ਤਾਂ ਡਿਗਰੀਆਂ ਦਾ ਕੋਈ ਚਾਅ ਨਹੀਂ ਰਿਹਾ। ਐਵੇਂ ਰੋਟੀ ਦੇ ਟੁਕੜੇ ਪਿੱਛੇ ਅਸੀਂ ਲੋਕ ਵਿਦੇਸ਼ਾਂ ਵਿਚ ਧੱਕੇ ਖਾਂਦੇ ਫਿਰਦੇ ਹਾਂ। ਚਾਅ ਹੈ ਕਿਸੇ ਨਵੀਂ ਬਗਾਵਤ ਸ਼ੁਰੂ ਕਰਨਾਂ ਦਾ। ਇਹ ਪਤਾ ਨਹੀਂ ਕਿਸ ਤਰ੍ਹਾਂ ਦੀ ਹੋਵੇਗੀ। ਇਹ ਯਾਤਰਾਵਾਂ ਭਵਿੱਖ ਦੀ ਤਿਆਰੀ ਲਈ ਹਨ। ਗੁਰੂ ਨੇ ਜੋ ਰਾਹ ਉਲੀਕਿਆ ਹੈ, ਉਸ ਉਪਰ ਚੱਲਣਾ ਪਵੇਗਾ।

ਬਾਕੀ ਚੱਕਰ ਜਰੂਰ ਲੱਗੇਗਾ। ਪਰ ਜਿਵੇਂ ਕਿਸੇ ਤੋਰਿਆ ਨਹੀਂ ਸੀ, ਉਸੇ ਤਰ੍ਹਾਂ ਹੀ ਰਾਜਪੁਰੇ ਦੇ ਜੰਕਸ਼ਨ ਤੇ ਗੱਡੀ ਵੇਖਣ ਵੀ ਕੋਈ ਨਹੀਂ ਆਵੇਗਾ। ਅਸੀਂ ਚੁੱਪ ਚਾਪ ਕਿਸੇ ਸਵੇਰੇ ਤੇਰੇ ਦਰ ਤੇ ਹਾਜ਼ਰ ਹੋ ਜਾਵਾਂਗੇ। ਕੋਈ ਤਰੀਕ ਨਹੀਂ ਬੰਨ ਕੇ ਆਉਣਾ, ਕੋਈ ਸਮਾਨ ਨਹੀਂ ਲਿਆਉਣਾ, ਅਨ੍ਹੇਰੇ ਜਹੇ ਵਿਚ ਛੁਪ ਕੇ ਆਉਣ ਦਾ ਚਾਅ ਹੈ। ਅੱਜ ਮਾਂ ਦੇ ਗਲ ਲੱਗ ਕੇ ਰੋਣ ਨੂੰ ਦਿਲ ਕਰਦਾ ਹੈ ਕਿਉਂਕਿ ਉਹ ਮੇਰੇ ਭਾਵਾਂ ਨੂੰ ਸਮਝਦੀ ਹੈ। ਉਮੀਦ ਹੈ ਮੇਰੇ ਵਾਪਸ ਆਉਣ ਤੱਕ ਉਸ ਦੀਆਂ ਕਮਜੋਰ ਹੱਡੀਆਂ ਮੈਨੂੰ ਆਪਣੀ ਛਾਤੀ ਨਾਲ ਲਾਉਣ ਜੋਗੀ ਤਾਕਤ ਜਰੂਰ ਰੱਖਣਗੀਆਂ। ਮੈਂ ਕਿੰਨਾ ਛੋਟਾ ਬੱਚਾ ਹਾਂ ਉਸ ਲਈ, ਤੇਰੇ ਬੱਚੇ ਤਾਂ ਮੇਰੇ ਤੋਂ ਵੀ ਵੱਡੇ ਹਨ। ਇਹ ਅੱਖਰ ਉਸ ਨੂੰ ਨਾ ਦੱਸਣੇ ਕਿਤੇ ਉਹ ਗਮਾਂ ਵਿੱਚ ਡੁੱਬ ਜਾਵੇ।

ਤੇਰੇ ਤੋਂ ਦੋ ਸੇਵਾਵਾਂ ਮੰਗੀਆਂ ਹਨ, ਤੇਰੇ ਬੱਚਿਆਂ ਦੀ ਦੇਖ ਭਾਲ ਅਤੇ ਮੇਰੀ ਮਾਂ। ਕਈ ਵਾਰ ਯੂਗੋਸਲਾਵੀਆ ਗੱਡੀ ਦੇ ਸਫਰ ਵਿਚ ਛੋਟੇ ਬੱਚੇ ਮਾਂ ਦੀ ਗੋਦ ਵਿਚ ਵੇਖ ਕੇ ਮੈਨੂੰ ਬਿੰਕੂ ਯਾਦ ਆ ਜਾਂਦਾ। ਬਿੰਕੂ ਦਾ ਬਚਪਨ ਮੇਰੇ ਆਉਣ ਬਾਅਦ ਹੀ ਵੇਖਿਆ ਜਾ ਸਕਦਾ ਹੈ, ਜਦੋਂ ਉਹ ਇਕ ਸਾਲ ਤੋਂ ਵੱਧ ਉਮਰ ਦਾ ਹੋਵੇਗਾ। ਹੁਣ ਮੇਰਾ ਪ੍ਰੀਵਾਰ ਸਾਰੇ ਯੂਰਪ ਵਿੱਚ ਫੈਲ ਗਿਆ ਹੈ। ਯੂਗੋਸਲਾਵੀਆ ਤਾਂ ਮੇਰਾ ਘਰ ਹੀ ਜਾਪਦਾ ਹੈ। ਹੁਣ ਪਟਿਆਲੇ ਦੀ ਚਾਰਦਵਾਰੀ ਵਿਚ ਕੈਦ ਹੋਣਾ ਅਸੰਭਵ ਜਾਪਦਾ ਹੈ। ਮੇਰੇ ਪਿਆਰ ਵਿੱਚ ਕੁੱਲ ਕਾਇਨਾਤ ਸਮਾ ਸਕਦੀ ਹੈ। ਬਲਿਹਾਰੀ ਕੁਦਰਤ ਵੱਸਿਆ ਮੇਰਾ ਜੀਵਨ ਆਦਰਸ਼ ਬਣ ਗਿਆ ਹੈ। ਮੇਰਾ ਗੁਰੂ ਇਹ ਤਾਕਤ ਬਖਸ਼ ਦੇਵੇ, ਇਹੋ ਅਰਦਾਸ ਕਰਿਆ ਕਰ ਮੇਰੇ ਲਈ।

ਤੇਰੀ ਯਾਦ ਵਿਚ ਬੈਠੇ ਸੱਜਣ।
ਹਰਦੇਵ

ਪੈਰਿਸ
16.9.71

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਤੇਰੇ ਖਤ ਤੋਂ ਪਹਿਲਾਂ ਸੁੰਦਰ ਸਿੰਘ ਪਹੁੰਚ ਹੀ ਗਿਆ ਅਤੇ ਕਹਿ ਰਿਹਾ ਸੀ ਕਿ ਉਹ ਸ਼ੁਕਰਵਾਰ ਪਟਿਆਲੇ ਤੋਂ ਚੱਲਿਆ ਹੈ ਅਤੇ ਉਸੇ ਦਿਨ ਹੀ ਸਾਡੇ ਘਰ ਦੁਪਹਿਰ ਹੋ ਕੇ ਆਇਆ ਹੈ। ਪਰ ਤੇਰੇ ਖਤ ਤੋਂ ਲੱਗਦਾ ਹੈ ਕਿ ਉਹ ਪਹਿਲਾਂ ਕਿਤੇ ਆਇਆ ਹੋਵੇਗਾ। ਕਿਉਂਕਿ ਸ਼ੁਕਰਵਾਰ ਰਾਤ ਦੀ ਗੱਡੀ ਦਵਿੰਦਰ ਅਤੇ ਉਹ ਦਿੱਲੀ ਨੂੰ ਚੱਲ ਪਏ ਸਨ। ਹੋ ਸਕਦਾ ਹੈ, ਤੈਨੂੰ ਮਾਲਾ ਦੇਣੀ ਭੁੱਲ ਗਈ ਹੋਵੇ ਕਿਉਂਕਿ ਉਸ ਨੇ ਮੈਨੂੰ ਇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਬੱਚਿਆਂ ਬਾਰੇ ਦੱਸ ਰਿਹਾ ਸੀ ਕਿ ਬਿੰਕੂ ਬਹੁਤ ਪਿਆਰਾ ਅਤੇ ਮੋਟਾ ਹੈ ਪਰ ਬੱਬਲ ਕੁਝ ਕਮਜੋਰ ਅਤੇ ਬੀਮਾਰ ਰਹਿੰਦਾ ਹੈ। ਮੈਂ ਜਲਦੀ ਤੋਂ ਜਲਦੀ ਵਾਪਸ ਆਉਣਾ ਚਾਹੁੰਦਾ ਹਾਂ ਤਾਂ ਕਿ ਉਸ ਦੇ ਬਚਪਨ ਦੀਆਂ ਭੋਲੀਆਂ ਭਾਲੀਆਂ ਗੱਲਾਂ ਸੁਣ ਸਕਾਂ। ਫੋਟੋ ਵਿਚ ਉਸ ਦੇ ਛੋਟੇ ਛੋਟੇ ਹੱਥ ਪੈਰ ਵੇਖ ਕੇ ਮੈਂ ਭਾਵੁਕ ਹੋ ਜਾਂਦਾ ਹਾਂ।

ਮੇਰੀ ਪੱਗ ਦਾ ਰੰਗ ਵੇਖ ਕੇ ਰੈਸਤੋਰਾਂ ਦੀਆਂ ਬੀਬੀਆਂ ਪੁੱਛਦੀਆਂ ਹਨ ਇਹ ਲਾਲ ਰੰਗ ਕਿਉਂ ਬੰਨਿਆ ਹੈ। ਮੈਂ ਕਿਹਾ ਮੇਰੀ ਵਹੁਟੀ ਨੇ ਮੇਰੇ ਵਿਆਹ ਲਈ ਭੇਜਿਆ ਹੈ। ਜੇਕਰ ਮਾਲਾ ਭੇਜ ਦਿੰਦੀ ਤਾਂ ਜੈ-ਮਾਲਾ ਵੀ ਪੈ ਜਾਂਦੀ। ਇਥੇ ਕੁੜੀਆਂ ਇੰਡੀਆ ਦੀਆਂ ਮਾਲਾ ਬਹੁਤ ਪਸੰਦ ਕਰਦੀਆਂ ਹਨ। ਰੈਸਤੋਰਾਂ ਵਾਲੀਆਂ ਨੂੰ ਮਾਲਾ ਦੇਣੀਆਂ ਸਨ ਕਿਉਂਕਿ ਉਹ ਮੇਰੀ ਬਹੁਤ ਸੇਵਾ ਕਰਦੀਆਂ ਹਨ। ਮੈਂ ਸਭ ਤੋਂ ਅਖੀਰ ਵਿਚ ਪਹੁੰਚਦਾ ਹਾਂ ਪਰ ਮੇਰੇ ਲਈ ਦਹੀ ਅਤੇ ਅੰਡੇ ਜਮਾਂ ਰੱਖਦੀਆਂ ਹਨ ਭਾਵੇਂ ਬਾਕੀ ਬੰਦਿਆਂ ਨਾਲ ਝਗੜਾ ਕਰਨਾ ਪਵੇ। ਇਕ ਦਿਨ ਕੰਬੋਦੀਆ ਦਾ ਵਿਗਿਆਨੀ ਜਿੱਦੀ ਨਿਕਲਿਆ ਅਤੇ ਮੇਰੇ ਲਈ ਰਾਖਵਾਂ ਰੱਖਿਆ ਭੋਜਨ ਮੰਗ ਬੈਠਾ ਪਰ ਉਸ ਨੂੰ ਤੁਰੰਤ ਜਵਾਬ ਮਿਲ ਗਿਆ ਕਿ ਸਰਦਾਰ ਜੀ ਤਾਂ ਸ਼ਾਕਾਹਾਰੀ ਹਨ।

ਅਜੇ ਪਹਿਲੇ ਸਰਦਾਰ ਐਤਵਾਰ ਨੂੰ ਤੋਰੇ ਸਨ ਕਿ ਸੋਮਵਾਰ ਕਈ ਥਾਵਾਂ ਤੋਂ ਫੋਨ ਆ ਗਿਆ ਕਿ ਤੇਰਾ ਦੋਸਤ ਪੈਰਿਸ ਪਹੁੰਚ ਚੁੱਕਾ ਹੈ। ਮੈਂ ਕਈਆਂ ਨੂੰ ਸੁੰਦਰ ਦੇ ਆਉਣ ਬਾਰੇ ਦੱਸ ਰੱਖਿਆ ਸੀ। ਲੱਭਦਾ ਲੁਭਾਉਂਦਾ ਉਸ ਨੂੰ ਇੰਡੀਅਨ ਐਂਬੈਸੀ 'ਚ ਜਾ ਲੱਭਿਆ। ਉਹ ਕੁਰਸੀ ਤੇ ਬੈਠਾ ਘੂਕ ਸੁੱਤਾ ਪਿਆ ਸੀ

ਕਿਉਂਕਿ ਸਫ਼ਰ ਦਾ ਥਕੇਵਾਂ ਅਤੇ ਜੈਟ-ਲੈਗ ਦਾ ਅਸਰ ਸੀ। ਦੋ ਦਿਨ ਚਾਹ ਪਾਣੀ ਅਤੇ ਪੈਰਿਸ ਘੁੰਮਣ ਦੀ ਸੇਵਾ ਮੈਂ ਸੰਭਾਲ ਰੱਖੀ। ਪਹਿਲੇ ਦਿਨ ਤਾਂ ਪੈਰਿਸ ਪਹੁੰਚ ਕੇ ਬੌਂਦਲ ਗਿਆ ਅਤੇ ਕਹੇ ਦਿਲ ਘਬਰਾਉਂਦਾ ਹੈ। ਪਰ ਦੂਜੇ ਦਿਨ ਠੀਕ ਹੋ ਗਿਆ ਅਤੇ ਵਹੁਟੀ ਦੇ ਵਿਛੋੜੇ ਨੂੰ ਭੁੱਲਣ ਲੱਗਾ।

ਸੁੰਦਰ ਦੇ ਕਾਲਜ ਦੇ ਪ੍ਰਿੰਸੀਪਲ ਦਾ ਦੋਸਤ ਯੂਨੈਸਕੋ ਦਾ ਡਾਇਰੈਕਟਰ ਹੈ। ਅੱਜ ਸਵੇਰੇ ਅੱਠ ਵਜੇ ਉਸ ਦੇ ਘਰ ਮਿਲਣ ਗਏ। ਉਹ ਬਰਾਜ਼ੀਲ ਦਾ ਹੈ ਅਤੇ ਬੜੇ ਪਿਆਰ ਨਾਲ ਮਿਲਿਆ। ਸੁੰਦਰ ਨੂੰ ਨੌਕਰੀ ਲੱਭਣ ਵਿਚ ਸਹਾਇਤਾ ਕਰੇਗਾ। ਅੱਜ ਰਾਤ ਦੀ ਗੱਡੀ ਸੁੰਦਰ ਰੋਇਆਂ (Royan) ਸ਼ਹਿਰ ਜਾ ਰਿਹਾ ਹੈ ਜਿੱਥੇ ਫਰਾਂਸੀਸੀ ਭਾਸ਼ਾ ਦੀ ਸਿਖਲਾਈ ਦਾ ਕੇਂਦਰ ਹੈ। ਉਥੇ ਤੀਹਾਂ (30) ਦਾ ਇੰਡੀਅਨ ਗਰੁੱਪ ਇਹ ਦੇ ਨਾਲ ਹੋਵੇਗਾ। ਪਰ ਇਹ ਛੋਟਾ ਜਿਹਾ ਕਸਬਾ ਹੈ ਅਤੇ ਉਥੇ ਇਸ ਦਾ ਦਿਲ ਨਹੀਂ ਲੱਗਣਾ। ਮੈਨੂੰ ਤਾਂ ਡਾ. ਮਲਿਕ ਨੇ ਖੋਜ ਸੁਪਰਵਾਈਜਰ ਪੈਰਿਸ ਵਿਚ ਹੀ ਲੱਭ ਦਿੱਤਾ ਜਿਸ ਕਰ ਕੇ ਮੇਰਾ ਇਕ ਸਾਲ ਬਚ ਗਿਆ। ਮੈਂ ਸੁੰਦਰ ਲਈ ਬਥੇਰੀ ਕੋਸ਼ਿਸ਼ ਕੀਤੀ ਪਰੰਤੂ ਕੋਈ ਪ੍ਰੋਫੈਸਰ ਤਿਆਰ ਨਾ ਹੋਇਆ ਇਸ ਨੂੰ ਆਪਣੀ ਲੈਬ ਵਿਚ ਰੱਖਣ ਲਈ।

ਪਹਿਲੇ ਸਰਦਾਰ ਤਾ ਪੈਰਿਸ ਵਿਚ ਘੁੰਮਣ ਹੀ ਆਏ ਸਨ ਅਤੇ ਮੌਜ ਮਸਤੀ ਵਿੱਚ ਦੋ ਹਫਤੇ ਲੰਘ ਗਏ। ਇਕ ਰਾਤ ਉਹ ਨਾਈਟ ਲਾਈਫ ਦਾ ਨਜ਼ਾਰਾ ਵੇਖਣ ਲਈ ਮੈਨੂੰ ਆਪਣੇ ਨਾਲ ਲੈ ਗਏ ਕਿਉਂਕਿ ਫਰੈਂਚ ਵਲੋਂ ਉਨ੍ਹਾਂ ਦਾ ਹੱਥ ਤੰਗ ਸੀ। ਪੈਰਿਸ ਦੇ ਬਹੁਤੇ ਸਟਰਿਪ-ਟੀਜ਼ ਕਲੱਬ ਇਸ ਇਲਾਕੇ ਵਿਚ ਹਨ ਜਿਸ ਨੂੰ ਮੋਂਮਾਰਤਰ ਕਿਹਾ ਜਾਂਦਾ ਹੈ। ਸਾਰੀ ਰਾਤ ਇਹ ਕਲੱਬ ਸ਼ੋ ਕਰਦੇ ਰਹਿੰਦੇ ਹਨ ਅਤੇ ਵੀਕ-ਐਂਡ ਉਪਰ ਐਂਟਰੀ ਮਿਲਣੀ ਮੁਸ਼ਕਲ ਹੋ ਜਾਂਦੀ ਹੈ। ਪਟਿਆਲੇ ਵਾਲਾ ਸਰਦਾਰ ਤਾਂ ਮੇਰੇ ਵਾਂਗ ਡਰਦਾ ਸੀ ਅਤੇ ਕਿਸੇ ਪੰਗੇ ਵਿਚ ਪੈਣਾ ਨਹੀਂ ਸੀ ਚਾਹੁੰਦਾ। ਪਰ ਦੂਜੇ ਸਾਥੀ ਪੈਰਿਸ ਦੀ ਜਿੰਦਗੀ ਦਾ ਅਨੰਦ ਮਾਨਣ ਹੀ ਆਏ ਸਨ। ਇਕ ਕਲੱਬ ਵਿਚ ਵੜੇ ਤਾਂ ਕੁੜੀਆਂ ਨੇ ਆ ਝੁਰਮਟ ਪਾਇਆ। ਮੈਂ ਕਿਹਾ ਭੈਣੋਂ ਆਪਣੀਆਂ ਸਿਗਰਟਾਂ ਤਾਂ ਬੰਦ ਕਰ ਦਿਉ। ਸੌਦੇ ਬਾਜ਼ੀ 800 ਤੋਂ 1000 ਰੁਪਏ ਵਿਚ ਮੁੱਕੀ। ਪਟਿਆਲੇ ਵਾਲੇ ਨੇ ਰੌਲਾ ਪਾ ਦਿੱਤਾ ਕਿ ਇੰਡੀਆ ਪਹੁੰਚ ਕੇ ਤੁਹਾਡੇ ਪੋਲ ਖੋਲ੍ਹ ਦਿਆਂਗਾ। ਬੱਸ ਫਿਰ ਕੀ ਸੀ ਸਭ ਦੀ ਖਾਨਿਉਂ ਗਈ। ਬੀਅਰ, ਕੋਕਾ ਕੋਲਾ ਅਤੇ ਸਨੈਕਸ ਖਾ ਕੇ ਕਲੱਬ ਵਿਚੋਂ

ਬਾਹਰ ਨਿਕਲ ਆਏ।

ਪੈਰਿਸ ਦੀ ਨਾਈਟ-ਲਾਈਫ ਕਲੱਬਾਂ ਤੋਂ ਬਾਹਰ ਵੀ ਵੇਖੀ ਜਾ ਸਕਦੀ ਹੈ। ਟੂਰਿਸਟਾਂ ਦੇ ਘੁੰਮਣ ਵਾਲੀਆਂ ਥਾਵਾਂ ਤੇ ਵੀ ਰਾਤ ਨੂੰ ਦਲਾਲ ਔਰਤਾਂ ਅਤੇ ਮਰਦ ਗਾਹਕ ਲੱਭਦੇ ਫਿਰਦੇ ਹਨ। ਪੈਰਿਸ ਦੇ ਬਾਗਾਂ ਵਿਚ ਵੀ ਅੱਧ ਨੰਗੀਆਂ ਔਰਤਾਂ ਮਿਲ ਜਾਂਦੀਆਂ ਹਨ ਜੋ ਸੌਦੇਬਾਜੀ ਵਿਚ ਮਾਹਰ ਹੁੰਦੀਆਂ ਹਨ। ਜਿਸਮ ਵੇਚਣ ਦਾ ਧੰਦਾ ਦੁਨੀਆਂ ਭਰ ਵਿਚ ਚੱਲ ਰਿਹਾ ਹੈ ਅਤੇ ਇਹ ਸਦੀਆਂ ਪੁਰਾਣਾ ਹੈ।

ਪੈਰਿਸ ਵਿਚ ਬਹੁਤ ਸਾਰੇ ਥੀਏਟਰ ਹਨ। ਲੋਕ ਸਿਨੇਮਾ ਘਰਾਂ ਨਾਲੋਂ ਥੀਏਟਰ ਜਾਣਾ ਵਧੇਰੇ ਪਸੰਦ ਕਰਦੇ ਹਨ। ਕਈ ਨਾਟਕ ਤਾਂ ਵੀਹ ਵੀਹ ਸਾਲ ਚੱਲਦੇ ਰਹਿੰਦੇ ਹਨ। 'ਓਹ ਕੱਲਕੱਤਾ' ਇਕ ਥੀਏਟਰ ਵਿਚ ਕਈ ਸਾਲਾਂ ਤੋਂ ਚੱਲ ਰਿਹਾ ਹੈ। ਇਸ ਦੇ ਸਾਰੇ ਐਕਟਰ ਅਲਫ-ਨੰਗੇ ਤਿੰਨ ਘੰਟੇ ਦਾ ਸ਼ੋ ਕਰਦੇ ਹਨ। ਮਜਾਲ ਹੈ ਕੋਈ ਰੌਲਾ ਰੱਪਾ ਪਾਵੇ। ਨਾਟਕ ਦੀ ਕਹਾਣੀ ਦਾ ਚਿਤਰਣ ਸਟੇਜ ਤੇ ਪ੍ਰੈਕਟੀਕਲ ਰਾਹੀਂ ਦਰਸਾਇਆ ਜਾਂਦਾ ਹੈ। ਅਸੀਂ ਸਮਝਦੇ ਸਾਂ ਕਿ ਇਹ ਸ਼ੋ ਦੀ ਕਹਾਣੀ ਕਲਕੱਤਾ ਸ਼ਹਿਰ ਉਪਰ ਅਧਾਰਿਤ ਹੈ। ਇਹ ਸਾਡਾ ਭੁਲੇਖਾ ਸੀ। ਇਹ ਫਰਾਂਸੀਸੀ ਸ਼ਬਦਾਂ ਕੈਲ-ਕੂਲ-ਤਾ ਦੇ ਸੁਮੇਲ ਤੋਂ ਬਣਿਆ ਟਾਈਟਲ ਹੈ।

ਕੱਲ੍ਹ ਤੋਂ ਲੈਬ ਦਾ ਰੂਟੀਨ ਸ਼ੁਰੂ ਹੋ ਜਾਵੇਗਾ। ਮੇਰਾ ਚੀਨੀ ਗਾਈਡ ਆਪਣੇ ਖੇਤਾਂ ਦੀ ਸਬਜ਼ੀ, ਹਲਵਾ ਕੱਦੂ ਅਤੇ ਟਮਾਟਰ, ਦੇ ਗਿਆ ਹੈ। ਉਸ ਨੂੰ ਪਤਾ ਹੈ ਮੈਂ ਸ਼ਾਕਾਹਾਰੀ ਭੋਜਨ ਪਸੰਦ ਕਰਦਾ ਹਾਂ। ਸਬਜ਼ੀ ਮਸਾਂ ਇਕ ਡੰਗ ਜੋਗੀ ਹੈ, ਮੈਂ ਸੋਚਿਆ ਇਹ ਮੇਰੇ ਬਾਪੂ ਵਾਂਗ ਕੰਜੂਸ ਹੈ ਅਤੇ ਸਾਰੀ ਤਨਖਾਹ ਜਮਾਂ ਕਰ ਕੇ ਫਾਰਮ ਖਰੀਦ ਲਿਆ ਹੈ। ਇਸ ਦੀ ਪਤਨੀ ਯੂਨੈਸਕੋ ਦੀ ਲਾਇਬਰੇਰੀ ਵਿਚ ਕੰਮ ਕਰਦੀ ਹੈ । ਉਸ ਨੂੰ ਅੰਗਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਦੀ ਚੰਗੀ ਵਾਕਫੀਅਤ ਹੈ। ਅਗਲੇ ਖਤ ਦਾ ਇੰਤਜਾਰ ਰੱਖਣਾ।

ਤੇਰਾ
ਹਰਦੇਵ

ਪੈਰਿਸ
8.10.71

ਡੀਅਰ ਰਾਨੀ

ਸਤਿ ਸਿਰੀ ਅਕਾਲ।

ਅਮ੍ਰਿਤ ਵੇਲਾ ਜਿੱਥੇ ਪ੍ਰਭੂ ਭਗਤੀ ਦਾ ਸਮਾਂ ਹੈ, ਉਥੇ ਪੈਰਿਸ ਵਿਚ ਕਦੇ ਕਦੇ ਇਹ ਸਮਾਂ ਮੇਰੇ ਲਈ ਮਨੁੱਖ ਭਗਤੀ ਦਾ ਹੋ ਕੇ ਆਉਂਦਾ ਹੈ। ਸਾਲ ਦਾ ਇਕ ਚੱਕਰ ਪੂਰਾ ਹੋ ਗਿਆ। ਵਰ੍ਹੇ ਗੰਢ ਤਾਂ ਇਹ ਹੈ, ਉਹ ਕਾਹਦੀ ਹੋਈ ਜਿਸ ਦੀ ਤੂੰ ਅੱਗੇ ਗੱਲ ਕਰ ਬੈਠੀ। ਉਹ ਤਾਂ ਇਕ ਅਣਹੋਂਦ ਤੋਂ ਹੋਂਦ ਵਿਚ ਆਉਣ ਦੀ ਸੀ ਜਿਸ ਤੋਂ ਪਹਿਲਾਂ ਅਸੀਂ ਦੋਵੇਂ ਕਦੇ ਵੱਖੋ ਵੱਖਰੇ ਰਾਹਾਂ ਤੇ ਜਾਣ ਦੀ ਸੋਚਦੇ ਰਹੇ ਹੋਵਾਂਗੇ। ਪਰ ਇਹ ਵਰ੍ਹੇ ਗੰਢ ਉਸ ਤੋਂ ਉਲਟ ਹੈ, ਇਹ ਹੋਂਦ ਤੋਂ ਮੁੜ ਅਣਹੋਂਦ ਵਿਚ ਲੈ ਗਈ ਹੈ। ਇਸ ਕਰਕੇ ਬ੍ਰਿਹਾ ਦੀਆਂ ਪੀੜਾਂ ਵਧੇਰੇ ਦਰਦਨਾਕ ਹੋ ਗਈਆਂ ਜਾਪਦੀਆਂ ਹਨ।

ਐਤਵਾਰ ਤਾਂ ਕਈ ਲੰਘੇ ਪਰ ਜਿੰਨਾ ਸਮਾਂ ਇਸ ਵਾਰੀ ਰੁਕਦਾ ਵੇਖਿਆ, ਅੱਗੇ ਕਦੇ ਨਹੀਂ। ਰੱਬ ਦੀ ਮਿਹਰ ਹੋਈ ਤੇ ਅਮਰੀਕਨ ਦੋਸਤ ਜੋੜੀ ਆ ਗਈ, ਕੁਝ ਸਮਾਂ ਤੇਜ ਲੰਘਿਆ ਪਰ ਘੰਟੇ ਕੁ ਬਾਅਦ ਉਹ ਚਲੇ ਗਏ ਅਤੇ ਸਮਾਂ ਉਸੇ ਰਫਤਾਰ 'ਤੇ ਹੋ ਗਿਆ। ਜਿੰਦਗੀ ਭਰਪੂਰ ਹੀ ਹੋਣੀ ਚਾਹੀਦੀ ਹੈ, ਜਦੋਂ ਕਦੇ ਖਾਲੀਪਨ ਆ ਜਾਵੇ ਤਾਂ ਸਮਝੋ ਮੌਤ ਹੀ ਆ ਗਈ ਹੋਵੇ। ਇਹ ਘੜੀਆਂ ਖਾਲੀਪਨ ਦੀਆਂ ਸਨ। ਭਰਪੂਰ ਜਿੰਦਗੀ ਵਿੱਚ ਚਾਹੇ ਪਿਆਰ ਦੀ ਗੱਲ ਹੋਵੇ, ਚਾਹੇ ਕੰਮ ਦਾ ਰੁਝੇਵਾਂ, ਪਰ ਮਨ ਬਿਰਤੀ ਦਾ ਖਿਡਾਉ ਘੱਟ ਹੋਣ ਕਰਕੇ ਸਮਾਂ ਰੁਕਦਾ ਨਹੀਂ। ਹਫਤਾ ਭਰ ਤਾਂ ਖੋਜ ਦਾ ਕੰਮ ਜਾਰੀ ਰਹਿੰਦਾ ਹੈ ਅਤੇ ਸਮੇਂ ਦੀ ਰਫਤਾਰ ਤੇਜ ਹੁੰਦੀ ਹੈ। ਐਤਵਾਰ ਦਾ ਪਿਛਲਾ ਅੱਧ ਖਾਲ੍ਹੀ ਹੋਣ ਕਰਕੇ ਸਮਾਂ ਰੁਕ ਜਾਂਦਾ ਹੈ। ਚੰਗਾ ਹੋਇਆ ਨੀਂਦ ਆ ਗਈ ਅਤੇ ਸਮਾਂ ਗੁਜਰ ਗਿਆ।

ਸ਼ਾਮ ਪਈ ਤਾਂ ਕਿਸੇ ਮੁਸਾਫਿਰ ਦੀ ਆਵਾਜ਼ ਸੁਣੀ। ਕੰਨਾਂ ਤੋਂ ਤਾਂ ਪਛਾਣੀ ਨਾ ਗਈ ਪਰ ਅੱਖਾਂ ਨੇ ਪਹਿਚਾਣ ਕਰ ਲਈ। ਇੱਥੇ ਪੈਰਿਸ ਵਿਚ ਕਾਫਲੇ ਆਉਂਦੇ ਜਾਂਦੇ ਕਦੇ ਰੁਕਦੇ ਨਹੀਂ ਪਰ ਅਸੀਂ ਮੂਰਖ ਬਲੋਚਾਂ ਨਾਲ ਯਾਰੀਆਂ ਪਾ ਬਹਿੰਦੇ ਹਾਂ। ਸੱਸੀ ਦੀ ਮਾਂ ਨੇ ਕਿਹਾ ਸੀ ਧੀਏ ਕਾਫਲਿਆਂ ਵਾਲਿਆਂ ਨਾਲ ਯਾਰੀ ਠੀਕ ਨਹੀਂ ਹੁੰਦੀ ਉਹ ਤਾਂ ਦਿਨ ਚੜ੍ਹੇ ਅੱਗੇ ਤੁਰ ਜਾਂਦੇ

ਹਨ।

ਸੱਸੀ ਦੀ ਮਾਂ ਆਖੇ ਧੀਏ ਛੱਡ ਬਲੋਚਾਂ ਯਾਰੀ ਨੀ।

ਜਦ ਮੈਂ ਕੋਠੇ ਚੜ੍ਹ ਕੇ ਵੇਖਾਂ ਲੱਦੀ ਜਾਣ ਵਪਾਰੀ ਨੀਂ।

ਇਹੋ ਹਾਲ ਮੇਰਾ, ਸਾਰੇ ਕਾਫਲੇ ਮੁੜ ਆਪਣੇ ਦੇਸ਼ਾਂ ਨੂੰ ਪਰਤ ਗਏ, ਅਸੀਂ ਐਵੇਂ ਯਾਰੀਆਂ ਪਾ ਬੈਠੇ। ਇਹ ਆਵਾਜ਼ ਯੂਰਾਗੋਏ ਦੀ ਇਕ ਸੁੰਦਰ ਮੁਟਿਆਰ ਦੀ ਸੀ ਜੋ ਆਪਣੀ ਪੜ੍ਹਾਈ ਪੂਰੀ ਕਰ ਕੇ ਵਾਪਸ ਜਾ ਰਹੀ ਸੀ। ਮੇਰੇ ਪਾਕਿਸਤਾਨੀ ਦੋਸਤ ਅਸਗਰ ਅਲੀ ਦੇ ਕਮਰੇ ਵਿਚ ਇਸ ਨਾਲ ਟਾਕਰਾ ਹੋਇਆ ਸੀ ਅਤੇ ਸਲਾਮ ਕਲਾਮ ਸ਼ੁਰੂ ਹੋ ਗਈ। ਸਾਰਾ ਦਿਨ ਦੋਸਤਾਂ ਨੂੰ ਮਿਲਦੀ ਮਿਲਾਂਦੀ ਇਹ ਮੇਰੇ ਪਾਸ ਪਹੁੰਚੀ ਅਤੇ ਦੋ ਪਲ ਗਲੇ ਲੱਗ ਕੇ ਚਲੀ ਗਈ।

ਸ਼ਾਇਦ ਸਮਾਂ ਏਨਾ ਬੋਝਲ ਨਾ ਲੱਗਦਾ ਜੇਕਰ ਮੈਂ ਸਾਲ ਦਾ ਚੱਕਰ ਪੂਰਾ ਹੋਣ ਉਪਰ ਆਪਣੇ ਆਪੇ ਦਾ ਵਿਸ਼ਲੇਸ਼ਣ ਨਾ ਕਰਦਾ। ਸੋਚਦਾ ਤੇਰੇ ਕੋਲੋਂ ਜੇਕਰ ਮੇਰਾਪਨ ਅਲੋਪ ਹੋ ਗਿਆ ਤਾਂ ਉਸ ਦੀ ਘਾਟ ਨਵੇਂ ਆਏ ਜੀਅ ਨੇ ਪੂਰੀ ਕਰ ਦਿੱਤੀ। ਤੇਰੀ ਝੋਲੀ ਤਾਂ ਉਸ ਇਲਾਹੀ ਨੂਰ ਨੇ ਭਰ ਦਿੱਤੀ ਪਰੰਤੂ ਮੈਂ ਖਾਲ੍ਹੀ ਦਾ ਖਾਲ੍ਹੀ ਰਹਿ ਗਿਆ। ਮੇਰੀ ਖੋਜ ਇਕ ਨਵੇਂ ਕਣ ਦੀ ਭਾਲ ਹੈ ਜੋ ਅਜੇ ਜੰਮਣਾ ਬਾਕੀ ਹੈ। ਮੇਰੀਆਂ ਜਣੇਪਾ ਪੀੜਾਂ ਤੇਰੇ ਤੋਂ ਘੱਟ ਨਹੀਂ। ਦਿਨ ਰਾਤ ਇਸੇ ਚਿੰਤਾ ਵਿਚ ਰਹਿੰਦਾ ਹਾਂ ਕਿ ਮੇਰਾ ਬੱਚਾ ਦੋ ਸਾਲ ਵਿਚ ਪੈਦਾ ਹੋ ਜਾਵੇ। ਅਜੇ ਤੱਕ ਤਾਂ ਆਸ ਨਿਰਾਸਾ ਦੀਆਂ ਘੁੰਮਣਘੇਰੀਆਂ ਵਿਚ ਫਸਿਆ ਹੋਇਆ ਹਾਂ। ਮੇਰਾ ਚੀਨੀ ਗਾਈਡ ਮੇਰੇ ਕੰਮ ਨੂੰ ਦੁਹਰਾ ਰਿਹਾ ਹੈ। ਉਹ ਕਹਿ ਰਿਹਾ ਸੀ ਕਿ ਮੇਰੀ ਖੋਜ ਉਸ ਦੇ ਕੰਮ ਨੂੰ ਪੁੱਠਾ ਗੇੜਾ ਦੇ ਰਹੀ ਹੈ। ਵੇਖੋ ਕੌਣ ਜਿੱਤਦਾ ਅਤੇ ਕੌਣ ਹਾਰਦਾ ਹੈ। ਖੋਜ ਮੇਰੇ ਲਈ ਇਕ ਕੁਸ਼ਤੀ ਦਾ ਅਖਾੜਾ ਬਣ ਗਈ ਹੈ।

ਜੇਕਰ ਖਾਲੀਪਨ ਆਇਆ ਤਾਂ ਉਸਦੀ ਮਿਹਰ ਹੋਈ ਅਤੇ ਇਸ ਨੂੰ ਭਰਨ ਦੇ ਸੋਮੇਂ ਵੀ ਆਪ ਮੁਹਾਰੇ ਫੁੱਟ ਪਏ। ਸੋਚਿਆ ਤੇਰੇ ਭੇਜੇ ਹੋਏ ਤੋਹਫੇ ਕਿਸ ਦੀ ਭੇਟਾ ਕਰੀਏ। ਸਭ ਤੋਂ ਵਧੀਆ ਸ਼ਾਮੋਂ ਲਈ ਰੱਖਿਆ ਅਤੇ ਇਕ ਹੋਰ ਚੀਨੀ ਗਾਈਡ ਦੀ ਘਰਵਾਲੀ ਲਈ ਜਿਸ ਨੇ ਮੇਰੀ ਸੇਵਾ ਕੀਤੀ ਸੀ ਜਦੋਂ ਘਰ ਡਿਨਰ ਤੇ ਬੁਲਾਇਆ। ਸ਼ਾਮੋਂ ਦਾ ਤੋਹਫਾ ਮੈਂ ਉਸਦੇ ਲੈਟਰ-ਬਾਕਸ ਵਿਚ ਰੱਖ ਆਇਆ ਬਗੈਰ ਕੁਝ ਲਿਖੇ। ਅਗਲੇ ਦਿਨ ਰੋਟੀ ਖਾਣ ਸਮੇਂ ਉਹ ਉਡੀਕਦੀ

ਰਹੀ ਪਰ ਮੈਂ ਆਪਣੀ ਖੋਜ ਵਿਚ ਰੁੱਝਾ ਹੋਣ ਕਰਕੇ ਦੇਰੀ ਨਾਲ ਪਹੁੰਚਿਆ। ਰੈਸਤੋਰਾਂ ਬੰਦ ਹੋ ਗਿਆ ਸੀ। ਸ਼ਾਮੋਂ ਮੇਰੀ ਉਡੀਕ ਵਿਚ ਬਾਹਰ ਖੜ੍ਹੀ ਸੀ। ਉਸ ਨੇ ਆਪਣਾ ਸੇਬ ਮੇਰੇ ਹਵਾਲੇ ਕਰ ਦਿੱਤਾ ਅਤੇ ਮੇਰੇ ਤੋਹਫੇ ਦੀ ਤਾਰੀਫ ਕੀਤੀ। ਉਹ ਇੰਡੀਅਨ ਸਕਾਰਫ ਤੋਂ ਸਮਝ ਗਈ ਸੀ ਕਿ ਇਹ ਮੈਂ ਹੀ ਰੱਖ ਕੇ ਗਿਆ ਸਾਂ। ਮੈਂ ਕਿਹਾ ਮੇਰੀ ਘਰਵਾਲੀ ਨੇ ਤੇਰੇ ਲਈ ਤੋਹਫਾ ਭੇਜਿਆ ਹੈ। ਮੈਂ ਤੇਰੀ ਇਕ ਫੋਟੋ ਉਸ ਨੂੰ ਭੇਜਣਾ ਚਾਹੁੰਦਾ ਹਾਂ ਜਦੋਂ ਤੂੰ ਸਕਾਰਫ ਪਾ ਕੇ ਆਵੇਂਗੀ। ਉਹ ਕਹਿੰਦੀ ਤੇਰੀ ਵਹੁਟੀ ਨੂੰ ਇਹ ਫੋਟੋ ਚੰਗੀ ਨਹੀਂ ਲੱਗੇਗੀ।

ਸ਼ਾਮੋਂ ਦੀ ਭੈਣ ਡਾਕਟਰੀ ਦੀ ਪੜ੍ਹਾਈ ਕਰਕੇ ਬਰਾਜ਼ੀਲ ਚਲੀ ਗਈ ਹੈ। ਇਸ ਨੇ ਵੀ ਚਲੇ ਜਾਣਾ ਹੈ। ਦੋ ਵਾਰ ਪੀ. ਐਚ.ਡੀ. ਕਰਕੇ ਇੱਥੇ ਧੱਕੇ ਖਾ ਰਹੀ ਹੈ ਅਤੇ ਆਪਣੇ ਨਿਰਬਾਹ ਲਈ ਕਿਸੇ ਪ੍ਰੋਫੈਸਰ ਦੀ ਸੈਕਟਰੀ ਬਣ ਕੇ ਨੌਕਰੀ ਕਰ ਰਹੀ ਹੈ। ਹੋ ਸਕਦਾ ਹੈ ਪੈਰਿਸ ਵਿਚ ਰਹਿਣ ਦਾ ਸੁਪਨਾ ਅਧੂਰਾ ਰਹਿ ਜਾਵੇ ਕਿਉਂਕਿ ਇਸ ਨੂੰ ਕੋਈ ਜੀਵਨ ਸਾਥੀ ਨਹੀਂ ਮਿਲਿਆ। ਮੈਨੂੰ ਇਕ ਦੁੱਖ ਹੈ ਕਿ ਬਰਾਜ਼ੀਲ ਦਾ ਕਾਫਲਾ ਦੁਖੀ ਜਾ ਰਿਹਾ ਹੈ ਜਦਕਿ ਬਾਕੀ ਦੇਸ਼ਾਂ ਦੇ ਮਿੱਤਰ ਸਦੀਵੀ ਦੋਸਤੀ ਦੀ ਸੁਗਾਤ ਦੇ ਗਏ ਹਨ। ਮੇਰੀ ਆਸ ਹੈ ਕਿ ਸ਼ਾਮੋਂ ਨੂੰ ਜਾਂਦੀ ਵਾਰੀ ਸਨੇਹ ਭਰੀ ਗਲਵੱਕੜੀ ਪਾ ਕੇ ਵਿਦਾ ਕਰਾਂ। ਉਸ ਦੀਆਂ ਸਰੀਰਕ ਅਤੇ ਮਾਨਸਿਕ ਲੋੜਾਂ ਨੂੰ ਕੋਈ ਵੀ ਪੂਰਾ ਨਹੀਂ ਕਰ ਸਕਦਾ।

ਗੀਤਾਂ ਦੀ ਦੁਨੀਆਂ ਵਿਚ ਕਦੇ ਦਿਲ ਲੱਗ ਜਾਂਦਾ ਹੈ ਅਤੇ ਕਦੇ ਉਚਾਟ ਹੋ ਜਾਂਦਾ ਹੈ। ਅੱਗੇ ਪੰਜਾਬੀ ਗੀਤ ਅੱਛੇ ਲੱਗਦੇ ਸਨ, ਅੱਜ ਕੱਲ੍ਹ ਸੁਬੋਧ ਕੁਮਾਰੀ ਦੀ ਇਕ ਗਜ਼ਲ ਸੁਣਦਾ ਰਹਿੰਦਾ ਹਾਂ ਜਿਸ ਦੇ ਬੋਲ ਹਨ:

ਆਂਸ਼ੀਆ ਜਲ ਗਿਆ ਗੁਲਸਤਾਨ ਲੁੱਟ ਗਿਆ।
ਅਪਨਾ ਦਾਮਨ ਖੁਦ ਹੀ ਪਕੜ ਦੀਜੀਏ,
ਵਰਨਾ ਮੋਤੀ ਜਮੀਂ ਪਰ ਬਿਖਰ ਜਾਏਂਗੇ।
ਉਨਕੋ ਜਾ ਕਰ ਨਾ ਕਹਿਨਾ ਇਹ ਹਾਲੇ ਗਮ
ਅਪਨੇ ਮਿਟਨੇ ਕਾ ਡਰ ਤੋ ਨਹੀਂ ਹੈ ਮਗਰ,
ਡਰ ਹੈ ਕੇਸੂ ਉਨ ਹੀ ਕੇ ਬਿਖਰ ਜਾਏਂਗੇ।

ਇਸ ਗਜ਼ਲ ਦੇ ਅੱਖਰ ਅੱਖਰ ਵਿਚ ਕਹਿਰਾਂ ਦਾ ਬ੍ਰਿਹਾ ਹੈ। ਦਿਲ ਪ੍ਰਚਾਵੇ ਲਈ ਇਹ ਗੁਣ ਗੁਣਾਂਦਾ ਰਹਿੰਦਾ ਹਾਂ। ਤੇਰੇ ਕੇਸੂ ਤਾਂ ਅੱਗੇ ਹੀ ਸਫੈਦ ਹੋ ਕੇ ਬਿਖਰੇ ਪਏ ਹੋਣਗੇ।

ਇਕ ਅਮਰੀਕਨ ਜੋੜੀ ਮੇਰੀ ਦੋਸਤ ਬਣ ਗਈ ਹੈ ਅਤੇ ਗਵਰਧਨਾ ਦੀ ਜੋੜੀ ਵਾਂਗ ਮੇਰਾ ਖਾਲੀਪਨ ਭਰਨ ਵਿੱਚ ਕਾਰਗਾਰ ਸਿੱਧ ਹੋਈ ਹੈ। ਐਤਵਾਰ ਨੂੰ ਕਿਲ੍ਹਿਆਂ ਦੀ ਸੈਰ ਕਰਨ ਜਾਣਾ ਹੈ ਅਤੇ ਉਸ ਗਾਈਡ ਨੂੰ ਮਿਲਣ ਦੀ ਆਸ ਹੈ ਜੋ ਪਿਆਰ ਸੁਨੇਹਾ ਭੇਜਦੀ ਰਹਿੰਦੀ ਹੈ। ਗੁਰਬਖਸ਼ ਦੇ ਅਮਰੀਕਾ ਤੋਂ ਦੋ ਖਤ ਆ ਚੁੱਕੇ ਹਨ ਪਰ ਅਜੇ ਪੈਰਿਸ ਆਉਣ ਦੀ ਤਾਰੀਕ ਨਹੀਂ ਦੱਸੀ। ਇੰਗਲੈਂਡ ਤੋਂ ਇੰਦਰਜੀਤ (ਗੁਰਦਿਆਲ ਦਾ ਭਰਾ) ਸੁਨੇਹੇ ਭੇਜ ਰਿਹਾ ਹੈ। ਲੰਡਨ ਜ਼ਰੂਰ ਜਾਵਾਂਗਾ।

ਪਿਆਰ ਸਹਿਤ
ਹਰਦੇਵ

ਪੈਰਿਸ
16.11.71

ਪਿਆਰੀ ਰਾਨੀ,

ਸਤਿ ਸਿਰੀ ਅਕਾਲ। ਅੱਜ ਚਿੱਠੀ ਲਿਖਣ ਬਾਰੇ ਸੋਚਿਆ ਸੀ, ਸੋ ਸ਼ਾਮ ਨੂੰ ਚਾਰ ਪੱਤਰ ਮਿਲ ਗਏ। ਇਵੀਲੀਨਾ ਦਾ ਪੱਤਰ ਮਾਸਕੋ ਤੋਂ ਆਇਆ ਹੈ। ਕਹਿ ਰਹੀ ਹੈ ਕਿ ਵੋਵਾ (ਬੱਬਲ) ਲਈ ਆਪਣੀ ਭਤੀਜੀ ਦੀ ਫੋਟੋ ਅਗਲੇ ਪੱਤਰ 'ਚ ਭੇਜੇਗੀ। ਜੇਕਰ ਗਰਮੀਆਂ ਵਿਚ ਮੈਂ ਜਰਮਨੀ ਅਤੇ ਪੋਲੈਂਡ ਗਿਆ ਤਾਂ ਉਹ ਵੀ ਛੁੱਟੀਆਂ ਵਿਚ ਉਧਰ ਹੀ ਘੁੰਮਣ ਆਵੇਗੀ। ਇਕ ਕਾਰਡ ਲੰਡਨ ਤੋਂ ਮੇਰੇ ਫਰਾਂਸੀਸੀ ਮਿੱਤਰ ਟੋਨੇ ਨੇ ਭੇਜਿਆ ਅਤੇ ਇਕ ਖਤ ਗੁਰਬਖਸ਼ ਦੇ ਸਾਲੇ ਨਰਿੰਦਰਪਾਲ ਸਿੰਘ ਵਿਰਕ ਦਾ ਅਸੰਧ ਤੋਂ ਆਇਆ ਹੈ। ਆਮ ਤੌਰ ਤੇ ਹਰ ਹਫਤੇ ਪਿੱਛੋਂ ਤੇਰੇ ਵੱਲ ਖਤ ਲਿਖ ਭੇਜਦਾ ਹਾਂ ਪਰ ਕਦੇ ਕਦਾਈਂ ਡਾਕ ਵਿਚ ਦੇਰੀ ਹੋ ਜਾਂਦੀ ਹੈ ਜਿਸ ਕਰਕੇ ਤੈਨੂੰ ਚਿੱਠੀ ਦੀ ਉਡੀਕ ਕਰਨੀ ਪੈਂਦੀ ਹੈ।

ਰਾਤੀਂ ਫਰਾਂਸ ਦੇ ਜਰਮਨ ਬਾਰਡਰ ਨਾਲ ਲੱਗਦੇ ਸੂਬੇ ਐਲਸਾਸ ਦੀ ਸੈਰ ਕਰਕੇ ਚਾਰ ਦਿਨਾਂ ਬਾਅਦ ਵਾਪਸ ਪਰਤਿਆਂ ਹਾਂ। ਪਟਿਆਲੇ ਤੋਂ ਲਖਨਊ ਜਿੰਨਾ ਸਫਰ ਬੱਸ ਰਾਹੀਂ ਛੇ ਘੰਟੇ ਵਿਚ ਪੂਰਾ ਹੋ ਗਿਆ। ਰਸਤੇ ਵਿਚ ਦੋ ਜਗ੍ਹਾ ਰੁਕੇ ਅਤੇ ਸ਼ਾਮ ਤੱਕ ਸਟਰਾਸਬੁਰਗ ਸ਼ਹਿਰ ਪਹੁੰਚ ਗਏ। ਇਸ ਵਾਰ ਸਾਰੇ ਵੱਡੀ ਉਮਰ ਦੇ ਸਾਥੀ ਸਨ ਅਤੇ ਦੋ ਚਾਰ ਹੀ ਅਰਬੀ ਦੇਸ਼ਾਂ ਦੇ ਨੌਜਵਾਨ ਸ਼ਾਮਲ ਸਨ। ਪਰ ਉਹ 100 ਵਰਗੇ ਖੱਪੀ ਨਿਕਲੇ। ਦੱਖਣੀ ਅਮਰੀਕਾ ਦੇ ਦੇਸਾਂ ਅਤੇ ਪੋਲੈਂਡ ਦੀਆਂ ਕੁੜੀਆਂ ਨੂੰ ਇਨ੍ਹਾਂ ਵਖਤ ਪਾਈ ਰੱਖਿਆ। ਇਸ ਸੂਬੇ ਦੀ ਸ਼ਰਾਬ ਬਹੁਤ ਮਸ਼ਹੂਰ ਹੈ। ਕੁੜੀਆਂ ਪੂਰੀ ਪੂਰੀ ਬੋਤਲ ਪੀ ਜਾਂਦੀਆਂ। ਇਕ ਅਰਬੀ ਮੁਸਲਮਾਨ ਮੁੰਡਾ ਤਾਂ ਲੋਟ ਪੋਟ ਹੀ ਹੋ ਗਿਆ ਅਤੇ ਚੁੱਕ ਕੇ ਲਿਆਉਣਾ ਪਿਆ। ਹੁਣ ਕੁੜੀਆਂ ਉਸ ਦੀ ਭੁਗਤ ਸਵਾਰ ਰਹੀਆਂ ਸਨ ਜਦ ਕਿ ਬੱਸ ਵਿਚ ਉਹ ਮੱਛਰਿਆ ਹੋਇਆ ਸੀ। ਡਿਨਰ ਤੋਂ ਬਾਅਦ ਮੁੰਡੇ ਕੁੜੀਆਂ ਨਾਚ ਗਾਣੇ ਵਿਚ ਮਸਤ ਹੋ ਗਏ ਅਤੇ ਅੱਧੀ ਰਾਤ ਆਪਣੇ ਹੋਟਲ ਵਿਚ ਵਾਪਸ ਪਰਤੇ।

ਪਿਛਲੇ ਸਾਲ ਇਨ੍ਹਾਂ ਕੁੜੀਆਂ ਦਾ ਹੁਸਨ ਦੇਖ ਕੇ ਈਰਖਾ ਹੁੰਦੀ ਪਰ ਹੁਣ ਇਨ੍ਹਾਂ ਦਾ ਸਾਥ ਚੰਗਾ ਲੱਗਦਾ ਹੈ। ਮੈਨੂੰ ਪੱਗ ਕਰਕੇ ਸਭ ਮੁਸਲਮਾਨ ਹੀ ਸਮਝਦੇ ਹਨ। ਇਹ ਮੈਨੂੰ ਛੇੜਨ ਲਈ ਚਾਰ ਜਨਾਨੀਆਂ ਦਾ ਪਤੀ ਕਹਿੰਦੀਆਂ ਹਨ। ਮੈਂ ਕਿਹਾ ਮੇਰੀ ਤਾਂ ਇਕੋ ਪਤਨੀ ਹੈ। ਸਾਡੇ ਰਾਜੇ ਮਹਾਰਾਜੇ ਤਾਂ ਸੈਂਕੜੇ

ਰੱਖੀ ਬੈਠੇ ਸਨ। ਬਜ਼ਾਰਾਂ ਵਿਚੋਂ ਲੰਘਦਿਆਂ ਕਈ ਪੱਗ ਵਾਲੇ ਨੂੰ ਮਹਾਰਾਜਾ ਕਹਿ ਕੇ ਵੀ ਛੇੜਦੇ ਹਨ। ਅੰਗਰੇਜ਼ ਅਤੇ ਜਰਮਨ ਕੁੜੀਆਂ ਵਿਚ ਹੋਛਾਪਣ ਵਧੇਰੇ ਹੁੰਦਾ ਹੈ ਪਰ ਬਾਕੀ ਦੇਸ਼ਾਂ ਖਾਸ ਕਰਕੇ ਅਰਬੀ ਕੁੜੀਆਂ ਵਿਚ ਹਲੀਮੀ ਅਤੇ ਤਹਿਜ਼ੀਬ ਵਧੇਰੇ ਮਿਲਦੀ ਹੈ। ਹੁਣ ਇਹ ਸਭ ਮੇਰੇ ਪ੍ਰੀਵਾਰ ਦਾ ਹਿੱਸਾ ਬਣ ਗਈਆਂ ਹਨ। ਇਨ੍ਹਾਂ ਦੇ ਪਿਆਰ ਨੇ ਜੀਵਨ ਭਰਪੂਰ ਕਰ ਦਿੱਤਾ ਹੈ ਅਤੇ ਮਨ ਨੂੰ ਤਸੱਲੀ ਹੈ ਕਿ ਆਉਂਦਾ ਸਾਲ ਵੀ ਸਹੀ ਸਲਾਮਤ ਨਿਕਲ ਜਾਵੇਗਾ।

ਇਸ ਸੂਬੇ ਦੇ ਛੋਟੇ ਛੋਟੇ ਪਿੰਡ ਵੀ ਵੇਖੇ, ਬੱਚਿਆਂ ਨਾਲ ਖੇਡੇ ਅਤੇ ਫੋਟੋ ਖਿੱਚੇ। ਖੇਤੀ ਟਰੈਕਟਰਾਂ ਨਾਲ ਹੁੰਦੀ ਹੈ। ਇਕ ਘਰ ਵਿਚ ਚਰਖੇ, ਕੋਹਲੂ, ਚਾਟੀ ਅਤੇ ਸੰਦੂਕ ਸੰਭਾਲੇ ਹੋਏ ਵੇਖੇ ਜਿਸ ਨੂੰ ਵਿਰਾਸਤੀ ਘਰ ਕਿਹਾ ਜਾਂਦਾ ਹੈ। ਸਾਡੇ ਪੰਜਾਬ ਵਿਚ ਇਹ ਆਮ ਵਰਤੋਂ ਦੀਆਂ ਚੀਜਾਂ ਹਨ। ਅਮਰੀਕਨ ਸਾਥੀ ਤਾਂ ਬਹੁਤ ਹੈਰਾਨ ਹੋ ਰਹੇ ਸਨ ਪਰ ਸਾਡੇ ਲਈ ਇਹ ਕੋਈ ਅਚੰਭਾ ਨਹੀਂ। ਇਸ ਤੋਂ ਪਤਾ ਲੱਗਦਾ ਹੈ ਕਿ ਸਾਰੇ ਦੇਸ਼ਾਂ ਵਿਚ ਸਮਾਜਿਕ ਬਣਤਰ ਇਕੋ ਹੀ ਹੁੰਦੀ ਹੈ। ਵਿਗਿਆਨ ਅਤੇ ਤੈਕਨਾਲੋਜੀ ਨੇ ਫਰਕ ਪਾ ਦਿੱਤਾ ਹੈ ਜੋ ਹੌਲੀ ਹੌਲੀ ਸਾਡੇ ਦੇਸ਼ ਵਿਚ ਵੀ ਪੈ ਰਿਹਾ ਹੈ। ਮੌਸਮ ਠੰਡਾ ਸੀ ਅਤੇ ਉਚੀਆਂ ਇਮਾਰਤਾਂ ਉਪਰ ਬਰਫ ਪਈ ਹੋਈ ਸੀ। ਪੁਰਾਣੇ ਸ਼ਹਿਰ ਅਤੇ ਕਿਲ੍ਹੇ ਵੀ ਵੇਖੇ। ਫਰਾਂਸ ਦੀ ਸਰਕਾਰ ਪੁਰਾਣੀਆਂ ਇਮਾਰਤਾਂ ਦੀ ਸਾਂਭ ਸੰਭਾਲ ਦਾ ਖਾਸ ਖਿਆਲ ਰੱਖਦੀ ਹੈ।

ਇਸ ਟੂਰ ਉਪਰ ਮੈਂ ਆਪਣੀ ਛਤਰੀ ਗਵਾ ਆਇਆ ਹਾਂ। ਫੋਟੋ ਖਿੱਚਣ ਲੱਗਿਆਂ ਮੈਂ ਕਾਰ ਉਪਰ ਰੱਖੀ ਜਦ ਮੁੜ ਕੇ ਲੈਣ ਆਇਆ ਤਾਂ ਕਾਰ ਉਪਰੋਂ ਛਤਰੀ ਗਾਇਬ ਸੀ। ਹੋ ਸਕਦਾ ਹੈ ਕੋਈ ਗਲਤੀ ਨਾਲ ਲੈ ਗਿਆ ਹੋਵੇ। ਪਿਛਲੇ ਸਾਲ ਪੋਸਟ ਆਫਿਸ ਵਿਚ ਚਿੱਠੀ ਉਪਰ ਟਿਕਟਾਂ ਲਗਾ ਰਿਹਾ ਸੀ ਤਾਂ ਮੇਰੀ ਛਤਰੀ ਚੁੱਕੀ ਗਈ। ਬਾਰਸ਼ ਹੁੰਦੀ ਰਹਿੰਦੀ ਹੈ ਅਤੇ ਹਰ ਇਕ ਨੂੰ ਇਸ ਦੀ ਜਰੂਰਤ ਪੈਂਦੀ ਹੈ। ਪਿਛਲੀ ਚਿੱਠੀ ਵਿਚ ਰਾਜੇ ਦੇ ਦਾਖਲੇ ਦੀ ਗੱਲ ਲਿਖੀ ਹੈ। ਅਜੇ ਉਹ ਬਹੁਤ ਭੋਲਾ ਹੈ ਅਤੇ ਮੈਂ ਨਹੀਂ ਚਾਹੁੰਦਾ ਕਿ ਵਾਈ.ਪੀ.ਐਸ (YPS) ਦੇ ਸ਼ਰਾਰਤੀ ਬੱਚੇ ਉਸ ਨੂੰ ਤੰਗ ਕਰਨ। ਅੱਗੇ ਤੇਰੀ ਮਰਜੀ। ਜੇਕਰ ਇਸ ਦੇ ਹੋਰ ਸਾਥੀ ਵੀ ਉਸੇ ਸਕੂਲ ਜਾ ਰਹੇ ਹਨ ਤਾਂ ਚੰਗਾ ਸਾਥ ਹੋ ਜਾਵੇਗਾ। ਇਸ ਬਾਰੇ ਅਜੇ ਮੈਂ ਕੋਈ ਫੈਸਲਾ ਨਹੀਂ ਲੈ ਸਕਦਾ। ਮੇਰੀ ਇਹੋ ਚਿੰਤਾ ਹੈ ਕਿ ਉਥੋਂ ਦੇ ਸ਼ੋਖ ਵਾਤਾਵਰਣ ਵਿਚ ਇਹ ਸੁੰਗੜਿਆ ਜਿਹਾ ਮਹਿਸੂਸ ਨਾ ਕਰੇ। ਸਕੂਲਾਂ ਵਿਚ ਬੱਚੇ ਭੇਜਣਾ ਵੀ ਜੋਖਮ ਭਰਿਆ ਕੰਮ ਹੈ। ਯੂਨੀਵਰਸਿਟੀ

ਪਟਿਆਲੇ ਤੋਂ ਦੂਰ ਹੋਣ ਕਰਕੇ ਬੱਸਾਂ ਉਪਰ ਧੱਕੇ ਖਾਣੇ ਪੈਂਦੇ ਹਨ ਅਤੇ ਡਰਾਈਵਰ ਵੀ ਭਰੋਸੇਯੋਗ ਨਹੀਂ ਹਨ। ਇੱਥੇ ਤਾਂ ਸਕੂਲਾਂ ਅੱਗੋਂ ਕਾਰਾਂ ਹੌਲੀ ਹੋ ਕੇ ਲੰਘਦੀਆਂ ਹਨ ਅਤੇ ਸਪੀਡ ਲਿਮਿਟ ਤੋਂ ਵੀ ਘੱਟ ਰਫਤਾਰ ਰੱਖੀ ਜਾਂਦੀ ਹੈ। ਬੱਬਲ ਅਤੇ ਬਿੰਕੂ ਤਾਂ ਅਜੇ ਤੇਰੇ ਸਕੂਲ ਵਿਚ ਹੀ ਪੜ੍ਹਨਗੇ।

ਰਾਤੀਂ ਅਮਰੀਕਨ ਹੋਸਟਲ ਤੋਂ ਨੀਤਾ ਮਿਲਣ ਆਈ। ਉਸ ਨੇ ਆਪਣੀ ਮਾਂ ਅਤੇ ਭੈਣ ਲਈ ਕਰਿਸਮਸ ਦੇ ਤੋਹਫੇ ਭੇਜੇ। ਮੈਂ ਕਿਹਾ ਮੇਰੀ ਘਰਵਾਲੀ ਨੂੰ ਕੁਝ ਨਹੀਂ ਭੇਜ ਰਹੀ। ਉਸ ਨੇ ਤੇਰੇ ਲਈ ਇਕ ਤੌਲੀਆ ਅਤੇ ਇਕ ਸੈਂਟ ਦੀ ਸ਼ੀਸ਼ੀ ਦਿੱਤੀ ਹੈ। ਤੌਲੀਏ ਉਪਰ ਫਰਾਂਸ ਦੇ ਪਨੀਰ (Cheese) ਦੀਆਂ ਕਿਸਮਾਂ ਦੇ ਨਾਮ ਨਿਸ਼ਾਨ ਦਿੱਤੇ ਹੋਏ ਹਨ ਜੋ ਤੂੰ ਰਸੋਈ ਵਿਚ ਵਰਤ ਸਕਦੀ ਹੈਂ। ਰਾਜੇ ਦਾ ਜਨਮ ਦਿਨ 28 ਨਵੰਬਰ ਆ ਰਿਹਾ ਹੈ। ਉਸ ਲਈ ਕੋਈ ਤੋਹਫਾ ਢੂੰਢ ਰਿਹਾ ਹਾਂ। ਬੱਬਲ ਅਤੇ ਬਿੰਕੂ ਲਈ ਵੀ ਕੁਝ ਭੇਜਾਂਗਾ ਨਹੀਂ ਤਾਂ ਉਹ ਰੁੱਸ ਜਾਣਗੇ।

ਸਾਡੇ ਮਹਿਕਮੇ ਨੂੰ ਨਵੀਂ ਜਗਹ ਸ਼ਿਫਟ ਕਰ ਦਿੱਤਾ ਹੈ ਜਿਸ ਕਰਕੇ ਲੈਬ ਦਾ ਕੰਮ ਅਜੇ ਸ਼ੁਰੂ ਨਹੀਂ ਹੋ ਸਕਿਆ। ਸੁੰਦਰ ਦੇ ਪ੍ਰੋਫੈਸਰ ਦੀ ਭਾਲ ਕਰਨੀ ਹੈ ਕਿਉਂ ਕਿ ਉਹ ਦਸੰਬਰ ਵਿਚ ਰੋਇਆਂ ਤੋਂ ਪੈਰਿਸ ਆ ਰਿਹਾ ਹੈ। ਜੇਕਰ ਉਸ ਦਾ ਕੰਮ ਹੋ ਗਿਆ ਤਾਂ ਫਿਰ ਦਵਿੰਦਰ ਬਾਰੇ ਸੋਚ ਲਵਾਂਗੇ। ਮੈਂ ਚਾਹੁੰਦਾ ਹਾਂ ਕਿ ਉਹ ਦੋਵੇਂ ਪੈਰਿਸ ਦੀ ਦੁਨੀਆਂ ਦਾ ਅਨੰਦ ਮਾਣ ਸਕਣ ਜੋ ਸਾਡੀ ਕਿਸਮਤ ਵਿਚ ਨਹੀਂ ਸੀ ਲਿਖਿਆ। ਸਕਾਰਫ ਤਾਂ ਮਿਲ ਗਏ ਪਰ ਮੈਂ ਆਪਣੇ ਲਈ ਮਫਲਰ ਮੰਗਵਾਉਣਾ ਭੁੱਲ ਗਿਆ। ਹੁਣ ਲੰਡਨ ਜਾ ਕੇ ਹੀ ਖਰੀਦਾਂਗਾ। ਪੈਰਿਸ ਵਿਚ ਤਾਂ ਕਦੇ ਕਮੀਜ਼ ਤੱਕ ਨਹੀਂ ਖਰੀਦੀ। ਇੱਥੇ ਸਭ ਮੁੰਡੇ, ਕੁੜੀਆਂ, ਮਜ਼ਦੂਰ ਅਮਰੀਕਾ ਦੇ ਕੱਪੜੇ ਦੀਆਂ ਜੀਨਾਂ ਪਾਈ ਫਿਰਦੇ ਹਨ। ਕਈ ਤਾਂ ਵੀਅਤਨਾਮ ਦੇ ਫੌਜੀਆਂ ਦੀ ਰੀਸ ਉਨ੍ਹਾਂ ਦੇ ਕੱਪੜੇ ਪਾਈ ਫਿਰਦੇ ਹਨ। ਵੀਅਤਨਾਮ ਫਰਾਂਸ ਦੀ ਕਲੋਨੀ (ਬਸਤੀ) ਸੀ ਅਤੇ ਇਹ ਅਮਰੀਕਾ ਦੇ ਵਿਰੋਧ ਖਾਤਰ ਇਹ ਪਹਿਰਾਵਾ ਪਹਿਨਦੇ ਹਨ।

ਇਥੇ ਕੋਈ ਪਹਿਰਾਵਾ ਪਹਿਨ ਲਵੋ, ਸਭ ਚੱਲਦਾ ਹੈ। ਦਾੜ੍ਹੀ ਖੁੱਲ੍ਹੀ ਨਾਲ ਚਲੇ ਜਾਉ, ਚਾਹੇ ਸਿਰ ਦੇ ਵਾਲ ਖੋਲ੍ਹ ਕੇ ਜਾਵੋ, ਕੋਈ ਪ੍ਰਵਾਹ ਨਹੀਂ ਕਰਦਾ। ਗਰੀਨੋਬਲ ਵਿਚ ਰਹਿ ਕੇ ਇਹ ਤਜ਼ਰਬਾ ਕਰ ਆਇਆ ਹਾਂ। ਹੋਰ ਸਭ ਠੀਕ ਹੈ। ਬੱਚਿਆਂ ਨੂੰ ਪਿਆਰ। ਮਾਤਾ ਜੀ ਨੂੰ ਮੱਥਾ ਟੇਕਣਾ।

ਪਿਆਰ ਸਹਿਤ,
ਤੇਰਾ ਹਰਦੇਵ

ਪੈਰਿਸ
29.11.71

ਪਿਆਰੀ ਰਾਨੀ,

ਸਤਿ ਸਿਰੀ ਅਕਾਲ।

ਪਿਛਲੇ ਹਫਤੇ ਦੀਆਂ ਖਬਰਾਂ ਤੋਂ ਕਾਫੀ ਘਬਰਾਹਟ ਹੋ ਰਹੀ ਸੀ ਕਿ ਲੜਾਈ ਲੱਗਣ ਵਾਲੀ ਹੈ ਅਤੇ ਤੁਹਾਡਾ ਕੀ ਬਣੇਗਾ। ਹਰ ਰੋਜ਼ ਅਖਬਾਰ ਅਤੇ ਮੇਰੇ ਚੀਨੀ ਗਾਈਡ ਤੋਂ ਖਬਰ ਮਿਲ ਜਾਂਦੀ ਹੈ। ਇਹ ਰੂਸ ਦੇ ਵਿਰੋਧੀ ਹੋਣ ਕਰਕੇ ਪਾਕਿਸਤਾਨ ਦੀ ਮੱਦਦ ਕਰਦੇ ਹਨ ਅਤੇ ਹਰ ਖਬਰ ਮਸਾਲਾ ਲਗਾ ਕੇ ਦੱਸਦਾ ਹੈ। ਸਾਡੇ ਹੋਸਟਲ ਵਿਚ ਬੰਗਾਲੀ ਆਰਟਿਸਟ ਭਾਰਤ ਤੋਂ ਆ ਕੇ ਪ੍ਰੋਗਰਾਮ ਕਰ ਰਹੇ ਹਨ ਤਾਂ ਕਿ ਬੰਗਲਾ ਦੇਸ਼ ਦੀ ਮੱਦਦ ਲਈ ਸਹਾਇਤਾ ਫੰਡ ਇਕੱਠਾ ਕੀਤਾ ਜਾ ਸਕੇ। ਪਿਛਲੇ ਹਫਤੇ ਅਪਰਨਾ ਚੱਕਰਵਰਤੀ ਨੇ ਸਿਤਾਰ ਉਪਰ ਇਕ ਪ੍ਰੋਗਰਾਮ ਪੇਸ਼ ਕੀਤਾ ਸੀ ਜਿਸ ਵਿਚ ਅੰਤਰ-ਰਾਸ਼ਟਰੀ ਹੋਸਟਲ ਦੇ ਵਿਦਿਆਰਥੀ ਵੀ ਸ਼ਾਮਲ ਹੋਏ ਸਨ। ਅਮਰੀਕਾ ਅਤੇ ਚੀਨ ਤਾਂ ਪਾਕਿਸਤਾਨ ਦੇ ਹਮਾਇਤੀ ਹਨ ਪਰ ਰੂਸ ਅਤੇ ਫਰਾਂਸ ਭਾਰਤ ਦੀ ਮੱਦਦ ਕਰ ਰਹੇ ਹਨ। ਉਮੀਦ ਹੈ ਬੰਗਲਾਦੇਸ਼ ਦਾ ਸੁਪਨਾ ਸਾਕਾਰ ਹੋ ਕੇ ਰਹੇਗਾ।

ਐਲਸਾਸ ਦੀ ਯਾਤਰਾ ਤੋਂ ਬਾਅਦ ਸਾਰੇ ਗਰੁੱਪ ਨੇ ਇਕ ਪਾਰਟੀ ਦਾ ਪ੍ਰਬੰਧ ਕੀਤਾ ਜਿਸ ਵਿਚ ਮੈਂ ਵੀ ਸ਼ਾਮਲ ਹੋਇਆ ਅਤੇ ਨਵੇਂ ਬਣੇ ਦੋਸਤਾਂ ਨਾਲ ਯਾਦਾਂ ਸਾਂਝੀਆਂ ਕੀਤੀਆਂ। ਨੀਤਾ ਨੇ ਤੇਰਾ ਐਡਰੈਸ ਮੰਗਿਆ ਸੀ ਤਾਂ ਕਿ ਮਾਲਾ ਦੇ ਤੋਹਫੇ ਬਦਲੇ ਉਹ ਕੋਈ ਤੋਹਫਾ ਤੈਨੂੰ ਭੇਜ ਸਕੇ। ਮੈਂ ਮਨਾ ਕਰ ਦਿੱਤਾ ਕਿਉਂਕਿ ਉਹ ਆਪਣੀ ਪੜ੍ਹਾਈ ਦਾ ਖਰਚ ਪੂਰਾ ਕਰਨ ਲਈ ਕਿਸੇ ਸ਼ਾਪ ਤੇ ਕੰਮ ਕਰਦੀ ਹੈ। ਮੈਂ ਕਿਹਾ ਤੂੰ ਚਿੱਠੀ ਲਿਖ ਕੇ ਹੀ 'ਥੈਂਕ ਯੂ' ਕਹਿ ਦੇਣਾ। ਤੇਰਾ ਭੇਜਿਆ ਸਕਾਰਫ ਸ਼ਾਮੋਂ ਦੇ ਗਲ ਵਿਚ ਫਬਦਾ ਹੈ ਅਤੇ ਮਾਲਾ ਨੀਤਾ ਦੇ ਗਲੇ ਦੁਆਲੇ। ਸ਼ਾਮੋਂ ਵੀ ਮੇਰਾ ਸ਼ੁਕਰੀਆ ਕਰ ਰਹੀ ਸੀ। ਮੈਂ ਕਿਹਾ ਭੇਜਣ ਵਾਲੀ ਦਾ ਸ਼ੁਕਰੀਆ ਕਰ। ਉਹ ਹੱਸ ਕੇ ਕਹਿਣ ਲੱਗੀ ਕਿ ਤੁਸੀਂ ਦੋਵੇਂ ਹੁਣ ਮੇਰੇ ਗਲ ਨਾਲ ਲਿਪਟੇ ਰਹਿੰਦੇ ਹੋ। ਮੈਂ ਸੋਚਿਆ ਇਹ ਤਾਂ ਸਾਡੀ ਸਭਿਅਤਾ ਦੇ ਸ਼ਬਦ ਬੋਲ ਰਹੀ ਹੈ, ਹੋ ਸਕਦਾ ਹੈ ਇਸ ਦੀ ਕਾਇਆ ਪਲਟ ਗਈ ਹੋਵੇ। ਸੋ ਇਕ ਦੀ ਥਾਂ ਹੁਣ ਸਾਨੂੰ ਦੋਵਾਂ ਨੂੰ ਆਪਣੇ ਸਮਝਣ ਲੱਗ ਪਈ ਹੈ।

ਪਿਛਲੀ ਚਿੱਠੀ ਵਿਚ ਦੋ ਫੋਟੋ ਭੇਜੇ ਸਨ, ਇਕ ਹੰਗਰੀ ਦੀ ਪ੍ਰੋਫੈਸਰ ਨਾਲ

ਹੈ ਅਤੇ ਦੂਸਰੀ ਚੈਕੋਸਲਵਾਕੀਆ ਦੀ ਡਾਕਟਰ ਨਾਲ, ਜਦੋਂ ਅਸੀਂ ਸਮੁੰਦਰ ਦੇ ਕਿਨਾਰੇ ਪਹਾੜੀ ਤੇ ਬਣੇ ਸੇਂਟ ਮੀਸ਼ੇਲ ਗਿਰਜਾਘਰ ਦੀ ਸੈਰ ਉਪਰ ਗਏ ਸਾਂ। ਇਹ ਦੋਵੇਂ ਫਰੈਂਚ ਪੜ੍ਹਨ ਆਈਆਂ ਸਨ। ਹੰਗਰੀ ਦੀ 'ਸਜਾਲੇ' ਤਾਂ ਵਾਪਸ ਜਾ ਚੁੱਕੀ ਹੈ। ਫੋਟੋ ਵਿਚ ਅਸੀਂ ਗਿਰਜਾਘਰ ਦੀਆਂ ਪੌੜੀਆਂ ਉਪਰ ਖੜੇ ਹਾਂ ਅਤੇ ਸਾਡੇ ਹੋਰ ਸਾਥੀ ਪਿਛੋਕੜ ਵਿਚ ਨਜ਼ਰ ਆ ਰਹੇ ਹਨ। ਦੂਸਰੀ ਫੋਟੋ ਵਿਚ 'ਸੂਜਾਨਾ' ਛੇ ਫੁੱਟ ਲੰਮੀ ਡਾਕਟਰ ਕੁੜੀ ਮੇਰੇ ਨਾਲ ਖੜੀ ਹੈ। ਇਹ ਆਪਣੀ ਮਾਂ ਦੀ ਇਕਲੋਤੀ ਧੀ ਹੈ। ਜੇਕਰ ਪੋਲੈਂਡ ਗਿਆ ਤਾਂ ਚੈਕੋਸਲਵਾਕੀਆ ਦੇ ਰਸਤੇ ਜਾਂਦਾ ਹੋਇਆ ਇਸ ਨੂੰ ਮਿਲ ਜਾਵਾਂਗਾ। ਸਮੁੰਦਰ ਦੇ ਕੰਢੇ ਖੜ੍ਹਿਆਂ ਦੀ ਇਹ ਫੋਟੋ ਸਭ ਨੇ ਪਸੰਦ ਕੀਤੀ ਹੈ, ਮੈਂ ਕਿਹਾ ਤੈਨੂੰ ਵੀ ਭੇਜ ਦੇਵਾਂ। ਪੂਰਬੀ ਯੂਰਪ ਦੀਆਂ ਔਰਤਾਂ ਪੱਛਮੀ ਯੂਰਪ ਦੀਆਂ ਔਰਤਾਂ ਦੇ ਮੁਕਾਬਲੇ ਸਾਡੀਆਂ ਔਰਤਾਂ ਨਾਲ ਵਧੇਰੇ ਮੇਲ ਖਾਂਦੀਆਂ ਹਨ।

ਸੁਪਨਿਆਂ ਦੀ ਦੁਨੀਆਂ ਮੇਰਾ ਖਹਿੜਾ ਨਹੀਂ ਛੱਡਦੀ। ਅਚੇਤ ਮਨ ਵਿਚ ਦੱਬੀਆਂ ਯਾਦਾਂ ਸੁਪਨੇ ਬਣ ਕੇ ਪ੍ਰਗਟ ਹੋ ਜਾਂਦੀਆਂ ਹਨ। ਇਹ ਮੇਰੇ ਬਚਪਨ ਦੇ ਬੀਤੇ ਉਸ ਖਤਰਨਾਕ ਸਮੇਂ ਦੇ ਹਨ ਜਦੋਂ ਘਰ-ਘਾਟ ਹੀ ਉਜੜ ਗਿਆ ਸੀ। ਅਸੀਂ ਮਾਂ-ਪੁੱਤ ਰੱਬ ਆਸਰੇ ਦਿਨ ਕਟੀ ਕਰ ਰਹੇ ਸਾਂ। ਇਨ੍ਹਾਂ ਸੁਪਨਿਆਂ ਵਿਚ ਦਰਦਨਾਕ ਘਟਨਾਵਾਂ ਅਤੇ ਮੌਤ ਵਰਗਾ ਡਰ ਹੁੰਦਾ ਹੈ ਜੋ ਉਸ ਸਮੇਂ ਦੀ ਅਸਲੀਅਤ ਦਾ ਪ੍ਰਛਾਵਾਂ ਹੀ ਜਾਪਦਾ ਹੈ। ਕਦੇ ਗਿਆਨੀ ਨਰਿੰਜਨ ਸਿੰਘ ਦਾ ਆਸ਼ਰਮ ਵੀ ਸੁਪਨੇ ਵਿਚ ਆ ਜਾਂਦਾ ਹੈ। ਅੱਜ ਰਾਤ ਤੂੰ ਮੇਰੇ ਸਿਰ ਵਿਚ ਕੰਘੀ ਕਰ ਰਹੀ ਸੀ ਕਿ ਇਸ ਦਾ ਇਕ ਦੰਦਾ ਟੁੱਟ ਗਿਆ। ਤਾਜਾ ਹੋਣ ਕਰਕੇ ਇਹ ਸੁਪਨਾ ਯਾਦ ਰਿਹਾ ਹੈ। ਨੀਤਾ ਦਾ ਦੋਸਤ ਰਿਚਰਡ ਆਪਣੇ ਸੁਪਨੇ ਦੇ ਆਧਾਰ ਤੇ ਪੇਟਿੰਗ ਬਣਾ ਰਿਹਾ ਸੀ। ਮੈਂ ਰਾਤ ਵਾਲਾ ਸੁਪਨਾ ਦੱਸਿਆ ਤਾਂ ਕਹਿੰਦਾ, "ਤੇਰੀ ਘਰਵਾਲੀ ਤੇਰੇ ਖਿਆਲਾਂ ਵਿਚ ਡੁੱਬੀ ਹੋਵੇਗੀ ਅਤੇ ਕਿਤੇ ਖਿਆਲ ਉਲਝ ਗਿਆ ਹੋਵੇਗਾ, ਜੋ ਦੰਦੇ ਦੇ ਟੁੱਟਣ ਵਿਚ ਪ੍ਰਗਟ ਹੋਇਆ ਹੈ।" ਰਿਚਰਡ ਆਪਣੇ ਸੁਪਨਿਆਂ ਉਪਰ ਖੋਜ ਕਰ ਰਿਹਾ ਹੈ ਅਤੇ ਹਰ ਸੁਪਨੇ ਨੂੰ ਪੇਂਟਿੰਗ ਦੇ ਰੂਪ ਵਿਚ ਪੇਸ਼ ਕਰਦਾ ਹੈ। ਉਸ ਨੇ ਮੇਰੇ ਸੁਪਨੇ ਦਾ ਵਿਸ਼ਲੇਸ਼ਣ ਕੀਤਾ ਹੈ।

ਰੂਸ ਅਤੇ ਅਮਰੀਕਾ ਦੀ ਸੈਰ ਬਾਰੇ ਸੋਚਿਆ ਸੀ ਪਰ ਮਹਿੰਗਾਈ 20 ਪ੍ਰਤੀਸ਼ਤ ਤੋਂ ਵੀ ਵਧੀਕ ਹੋ ਗਈ ਹੈ ਅਤੇ ਫਜ਼ੀਫੇ ਵਿਚੋਂ ਬੱਚਤ ਘੱਟ ਗਈ। ਇਵੀਲੀਨਾ ਪੋਲੈਂਡ ਆ ਰਹੀ ਹੈ ਅਤੇ ਰੂਸ ਜਾਣ ਦੀ ਬਜਾਏ ਰਸਤੇ ਵਿਚ ਹੀ

ਟਾਕਰਾ ਹੋ ਜਾਵੇਗਾ, ਮਾਸਕੋ ਦੇ ਅੱਧ ਵਿਚ। ਸਰਦੀ ਵੱਧ ਰਹੀ ਹੈ। ਪੈਰਿਸ ਵਾਲੇ ਤਾਂ ਸਰਦੀ ਤੋਂ ਡਰਦੇ ਹਨ ਪਰ ਸਾਨੂੰ ਚੰਗੀ ਲੱਗਦੀ ਹੈ। ਕੰਮ ਦੀ ਰਫਤਾਰ ਤੇਜ ਹੋ ਜਾਂਦੀ ਹੈ। ਵੇਖੀਏ ਵਾਪਸ ਆ ਕੇ ਕੀ ਹਾਲ ਹੋਵੇਗਾ ਪੰਜਾਬ ਦੀ ਗਰਮੀ ਵਿਚ।

ਬੱਚਿਆਂ ਨੂੰ ਪਿਆਰ। ਮਾਤਾ ਜੀ ਨੂੰ ਸਤਿ ਸਿਰੀ ਅਕਾਲ

ਪਿਆਰ ਸਹਿਤ,
ਤੇਰਾ
ਹਰਦੇਵ

ਪੈਰਿਸ
6.12.71

ਡੀਅਰ ਰਾਨੀ,

ਸ਼ਾਇਦ ਇਹ ਖਤ ਇੰਨੀ ਛੇਤੀ ਨਾ ਪਹੁੰਚੇ ਪਰ ਖਿਆਲਾਂ ਰਾਹੀਂ ਸ਼ੁਕਰਵਾਰ ਵਾਲੇ ਦਿਨ ਤੋਂ ਹੀ ਆਪ ਸਭ ਵੱਲ ਮੇਰਾ ਧਿਆਨ ਰਹਿੰਦਾ ਹੈ। ਕੁਝ ਦਿਨਾਂ ਤੋਂ ਰਾਤੀਂ ਦੇਰ ਨਾਲ ਲੈਬ ਤੋਂ ਮੁੜਦਾ ਹਾਂ ਪਰ ਸ਼ੁਕਰਵਾਰ 8 ਵਜੇ ਰੋਟੀ ਖਾਂਦਿਆਂ ਹੀ ਧਿਆਨ ਬੱਚਿਆਂ ਵੱਲ ਚਲਿਆ ਗਿਆ। ਸਮਾਂ ਪਾਸ ਕਰਨ ਲਈ ਮੈਂ ਕਿਸੇ ਸੱਜਣ ਕੋਲ ਚਲਿਆ ਗਿਆ। ਉਸ ਨੇ ਦੱਸਿਆ ਕਿ ਇੰਡੀਆ-ਪਾਕਿਸਤਾਨ ਦੀ ਲੜਾਈ ਅੱਜ ਸ਼ੁਰੂ ਹੋ ਗਈ ਹੈ। ਮੇਰਾ ਖਿਆਲ ਠੀਕ ਹੀ ਰਿਹਾ ਕਿਉਂ ਕਿ ਇੱਥੇ ਅੱਠ ਵਜੇ ਸਨ ਜਦ ਕਿ ਇੰਡੀਆ ਵਿਚ ਅੱਧੀ ਰਾਤ ਦਾ ਸਮਾਂ ਸੀ ਅਤੇ ਪੰਜਾਬ ਉਪਰ ਪਹਿਲੀ ਬੰਬਾਰੀ ਹੋਈ ਹੈ। ਖਿਆਲ ਭੁਲਾਉਣ ਲਈ ਖੋਜ ਕੰਮ ਵਿਚ ਮਸਤ ਰਹਿਣਾ ਠੀਕ ਸਮਝਿਆ ਅਤੇ ਸ਼ਨੀਵਾਰ ਦਾ ਦਿਨ ਚੰਗਾ ਬੀਤ ਗਿਆ।

ਅੱਜ ਐਤਵਾਰ 8 ਵਜੇ ਟੀ.ਵੀ. ਤੇ ਲੜਾਈ ਦੀਆਂ ਖਬਰਾਂ ਸੁਣੀਆਂ ਤਾਂ ਮਨ ਉਦਾਸ ਹੋ ਗਿਆ। ਖਤ ਲਿਖਣ ਦਾ ਹੀਆ ਨਾ ਪਿਆ, ਕੀ ਪਤਾ ਲੜਾਈ ਕਰ ਕੇ ਚਿੱਠੀ ਹੀ ਨਾ ਪਹੁੰਚੇ। ਫਿਰ ਸੋਚਿਆ ਆਪਣੇ ਮਨ ਦਾ ਬੋਝ ਹਲਕਾ ਹੋ ਜਾਵੇਗਾ ਅਤੇ ਹਾਲਾਤ ਤੋਂ ਜਾਣੂ ਹੋ ਜਾਵਾਂਗਾ। ਇੱਥੇ ਰਾਤ ਦਾ ਤਾਪਮਾਨ ਸਿਫ਼ਰ ਹੋ ਜਾਂਦਾ ਹੈ ਪਰੰਤੂ ਕਮਰੇ ਨਿੱਘੇ ਰਹਿੰਦੇ ਹਨ। ਬੱਚਿਆਂ ਨਾਲ ਰਾਤ ਦੀ ਬੰਬਾਰੀ ਵੇਲੇ ਬੰਕਰ ਵਿਚ ਰਹਿਣਾ ਕਠਿਨ ਸਮੱਸਿਆ ਹੋਵੇਗੀ। ਇਹ ਚੇਤੇ ਕਰਕੇ ਦਿਲ ਘਾਬਰ ਜਾਂਦਾ ਹੈ। ਪਤਾ ਲੱਗਿਆ ਹੈ ਕਿ ਭਾਰਤੀ ਫੌਜਾਂ ਨੇ ਢਾਕਾ ਫਤਹਿ ਕਰ ਲਿਆ ਹੈ ਅਤੇ ਬੰਗਲਾ ਦੇਸ਼ ਇਕ ਆਜ਼ਾਦ ਮੁਲਕ ਹੋਵੇਗਾ। ਦੋਵੇਂ ਪਾਸੇ ਕਾਫੀ ਨੁਕਸਾਨ ਹੋਇਆ ਹੈ ਖਾਸ ਕਰਕੇ ਪੂਰਬੀ ਬੰਗਾਲ ਦੀ ਜਨਤਾ ਅਤੇ ਲੜਾਕੂ ਗੁਰੀਲਿਆਂ ਦਾ।

ਤੈਨੂੰ ਪਹਿਲਾਂ ਵੀ ਲਿਖਿਆ ਸੀ ਕਿ ਇਹ ਲੜਾਈ ਹੋ ਕੇ ਰਹੇਗੀ। ਅਮਨ ਨਾਲ ਇਹ ਮਸਲੇ ਹੱਲ ਨਹੀਂ ਹੋ ਸਕਦੇ। ਸੀਕਿਉਰਿਟੀ ਕੌਂਸਲ ਵਿਚ ਚੀਨ ਅਤੇ ਅਮਰੀਕਾ ਨੇ ਪਾਕਿਸਤਾਨ ਦੀ ਮੱਦਦ ਕੀਤੀ ਅਤੇ ਰੂਸ ਇੰਡੀਆ ਦੇ ਹੱਕ ਵਿਚ ਭੁਗਤਿਆ। ਉਮੀਦ ਹੈ ਕਿ ਗੁਰੂ ਭਾਰਤੀ ਫੌਜਾਂ ਨੂੰ ਕਾਮਯਾਬੀ ਬਖਸ਼ੇਗਾ। ਮੇਜਰ ਜਨਰਲ ਸ਼ਬੇਗ ਸਿੰਘ ਅਤੇ ਜਨਰਲ ਜਗਜੀਤ ਸਿੰਘ ਅਰੋੜਾ ਬੰਗਲਾਦੇਸ਼ ਦੇ

ਹੀਰੋ ਹੋਣਗੇ। ਪਾਕਿਸਤਾਨ ਦਾ ਪੂਰਬੀ ਹਿੱਸਾ ਤਾਂ ਆਜ਼ਾਦ ਹੋ ਕੇ ਹੀ ਰਹੇਗਾ।

ਕੱਲ੍ਹ ਆਪ ਦੇ ਖਤ ਦੀ ਉਡੀਕ ਕਰਾਂਗਾ। ਡਾ. ਮਲਿਕ ਅਤੇ ਹੋਰ ਸਾਥੀ ਵੀ ਲੜਾਈ ਦੀ ਖਬਰ ਬਾਰੇ ਪੁੱਛਦੇ ਸਨ। ਮੈਂ ਕਿਹਾ ਉਹ ਚਿੱਠੀਆਂ ਵਿਚ ਮਾੜੀਆਂ ਖਬਰਾਂ ਨਹੀਂ ਭੇਜਦੀ ਤਾਂ ਕਿ ਮੈਂ ਖਾਹ-ਮਖਾਹ ਪ੍ਰੇਸ਼ਾਨ ਨਾ ਹੋਵਾਂ। ਮਲਿਕ ਤਾਂ ਹਮੇਸ਼ਾਂ ਤੇਰੀ ਤਾਰੀਫ ਕਰਦਾ ਰਹਿੰਦਾ ਹੈ। ਮੇਰੀ ਅਣਹੋਂਦ ਦਾ ਫਰਕ ਤਾਂ ਜਰੂਰ ਪੈਂਦਾ ਹੈ ਪਰ ਕਰ ਕੀ ਸਕਦੇ ਹਾਂ। ਆਪਣੇ ਵਿਸ਼ਵਾਸ ਤੇ ਰਹਿਣਾ, ਗੁਰੂ ਨੂੰ ਹਮੇਸ਼ਾਂ ਅੰਗ ਸੰਗ ਮਹਿਸੂਸ ਕਰਨਾ। ਜੇਕਰ ਤੁਸੀਂ ਘਬਰਾ ਗਈਆਂ ਤਾਂ ਬੱਚਿਆਂ ਦੇ ਮਨਾਂ ਉਪਰ ਬੁਰਾ ਅਸਰ ਪਵੇਗਾ। ਉਹ ਸਹਿਮ ਜਾਣਗੇ। ਜਿਵੇਂ ਬਾਕੀ ਲੋਕ ਰਾਤ ਗੁਜਾਰਦੇ ਹਨ, ਤੁਸੀਂ ਵੀ ਬੱਚਿਆਂ ਨਾਲ ਗੁਜਾਰੋ। ਦੌੜ ਭੱਜ ਕਰਨ ਦੀ ਲੋੜ ਨਹੀਂ, ਜਲਦੀ ਹੀ ਲੜਾਈ ਖਤਮ ਹੋ ਜਾਵੇਗੀ। ਦਿਨ ਤਾਂ ਗੁਜ਼ਰ ਜਾਂਦਾ ਹੈ, ਰਾਤ ਭਿਆਨਕ ਰੂਪ ਧਾਰ ਕੇ ਆ ਜਾਂਦੀ ਹੈ।

ਪੈਰਿਸ ਦੇ ਲੋਕ ਤਾਂ ਹਰ ਤਰ੍ਹਾਂ ਬੰਗਾਲੀਆਂ ਦੇ ਨਾਲ ਹਨ। ਕੱਲ੍ਹ ਦੀ ਖਬਰ ਸੀ ਕਿ ਕਿਸੇ ਫਰਾਂਸੀਸੀ ਨੇ ਪਾਕਿਸਤਾਨੀ ਜਹਾਜ ਉਡਾ ਦੇਣ ਦੀ ਸਕੀਮ ਬਣਾਈ। ਉਸ ਨੇ ਵੀਹ ਟਨ ਦਵਾਈਆਂ ਭੇਜਣ ਦੀ ਮਨਜ਼ੂਰੀ ਲਈ ਅਤੇ ਵਿਚ ਵਿਸਫੋਟਕ ਵੀ ਭਰ ਲਏ। ਜਦੋਂ ਜਹਾਜ ਵਿਚ ਦਵਾਈਆਂ ਲੋਡ ਕਰ ਰਹੇ ਸਨ ਤਾਂ ਮਜ਼ਦੂਰ ਬਣ ਕੇ ਪੈਰਿਸ ਦੀ ਖੁਫੀਆ ਪੁਲੀਸ ਵੀ ਸ਼ਾਮਲ ਸੀ। ਪੁਲੀਸ ਨੇ ਸੂਹ ਮਿਲਣ ਤੇ ਕਾਰਵਾਈ ਕੀਤੀ ਅਤੇ ਉਸ ਬੰਦੇ ਨੂੰ ਓਰਲੀ ਏਅਰਪੋਰਟ ਤੇ ਹੀ ਕੈਦ ਕਰ ਲਿਆ।

ਪਤਾ ਨਹੀਂ ਦੂਰ ਹੋਣ ਕਰਕੇ ਤੁਹਾਡੀ ਚਿੰਤਾ ਲੱਗੀ ਰਹਿੰਦੀ ਹੈ। ਮੇਰੇ ਵੱਲੋਂ ਬੇਫਿਕਰ ਹੋ ਕੇ ਰਹੋ। ਭਾਵੇਂ ਇੰਨੀ ਜਲਦੀ ਤਾਂ ਨਹੀਂ ਪਰ ਆਪਣੇ ਸਮੇਂ ਅੰਦਰ ਹੀ ਕੰਮ ਮੁਕਾ ਕੇ ਮੁੜਾਂਗਾ। ਜਦੋਂ ਆਸ ਹੋਵੇ ਤਾਂ ਕੰਮ ਵਿਚ ਦਿਨ ਰਾਤ ਜੁਟ ਜਾਂਦਾ ਹਾਂ। ਭਾਵੇਂ ਮਾਈਕਰੋਸਕੋਪ ਤੇ ਕੰਮ ਕਰਨ ਨਾਲ ਅੱਖਾਂ ਵੀ ਸੁੱਜ ਜਾਂਦੀਆਂ ਹਨ। ਤੇਰੇ ਆਸਰੇ ਪੈਰਿਸ ਦਾ ਸਮਾਂ ਵੀ ਗੁਜ਼ਰ ਜਾਵੇਗਾ। ਦਸੰਬਰ ਵਿਚ ਸੈਰ ਦਾ ਪ੍ਰੋਗਰਾਮ ਕੈਂਸਲ ਕਰਨ ਦੀ ਸੋਚ ਰਿਹਾ ਸੀ। ਇਕ ਕੰਪਨੀ ਨੇ 400 ਫਰੈਂਕ ਭੇਜ ਦਿੱਤੇ ਅਤੇ ਮੇਰੀ ਫੋਟੋ ਆਪਣੀ ਮਸ਼ਹੂਰੀ ਲਈ ਵਰਤੀ। ਭਾਵੇਂ ਇਹੋ ਜਿਹਾ ਕੰਮ ਪੈਰਿਸ ਵਿਚ ਪੈਸੇ ਕਮਾਉਣ ਲਈ ਚੱਲ ਸਕਦਾ ਹੈ ਪਰ ਇਸ ਤੋਂ ਨਫਰਤ ਹੀ

ਚੰਗੀ। ਗਲੀ, ਬਜਾਰ ਅਤੇ ਬੱਸਾਂ ਵਿਚ ਮੇਰੀ ਫੋਟੋ ਛਪੀ ਹੋਣ ਕਰਕੇ ਪਛਾਣ ਲੈਂਦੇ ਹਨ।

ਭੇਜਣ ਲਈ ਕੋਈ ਚੀਜ ਨਹੀਂ ਲੱਭੀ। ਗਵਰਧਨਾ ਨੇ ਚਿੱਠੀ ਵਿਚ ਮੇਰੀਆਂ ਯੂਗੋਸਲਾਵੀਆ ਦੀਆਂ ਫੋਟੋ ਭੇਜੀਆਂ ਹਨ। ਫਿਰ ਕਦੇ ਭੇਜ ਦਿਆਂਗਾ। ਖਤ ਮਿਲੇ ਦਾ ਜ਼ਿਕਰ ਕਰਨਾ। ਬੱਚਿਆਂ ਨੂੰ ਪਿਆਰ।

ਤੇਰਾ
ਹਰਦੇਵ

ਲਾ ਕੋਲ (La Colle)
28.12.71

ਪਿਆਰੀ ਰਾਨੀ,

ਸਤਿ ਸਿਰੀ ਅਕਾਲ।

ਜਿਵੇਂ ਸਾਲ ਦਾ ਚੱਕਰ ਲੰਮਾ ਪੰਧ ਮੁਕਾ ਕੇ 28 ਦਸੰਬਰ ਤੇ ਪਹੁੰਚ ਗਿਆ ਹੈ ਇਸੇ ਤਰ੍ਹਾਂ ਹੀ ਅਸੀਂ ਪੈਰਿਸ ਤੋਂ 900 ਕਿਲੋਮੀਟਰ ਦਾ ਸਫਰ 14 ਘੰਟੇ ਵਿਚ ਮੁਕਾ ਕੇ ਯਾਤਰੀ ਰਿਹਾਇਸ਼ ਲਈ ਬਣੇ ਇਸ ਪਿੰਡ ਵਿਚ 26 ਦਸੰਬਰ ਨੂੰ ਪਹੁੰਚ ਗਏ ਹਾਂ। ਇਹ ਇਕ ਪਹਾੜੀ ਉਪਰ ਸਮੁੰਦਰ ਦੇ ਨੇੜੇ ਉਸਾਰਿਆ ਗਿਆ ਹੈ ਅਤੇ ਨਵੇਂ ਸਾਲ ਦੇ ਜਸ਼ਨ ਮਨਾਉਣ ਖਾਤਰ ਸੈਂਕੜੇ ਸੈਲਾਨੀ ਇੱਥੇ ਪਹੁੰਚ ਰਹੇ ਹਨ। ਅਸੀਂ ਤਾਂ ਹੱਸਦੇ ਖੇਡਦੇ ਲੰਮਾ ਸਫ਼ਰ ਬਿਤਾ ਲਿਆ ਪਰ ਕਮਾਲ ਹੈ ਸਾਡੇ ਬੱਸ ਡਰਾਈਵਰ ਦੇ ਜੋ ਇਕੱਲਾ ਹੀ ਇੱਥੇ ਲੈ ਆਇਆ। ਏ ਨਾ ਸਟੈਮਿਨਾ ਤਾਂ ਸਾਡੇ ਪੰਜਾਬੀ ਡਰਾਈਵਰਾਂ ਦਾ ਵੀ ਨਹੀਂ ਹੁੰਦਾ। ਰਾਤ ਸੌਂ ਕੇ ਸਫ਼ਰ ਦਾ ਥਕੇਵਾਂ ਦੂਰ ਹੋ ਗਿਆ। ਰਾਤ ਚਾਨਣੀ, ਦਿਨੇ ਧੁੱਪਾਂ, ਠੰਡ ਆਪਣੇ ਪੰਜਾਬ ਤੋਂ ਵੀ ਘੱਟ ਅਤੇ ਪਿਆਰ ਪੰਜਾਬ ਤੋਂ ਵੀ ਵੱਧ। ਇਸ ਜਗਹ ਦੀ ਇਹ ਖੂਬੀ ਹੈ ਕਿ ਉਦਾਸ ਮਨ ਵੀ ਖੇੜੇ ਵਿਚ ਆ ਜਾਂਦਾ ਹੈ। ਭਾਵੇਂ ਇਹ ਹਫਤੇ ਦਾ ਟਰਿੱਪ ਕਾਫੀ ਮਹਿੰਗਾ ਸੀ ਪਰ ਇਕ ਸੱਜਣ ਦੀ ਮਿਲਣ ਦੀ ਆਸ ਸੀ।

ਮੇਰਾ ਰੂਮ-ਮੇਟ ਰੋਮਾਨੀਆ ਦਾ ਵਿਦਿਆਰਥੀ ਸੀ। ਮੈਂ ਉਸ ਦੀ ਚੋਣ ਇਸ ਕਰਕੇ ਕੀਤੀ ਕਿ ਉਹ ਸਿਗਰਟ ਨਹੀਂ ਪੀਂਦਾ। 27 ਤਰੀਕ ਸੋਮਵਾਰ ਅਸੀਂ ਨਾਲ ਦੇ ਜੰਗਲ ਵਿੱਚ ਘੁੰਮਦੇ ਰਹੇ ਪਰ ਮੇਰੀ ਬਿਰਤੀ ਉਸ ਸੱਜਣ ਦੀ ਯਾਦ ਨਾਲ ਜੁੜੀ ਸੀ ਜਿਸ ਨੇ ਮੈਨੂੰ ਇਸ ਪਿੰਡ ਵਿੱਚ ਆਉਣ ਲਈ ਪ੍ਰੇਰਿਆ ਸੀ। ਉਸ ਨੇ ਕਿਹਾ ਸੀ ਕਿ ਦਸ ਵਜੇ ਫੋਨ ਕਰੇਗੀ। ਮੈਂ ਉਡੀਕ ਕੇ ਬਾਹਰ ਘੁੰਮਣ ਚਲਾ ਗਿਆ। ਇਸ ਸੱਜਣ ਦਾ ਨਾਮ 'ਮਾਰੀ ਕਲੌਡ' ਹੈ ਜੋ ਗਰੀਨੋਬਲ ਦੀ ਯਾਤਰਾ ਵੇਲੇ ਮਿਲੀ ਸੀ। ਉਸ ਦੀਆਂ ਚਿੱਠੀਆਂ ਕਿਸੇ ਪੇਂਟਿੰਗ ਤੋਂ ਘੱਟ ਨਹੀਂ ਹੁੰਦੀਆਂ। ਮਾਰੀ ਕਲੌਡ ਨੇ ਟੈਲੀਫੋਨ ਕਰਨ ਦੀ ਬਜਾਏ ਆਪ ਆਉਣਾ ਬਿਹਤਰ ਸਮਝਿਆ। ਜਦੋਂ ਮੈਂ ਜੰਗਲ ਵਿਚ ਘੁੰਮ ਰਿਹਾ ਸੀ ਤਾਂ ਲੱਭਦੀ-ਲਭਾਉਂਦੀ ਨੇ ਬਾਰਾਂ ਵਜੇ ਮੈਨੂੰ ਆਣ ਲੱਭਿਆ। ਜਦੋਂ ਇਸ ਦੀਆਂ ਚਿੱਠੀਆਂ ਦਾ ਜਿਕਰ ਤੇਰੇ ਨਾਲ ਕੀਤਾ ਸੀ ਤਾਂ ਤੂੰ ਲਿਖਿਆ ਸੀ, 'ਕਿਵੇਂ ਇਕ ਵਿਆਹੀ ਔਰਤ ਦੂਸਰੇ ਬੰਦੇ ਬਾਰੇ ਸੋਚ ਸਕਦੀ ਹੈ?'

ਮਾਰੀ ਕਲੌਡ ਨੇ ਆਉਣ ਸਾਰ ਕਿਹਾ ਕਿ ਇਸ ਪਿੰਡ ਵਿਚ ਰਹਿਣ ਦੀ ਕੋਈ ਲੋੜ ਨਹੀਂ, ਛੁੱਟੀਆਂ ਉਸ ਦੇ ਘਰ ਬਿਤਾ ਸਕਦਾ ਹਾਂ। ਉਸ ਦੇ ਬੱਚੇ ਅਤੇ ਪਤੀ ਮੇਰਾ ਇੰਤਜ਼ਾਰ ਕਰ ਰਹੇ ਹਨ। ਮੈਂ ਹਫਤਾ ਰਹਿਣ ਲਈ ਨਾ ਮੰਨਿਆ ਪਰ ਉਸ ਦੇ ਪ੍ਰੀਵਾਰ ਨੂੰ ਮਿਲਣਾ ਮੰਨ ਲਿਆ। ਉਹ ਕਾਰ ਵਿਚ ਬਿਠਾ ਕੇ ਮੈਨੂੰ ਆਪਣੇ ਘਰ ਲੈ ਗਈ ਜੋ 'ਕਾਨ' ਸ਼ਹਿਰ ਵਿਚ ਮੌਜੂਦ ਹੈ। ਦੁਨੀਆਂ ਭਰ ਵਿਚ ਕਾਨ ਫਿਲਮ ਫੈਸਟੀਵਲ ਕਰਕੇ ਜਾਣਿਆ ਜਾਂਦਾ ਹੈ। ਸਾਡੇ ਪਿੰਡ ਤੋਂ ਕਾਨ 25 ਕਿਲੋਮੀਟਰ ਦੀ ਦੂਰੀ ਤੇ ਸੀ। ਇਸ ਦਾ ਪਤੀ 'ਜ਼ੀਰਾ' ਗਰੀਨੋਬਲ ਵਿਚ ਵੀ ਮਿਲਿਆ ਸੀ। ਝੱਟਪੱਟ ਖਾਣੇ ਦੇ ਮੇਜ਼ ਉਪਰ ਪ੍ਰੀਵਾਰ ਇਕੱਠਾ ਹੋ ਗਿਆ। ਅੱਠ ਸਾਲ ਦਾ ਹੈਨਰੀ ਅਤੇ ਚਾਰ ਸਾਲ ਦੀ 'ਆਨ' ਵੀ ਮਿਲੀ। ਬੱਚੇ ਪਗੜੀ ਵਾਲੇ ਸਿੱਖ ਨੂੰ ਪਹਿਲੀ ਵਾਰ ਮਿਲਣ ਕਰਕੇ ਕੁਝ ਸਹਿਮੇ ਹੋਏ ਜਾਪਦੇ ਸਨ। ਪਿਆਰ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਜ਼ੀਰਾ ਅਤੇ ਮਾਰੀ ਕਲੌਡ ਮੈਨੂੰ ਹਰਦੇਵ ਕਹਿ ਕੇ ਬੁਲਾਉਂਦੇ ਸਨ।

ਲੰਚ ਤੋਂ ਬਾਅਦ ਅਸੀਂ ਦੋਵੇਂ ਸਮੁੰਦਰ ਵਿਚ ਬੇੜੀ ਤੇ ਸਵਾਰ ਹੋ ਕੇ ਇਕ ਟਾਪੂ ਵੇਖਣ ਚਲੇ ਗਏ। ਇਸ ਦੀ ਟੀਸੀ ਉਪਰ ਇਕ ਪੁਰਾਣਾ ਕਿਲਾ ਵੇਖਿਆ ਅਤੇ ਜੰਗਲ ਦੀ ਸੈਰ ਕੀਤੀ। ਪੰਜ ਵਜੇ ਵਾਪਸ ਬੇੜੀ ਤੇ ਸਵਾਰ ਹੋ ਕੇ ਕਾਨ ਸ਼ਹਿਰ ਪਰਤ ਆਏ। ਮੈਂ ਵਾਪਸ ਪਿੰਡ ਜਾਣਾ ਚਾਹੁੰਦਾ ਸਾਂ ਪਰੰਤੂ ਮਾਰੀ ਕਲੌਡ ਮੈਨੂੰ ਆਪਣੇ ਘਰ ਰੱਖਣਾ ਚਾਹੁੰਦੀ ਸੀ। ਉਸ ਨੇ ਕਿਹਾ ਕਿ ਪਿੰਡ ਵਾਪਸ ਜਾਣ ਤੋਂ ਪਹਿਲਾਂ ਉਹ ਬੱਚਿਆਂ ਨੂੰ ਸੁਵਾ ਕੇ ਜਾਵੇਗੀ ਕਿਉਂਕਿ ਸਵੇਰੇ ਸਕੂਲ ਜਾਣਾ ਹੈ। ਮੈਂ ਉਸ ਦੀ ਮੁਸ਼ਕਲ ਨੂੰ ਸਮਝਦਾ ਹੋਇਆ ਰਾਤ ਰਹਿਣ ਲਈ ਮੰਨ ਗਿਆ। ਜਦੋਂ ਉਸ ਨੇ ਦੱਸਿਆ ਕਿ ਉਸ ਦਾ ਪਤੀ ਅੱਜ ਰਾਤ ਬਾਹਰ ਜਾ ਰਿਹਾ ਹੈ ਤਾਂ ਮੈਂ ਫਿਰ ਛਛੋਪੰਜ ਵਿਚ ਪੈ ਗਿਆ। ਡਿਨਰ ਸਮੇਂ ਜ਼ੀਰਾ ਵਾਪਸ ਪਰਤ ਆਇਆ ਅਤੇ ਮੈਂ ਰੱਬ ਦਾ ਸ਼ੁਕਰ ਅਦਾ ਕੀਤਾ। ਮੇਰੇ ਡਰ ਦਾ ਕਾਰਨ ਮੇਰਾ ਅੰਦਰਲਾ ਤੌਖਲਾ ਸੀ ਕਿ ਮੇਰੀ ਘਰਵਾਲੀ ਕੀ ਸੋਚੇਗੀ?

ਤੁਰਨ ਤੋਂ ਪਹਿਲਾਂ ਮਾਰੀ ਕਲੌਡ ਨੂੰ ਇਕ ਸਕਾਰਫ ਅਤੇ ਉਸ ਦੀ ਧੀ ਨੂੰ ਗਲ ਦੀ ਗਾਨੀ ਭੇਟ ਕੀਤੀ। ਉਸ ਨੇ ਤੇਰੇ ਅਤੇ ਬੱਚਿਆਂ ਲਈ ਤੋਹਫੇ ਭੇਟ ਕੀਤੇ । ਇਸ ਨੇ ਆਪਣੇ ਪਤੀ ਨੂੰ ਦੱਸਿਆ ਕਿ ਹਰਦੇਵ ਨਾ ਮੀਟ, ਨਾ ਸ਼ਰਾਬ, ਨਾ ਸਿਗਰਟ ਅਤੇ ਨਾ ਕਿਸੇ ਹੋਰ ਔਰਤ ਨਾਲ ਸੌਂਦਾ ਹੈ। ਉਹ ਬਹੁਤ ਹੱਸਿਆ ਅਤੇ ਕਿਹਾ ਕਿ ਹਰਦੇਵ ਤਾਂ ਮਨੁੱਖ ਨਹੀਂ, ਰਿਸ਼ੀ ਜਾਂ ਯੋਗੀ ਹੈ। ਮੇਰਾ ਉਤਰ ਸੀ ਕਿ

ਮੈਂ ਵੀ ਮਨੁੱਖ ਹਾਂ ਪਰ ਮੇਰੀ ਪ੍ਰੀਤਾਂ ਦੀ ਪਹਿਰੇਦਾਰ ਨੇ ਜਿੰਨੀ ਖੁੱਲ੍ਹ ਦਿੱਤੀ, ਮੈਂ ਉਸ ਦੇ ਪਿਆਰ ਦਾ ਗੁਲਾਮ ਬਣਦਾ ਗਿਆ। ਸ਼ਾਮੋਂ ਵਰਗੀਆਂ ਅਨੇਕਾਂ ਮਿਲੀਆਂ ਅਤੇ ਰੁੱਸ ਕੇ ਮੁੜ ਗਈਆਂ। ਮੈਂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਨਿਕਲਿਆ। ਮਾਰੀ ਕਲੌਡ ਤਾਂ 'ਪੀਰੋ ਪ੍ਰੇਮਣ' ਬਣ ਕੇ ਮੇਰੇ ਜੀਵਨ ਵਿਚ ਆਈ ਹੈ, ਭਾਵੇਂ ਮੈਂ ਕੋਈ ਗੁਲਾਬਦਾਸੀਆ ਮਹੰਤ ਨਹੀਂ।

28 ਤਰੀਕ ਦੁਪਹਿਰ ਬਾਅਦ ਅਸੀਂ ਮੋਨਾਕੋ ਘੁੰਮਣ ਜਾ ਰਹੇ ਹਾਂ ਜੋ ਪਟਿਆਲੇ ਤੋਂ ਛੋਟਾ ਇਕ ਟਾਪੂ ਦੇਸ਼ ਹੈ। ਇਥੇ ਦੁਨੀਆਂ ਭਰ ਤੋਂ ਲੋਕ ਜੂਆ ਖੇਡਣ ਆਉਂਦੇ ਹਨ ਅਤੇ ਇੱਥੋਂ ਦੇ ਕਸੀਨੋ ਮਸ਼ਹੂਰ ਹਨ। 31 ਦਸੰਬਰ ਨਵੇਂ ਸਾਲ ਦਾ ਜਸ਼ਨ ਮਨਾਇਆ ਜਾਵੇਗਾ ਅਤੇ ਇਕ ਜਨਵਰੀ ਪੈਰਿਸ ਪਰਤ ਜਾਵਾਂਗੇ। ਬੱਚਿਆਂ ਨੂੰ ਪਿਆਰ। ਮਾਤਾ ਜੀ ਨੂੰ ਸਤਿ ਸਿਰੀ ਅਕਾਲ।

ਤੇਰਾ
ਹਰਦੇਵ

ਪੈਰਿਸ
6.1.72

ਡੀਅਰ ਰਾਨੀ

ਸਤਿ ਸਿਰੀ ਅਕਾਲ।

ਐਤਵਾਰ ਰਾਤ 16 ਘੰਟੇ ਦੇ ਸਫਰ ਬਾਅਦ ਸੋਮਵਾਰ ਸਵੇਰੇ ਦਿਨ ਚੜ੍ਹਨ ਤੋਂ ਪਹਿਲਾਂ ਮੈਂ ਪੈਰਿਸ ਪਹੁੰਚ ਗਿਆ ਹਾਂ। ਆਉਣ ਦਾ ਸਫਰ ਜਾਣ ਤੋਂ ਵੀ ਵੱਧ ਸੁਹਾਣਾ ਬੀਤਿਆ ਕਿਉਂਕਿ ਹਫਤਾ ਭਰ ਇਕੱਠੇ ਰਹਿ ਕੇ ਸਭ ਜਾਣੂ ਹੋ ਗਏ ਸਨ। ਖਤਾਂ ਦੀ ਤੇਰੀ ਸ਼ਕਾਇਤ ਠੀਕ ਹੀ ਹੈ। ਛੁੱਟੀਆਂ ਤੋਂ ਬਾਅਦ ਮੁੜ ਕੇ ਕੋਈ ਦਰਜਨ ਕੁ ਖਤ ਮਿਲ ਗਏ ਹਨ। ਤੇਰਾ ਖਤ ਅਤੇ ਨਵੇਂ ਸਾਲ ਦਾ ਕਾਰਡ ਵੀ ਮਿਲ ਗਿਆ ਹੈ। ਪਰ ਮੈਂ ਛੁੱਟੀਆਂ 'ਚ ਬਾਹਰ ਹੋਣ ਕਰਕੇ ਕਿਸੇ ਨੂੰ ਘੱਟ ਹੀ ਕਾਰਡ ਭੇਜ ਸਕਿਆਂ ਹਾਂ। ਤੈਨੂੰ ਇਕ ਕਾਰਡ ਅਤੇ ਖਤ 25 ਦਸੰਬਰ ਤੋਂ ਪਹਿਲਾਂ ਪਾ ਗਿਆ ਸਾਂ ਅਤੇ ਇਕ ਹੋਰ ਖਤ ਉਸ ਪਿੰਡ ਤੋਂ ਲਿਖਿਆ ਸੀ। ਉਮੀਦ ਹੈ ਪਹਿਲਾ ਖਤ ਮਿਲ ਗਿਆ ਹੋਵੇਗਾ ਜਿਸ ਵਿਚ ਮੈਂ ਕਾਨ ਸ਼ਹਿਰ ਵਿਚ ਮਿਲੇ ਪਿਆਰੇ ਸੱਜਣਾਂ ਦਾ ਜ਼ਿਕਰ ਕਰ ਦਿੱਤਾ ਸੀ। ਇਸ ਖਤ ਵਿਚ ਮੇਰੀ ਦੂਜੀ ਮਿਲਣੀ ਦਾ ਹਾਲ ਹੈ ਪਰ ਚਾਰ ਦਿਨ ਤੋਂ ਕੰਮ ਦੇ ਰੁਝੇਵੇਂ ਕਾਰਨ ਲਿਖਣ ਦਾ ਸਮਾਂ ਨਹੀਂ ਸੀ ਮਿਲ ਰਿਹਾ। ਮੂਡ ਬਗੈਰ ਲਿਖਣ ਦਾ ਮਜ਼ਾ ਨਹੀਂ ਆਉਂਦਾ ਅਤੇ ਦੇਰੀ ਹੋ ਗਈ।

29 ਦਸੰਬਰ ਨੂੰ ਸਾਡਾ ਗਰੁੱਪ ਸੇਂਟ ਤਰੋਪੇ ਜਾ ਰਿਹਾ ਸੀ ਅਤੇ ਸਾਡੀ ਬੱਸ ਨੇ ਕਾਨ ਸ਼ਹਿਰ 'ਚੋਂ ਲੰਘਣਾ ਸੀ। ਮੈਨੂੰ ਸਰਦੀ ਲੱਗਣ ਕਰਕੇ ਜੁਕਾਮ ਹੋ ਗਿਆ ਸੀ ਅਤੇ ਸਫਰ ਵਿਚ ਪਰੇਸ਼ਾਨੀ ਹੋ ਰਹੀ ਸੀ। ਮੈਂ ਰਾਹ ਵਿਚ ਕਾਨ ਸ਼ਹਿਰ ਉਤਰ ਗਿਆ ਅਤੇ ਲੋਕਲ ਬੱਸ ਤੇ ਸਵਾਰ ਹੋ ਕੇ ਮਾਰੀ ਕਲੌਡ ਦੇ ਘਰ ਪਹੁੰਚ ਗਿਆ। ਮੇਰੀ ਪਿਕਨਿਕ ਲਈ ਮਿਲੀ ਰੋਟੀ ਮਾਰੀ ਕਲੌਡ ਦੇ ਬੱਚਿਆਂ ਨੇ ਬੜੇ ਚਾਅ ਨਾਲ ਖਾਧੀ ਅਤੇ ਮੈਂ ਉਸ ਦਾ ਪ੍ਰਾਹੁਣਾ ਬਣ ਗਿਆ। ਬਿਸਤਰੇ ਵਿਚ ਹੀ ਚਾਹ ਅਤੇ ਰੋਟੀ ਮਿਲ ਗਈ। ਸ਼ਾਮ ਤੱਕ ਆਰਾਮ ਕਰਨ ਤੋਂ ਬਾਅਦ ਮੇਰਾ ਜੁਕਾਮ ਵਗੈਰਾ ਠੀਕ ਹੋ ਗਿਆ। ਮੈਂ ਸੋਚਿਆ ਜਦੋਂ ਮੇਰੇ ਸਾਥੀ ਵਾਪਸ ਮੁੜਨਗੇ ਤਾਂ ਮੈਂ ਉਨ੍ਹਾਂ ਨਾਲ ਬੱਸ ਤੇ ਸਵਾਰ ਹੋ ਜਾਵਾਂਗਾ।

ਇਸ ਦਿਨ ਬਾਰਸ਼ ਹੋ ਰਹੀ ਸੀ ਅਤੇ ਸਮੁੰਦਰ ਵਲੋਂ ਠੰਡੀ ਹਵਾ ਦੇ ਬੁੱਲੇ ਆ ਰਹੇ ਸਨ। ਮੇਰੀ ਹਾਲਤ ਨੂੰ ਵੇਖ ਕੇ ਮਾਰੀ ਕਲੌਡ ਨੇ ਰਾਤ ਰਹਿਣ ਲਈ

ਮਨਾ ਲਿਆ ਅਤੇ ਸਵੇਰ ਕਾਰ ਤੇ ਪਿੰਡ ਛੱਡ ਆਉਣ ਦਾ ਭਰੋਸਾ ਦਵਾਇਆ। ਉਸ ਦਾ ਪਤੀ ਜ਼ੀਰਾ ਕਿਸੇ ਪਾਰਟੀ ਵਿਚ ਸ਼ਾਮਲ ਸੀ ਅਤੇ ਅੱਧੀ ਰਾਤ ਤੱਕ ਅਸੀਂ ਉਸ ਦੀ ਉਡੀਕ ਕਰਦੇ ਰਹੇ। ਡਿਨਰ ਤੋਂ ਬਾਅਦ ਮਾਰੀ ਕਲੌਡ ਨੇ ਸਮਾਂ ਪਾਸ ਕਰਨ ਲਈ ਜਰਮਨੀ, ਰੂਸ ਅਤੇ ਪੋਲੈਂਡ ਦੇ ਕਲਾਸੀਕਲ ਮਿਊਜ਼ਿਕ ਦੀਆਂ ਟੇਪਾਂ ਸੁਣਾਈਆਂ। ਜਿਵੇਂ ਭਾਰਤੀ ਕਲਾਸੀਕਲ ਸੰਗੀਤ ਦੀ ਮੈਨੂੰ ਸਮਝ ਨਹੀਂ ਪੈਂਦੀ, ਉਸੇ ਤਰ੍ਹਾਂ ਹੀ ਯੂਰਪੀਨ ਸੰਗੀਤ ਮੇਰੇ ਵੱਸ ਦਾ ਰੋਗ ਨਹੀਂ ਭਾਵੇਂ ਤੇਰੇ ਲਈ ਲਾਹੇਵੰਦ ਸਿੱਧ ਹੋਵੇਗਾ ਕਿਉਂਕਿ ਤੇਰੇ ਪਾਸ ਐਮ.ਏ. ਸੰਗੀਤ ਦੀ ਡਿਗਰੀ ਹੈ, ਪਰ ਸਮਾਂ ਲੰਘਾਉਣ ਲਈ ਇਹ ਸਹਾਈ ਹੋਇਆ ਭਾਵੇਂ ਮੇਰਾ ਕੰਨ ਰਸ ਨਹੀਂ ਬਣ ਸਕਿਆ।

ਮਾਰੀ ਕਲੌਡ ਦੀ ਧੀ 'ਆਨ ਲੂਈਜ਼' ਪੰਜ ਸਾਲ ਦੀ ਹੈ ਅਤੇ ਇਸ ਵਾਰ ਉਹ ਮੇਰੇ ਕੋਲੋਂ ਸੰਗਦੀ ਨਹੀਂ ਸੀ। ਉਹ ਮੈਨੂੰ ਕ੍ਰਿਸਮਸ ਦੇ ਗੀਤ ਸੁਣਾ ਰਹੀ ਸੀ ਜੋ ਫਰੈਂਚ ਭਾਸ਼ਾ ਵਿਚ ਹੋਣ ਕਰਕੇ ਮੇਰੀ ਸਮਝ ਤੋਂ ਬਾਹਰ ਸਨ। ਉਹ ਮੈਥੋਂ ਵੀ ਕ੍ਰਿਸਮਸ ਦੇ ਗੀਤ ਸੁਣਨਾ ਚਾਹੁੰਦੀ ਸੀ। ਮੇਰੇ ਬੱਚਿਆਂ ਦੇ ਨਾਮ ਪੁੱਛ ਰਹੀ ਸੀ। ਮੈਂ ਫੋਟੋ ਪੈਰਿਸ ਛੱਡ ਗਿਆ ਸਾਂ। ਨਹੀਂ ਤਾਂ ਉਹ ਫੋਟੋ ਵੇਖ ਕੇ ਬਹੁਤ ਖੁਸ਼ ਹੁੰਦੀ। ਜ਼ੀਰਾ ਦੇ ਆਉਣ ਤੱਕ ਅਸੀਂ ਕਾਫੀ ਸੰਗੀਤ ਸੁਣ ਚੁੱਕੇ ਸਾਂ ਅਤੇ ਆਪਣੇ ਦੇਸ਼ਾਂ ਦੀਆਂ ਗੱਲਾਂ ਸਾਂਝੀਆਂ ਕਰ ਚੁੱਕੇ ਸਾਂ। ਮਾਰੀ ਕਲੌਡ ਨੇ ਕਈ ਵਾਰ ਸ਼ਰਬਤ ਪਿਆ ਅਤੇ ਆਪਣੇ ਹੱਥਾਂ ਨਾਲ ਬਣਾਏ ਮਾਡਲ ਵਿਖਾ ਕੇ ਮੈਨੂੰ ਆਹਰੇ ਲਾਈ ਰੱਖਿਆ। ਬੱਚੀ ਨਾਲ ਖੇਡਦਿਆਂ ਵੇਖ ਕੇ ਉਹ ਸਮਝ ਗਈ ਕਿ ਮੈਂ ਆਪਣੇ ਬੱਚਿਆਂ ਤੋਂ ਦੂਰ ਵਿਛੋੜੇ ਦਾ ਦਰਦ ਮਹਿਸੂਸ ਕਰ ਰਿਹਾ ਹਾਂ।

ਪੈਰਿਸ ਪਹੁੰਚ ਕੇ ਜਦੋਂ ਤੇਰੀ ਚਿੱਠੀ ਪੜ੍ਹੀ ਤਾਂ ਬੱਬਲ ਦੀਆਂ ਗੱਲਾਂ ਨੇ ਮਾਯੂਸ ਕਰ ਦਿੱਤਾ: 'ਮੇਰੇ ਪਾਪਾ ਆ ਜਾ'। ਇਉਂ ਜਾਪਿਆ ਜਿਵੇਂ ਬੱਬਲ ਮੇਰੇ ਕਮਰੇ ਵਿਚ ਹੀ ਬੋਲ ਰਿਹਾ ਹੈ। ਆਨ ਲੂਈਜ਼ ਦੀ ਆਵਾਜ਼ ਯਾਦ ਆ ਗਈ ਅਤੇ ਉਸ ਦੇ ਕ੍ਰਿਸਮਸ ਦੇ ਗੀਤ ਮੇਰੇ ਕੰਨਾਂ ਵਿਚ ਗੂੰਜਣ ਲੱਗ ਪਏ। ਉਸ ਦੀ ਉਮਰ ਆਪਣੇ ਰਾਜੇ ਤੋਂ ਕੁਝ ਜਿਆਦਾ ਹੈ। ਹੋ ਸਕਦਾ ਹੈ ਉਹ ਵੱਡੇ ਹੋ ਕੇ ਦੋਸਤ ਬਣ ਜਾਣ। ਰੱਸੀਅਨ ਮੈਡਮ ਦਾ ਕਾਰਡ ਵੀ ਮਿਲਿਆ ਹੈ ਜਿਸ ਵਿਚ ਨਵੇਂ ਸਾਲ ਦੀਆਂ ਸ਼ੁਭ ਇਸ਼ਾਵਾਂ ਬੱਚਿਆਂ ਅਤੇ ਤੇਰੇ ਲਈ ਭੇਜੀਆਂ ਹਨ। ਮਾਰੀ ਕਲੌਡ ਦੇ ਤੋਹਫੇ ਕੱਲ ਦੀ ਡਾਕ ਵਿਚ ਭੇਜ ਦਿਆਂਗਾ। ਬੱਚਿਆਂ ਲਈ ਇਕ ਗੁੱਡੀ ਅਤੇ ਤੇਰੇ ਲਈ ਪ੍ਰਫਿਊਮ ਦੀ ਸ਼ੀਸ਼ੀ ਦਿੱਤੀ ਹੈ। ਤੋਹਫੇ ਭੇਜਣ

ਵਿਚ ਦੇਰੀ ਨਹੀਂ ਕਰਾਂਗਾ।

ਸੁੰਦਰ ਸਿੰਘ 23 ਜਨਵਰੀ ਮੈਡੀਕਲ ਚੈੱਕ-ਅਪ ਲਈ ਪੈਰਿਸ ਆ ਰਿਹਾ ਹੈ। ਹੋ ਸਕਦਾ ਹੈ ਉਹ ਜਲਦੀ ਖੋਜ ਕੰਮ ਲਈ ਇੱਥੇ ਹੀ ਆ ਜਾਵੇ। ਇੰਡੀਆ ਤੋਂ ਕਈ ਹੋਰ ਟ੍ਰੇਨਿੰਗ ਲਈ ਪੈਰਿਸ ਆਉਂਦੇ ਰਹਿੰਦੇ ਹਨ। ਹਿਸਾਰ ਦਾ ਵਿਗਿਆਨੀ ਇਟਲੀ ਤੋਂ ਕੁਝ ਦਿਨ ਲਈ ਪੈਰਿਸ ਆਇਆ ਹੈ। ਬਠਿੰਡੇ ਵਾਲੇ ਦੀ ਘਰਵਾਲੀ ਆ ਚੁੱਕੀ ਹੈ। ਕੋਰਸ ਖਤਮ ਹੋਣ ਤੋਂ ਪਹਿਲਾਂ ਆਪਣੀ ਘਰਵਾਲੀ ਨਾਲ ਯੂਰਪ ਘੁੰਮ ਜਾਂਦੇ ਹਨ। ਮੈਂ ਇਕ ਅਖਬਾਰ ਵਿਚ ਪੜ੍ਹਿਆ ਹੈ ਕਿ 30 ਸਾਲ ਤੋਂ ਘੱਟ ਉਮਰ ਲਈ 3 ਮਹੀਨੇ ਪੈਰਿਸ ਆਉਣ ਲਈ 3000 ਰੁਪਏ ਕਿਰਾਇਆ ਲੱਗਦਾ ਹੈ। ਇਹ ਟੂਰਿਸਟ ਕੰਪਨੀਆਂ ਦੇ ਇਸ਼ਤਿਆਰ ਹੁੰਦੇ ਹਨ ਪਰ ਅਸੀਂ ਇਸ ਦਾ ਫਾਇਦਾ ਨਹੀਂ ਉਠਾ ਸਕਦੇ।

ਆਪਣੀ ਸੈਰ ਦੌਰਾਨ ਮੈਂ ਵੀ ਕੁਝ ਤੋਹਫੇ ਖਰੀਦੇ ਹਨ। ਇਕ ਤੋਹਫਾ ਨੀਤਾ ਲਈ, ਇਕ ਡਾ. ਮਲਿਕ ਦੀ ਘਰਵਾਲੀ ਸ਼ੀਲਾ ਲਈ ਅਤੇ ਇਕ ਕਿਸੇ ਹੋਰ ਨੂੰ ਭੇਟਾ ਕਰ ਦਿਆਂਗਾ। ਫਰਾਂਸ ਦੇ ਇਸ ਖਿੱਤੇ ਵਿਚ ਪ੍ਰਫਿਊਮ ਘਰਾਂ ਵਿਚ ਤਿਆਰ ਕੀਤੀ ਜਾਂਦੀ ਹੈ ਅਤੇ ਮੈਂ ਤਿੰਨ ਸ਼ੀਸ਼ੀਆਂ ਖਰੀਦ ਲਈਆਂ। ਇਸ ਇਲਾਕੇ ਵਿਚ ਪਾਟਰੀ (Pottery) ਦਾ ਸਮਾਨ ਕਮਾਲ ਦਾ ਮਿਲਦਾ ਹੈ। ਇਕ ਛੋਟੇ ਸ਼ਹਿਰ ਵਿਚ ਪੀਕਾਸੋ (Picasso) ਦੁਨੀਆਂ ਦਾ ਪ੍ਰਸਿੱਧ ਆਰਟਿਸਟ ਰਹਿੰਦਾ ਹੈ। ਪਾਟਰੀ ਉਪਰ ਉਸ ਦਾ ਆਰਟ ਉਲੀਕਿਆ ਮਿਲ ਜਾਂਦਾ ਹੈ। ਇਕ ਟੀ ਸੈਟ ਦੀ ਕੀਮਤ 1500 ਰੁਪਏ ਸੀ। ਮੇਰੇ ਪਾਸ 50 ਰੁਪਏ ਹੀ ਬਚੇ ਸੀ। ਸੋ ਦੋ ਛੋਟੇ ਜਹੇ ਤੋਹਫੇ ਖਰੀਦੇ। ਮੈਨੂੰ ਤੇਰੀ ਮੰਗ ਯਾਦ ਸੀ ਪਰ ਇਕ ਆਮ ਜਿਹਾ ਮੱਗ (Mug) ਵੀ ਪੰਜਾਹ ਰੁਪਏ ਤੋਂ ਘੱਟ ਨਹੀਂ ਸੀ। ਸੋ ਤੇਰੀ ਤਮੰਨਾ ਪੂਰੀ ਨਹੀਂ ਕਰ ਸੱਕਿਆ। ਸ਼ਾਇਦ ਮੇਰੀ ਪੱਗ ਵੇਖ ਕੇ ਉਹ ਕੀਮਤ ਦੁੱਗਣੀ ਤਿੱਗਣੀ ਮੰਗਦੇ ਹੋਣ। ਇੱਥੇ ਪੱਗ ਵਾਲੇ ਨੂੰ ਰਾਜਾ-ਮਹਾਰਾਜਾ ਸਮਝਦੇ ਹਨ। ਹੁਣ ਤਾਂ ਰਾਜੇ ਵੀ ਆਪਣੇ ਅਧਿਕਾਰ ਗਵਾ ਬੈਠੇ ਹਨ। ਉਹ ਕੀ ਜਾਣਨ ਕਿ ਇਹ ਪੱਗ ਵਾਲਾ ਤਾਂ ਆਪਣੀ ਰਾਨੀ ਵੀ ਖੋ ਬੈਠਾ ਹੈ। ਪੀਕਾਸੋ ਦੀਆਂ ਪੇਂਟਿੰਗਜ਼ ਦੀ ਨੁਮਾਇਸ਼ ਵੀ ਵੇਖੀ। ਪਰ ਕਲਾਸੀਕਲ ਸੰਗੀਤ ਵਾਂਗ ਮਾਡਰਨ ਆਰਟ ਵੀ ਮੇਰੀ ਸਮਝ ਤੋਂ ਬਾਹਰ ਹੈ।

ਇਸ ਸੈਰ ਵਿਚ ਅਸੀਂ ਦੋ ਜੋੜਿਆਂ ਦਾ ਝੂਠੀ ਮੂਠੀ ਦਾ ਵਿਆਹ ਕਰ

ਦਿੱਤਾ। ਮੇਰੇ ਕੋਲ ਬਾਈਬਲ ਦੀ ਕਾਪੀ ਸੀ ਅਤੇ ਮੈਂ ਪਾਦਰੀ ਦਾ ਕੰਮ ਸਾਰ ਦਿੱਤਾ। ਇਕ ਜੋੜੀ ਤਾਂ ਪੱਕੇ ਵਿਆਹ ਲਈ ਤਿਆਰ ਹੋ ਗਈ ਹੈ। 31 ਦਸੰਬਰ ਦੀ ਰਾਤ ਮੌਜ ਮਸਤੀ ਦੀ ਰਾਤ ਸੀ। ਸਾਰੀ ਰਾਤ ਨਾਚ ਗਾਣੇ ਦਾ ਪ੍ਰੋਗਰਾਮ ਚੱਲਦਾ ਰਿਹਾ। ਖਾਣ ਪੀਣ ਦਾ ਪੂਰਾ ਪ੍ਰਬੰਧ ਸੀ ਅਤੇ ਮੇਰੇ ਲਈ ਉਚੇਚੇ ਤੌਰ ਤੇ ਸ਼ਾਕਾਹਾਰੀ ਭੋਜਨ ਤਿਆਰ ਕੀਤਾ ਗਿਆ। ਸਵੇਰ ਦੇ ਛੇ ਵਜੇ ਤੱਕ ਨਵੇਂ ਸਾਲ ਦੇ ਜਸ਼ਨ ਮਨਾਏ ਗਏ। ਮੈਂ ਤਾਂ ਦੋ ਵਜੇ ਤੱਕ ਹੀ ਸ਼ਾਮਲ ਹੋਇਆ ਅਤੇ ਕਮਰੇ ਵਿਚ ਜਾ ਕੇ ਸੌਂ ਗਿਆ। ਫਰੂਟ ਜੂਸ ਵਿਚ ਸੌਂਫ ਦੇ ਸਤ ਵਾਲੀ ਸ਼ਰਾਬ ਮਿਲਾ ਕੇ ਕਾਕਟੇਲ ਬਣਾਈ ਗਈ। ਇੱਥੇ ਪੰਜਾਬ ਵਾਂਗ ਵਿਸਕੀ ਨਹੀਂ ਚੱਲਦੀ ਬਲਕਿ ਫਰਾਂਸ ਅਤੇ ਇਟਲੀ ਦੀਆਂ ਵਾਈਨਜ਼ (ਸ਼ਰਾਬਾਂ) ਵਧੇਰੇ ਪਸੰਦ ਕਰਦੇ ਹਨ। ਨਵੇਂ ਬਣੇ ਦੋਸਤ ਮੈਨੂੰ ਵੀ ਫਰੂਟ ਜੂਸ ਕਹਿ ਕੇ ਕਾਕਟੇਲ ਦਾ ਘੁੱਟ ਪਿਲਾ ਜਾਂਦੇ।

ਅਖੀਰਲੇ ਦਿਨ ਪਹਾੜਾਂ ਦੀ ਸੈਰ ਕਰਨ ਗਏ ਜਿੱਥੇ ਬਰਫ ਪਈ ਹੋਈ ਸੀ ਅਤੇ ਸਕੀ (Ski) ਹੁੰਦੀ ਵੇਖੀ। ਕੁਝ ਸਲਾਈਡ ਤਿਆਰ ਕਰਕੇ ਲੈ ਆਇਆ ਹਾਂ। ਇਹਨਾਂ ਦੀਆਂ ਫੋਟੋ ਵੀ ਬਣ ਸਕਦੀਆਂ ਹਨ ਅਤੇ ਪ੍ਰੋਜੈਕਟਰ ਨਾਲ ਵੀ ਵੇਖਿਆ ਜਾ ਸਕਦਾ ਹੈ। ਗੁਰਬਖਸ਼ ਦਾ ਅਮਰੀਕਾ ਤੋਂ ਕੋਈ ਖਤ ਨਹੀਂ ਆਇਆ। ਗੁਰਬਖਸ਼ ਸਿੰਘ ਭਾਟੀਆ ਨੂੰ ਖਤ ਲਿਖ ਦਿੱਤਾ ਸੀ। ਉਹ ਜਤਿੰਦਰ ਲਈ ਡਾਕਟਰ ਭੋਲੀ ਦੀ ਮੰਗ ਕਰ ਰਹੇ ਸਨ, ਵੇਖੀਏ ਗੱਲ ਸਿਰੇ ਚੜ੍ਹਦੀ ਹੈ ਕਿ ਨਹੀਂ। ਰਾਜੇ ਲਈ ਤਾਂ ਕਈ ਰਿਸ਼ਤੇ ਮਿਲ ਰਹੇ ਹਨ। ਗਵਰਧਨਾ ਵੀ ਆਪਣੀ ਧੀ ਦਾ ਰਿਸ਼ਤਾ ਕਰਨਾ ਚਾਹੁੰਦੀ ਹੈ। ਉਮੀਦ ਹੈ ਰਾਜੇ ਦਾ ਦਾਖਲਾ ਟੈਸਟ ਖਤਮ ਹੋ ਗਿਆ ਹੋਵੇਗਾ। ਮੇਰਾ 25 ਤਰੀਕ ਫਰੈਂਚ ਭਾਸ਼ਾ ਦਾ ਟੈਸਟ ਹੈ। ਜੇਕਰ ਚੌਥੀ ਜਮਾਤ ਦਾ ਟੈਸਟ ਪਾਸ ਕਰ ਲਵਾਂ ਤਾਂ ਮੈਂ ਫਰੈਂਚ ਭਾਸ਼ਾ ਪੜ੍ਹਾਉਣ ਦੇ ਯੋਗ ਹੋ ਜਾਵਾਂਗਾ। ਪਰ ਮੈਨੂੰ ਇਸ ਪੰਗੇ ਵਿਚ ਪੈਣ ਦੀ ਕੋਈ ਜਰੂਰਤ ਨਹੀਂ। ਆਪਣੀ ਖੋਜ ਦਾ ਕੰਮ ਪੂਰਾ ਕਰਨਾ ਹੀ ਮੇਰਾ ਮੰਤਵ ਹੈ।

ਬੱਚਿਆਂ ਨੂੰ ਪਿਆਰ, ਮਾਤਾ ਜੀ ਨੂੰ ਸਤਿ ਸਿਰੀ ਅਕਾਲ।

ਪਿਆਰ ਸਹਿਤ,
ਤੇਰਾ
ਹਰਦੇਵ

ਪੈਰਿਸ
15.1.72

ਡੀਅਰ ਰਾਨੀ,

ਤੇਰਾ ਖਤ ਅੱਜ ਸਵੇਰੇ ਫੋਟੋਆਂ ਸਮੇਤ ਮਿਲ ਗਿਆ। ਫੋਟੋਆਂ ਤਾਂ ਸਵੇਰ ਤੋਂ ਹੀ ਵੇਖ ਵਿਖਾ ਰਿਹਾਂ ਹਾਂ ਪਰ ਖਤ ਹੁਣ ਬਾਰਾਂ ਵਜੇ ਤੋਂ ਬਾਅਦ ਮੈਟਰੋ ਵਿਚ ਘਰ ਜਾਂਦਿਆਂ ਪੜ੍ਹਿਆ ਹੈ। ਪਿਛਲੇ ਸ਼ਨੀਵਾਰ ਵੀ ਅੱਧੀ ਰਾਤ ਤੋਂ ਬਾਅਦ ਲੈਬ 'ਚੋਂ ਮੁੜਿਆ ਸਾਂ ਅਤੇ 2 ਵਜੇ ਸਵੇਰ ਦੇ ਰੋਟੀ ਤਿਆਰ ਕਰਕੇ ਖਾਧੀ। ਐਤਵਾਰ ਥਕੇਂਵੇ ਕਾਰਨ ਖਤ ਲਿਖਣ ਦਾ ਮਨ ਹੀ ਨਾ ਬਣਿਆ ਅਤੇ ਇਹ ਖਤ ਦੋ ਹਫਤੇ ਦੇ ਗੈਪ ਬਾਅਦ ਹੀ ਮਿਲੇਗਾ। ਛੁੱਟੀਆਂ ਵਿਚ ਲਿਖੇ ਦੋਵੇ ਂ ਖਤ ਮਿਲ ਗਏ ਹੋਣਗੇ। ਸੱਜਣਾਂ ਦਾ ਜ਼ਿਕਰ ਕਾਫੀ ਹੋ ਗਿਆ ਹੈ, ਹੁਣ ਹੋਰਨਾ ਦਾ ਹਾਲ ਵੀ ਲਿਖਣਾ ਬਣਦਾ ਹੈ।

ਛੁਟੀਆਂ ਤੋਂ ਬਾਅਦ ਖੋਜ ਦੇ ਕੰਮ ਵਿਚ ਏਨਾ ਰੁੱਝ ਗਿਆ ਕਿ ਕਿਸੇ ਨੂੰ ਨਵੇਂ ਸਾਲ ਦਾ ਕਾਰਡ ਵੀ ਨਹੀਂ ਭੇਜ ਸਕਿਆ। ਅੱਜ ਵੀ ਇਕ ਹੋਰ ਤਾਰੇ ਦੇ ਕਣਾਂ ਦਾ ਅਧਿਐਨ ਕਰਨਾ ਸੀ ਜਿਸ ਕਰਕੇ ਦੇਰੀ ਹੋ ਗਈ ਹੈ। ਹਰ ਰੋਜ਼ ਅੱਧੀ ਰਾਤ ਤੱਕ ਸੌਣ ਦਾ ਪ੍ਰੋਗਰਾਮ ਹੁੰਦਾ ਹੈ ਪਰ ਸਵੇਰੇ ਦੇ ਦੋ ਵੱਜ ਜਾਂਦੇ ਹਨ। ਤੇ ਰੇ ਲਈ ਇਹ ਰਾਤਾਂ ਮੇਰੀ ਯਾਦ ਕਾਰਨ ਜਾਗ ਕੇ ਨਿਕਲ ਜਾਂਦੀਆਂ ਹਨ ਪਰ ਮੇਰੇ ਲਈ ਘਰ ਦੀ ਯਾਦ ਭੁਲਾਉਣ ਲਈ ਕੰਮ ਦੇ ਰੁਝੇਵੇਂ ਵਿਚ ਬੀਤ ਜਾਂਦੀਆਂ ਹਨ। ਖਤ ਲਿਖਣ ਦਾ ਵਿਹਲ ਨਹੀਂ ਮਿਲਦਾ। ਐਵੇਂ ਰਾਜ਼ੀ ਬਾਜ਼ੀ ਦੇ ਰਵਾਇਤੀ ਜਹੇ ਖਤ ਲਿਖਣਾ ਮੇਰਾ ਸੁਭਾਅ ਨਹੀਂ। ਇਸ ਬੁੱਧਵਾਰ ਰਾਤ ਹੋਸਟਲ ਵਿਚ ਦੱਖਣੀ ਭਾਰਤ ਦੇ ਨਾਚ ਗਾਣੇ ਦਾ ਪ੍ਰੋਗਰਾਮ ਸੀ ਅਤੇ ਮੈਂ ਆਪਣੇ ਅੱਠ ਦੇ ਕਰੀਬ ਦੋਸਤ ਸੱਦੇ ਹੋਏ ਸਨ। ਉਨ੍ਹਾਂ ਦੀ ਰੋਟੀ ਦਾ ਪ੍ਰਬੰਧ ਵੀ ਮੈਂ ਆਪਣੇ ਘਰ ਹੀ ਕੀਤਾ।

ਉਸ ਪਿੰਡ ਦੀ ਸੈਰ ਤੋਂ ਬਾਅਦ ਇਕ ਹੋਰ ਸੱਜਣ ਦਾ ਜਿਕਰ ਕਰਨ ਜਾ ਰਿਹਾ ਹਾਂ। 31 ਦਸੰਬਰ ਰਾਤ ਨੂੰ ਨਾਚ ਗਾਣੇ ਦੇ ਪ੍ਰੋਗਰਾਤ ਵਿਚ ਇਕ 17 ਸਾਲ ਦੀ ਕੁੜੀ 'ਆਨੀ' ਆਪਣੇ ਮਾਂ ਪਿਉ ਨਾਲ ਆਈ ਹੋਈ ਸੀ। ਇਸ ਦੇ ਮਾਪਿਆਂ ਨੇ ਬਥੇਰਾ ਕਿਹਾ ਨਾਚ ਲਈ ਪਰ ਉਹ ਉਦਾਸ ਜਹੀ ਪੇਂਡੂ ਕੁੜੀ ਇਕ ਪਾਸੇ ਹੋ ਕੇ ਬੈਠੀ ਰਹੀ। ਇਸ ਕੁੜੀ ਤੋਂ ਮੈਂ ਪੁੱਛਿਆ ਕਿ ਉਹ ਕਿਸੇ ਦੋਸਤ ਨੂੰ

ਲੈ ਕੇ ਕਿਉਂ ਨਹੀਂ ਆਈ ਜੋ ਕਿ ਫਰਾਂਸ ਦੀ ਰਵਾਇਤ ਹੈ। ਉਹ ਕਹਿਣ ਲੱਗੀ ਕਿ ਉਸ ਦਾ ਦੋਸਤ ਗਰੀਬੀ ਕਾਰਨ ਕਿਸੇ ਫਰੈਂਚ ਕਲੋਨੀ ਵਿਚ ਰੁਜ਼ਗਾਰ ਦੀ ਭਾਲ ਵਿਚ ਗਿਆ ਹੋਇਆ ਹੈ। ਉਸ ਪਾਸ ਅਜੇ ਏਨੀ ਰਕਮ ਜਮਾਂ ਨਹੀਂ ਹੋਈ ਕਿ ਉਹ ਨਵੇਂ ਸਾਲ ਦੀ ਆਮਦ ਉਪਰ ਆਪਣੇ ਘਰ ਪਰਤ ਆਉਂਦਾ। ਮੈਂ ਉਸਦੀ ਉਡੀਕ ਵਿਚ ਕਿਸੇ ਹੋਰ ਮਰਦ ਨਾਲ ਨਾਚ ਨਹੀਂ ਕਰਾਂਗੀ। ਮੈਂ ਉਸ ਦੇ ਸਾਦੇ ਲਿਬਾਸ ਬਾਰੇ ਵੀ ਪੁੱਛਿਆ ਤਾਂ ਕਹਿਣ ਲੱਗੀ ਮੈਂ ਪੇਂਡੂ ਕੁੜੀ ਹਾਂ ਅਤੇ ਸ਼ਹਿਰੀ ਕੁੜੀਆਂ ਵਾਂਗ ਸ਼ੋਖ ਅਤੇ ਭੜਕੀਲੇ ਕੱਪੜੇ ਪਹਿਨਣੇ ਪਸੰਦ ਨਹੀਂ ਕਰਦੀ।

ਅੱਧੀ ਰਾਤ ਤੋਂ ਇਕ ਮਿੰਟ ਬਾਅਦ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਨੂੰ ਸਭ ਚੁੰਮਣਾਂ ਸਾਂਝੀਆਂ ਕਰਦੇ ਹਨ। ਮੇਰੇ ਦੁਆਲੇ ਤਾਂ ਗੋਰੀਆਂ ਮੇਮਾਂ ਦਾ ਤਾਂਤਾ ਲੱਗ ਗਿਆ। ਜਦ ਮੇਰੇ ਸਾਥੀ ਚੁੰਮਣ ਸਾਂਝੀ ਕਰਨ ਆਏ ਤਾਂ ਉਹ ਵਿੱਟਰ ਗਈਆਂ। ਕਹਿਣ ਲੱਗੀਆਂ ਤੁਹਾਡੇ ਸਿਰ ਤੇ ਪੱਗ ਨਹੀਂ ਅਤੇ ਮੂੰਹ ਉਪਰ ਦਾੜੀ ਨਹੀਂ। ਉਸ ਦਿਨ ਪਤਾ ਲੱਗਾ ਕਿ ਸਿੱਖੀ ਦੀ ਵੱਖਰੀ ਪਹਿਚਾਣ ਦਾ ਕਿੰਨਾ ਫਾਇਦਾ ਹੈ। ਆਨੀ ਨੇ ਦੱਸਿਆ ਕਿ 31 ਦਸੰਬਰ ਦੀ ਰਾਤ ਉਹ ਮੈਨੂੰ ਮਿਲਣ ਖਾਤਰ ਹੀ ਆਈ ਸੀ।

ਪੈਰਿਸ ਪਹੁੰਚ ਕੇ ਆਨੀ ਦਾ ਖਤ ਵੀ ਆਇਆ। ਉਹ ਪੈਰਿਸ ਯੂਨੀਵਰਸਿਟੀ ਵਿਚ ਪੜ੍ਹਨਾ ਚਾਹੁੰਦੀ ਹੈ। ਉਸ ਦੀ ਇੱਛਾ ਹੈ ਕਿ ਉਹ ਅਖਬਾਰ ਨਵੀਸੀ ਜਾਂ ਜਰਨਾਲਿਜ਼ਮ ਦੀ ਪੜ੍ਹਾਈ ਕਰਕੇ ਲੜਾਈ ਦੇ ਮੈਦਾਨ ਵਿਚ ਖਬਰ ਨਵੀਸ ਦਾ ਕਿੱਤਾ ਅਪਨਾਏ। ਇਹ ਕੰਮ ਬਹੁਤ ਜੋਖਮ ਭਰਿਆ ਹੁੰਦਾ ਹੈ ਜਿਵੇਂ ਹੁਣ ਯੂਕਰੇਨ–ਰੂਸ ਯੁੱਧ ਵਿਚ ਕਈ ਬਹਾਦਰ ਔਰਤਾਂ ਖਬਰਾਂ ਭੇਜਣ ਦਾ ਕੰਮ ਕਰਦੀਆਂ ਹਨ। ਆਨੀ ਨੇ ਪੁੱਛਿਆ ਹੈ, ਕੀ ਹਰ ਇੰਡੀਅਨ ਸਿਰ ਤੇ ਪੱਗ ਬੰਨਦਾ ਹੈ? ਸਾਡੇ ਪੁੱਤਰ ਕਦੋਂ ਪੱਗ ਬੰਨਣੀ ਸ਼ੁਰੂ ਕਰਨਗੇ। ਅਤੇ ਹੋਰ ਕਈ ਸਵਾਲ ਸਾਡੀ ਤਹਿਜ਼ੀਬ ਬਾਰੇ। ਉਹ ਛੁੱਟੀਆਂ ਵਿਚ ਸ਼ਾਇਦ ਪੈਰਿਸ ਆ ਕੇ ਮਿਲ ਜਾਵੇ।

ਇਹੋ ਜਹੇ ਨਿਧੜਕ, ਕੋਮਲ ਦਿਲਾਂ ਦੀਆਂ ਮਾਲਕ ਇਹ ਪੱਛਮੀ ਕੁੜੀਆਂ ਪਤਾ ਨਹੀਂ ਕਿਵੇਂ ਮੈਨੂੰ ਟੱਕਰ ਜਾਂਦੀਆਂ ਹਨ। ਇਹ ਮੇਰੇ ਦਿਲ ਦਾ ਖਿਲਾਅ ਭਰ ਦੇਂਦੀਆਂ ਹਨ। ਬਾਕੀ ਲੋਕ ਹੋਰ ਤਰ੍ਹਾਂ ਦੀਆਂ ਲੱਭਦੇ ਹਨ ਪਰ ਜੋ ਮੈਨੂੰ ਲੱਭਦਾ ਹੈ ਉਹ ਮੇਰੇ ਤੋਂ ਕਈ ਗੁਣਾਂ ਵੱਧ ਉਚੇ ਪੱਧਰ ਅਤੇ ਸੁੱਚੇ ਖਿਆਲਾਂ ਦੀਆਂ

ਦੇਵੀਆਂ ਨਿਕਲ ਆਉਂਦੀਆਂ ਹਨ। ਸਾਡੀ ਹਸਤੀ ਵਿਚ ਤੇਰੇ ਤੋਂ ਸਿਵਾਅ ਮੇਰੇ ਬੱਚੇ ਵੀ ਸ਼ਾਮਲ ਹੋ ਜਾਂਦੇ ਹਨ। ਅੱਗੇ ਤੈਨੂੰ ਲਿਖ ਕੇ ਭੇਜਦਾ ਹਾਂ, ਹੁਣ ਦਿਲ ਕਰਦਾ ਹੈ ਤੈਨੂੰ ਇਨ੍ਹਾਂ ਦੇ ਦੀਦਾਰ ਵੀ ਕਰਵਾ ਦੇਵਾਂ। ਜੇਕਰ ਦਿਲ ਕਰੇ ਤਾਂ ਗਰਮੀ ਦੀਆਂ ਛੁੱਟੀਆਂ ਵਿਚ ਬਿੰਕੂ ਨਾਲ ਲੈ ਕੇ ਪੈਰਿਸ ਪਹੁੰਚ ਜਾ। ਦੂਸਰੇ ਬੱਚੇ ਕਿਵੇਂ ਰਹਿਣਗੇ? ਇਹ ਤੇਰੀ ਜਿੰਮੇਵਾਰੀ ਹੈ। ਬੱਚਿਆਂ ਨੂੰ ਪਿਆਰ।

ਤੇਰਾ
ਹਰਦੇਵ

ਪੈਰਿਸ
24.1.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਪਿਛਲੇ ਹਫਤੇ ਤੋਂ ਮੈਂ ਸ਼ਨੀਵਾਰ ਲੈਬ 'ਚ ਕੰਮ ਕਰਨਾ ਬੰਦ ਕਰ ਦਿੱਤਾ ਸੀ ਕਿਉਂਕਿ ਹਰ ਹਫਤੇ ਇੱਥੇ ਵੀ ਕਾਫੀ ਤਿਉਹਾਰ ਮਨਾਏ ਜਾ ਰਹੇ ਹਨ। ਰਾਤ ਵੀ ਬਸੰਤ ਪੰਚਮੀ ਅਤੇ ਬੰਗਾਲੀਆਂ ਦੀ ਸਰਸਵਤੀ ਪੂਜਾ ਦਾ ਤਿਉਹਾਰ ਮਨਾਇਆ ਗਿਆ। ਇਕ ਇੰਡੀਆ ਵਿਚ ਬਣੀ ਫਿਲਮ 'ਸ਼ੈਕਸਪੀਅਰਵਾਲਾ' ਵੀ ਵਿਖਾਈ ਗਈ। ਇਸ ਪੂਜਾ ਦੇ ਤਿਉਹਾਰ ਤੇ ਮੈਂ ਪੈਰਿਸ ਦੇ ਇਕ ਟੱਬਰ ਨੂੰ ਸੱਦਾ ਭੇਜਿਆ ਸੀ। ਇਸ ਪ੍ਰੀਵਾਰ ਨੇ ਮੈਨੂੰ ਆਪਣੇ ਘਰ ਰੋਟੀ ਤੇ ਬੁਲਾਇਆ ਸੀ ਅਤੇ ਮੈਂ ਈਫਲ ਟਾਵਰ ਤੇ ਜਾ ਕੇ ਇਕ ਫੋਟੋ ਖਿਚਵਾਈ ਸੀ ਜਿਸ ਵਿਚ ਇਕ ਮਾਂ ਅਤੇ ਉਸਦੇ ਦੋ ਬੱਚੇ ਸ਼ਾਮਲ ਹਨ। ਇਹ ਫੋਟੋ ਮੈਂ ਕੁਝ ਮਹੀਨੇ ਪਹਿਲਾਂ ਭੇਜੀ ਸੀ। ਉਹ ਮੇਰੀ ਸੈਰ ਦੀਆਂ ਫੋਟੋ ਵੇਖਣ ਦੇ ਚਾਹਵਾਨ ਨੇ ਅਤੇ ਰੋਟੀ ਵਰਜ ਗਏ ਹਨ, ਜਦੋਂ ਮੈਨੂੰ ਵਿਹਲ ਹੋਈ ਤਾਂ ਜਾਵਾਂਗਾ। ਮਲਿਕ ਹੋਰੀਂ ਵੀ ਆਏ ਸਨ ਅਤੇ ਕਿਸੇ ਐਤਵਾਰ ਰੋਟੀ ਖਾਣ ਦਾ ਨਿਉਤਾ ਦੇ ਗਏ ਹਨ।

ਮੇਰੇ ਖਤ ਦਾ ਮਸਾਲਾ ਕੱਲ੍ਹ ਹੀ ਤਿਆਰ ਹੋ ਗਿਆ ਸੀ। ਇਕ ਫੋਟੋ 'ਮਾਰੀ ਕਲੌਡ' ਦੀ ਭੇਜ ਰਿਹਾ ਹਾਂ ਅਤੇ ਦੂਜੀ ਵਿਚ ਵਜ਼ੀਫਾ ਦਫਤਰ ਦੀਆਂ ਸਾਰੀਆਂ ਔਰਤਾਂ ਹਨ।ਹਰ ਸਾਲ ਨਵੇਂ ਵਜ਼ੀਫਾ ਪ੍ਰਾਪਤ ਕਰਕੇ ਆਏ ਵਿਦਿਆਰਥੀਆਂ ਦੀ ਆਓ-ਭਗਤ ਲਈ ਪੈਰਿਸ ਦੀ 'ਮੇਰੀ' (ਮਿਉਂਸਿਪਲ ਹਾਲ) ਵਿਚ ਇਕ ਦਾਅਵਤ ਦਿੱਤੀ ਜਾਂਦੀ ਹੈ।ਮੈਨੂੰ ਖਾਸ ਤੌਰ ਤੇ ਬੁਲਾਇਆ ਗਿਆ ਸੀ। ਇਕ ਸਿਰੇ ਤੇ ਹਿੱਕ ਤੇ ਹੱਥ ਰੱਖ ਕੇ ਖਲੋਤੀ ਮੇਰੀ ਚਹੇਤੀ ਰੂਸ ਦੀ 'ਖਵਾਸਤਾਫ' ਹੈ। ਮੈਂ ਇਸ ਨਾਲ ਰੂਸੀ ਭਾਸ਼ਾ ਬੋਲਦਾ ਹਾਂ ਅਤੇ ਇਹ ਮੇਰੇ ਕਈ ਕੰਮ ਕਰਵਾ ਦਿੰਦੀ ਹੈ। ਸੁੰਦਰ ਸਿੰਘ ਦੇ ਕੇਸ ਵਿਚ ਇਸ ਨੇ ਕੋਈ ਮੱਦਦ ਨਹੀਂ ਕੀਤੀ ਕਿਉਂਕਿ ਉਸ ਦਾ ਪ੍ਰੋਫੈਸਰ ਅਜੇ ਲੱਭਾ ਨਹੀਂ। ਮੇਰੀ ਕਿਸਮਤ ਚੰਗੀ ਸੀ ਪਹਿਲੇ ਦਿਨ ਹੀ ਲੱਭ ਪਿਆ ਸੀ।

ਸੁੰਦਰ ਨੂੰ 'ਰੋਇਆਂ' ਵਿਚ ਰਹਿ ਕੇ ਫਰੈਂਚ ਪੜ੍ਹਨੀ ਪਵੇਗੀ। ਵਜ਼ੀਫਾ ਵੀ 500 ਫਰੈਂਕ ਹੀ ਮਿਲ ਰਿਹਾ ਹੈ। ਵਿਚਾਰੇ ਦੀ ਕਿਸਮਤ ਹੀ ਮਾੜੀ ਹੈ। ਉਹ ਤਾਂ ਵਹੁਟੀ ਨੂੰ ਪੈਰਿਸ ਲਿਆਉਣ ਖਾਤਰ ਤੇਰਾਂ ਸਵਾਲਾਂ ਦੇ ਜਵਾਬ ਮੰਗਦਾ ਸੀ।

ਜੇਕਰ ਭਾਸ਼ਾ ਆਉਂਦੀ ਹੋਵੇ ਤਾਂ ਘਰ ਵਿਚ ਬੱਚੇ ਸਾਂਭਣ ਦਾ ਕੰਮ ਮਿਲ ਜਾਂਦਾ ਹੈ ਜਿਸ ਦੀ 1000 ਫਰੈਂਕ ਤਨਖਾਹ ਮਿਲ ਜਾਂਦੀ ਹੈ। ਘਰ ਵਾਲੇ ਬਹੁਤ ਇੱਜ਼ਤ ਕਰਦੇ ਹਨ ਅਤੇ ਕਾਰ ਤੇ ਲੈ ਜਾਂਦੇ ਹਨ। ਸਾਡੇ ਰੈਸਤੋਰਾਂ ਵਿਚ ਕੰਮ ਕਰਦੀਆਂ ਔਰਤਾਂ ਨੂੰ 1400 ਫਰੈਂਕ ਮਿਲਦੇ ਹਨ। ਰੋਟੀ ਪਾਣੀ ਅਤੇ ਮੈਡੀਕਲ ਸਹੂਲਤ ਵੀ ਮੁਫਤ ਮਿਲ ਜਾਂਦੀ ਹੈ। ਪੈਰਿਸ ਵਿਚ ਟੱਬਰ ਪਾਲਣ ਲਈ ਇਹ ਰਕਮ ਥੋੜੀ ਹੈ ਅਤੇ ਕੰਮ ਵੀ ਭੱਜ ਨੱਠ ਕੇ ਕਰਨਾ ਪੈਂਦਾ ਹੈ। ਇਕ ਹਜ਼ਾਰ ਬੰਦੇ ਦੀ ਰੋਟੀ ਦਾ ਪ੍ਰਬੰਧ ਕਰਨਾ ਇਕ ਲੰਗਰ ਜਿੰਨਾ ਕੰਮ ਹੋ ਜਾਂਦਾ ਹੈ।

ਫੋਟੋਆਂ ਬਾਰੇ ਵੇਰਵਾ ਕੁਝ ਇਸ ਤਰ੍ਹਾਂ ਹੈ: ਮਾਰੀ ਕਲੌਡ ਅਤੇ ਮੈਂ ਟਾਪੂ ਉਪਰ ਕਿਲ੍ਹੇ ਦੀ ਕੰਧ ਨਾਲ ਖਲੋਤੇ ਹਾਂ, ਹੇਠ ਸਮੁੰਦਰ ਹੈ ਅਤੇ ਪਿੱਛੇ ਟਾਪੂ ਦੇ ਦਰਖਤ ਹਨ। ਇਕ ਪੁਲ ਦੇ ਨਾਲ ਉਹ ਕਿਸ਼ਤੀ ਹੈ ਜਿਸ ਵਿੱਚ ਅਸੀਂ ਸਵਾਰ ਹੋ ਕੇ ਟਾਪੂ ਤੇ ਆਏ ਹਾਂ। ਕਿਲ੍ਹੇ ਦੇ ਨਾਲ ਹੀ ਇਕ ਕੈਦ-ਕੋਠੀ ਹੈ ਜਿਸ ਵਿਚ ਨੈਪੋਲੀਅਨ ਨੇ ਫਰਾਂਸ ਦੇ ਬਾਦਸ਼ਾਹ ਨੂੰ ਕੈਦ ਕਰ ਰੱਖਿਆ ਸੀ। ਦੂਸਰੀ ਫੋਟੋ ਵਿਚ ਭੂਰੇ ਵਾਲਾਂ ਵਾਲੀ ਸਾਡੇ ਟੂਰਾਂ ਦੀ ਇੰਚਾਰਜ 'ਮਾਰੀ ਫਰਾਂਸ' ਹੈ ਜੋ ਮੇਰੇ ਸਾਥੀਆਂ ਨੂੰ ਸਟਰਾਸਬੁਰਗ ਸੈਰ ਦੀ ਵਾਰਤਾ ਸੁਣਾ ਰਹੀ ਹੈ। ਉਹ ਕਹਿਰ ਰਹੀ ਹੈ ਕਿ ਵਿਰਕ ਨੇ ਬੋਤਲਾਂ ਖਾਲੀ ਕਰ ਦਿੱਤੀਆਂ। ਦਰਅਸਲ, ਮੇਰੇ ਸਾਥੀ ਸ਼ਰਾਬ ਦੀ ਬੋਤਲ ਖੋਲ੍ਹਦੇ, ਮੇਰੇ ਮੂੰਹ ਨੂੰ ਲਗਾਂਦੇ ਅਤੇ ਗੱਟ ਗੱਟ ਕਰਕੇ ਪੀ ਜਾਂਦੇ। ਮੈਂ ਤਾਂ ਘੁੱਟ ਵੀ ਨਹੀਂ ਭਰਿਆ ਪਰ ਸ਼ਗਨ ਦੀ ਖਾਤਰ ਮੇਰੇ ਤੋਂ ਹੀ ਸ਼ੁਰੂ ਕਰਦੇ। ਇਹ ਕਹਿ ਰਹੀ ਸੀ ਕਿ ਤੇਰੀ ਵਹੁਟੀ ਨੂੰ ਸਾਰੀਆਂ ਫੋਟੋ ਭੇਜ ਰਹੀ ਹਾਂ। ਫੋਟੋ ਵਿਚ ਪੰਜ ਛੇ ਹੋਰ ਕੁੜੀਆਂ ਪੋਲੈਂਡ, ਫਰਾਂਸ ਅਤੇ ਯੂਨਾਨ ਦੀਆਂ ਹਨ। ਸਿਰੇ ਤੇ ਛੇ ਫੁੱਟ ਉਚੀ 'ਬੀਕੂ' ਕਿਸੇ ਅਮੀਰ ਘਰ ਦੀ ਕੁੜੀ ਹੈ ਜੋ ਫਰੈਂਚ ਪੜ੍ਹਨ ਖਾਤਰ ਪੈਰਿਸ ਆਈ ਹੈ।

ਇਹ ਫੋਟੋ ਸਭ ਨੂੰ ਵਿਖਾ ਸਕਦੇ ਹੋ। ਭਾਵੇਂ ਤੇਰੀਆਂ ਸਹੇਲੀਆਂ ਸ਼ੱਕ ਕਰਨ ਪਰ ਮੈਨੂੰ ਤਾਂ ਤੇਰੇ ਹਿਰਦੇ ਦੀ ਲੋੜ ਹੈ ਜੋ ਨਿਸਚਾ ਕਰੀ ਬੈਠਾ ਹੈ। ਇੱਥੇ ਮੇਰੇ ਦੋਸਤ ਵੀ ਕਹਿੰਦੇ ਹਨ ਕਿ ਤੇਰੀ ਵਹੁਟੀ ਕਮਾਲ ਹੈ ਜੋ ਤੈਨੂੰ ਪੂਰੀ ਖੁੱਲ੍ਹ ਦੇ ਰਹੀ ਹੈ। ਮੇਰੀ ਮਾਂ ਦਾ ਕਹਿਣਾ ਠੀਕ ਹੈ: 'ਜੱਟ ਰੰਨਾ ਵਿਚ ਧੰਨਾ ਹੋਇਆ ਫਿਰਦਾ ਹੈ'। ਰਾਜੇ ਦੀ ਪੜ੍ਹਾਈ ਕਿਸ ਤਰ੍ਹਾਂ ਚੱਲ ਰਹੀ ਹੈ। ਰੋਟੀ ਦਾ ਕਿਵੇਂ ਪ੍ਰਬੰਧ ਕਰਦੇ ਹੋ? ਉਮੀਦ ਹੈ ਤਨਖਾਹ ਵਿਚ ਗੁਜਾਰਾ ਚੱਲ ਰਿਹਾ ਹੈ। ਬਿੰਕੂ ਬੱਬਲ ਨੂੰ ਪਿਆਰ। ਪੋਲੈਂਡ ਵਾਲੀ ਮੇਮ ਅਗਸਤ ਵਿਚ ਘਰ ਜਾ ਰਹੀ ਹੈ। ਉਹ

ਕਹਿ ਰਹੀ ਸੀ, ਮੇਰੀ ਕੁੜੀ ਨੂੰ ਸਾਂਭ ਰੱਖਣਾ ਅਤੇ ਤੈਨੂੰ ਪੋਲੈਂਡ ਕਾਰ ਵਿਚ ਲੈ ਜਾਵਾਂਗੀ। ਮੈਂ ਕਿਹਾ ਆਪਣੇ ਬੱਚੇ ਤਾਂ ਕਦੀ ਸਾਂਭੇ ਨਹੀਂ, ਤੇਰੀ ਕੁੜੀ ਕਿਵੇਂ ਸਾਂਭਾਗਾ। ਹੋਰ ਸਭ ਠੀਕ ਹੈ। ਸਰਦੀ ਕਾਫੀ ਪੈ ਰਹੀ ਹੈ ਪਰ ਅੰਦਰ ਨਿੱਘੇ ਹੁੰਦੇ ਹਨ।

ਪਿਆਰ ਸਹਿਤ,
ਤੇਰਾ
ਹਰਦੇਵ

ਪੈਰਿਸ
31.1.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਮੇਰੇ ਪਹਿਲੇ ਖਤ ਦੀਆਂ ਫੋਟੋਆਂ ਮਿਲ ਗਈਆਂ ਹੋਣਗੀਆਂ। ਸਾਡੇ ਹੋਸਟਲ ਵਿਚ ਤਿਉਹਾਰਾਂ ਦਾ ਦੌਰ ਚੱਲ ਰਿਹਾ ਹੈ। ਰਾਤੀਂ ਰੀਪਬਲਿਕ ਡੇ ਮਨਾਇਆ ਗਿਆ ਜਿਸ ਵਿੱਚ ਫਰੈਂਚ ਕੁੜੀ 'ਜਵਾਲਕਾ' ਨੇ ਭਾਰਤੀ ਨਿਰਤ ਪੇਸ਼ ਕੀਤਾ। ਉਹ ਕਈ ਸਾਲ ਭਾਰਤ ਵਿਚ ਰਹਿ ਕੇ ਨਾਚ ਸਿੱਖਦੀ ਰਹੀ ਅਤੇ ਸ਼ਕਲ ਸੂਰਤ ਤੋਂ ਇੰਡੀਅਨ ਹੀ ਜਾਪਦੀ ਹੈ। ਮੈਂ ਇਨ੍ਹਾਂ ਦਿਨਾਂ ਵਿਚ ਗੀਤਾ ਦੀ ਇਕ ਪੁਸਤਕ ਪੜ੍ਹ ਰਿਹਾ ਹਾਂ ਜੋ ਵਿਨੋਬਾ ਭਾਵੇ ਨੇ ਲਿਖੀ ਹੈ। ਅੱਗੇ ਕੁਰਾਨ ਪੜ੍ਹੀ ਸੀ ਅਤੇ ਬਾਈਬਲ ਵੀ ਅੱਧੀ ਕੁ ਪੜ੍ਹੀ ਹੈ ਜੋ ਨੀਤਾ ਨੇ ਮੈਨੂੰ ਤੋਹਫੇ ਵਜੋਂ ਦਿੱਤੀ ਸੀ। ਜਿੱਥੇ ਕੁਰਾਨ ਵਿਚ ਵਿਆਹ ਅਤੇ ਤਲਾਕ ਬਾਰੇ ਬਹੁਤ ਖੁੱਲ ਹੈ ਉਥੇ ਬਾਈਬਲ ਵਿਚ ਖੁੱਲ ਨਹੀਂ ਮਿਲਦੀ। ਬਲਕਿ ਪਰਾਈ ਔਰਤ ਦੀਆਂ ਅੱਖਾਂ ਅਤੇ ਵਲਛਲ ਤੋਂ ਬਚਣਾ ਜਰੂਰੀ ਦੱਸਿਆ ਹੈ। ਜੋ ਪਰਾਈ ਔਰਤ ਦਾ ਹਮ-ਬਿਸਤਰ ਹੋਵੇ, ਉਹ ਸਿੱਧਾ ਨਰਕ 'ਚ ਜਾਣ ਦਾ ਭਾਗੀ ਹੋਵੇਗਾ।

ਕਈ ਵਾਰ ਨੀਤਾ ਦੇ ਕਮਰੇ ਵਿਚ ਧਾਰਮਿਕ ਬਹਿਸ ਵੀ ਹੁੰਦੀ ਰਹਿੰਦੀ ਹੈ। ਕੁਰਾਨ ਵਿਚ ਸ਼ਰਾਬ ਦੀ ਸਖਤ ਮਨਾਹੀ ਹੈ ਪਰ ਬਾਈਬਲ ਵਿਚ ਇਸ ਦੀ ਪੂਰੀ ਖੁੱਲ੍ਹ ਹੈ ਅਤੇ ਗਿਰਜਾ ਘਰ ਵਿੱਚ ਸ਼ਰਾਬ ਦਾ ਭੋਗ ਲਵਾਇਆ ਜਾਂਦਾ ਹੈ। ਪੱਛਮ ਵਿਚ ਔਰਤ ਅਤੇ ਮਰਦ ਬਾਈਬਲ ਦੀ ਸਿੱਖਿਆ ਦੇ ਉਲਟ ਸੈਕਸ ਦੀ ਪੂਰੀ ਖੁੱਲ੍ਹ ਮਾਣਦੇ ਹਨ। ਨੀਤਾ ਦਾ ਦੋਸਤ ਰਿਚਰਡ ਸੁਪਨਿਆਂ ਉਪਰ ਖੋਜ ਕਰ ਰਿਹਾ ਹੈ। ਮੈਂ ਉਸ ਨਾਲ ਸੁਪਨੇ ਸਾਂਝੇ ਕਰਦਾ ਰਹਿੰਦਾ ਹਾਂ। ਸ਼ਨੀਵਾਰ ਸਵੇਰੇ ਉਠਿਆ ਤਾਂ ਇਉਂ ਲੱਗਾ ਜਿਵੇਂ ਰਾਤ ਦਾ ਸੁਪਨਾ ਸੱਚਾ ਹੀ ਹੋਵੇ। ਸੁਪਨੇ ਵਿਚ ਮੈਂ ਪੈਰਿਸ ਤੋਂ ਪਟਿਆਲੇ ਪਹੁੰਚਿਆ ਜਿੱਥੇ ਮੇਰੇ ਦੋਸਤ ਮੇਰਾ ਹਾਲ ਚਾਲ ਪੁੱਛਣ ਆਏ। ਮੇਰੇ ਬੱਚੇ ਵੀ ਮਿਲੇ ਅਤੇ ਡੇਢ ਸਾਲ ਦਾ ਸਮਾ ਡੇਢ ਦਿਨ ਵਾਂਗ ਲੰਘ ਗਿਆ। ਦਰਅਸਲ, ਮੇਰੇ ਖੋਜ ਕੰਮ ਦਾ ਲੇਖਾ ਜੋਖਾ ਹੋ ਰਿਹਾ ਸੀ। ਮੇਰਾ ਚੀਨੀ ਗਾਈਡ ਮੇਰੇ ਕੰਮ ਤੋਂ ਖੁਸ਼ ਹੈ ਪਰ ਬਾਕੀ ਖੋਜੀ ਉਸ ਦੇ ਉਲਟ ਕੰਮ ਕਰ ਰਹੇ ਹਨ। ਜੇਕਰ ਮੇਰੇ ਸਿੱਟੇ ਠੀਕ ਸਿੱਧ ਹੋਏ ਤਾਂ ਦੋ ਸਾਲ ਵਿਚ ਕੰਮ ਖਤਮ ਕਰਕੇ ਘਰ ਪਰਤ ਆਵਾਂਗਾ। ਜੇਕਰ ਦੂਜਾ ਗਰੁੱਪ ਹਾਵੀ ਹੋ ਗਿਆ ਤਾਂ ਇਕ ਸਾਲ ਹੋਰ

ਲੱਗ ਸਕਦਾ ਹੈ। ਇਸ ਮਾਨਸਿਕ ਤਨਾਉ ਕਾਰਨ ਸੁਪਨੇ ਆ ਰਹੇ ਹਨ।

ਗੀਤਾ ਦਾ ਉਪਦੇਸ਼ ਦੱਸਦਾ ਹੈ ਕਿ ਕਰਮ ਕਰਨਾ ਸਾਡਾ ਫਰਜ਼ ਹੈ ਪਰ ਇਸ ਦੇ ਫਲ ਦੀ ਉਡੀਕ ਰੱਖਣੀ ਉਚਿਤ ਨਹੀਂ। ਨਿਸ਼ਕਾਮ ਕਰਮ ਕਰਨਾ ਲਾਜ਼ਮੀ ਹੈ ਫਲ ਪ੍ਰਭੂ ਦੀ ਨਦਰ ਉਪਰ ਨਿਰਭਰ ਹੈ। ਮੈਂ ਆਪਣੀ ਖੋਜ ਨੂੰ ਇਸ ਉਪਦੇਸ਼ ਦੀ ਤੱਕੜੀ ਤੇ ਤੋਲ ਰਿਹਾ ਹਾਂ। ਖੋਜ ਦੇ ਸਿੱਟੇ ਜੋ ਪ੍ਰਾਪਤ ਹੋਣਗੇ,। ਉਹ ਇੰਨ ਬਿੰਨ ਪੇਸ਼ ਕਰ ਦਿਆਂਗਾ, ਡਿਗਰੀ ਮਿਲੇ ਚਾਹੇ ਨਾ ਮਿਲੇ। ਕਰਿਸ਼ਨ ਮਹਾਰਾਜ ਨੇ ਅਰਜਨ ਨੂੰ ਗੀਤਾ ਦੇ ਉਪਦੇਸ਼ ਰਾਹੀਂ ਮਹਾਭਾਰਤ ਦੇ ਯੁੱਧ ਲਈ ਤਿਆਰ ਕੀਤਾ ਸੀ। ਮੇਰੇ ਉਪਰ ਵੀ ਗੀਤਾ ਉਪਦੇਸ਼ ਕਾਰਗਰ ਸਿੱਧ ਹੋ ਰਿਹਾ ਹੈ। ਦਿਨ ਰਾਤ ਖੋਜ ਕੰਮ ਚੱਲ ਰਿਹਾ ਹੈ ਅਤੇ ਕਿਸੇ ਭਟਕਣ ਤੋਂ ਬਿਨ੍ਹਾਂ ਫਲ ਦੀ ਉਡੀਕ ਪ੍ਰਭੂ ਉਪਰ ਛੱਡ ਦਿਤੀ ਹੈ।

ਨੀਤਾ ਅਤੇ ਰਿਚਰਡ ਜੋੜੀ ਮੇਰੇ ਸੰਪਰਕ ਵਿਚ ਰਹਿੰਦੀ ਹੈ। ਉਹ ਮਨ ਦੀ ਨਿਰਛਲ ਜੋੜੀ ਹੈ। ਅਮਰੀਕਾ ਅਤੇ ਵੀਅਤਨਾਮ ਦਾ ਯੁੱਧ ਖਤਮ ਹੋ ਗਿਆ ਹੈ। ਬਹੁਤ ਸਾਰੇ ਸ਼ਰਨਾਰਥੀ ਵੀਅਤਨਾਮ ਤੋਂ ਫਰਾਂਸ ਵਿਚ ਵੱਸ ਗਏ ਹਨ। ਇਕ ਵੀਅਤਨਾਮੀ ਵਿਦਿਆਰਥੀ ਇਸ ਜੋੜੀ ਦੀ ਕਿਰਪਾ ਦਾ ਪਾਤਰ ਬਣਿਆ ਹੋਇਆ ਹੈ। ਉਹ ਰੋਟੀ ਖਾਣ ਸ਼ਾਮ ਨੂੰ ਨੀਤਾ ਕੋਲ ਪਹੁੰਚ ਜਾਂਦਾ ਹੈ। ਰਿਚਰਡ ਨੇ ਚੌਲ ਅਤੇ ਖੁੰਬਾਂ ਦੀ ਸਬਜੀ ਤਿਆਰ ਕੀਤੀ। ਨੀਤਾ ਕੰਮ ਤੋਂ ਥੱਕੀ ਟੁੱਟੀ ਵਾਪਸ ਆਈ। ਅਸੀਂ ਤਿੰਨੇ ਅਜੇ ਖਾਣੇ ਦੇ ਮੇਜ਼ ਉਪਰ ਬੈਠੇ ਹੀ ਸਾਂ ਕਿ ਉਹ ਵੀਅਤਨਾਮੀ ਆ ਗਿਆ। ਨੀਤਾ ਨੇ ਆਪਣਾ ਖਾਣਾ ਉਸ ਨੂੰ ਪੇਸ਼ ਕਰ ਦਿੱਤਾ ਅਤੇ ਆਪ ਡਬਲ ਰੋਟੀ ਖਾ ਕੇ ਗੁਜ਼ਾਰਾ ਕੀਤਾ। ਆਪਣੇ ਵਿਰੋਧੀ ਦੇਸ਼ ਦੇ ਵਿਦਿਆਰਥੀ ਲਈ ਇਹ ਪ੍ਰੇਮ ਭਾਵਨਾ ਇਕ ਵੱਖਰੀ ਮਿਸਾਲ ਹੈ।

ਤੇਰੇ ਖਤ ਵਿਚ ਸੁੱਕੀ ਠੰਡ ਦਾ ਜਿਕਰ ਸੀ। ਪੈਰਿਸ ਵਿਚ ਦਸੰਬਰ ਅਤੇ ਜਨਵਰੀ ਦੇ ਮਹੀਨੇ ਬਾਰਿਸ਼ ਪੈ ਰਹੀ ਸੀ ਜਿਸ ਕਰਕੇ ਠੰਡ ਘੱਟ ਪਈ ਹੈ। ਪਰ ਜਨਵਰੀ ਦੇ ਅੰਤ ਵਿਚ ਠੰਡ ਦੀ ਕਰੋਪੀ ਆ ਗਈ ਹੈ। ਹਵਾ ਵਿਚ ਬਰਫ ਦੀਆਂ ਫੁੱਟੀਆਂ ਤਰ ਰਹੀਆਂ ਹਨ। ਘਾਹ ਪੱਤੀਆਂ ਅਤੇ ਟਾਹਣੀਆਂ ਬਰਫ ਨਾਲ ਲੱਦੀਆਂ ਹੋਈਆਂ ਹਨ। ਮੇਰੀ ਪੱਗ ਤੇ ਵੀ ਬਰਫ ਜੰਮੀ ਹੋਈ ਹੈ। ਐਤਵਾਰ ਧੁੱਪ ਵੇਖ ਕੇ ਮੈਂ ਆਪਣੀਆਂ ਪੱਗਾਂ ਧੋ ਕੇ ਕਮਰੇ ਤੋਂ ਬਾਹਰ ਲਟਕਾ ਦਿੱਤੀਆਂ। ਅੱਧੇ ਘੰਟੇ ਤੋਂ ਬਾਅਦ ਵੇਖਿਆ ਤਾਂ ਇਹ ਠੰਡ ਵਿੱਚ ਆਕੜ ਕੇ ਜੰਮ

ਗਈਆਂ ਸਨ। ਕਮਰੇ ਦੇ ਅੰਦਰ ਤਾਂ ਨਿੱਘ ਰਹਿੰਦਾ ਹੈ। ਪੈਰਿਸ ਦੀਆਂ ਗਰੀਬ ਬਸਤੀਆਂ ਵਿਚ ਰੂਮ-ਹੀਟਿੰਗ ਨਹੀਂ ਹੁੰਦੀ ਸੀ। ਇਹ ਪਤਾ ਨਹੀਂ ਸਰਦੀਆਂ ਵਿਚ ਕਿਵੇਂ ਗੁਜਾਰਾ ਕਰਦੇ ਸਨ। ਜਿਵੇਂ ਆਪਣੇ ਕਸ਼ਮੀਰੀ ਲੋਕ ਵੀ ਬਰਫ ਪੈਣ ਵੇਲੇ ਗਰਮ ਕੁੱਜਾ ਜਿਹਾ ਕਾਂਗੜੀ ਹਿੱਕ ਨਾਲ ਲਗਾ ਕੇ ਰੱਖਦੇ ਹਨ।

ਤੇਰੇ ਹੌਸਲੇ ਦਾ ਬਹੁਤ ਸ਼ੁਕਰੀਆ। ਮੇਰਾ ਸੱਦਾ ਤਾਂ ਐਵੇਂ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਂਗ ਸੀ। ਮੈਨੂੰ ਤੇਰੇ ਉਤਰ ਦਾ ਪਹਿਲਾਂ ਹੀ ਪਤਾ ਸੀ ਪਰ ਮੈਂ ਸੋਚਿਆ ਤੇਰਾ ਦਿਲ ਪ੍ਰਚਾਵਾ ਹੋ ਜਾਵੇਗਾ। ਤੇਰੇ ਪੱਤਰ ਦੀਆਂ ਦੋ ਲਾਈਨਾਂ ਕੱਟੀਆਂ ਹੋਈਆਂ ਸਨ ਪਰ ਮੈਨੂੰ ਕੱਟੇ ਹੋਏ ਅੱਖਰ ਮੋਟੇ ਮੋਟੇ ਹੋ ਕੇ ਦਿਸਣ ਲੱਗੇ। ਤੇਰੇ ਦਰਦ ਦੀ ਦਾਸਤਾਨ ਬਿਆਨ ਕਰਦੇ ਇਹ ਸ਼ਬਦ "ਦਿਨ ਤਾਂ ਬੱਚਿਆਂ ਦੀ ਸਾਂਭ ਸੰਭਾਲ ਵਿੱਚ ਲੰਘ ਜਾਂਦਾ ਹੈ ਪਰ ਰਾਤ ਆਪਦੀ ਹੁੰਦੀ ਹੈ ਸੋਚਾਂ ਤੇ ਦਲੀਲਾਂ ਵਾਲੀ, ਜੋ ਸ਼ਾਇਦ ਇਸ ਸਾਲ ਵਿਚ ਮੁੱਕ ਜਾਣਗੀਆਂ"। ਮੈਨੂੰ ਵੀ ਸ਼ੁਕਰਵਾਰ ਮੇਰੇ ਪ੍ਰੋਫੈਸਰ ਦੀ ਸੈਕਟਰੀ ਪੁੱਛ ਰਹੀ ਸੀ, "ਤੇਰੀ ਰਾਤ ਕਿਵੇਂ ਲੰਘਦੀ ਹੈ, ਜਦ ਕਿ ਤੇਰੀ ਘਰਵਾਲੀ ਤਾਂ ਪੈਰਿਸ ਵਿਚ ਨਹੀਂ।" ਕਹਿੰਦੀ ਤੇਰੇ ਪਿਆਰ ਵਿਚ ਕਈ ਮਰ ਰਹੀਆਂ ਹਨ ਪਰ ਤੂੰ ਗੌਲਦਾ ਨਹੀਂ। ਲਾਇਬਰੇਰੀ ਵਾਲੀ ਕੁੜੀ ਤਾਂ ਤੇਰੀ ਦੀਵਾਨੀ ਹੋਈ ਫਿਰਦੀ ਹੈ। ਉਸ ਨੇ ਮੇਰੇ ਚੀਨੀ ਗਾਈਡ ਨਾਲ ਖੋਜ ਕੀਤੀ ਹੈ ਅਤੇ ਅਜੇ ਤੱਕ ਕਵਾਰੀ ਬੈਠੀ ਹੈ। ਮੈਂ ਉਸ ਨਾਲ ਆਪਣੇ ਪਿਆਰਾਂ ਦੀ ਗੱਲ ਸਾਂਝੀ ਕੀਤੀ। ਮੈਂ ਕਿਹਾ ਮਾਰੀ ਕਲੌਡ ਮੇਰੀ ਚੰਗੀ ਦੋਸਤ ਹੈ ਅਤੇ ਉਸ ਨੂੰ ਪਤਾ ਹੈ ਕਿ ਮੈਂ ਸ਼ਾਦੀ-ਸ਼ੁਦਾ ਮਰਦ ਹਾਂ ਅਤੇ ਕਿਸੇ ਹੋਰ ਦਾ ਪਿਆਰ ਕਬੂਲ ਨਹੀਂ ਕਰਾਂਗਾ।

ਪ੍ਰੋਫੈਸਰ ਦੀ ਸੈਕਟਰੀ ਸਿਗਰਟਨੋਸ਼ੀ ਦਾ ਸ਼ਿਕਾਰ ਹੈ। ਮੇਰੇ ਸਾਹਮਣੇ ਤਾਂ ਉਹ ਬੁਝਾ ਦਿੰਦੀ ਹੈ ਪਰ ਦਫਤਰ ਵਿਚ ਸਿਗਰਟ ਦਾ ਧੂੰਆਂ ਫੈਲਿਆ ਰਹਿੰਦਾ ਹੈ। ਉਸ ਨੂੰ ਭਾਰਤੀ ਨਾਰੀਆਂ ਉਪਰ ਬਹੁਤ ਤਰਸ ਆਉਂਦਾ ਹੈ। ਕਹਿੰਦੀ ਮੇਰਾ ਘਰਵਾਲਾ ਜੇਕਰ ਕੁਝ ਮਹੀਨੇ ਬਾਹਰ ਚਲਾ ਜਾਵੇ ਤਾਂ ਮੈ ਹੋਰ ਮਰਦ ਢੂਢ ਲੈਂਦੀ ਹਾਂ। ਮੈਂ ਕਿਹਾ ਪੱਛਮੀ ਸਭਿਆਚਾਰ ਅਤੇ ਪੂਰਬੀ ਸਭਿਆਚਾਰ ਵਿੱਚ ਬਹੁਤ ਫਰਕ ਹੈ। ਸਾਡੀਆਂ ਔਰਤਾਂ ਵਿਛੋੜਾ ਸਹਿ ਸਕਦੀਆਂ ਹਨ। ਸਾਡੇ ਪਿਆਰ ਵਿਚ ਕੁਝ ਬੰਧੇਜ ਅਤੇ ਮੋਹ ਆ ਜਾਂਦਾ ਹੈ ਜਿਸ ਕਰਕੇ ਵਿਛੋੜੇ ਵਿਚ ਵੀ ਤੜਪ ਜਹੀ ਲੱਗੀ ਰਹਿੰਦੀ ਹੈ। ਪੱਛਮੀ ਔਰਤਾਂ ਦਾ ਦਿਲ ਸੱਚੇ ਪਿਆਰ ਤੋਂ ਸੱਖਣੇ ਜਹੇ ਹੋ ਗਏ ਹਨ ਪਰ ਕਿਤੇ ਕਿਤੇ ਸੁੰਦਰ ਦਿਲ ਦੀਆਂ ਵੀ ਮਿਲ

ਜਾਂਦੀਆਂ ਹਨ। ਮੈਂ ਸ਼ਾਮੋਂ ਦੀ ਕਹਾਣੀ ਵੀ ਸੁਣਾਈ ਜੋ ਇਕ ਕਬਜਾ ਕਰਨਾ ਚਾਹੁੰਦੀ ਸੀ ਜਿਸ ਕਰਕੇ ਉਸ ਦਾ ਪਿਆਰ ਠੁਕਰਾ ਦਿੱਤਾ। ਕਿਉਂਕਿ ਜੇਕਰ ਮੋਹ ਦੀਆਂ ਤੰਦਾਂ ਵਿੱਚ ਫਸ ਜਾਂਦੇ ਤਾਂ ਖਹਿੜਾ ਛੱਡਣਾ ਔਖਾ ਹੋ ਜਾਂਦਾ। ਮੈਂ ਕਿਹਾ ਅਜੇ ਤੱਕ ਤਾਂ ਕਈ ਪਿਆਰ ਟੱਕਰੇ ਹਨ, ਜਾਣ ਪਹਿਚਾਣ ਅਤੇ ਚਿੱਠੀ ਪੱਤਰ ਰਾਹੀਂ ਹੀ ਨਿਰਬਾਹ ਹੋ ਰਿਹਾ ਹੈ। ਹੈ ਤਾਂ ਮੁਸ਼ਕਲ ਬਚਣ ਪਰ ਉਮੀਦ ਹੈ ਕਿ ਮੇਰੇ ਮਿਹਰਵਾਨ ਸਾਥੀ ਮੇਰੀ ਕਿਸੇ ਕਮਜੋਰੀ ਦਾ ਫਾਇਦਾ ਨਾ ਉਠਾਉਣ। ਮੇਰਾ ਨਿਸਚਾ ਹੈ ਕਿ ਮੇਰੇ ਪਿਆਰੇ ਸਾਥੀ ਆਤਮ–ਕੰਟਰੋਲ ਵਿਚ ਮੇਰੇ ਤੋਂ ਕਿਤੇ ਪੱਕੇ ਹਨ।

ਰਾਤ ਡਿਨਰ ਕਰਨ ਜਾ ਰਿਹਾ ਸਾਂ ਤਾਂ ਅਚਨਚੇਤ ਸ਼ਾਮੋਂ ਦਾ ਬੁੱਤ ਮੇਰੇ ਅੱਗੇ ਅੱਗੇ ਤੁਰਦਾ ਵੇਖਿਆ। ਉਸ ਦੇ ਹੋਸਟਲ ਦੀ ਮਾਈ (ਮੇਡ) ਨੇ ਦੱਸਿਆ ਸੀ ਕਿ ਸ਼ਾਮੋਂ ਦਾ ਸਮਾਨ ਪੈਕ ਹੋ ਚੁੱਕਿਆ ਹੈ ਅਤੇ ਉਹ ਜਲਦੀ ਬਰਾਜ਼ੀਲ ਪਰਤ ਜਾਵੇਗੀ। ਪੈਰਿਸ ਛੱਡਣ ਦੀ ਉਦਾਸੀ ਉਸ ਦੇ ਚਿਹਰੇ ਤੋਂ ਸਾਫ ਝਲਕ ਰਹੀ ਸੀ। ਸ਼ਾਇਦ ਇਸ ਕਰਕੇ ਹੀ ਉਸ ਨੇ ਲਾਲ ਰੰਗ ਦੀ ਬਜਾਏ ਕਾਲੇ ਰੰਗ ਦਾ ਲਿਬਾਸ ਪਹਿਨਿਆ ਹੋਇਆ ਸੀ। ਉਸ ਨੇ ਹਫਤੇ ਬਾਅਦ ਪੈਰਿਸ ਛੱਡ ਜਾਣਾ ਸੀ। ਸੋ ਇਹ ਆਖਰੀ ਮੁਲਾਕਾਤ ਸੀ ਅਤੇ ਮੈਂ ਉਸ ਨੂੰ ਅਲਵਿਦਾ ਕਹਿ ਕੇ ਆਪਣੇ ਹੋਸਟਲ ਪਰਤ ਗਿਆ।

ਤੇਰੀ ਪੈਰਿਸ ਦੀ ਯਾਤਰਾ ਚਿੱਠੀਆਂ ਰਾਹੀਂ ਕਰਵਾ ਦਿੱਤੀ ਹੈ। ਬੱਚਿਆਂ ਨੂੰ ਛੱਡ ਕੇ ਜਾਣਾ ਨਾ–ਮੁਮਕਿਨ ਹੈ। ਕੁਝ ਮਹੀਨੇ ਹੋਰ ਕੱਟ ਲੈਣਾ ਦਰਦ ਵਿਛੋੜੇ ਦਾ ਹਾਲ ਸਾਂਝਾ ਕਰਕੇ। ਆਪੇ ਜਦੋਂ ਰਾਜੇ ਦਾ ਵਿਆਹ ਕਿਸੇ ਬਾਹਰਲੀ ਕੁੜੀ ਨਾਲ ਹੋਵੇਗਾ ਤਾਂ ਉਹ ਤੈਨੂੰ ਉਸ ਦੇਸ਼ ਦੀ ਸੈਰ ਕਰਵਾ ਦੇਵੇਗਾ। ਸ਼ਾਇਦ ਯੂਗੋਸਲਾਵੀਆ ਜਾਂ ਅਸਟਰੇਲੀਆ ਜਾਂ ਕੈਨੇਡਾ ਦੀ। ਉਮੀਦ ਨਾਲ ਜੀਵਨ ਲੰਘ ਜਾਂਦਾ ਹੈ। ਚੰਡੀਗੜ੍ਹ ਤੋਂ ਜੋਸ਼ੀ ਦੇ ਰਿਸ਼ਤੇਦਾਰ ਪੈਰਿਸ ਆਏ ਮਿਲ ਕੇ ਗਏ ਹਨ। ਮੇਰੇ ਇਕੱਲੇ ਦਾ 700 ਰੁਪਏ ਮਹੀਨਾ ਖਰਚ ਹੈ। ਜੇਕਰ ਸੈਰ ਬੰਦ ਕਰ ਦਿਆਂ ਤਾਂ ਤੁਹਾਨੂੰ ਪੈਸੇ ਭੇਜ ਸਕਦਾ ਹਾਂ। ਯੂਗੋਸਲਾਵੀਆ ਤੋਂ ਬਾਅਦ ਪੋਲੈਂਡ ਦੀ ਤਿਆਰੀ ਹੈ ਅਤੇ ਲੰਡਨ ਦੀ ਵਿਸਾਖੀ ਵੇਖਣ ਦਾ ਪ੍ਰੋਗਰਾਮ। ਯੂਰਪ ਵਿਚ ਕਿਤੇ ਵੀ ਗੁਰਦੁਆਰਾ ਨਹੀਂ, ਸੋ ਗੁਰੂ ਘਰ ਦੀ ਯਾਤਰਾ ਲੰਡਨ ਵਿਚ ਹੀ ਹੋ ਸਕਦੀ ਹੈ। ਜੇਕਰ ਖੋਜ ਦਾ ਕੰਮ ਮੁੱਕ ਜਾਵੇ ਤਾਂ ਘੁੰਮਣ ਦਾ ਮਜ਼ਾ ਵਧੇਰੇ ਆਵੇਗਾ।

ਹਾਕੀ ਦੇ ਮੈਚ ਵੇਖ ਰਿਹਾਂ ਸਾਂ। ਪੰਜਾਬ ਅਤੇ ਪੰਜਾਬੀ ਯੂਨੀਵਰਸਿਟੀ ਦਾ ਮੈਚ ਬਰਾਬਰ ਰਿਹਾ। ਜਰਮਨ ਦੀਆਂ ਉਲੰਪਿਕ ਖੇਡਾਂ ਵਿੱਚ ਤੇਰੀ ਭੈਣ ਕੰਵਲਜੀਤ (ਰਾਨੀ) ਵੀ ਸ਼ਾਮਲ ਹੋਵੇਗੀ। ਉਮੀਦ ਹੈ ਏਸ਼ੀਆ ਦੀ ਗੋਲਡ ਮੈਡਾਲਿਸਟ ਜਰਮਨੀ ਵਿਚ ਵੀ ਮੈਡਲ ਜਿੱਤੇਗੀ।

ਬੱਚਿਆਂ ਨੂੰ ਪਿਆਰ। ਮਾਤਾ ਜੀ ਨੂੰ ਸਤਿ ਸਿਰੀ ਅਕਾਲ।

ਪਿਆਰ ਸਹਿਤ,
ਤੇਰਾ
ਹਰਦੇਵ

ਪੈਰਿਸ
14.2.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਇਵੀਲੀਨਾ ਦੇ ਖਤ ਵਿੱਚ ਉਸਦੀ ਭਤੀਜੀ 'ਮਾਸ਼ਾ' ਦੀ ਫੋਟੋ ਆਈ ਹੈ ਜੋ ਉਸ ਨੇ ਸਾਡੇ ਬੱਬਲ ਲਈ ਭੇਜੀ ਹੈ। ਉਹ ਇਕ ਸਾਲ ਦੀ ਹੈ ਅਤੇ ਰੂਸੀ ਬੱਚਿਆਂ ਵਾਂਗ ਗੋਲ ਮਟੋਲ ਹੈ। ਇਵੀਲੀਨਾ ਉਸ ਨੂੰ ਅੰਗਰੇਜ਼ੀ ਅਤੇ ਰੂਸੀ ਭਾਸ਼ਾ ਸਿਖਾਏਗੀ। ਰਾਜਾ ਅਤੇ ਬੱਬਲ ਤਾਂ ਮੇਮਾਂ ਨਾਲ ਵਿਆਹੇ ਜਾਣਗੇ ਅਤੇ ਬਿੰਕੂ ਸੇਠ ਲਈ ਕੋਈ ਦੇਸੀ ਮੇਮ ਲੱਭ ਜਾਵੇਗੀ। ਵੱਡੇ ਹੋ ਕੇ ਇਹ ਆਪ ਹੀ ਫੈਸਲਾ ਕਰ ਲੈਣਗੇ। ਇਵੀਲੀਨਾ ਦੀ ਮਾਂ ਬੀਮਾਰ ਰਹਿੰਦੀ ਹੈ ਪਰ ਉਹ ਛੁੱਟੀਆਂ ਵਿਚ ਪੋਲੈਂਡ ਜਾਂ ਬੁਲਗਾਰੀਆ ਦੀ ਸੈਰ ਕਰੇਗੀ। ਮੇਰੇ ਨਾਲ ਫਰੈਂਚ ਕਲਾਸ ਵਿਚ ਇਕ ਪੋਲੈਂਡ ਦੀ ਮੈਡਮ ਪੜ੍ਹਦੀ ਹੈ ਜਿਸ ਨੇ ਫਰਾਂਸੀਸੀ ਇੰਜੀਨੀਅਰ ਨਾਲ ਸ਼ਾਦੀ ਕਰਾ ਰੱਖੀ ਹੈ। ਉਸ ਨੇ ਪੈਰਿਸ ਆਪਣੇ ਘਰ ਖਾਣੇ ਤੇ ਬੁਲਾਇਆ ਹੈ। ਮੈਂ ਕਿਹਾ ਪੋਲੈਂਡ ਜਾ ਕੇ ਤੇਰੇ ਘਰ ਆਵਾਂਗਾ ਕਿਉਂਕਿ ਉਹ ਛੁੱਟੀਆਂ ਵਿਚ ਪੋਲੈਂਡ ਘੁੰਮਣ ਜਾ ਰਹੀ ਹੈ।

ਇਸ ਸ਼ੁਕਰਵਾਰ ਮੈਂ ਨਰੇਸ਼ਪਾਲ ਸਿੰਘ ਦੇ ਘਰ ਖਾਣੇ ਉਪਰ ਗਿਆ। ਉਹ ਦਿੱਲੀ ਤੋਂ ਇਕ ਸਵੀਡਨ ਮੇਮ ਨਾਲ ਵਿਆਹ ਕਰਵਾ ਕੇ ਪੈਰਿਸ ਪਹੁੰਚ ਗਿਆ ਹੈ। ਉਸ ਦੀ ਘਰਵਾਲੀ 'ਮਾਰੀਆਨ ਸਿੰਘ' ਯੂਨੈਸਕੋ ਵਿਚ ਲਾਇਬਰੇਰੀਅਨ ਦਾ ਕੰਮ ਕਰ ਰਹੀ ਹੈ। ਉਸ ਦਾ ਘਰ ਇੰਡੀਅਨ ਸਾਜੋ ਸਮਾਨ ਨਾਲ ਭਰਿਆ ਹੋਇਆ ਹੈ, ਫੁਲਕਾਰੀਆਂ, ਗੱਦੀਆਂ ਅਤੇ ਪੇਂਟਿੰਗਜ਼ ਨਾਲ। ਇਉਂ ਲੱਗੇ ਜਿਵੇਂ ਆਪਣੇ ਘਰ ਹੀ ਆ ਗਿਆ ਹੋਵਾਂ। ਮਾਰੀਆਨ ਬੜੀ ਮਿਲਣਸਾਰ ਹੈ ਪਰ ਉਸ ਨੂੰ ਸਿਗਰਟ ਪੀਣ ਦੀ ਮਾੜੀ ਆਦਤ ਹੈ ਜਿਸ ਕਰਕੇ ਘਰ ਵਿੱਚ ਸਾਹ ਲੈਣਾ ਔਖਾ ਹੋ ਗਿਆ। ਨਰੇਸ਼ਪਾਲ ਤਾਂ ਪੂਰਾ ਖਾਲਸਾ ਹੈ, ਨੀਲੀ ਪੱਗ ਅਤੇ ਖੁੱਲ੍ਹੀ ਦਾਹੜੀ ਨਾਲ ਪੈਰਿਸ ਵਿਚ ਘੁੰਮਦਾ ਹੈ। ਉਸ ਨੂੰ ਯੂਨੈਸਕੋ ਪਲੇਟ ਵਾਲੀ ਕਾਰ ਮਿਲੀ ਹੋਈ ਹੈ ਜਿਸ ਦਾ ਕੋਈ ਚਲਾਨ ਨਹੀਂ ਕਰ ਸਕਦਾ। ਉਸ ਨੇ ਮੇਰੀ ਯੂਨੀਵਰਸਿਟੀ ਵਿਚ ਦਾਖਲਾ ਲੈ ਰੱਖਿਆ ਹੈ ਅਤੇ ਕਦੇ ਕਦਾਈਂ ਆਪਣੇ ਘਰ ਵੀ ਲੈ ਜਾਂਦਾ ਹੈ।

ਚੰਡੀਗੜ੍ਹ ਵਾਲੇ ਮੁੰਡੇ ਨੇ ਵੀ ਸ਼ੁਕਰਵਾਰ ਇਕ ਫਰੈਂਚ ਕੁੜੀ ਨਾਲ ਵਿਆਹ

ਕਰਵਾ ਲਿਆ ਹੈ ਅਤੇ ਸਾਨੂੰ ਪਤਾ ਵੀ ਨਹੀਂ ਲੱਗਿਆ। ਉਹ ਕੁੜੀ ਗੰਗਾਨਗਰ ਦੇ ਇਕ ਸਿੱਖ ਮੁੰਡੇ ਦੀ ਮੰਗੇਤਰ ਸੀ ਜੋ ਵਿਆਹ ਕਰਨ ਲਈ ਪੈਰਿਸ ਆ ਰਿਹਾ ਸੀ। ਕੁੜੀ ਦੀ ਮਾਂ ਮੇਰੇ ਕੋਲ ਸਿੱਖਾਂ ਬਾਰੇ ਪੁੱਛ ਗਿੱਛ ਕਰਨ ਵੀ ਆਈ। ਮੈਂ ਬਹੁਤ ਹੈਰਾਨ ਹੋਇਆ ਕਿ ਉਸ ਨੇ ਸਿੱਖ ਮੁੰਡੇ ਨੂੰ ਛੱਡ ਕੇ ਹਿੰਦੂ ਮੁੰਡੇ ਨੂੰ ਵਿਆਹ ਲਿਆ। ਬਾਅਦ 'ਚ ਪਤਾ ਲੱਗਿਆ ਕਿ ਉਹ ਚੰਡੀਗੜ੍ਹ ਵਾਲੇ ਮੁੰਡੇ ਕੋਲ ਵੀਕ-ਐਂਡ ਤੇ ਰਾਤਾਂ ਕੱਟਣ ਆਉਂਦੀ ਰਹੀ ਸੀ। ਸਾਨੂੰ ਉਹ ਕਹਿੰਦਾ ਕਿ ਇਹ ਪੇਂਡੂ ਕੁੜੀ ਤਾਂ ਕਿਸੇ ਕੰਮ ਦੀ ਨਹੀਂ ਪਰ ਬਾਅਦ 'ਚ ਸ਼ਾਦੀ ਕਰ ਲਈ। ਸ਼ਾਦੀ ਵਾਲੇ ਦਿਨ ਸਾਰੇ ਰਿਸ਼ਤੇਦਾਰ ਕੁੜੀ ਦਾ ਮੂੰਹ ਚੁੰਮਦੇ ਰਹੇ। ਮੁੰਡੇ ਨੂੰ ਗੁੱਸਾ ਆ ਗਿਆ ਕਿ ਮੇਰੀ ਵਹੁਟੀ ਨਾਲ ਬਦਤਮੀਜ਼ੀ ਕਰ ਰਹੇ ਹਨ।

ਕਿਲ੍ਹੇ ਵਾਲੀ ਗਾਈਡ ਫਰੈਂਚ ਕੁੜੀ ਦਾ ਖਤ ਆਇਆ। ਕਹਿੰਦੀ ਭਾਈ ਤੂੰ ਵਿਆਹਿਆ ਹੋਇਆ ਹੈਂ। 'ਮੇਰਾ ਦਿਲ ਤਾਂ ਤੇਰੇ ਪਿੱਛੇ ਦੀਵਾਨਾ ਹੋਇਆ ਫਿਰਦਾ ਸੀ। ਹੁਣ ਮੈਂ ਇਕ ਤੁਰਕ ਮੁੰਡਾ ਪਸੰਦ ਕੀਤਾ ਹੈ ਪਰ ਮੇਰੀ ਮਾਂ ਨੂੰ ਸ਼ਾਇਦ ਪਸੰਦ ਨਾ ਆਵੇ।' ਮੈਨੂੰ ਸ਼ਾਮੋਂ ਦਾ ਨਹੋਰਾ ਯਾਦ ਆ ਗਿਆ, 'ਕਿਸੇ ਦੇ ਪਿਆਰ ਨੂੰ ਠੁਕਰਾਣਾ ਵੱਡਾ ਪਾਪ ਹੈ।' ਇਹ ਮੇਰੀ ਤਰਾਸਦੀ ਸਮਝੋ ਕਿ ਪੈਰਿਸ ਵਿਚ ਅਨੇਕਾਂ ਹੁਸੀਨਾਂ ਦੇ ਪਿਆਰ ਠੁਕਰਾਏ ਅਤੇ ਤੇਰੇ ਪਿਆਰ ਦੀ ਗੁਲਾਮੀ ਕਬੂਲ ਕੀਤੀ। ਇਹ ਮੇਰਾ ਕੋਈ ਅਹਿਸਾਨ ਨਹੀਂ, ਤੇਰੀ ਕੁਰਬਾਨੀ ਦਾ ਮੁੱਲ ਹੈ ਜੋ ਮੈਂ ਪੂਰੀ ਉਮਰ ਅਦਾ ਨਹੀਂ ਕਰ ਸਕਦਾ। ਰਿਚਰਡ ਅਤੇ ਨੀਤਾ ਬਾਰਸ਼ ਵਿਚ ਮਿਲਣ ਆਏ। ਨੀਤਾ ਦੀ ਭਾਵਨਾ ਪਵਿੱਤਰ ਹੈ ਅਤੇ ਉਹ ਵਾਸ਼ਨਾ ਤੋਂ ਰਹਿਤ ਹੈ ਜਿਵੇਂ ਇਵੀਲੀਨਾ। ਹੋ ਸਕਦਾ ਹੈ ਉਹ ਪਕੇਰੀ ਉਮਰ ਦੀਆਂ ਹੋਣ ਕਰਕੇ ਪਿਆਰ ਦੇ ਵੇਗ ਤੋਂ ਮੁਕਤ ਹੋ ਗਈਆਂ ਹਨ।

ਡਾ. ਮਲਿਕ ਅਤੇ ਲਤਾ ਨੇ ਪਿਛਲੇ ਐਤਵਾਰ ਘਰ ਸੱਦ ਕੇ ਮੱਕੀ ਦੀ ਰੋਟੀ ਅਤੇ ਸਾਗ ਦਾ ਡਿਨਰ ਕਰਾਵਾਇਆ। ਮੈਂ ਹੈਰਾਨ ਹੋਇਆ ਕਿ ਪੈਰਿਸ ਵਿਚ ਸਰਹੁੰ ਦਾ ਸਾਗ ਵੀ ਮਿਲਦਾ ਹੈ। ਇਹ ਜੋੜੀ ਬੜੇ ਪਿਆਰ ਅਤੇ ਸਤਿਕਾਰ ਦੀ ਹੱਕਦਾਰ ਹੈ। ਮੇਰੀ ਖੋਜ ਬਾਰੇ ਪੁੱਛ ਰਹੇ ਸਨ। ਮੈਂ ਦੱਸਿਆ ਕਿ ਕਾਫੀ ਬਹਿਸ ਬਾਅਦ ਚੀਨੀ ਗਾਈਡ ਮੰਨ ਗਿਆ ਹੈ ਕਿ ਉਸਦੇ ਸਿੱਟੇ ਗਲਤ ਹੋ ਸਕਦੇ ਹਨ। ਮੇਰੀ ਖੋਜ ਉਸ ਦੇ ਲੱਭੇ ਨਵੇਂ ਕਣ ਦੀ ਪ੍ਰੋੜਤਾ ਨਹੀਂ ਕਰਦੀ। ਵੇਖੀਏ ਕੀ ਬਣਦਾ ਹੈ। ਉਹ ਆਪਣੀ ਖੋਜ ਦੇ ਸਿੱਟੇ ਮੁੜ ਪੜਤਾਲ ਕਰੇਗਾ। ਹੋ ਸਕਦਾ ਹੈ ਜੇਕਰ ਉਹ ਠੀਕ ਨਿਕਲਿਆ ਤਾਂ ਮੈਂ ਕਿਸੇ ਹੋਰ ਖੋਜ ਸਮੱਸਿਆ ਬਾਰੇ ਸੋਚਾਂ। ਕਿਸੇ

ਦੀ ਖੋਜ ਨੂੰ ਰੱਦ ਕਰਨਾ ਵੀ ਵੱਡੀ ਪ੍ਰਾਪਤੀ ਹੈ। ਉਮੀਦ ਹੈ ਮੇਰੀ ਖੋਜ ਦੇ ਸਿੱਟੇ ਪ੍ਰਵਾਨ ਚੜ੍ਹਣਗੇ ਅਤੇ ਮੈਂ ਆਪਣਾ ਥੀਸਿਜ਼ ਲਿਖ ਕੇ ਡਿਗਰੀ ਪ੍ਰਾਪਤ ਕਰ ਸਕਾਂਗਾ। ਮੇਰਾ ਜੀਵਨ ਆਸ਼ਾ–ਨਿਰਾਸ਼ਾ ਵਿਚ ਘਿਰਿਆ ਹੋਇਆ ਹੈ।

ਸੁੰਦਰ ਸਿੰਘ ਦਾ ਪ੍ਰੋਫੈਸਰ ਗਰੀਨੋਬਲ ਯੂਨੀਵਰਸਿਟੀ ਵਿਚ ਮਿਲ ਗਿਆ ਹੈ ਅਤੇ ਉਹ ਸਤੰਬਰ ਵਿਚ ਖੋਜ ਸ਼ੁਰੂ ਕਰੇਗਾ। ਜੇਕਰ ਉਸਦੀ ਘਰਵਾਲੀ ਦਵਿੰਦਰ ਫਰਾਂਸ ਆਈ ਤਾਂ ਕੁਝ ਸਕਾਰਫ ਉਸ ਰਾਹੀਂ ਭੇਜ ਦੇਣੇ ਜਿਵੇਂ ਅੱਗੇ ਭੇਜੇ ਸਨ। ਪਲਾਨੀ ਤੋਂ ਆਇਆ 'ਬਾਹਰੀ ਬਾਬਾ' ਗਰਮੀਆਂ ਵਿੱਚ ਭਾਰਤ ਵਾਪਸ ਜਾ ਰਿਹਾ ਹੈ। ਉਹ ਤਿੰਨ ਸਾਲ ਬਾਅਦ ਜਾ ਰਿਹਾ ਹੈ ਉਸ ਨੇ ਟੀ.ਵੀ., ਫਰਿੱਜ ਅਤੇ ਹੋਰ ਘਰ ਦਾ ਸਮਾਨ ਸਮੁੰਦਰੀ ਜਹਾਜ ਰਾਹੀਂ ਭੇਜ ਦਿੱਤਾ ਹੈ ਕਿਉਂਕਿ ਡਿਊਟੀ ਨਹੀਂ ਲੱਗੇਗੀ। ਮੇਰੇ ਉਪਰ ਦੋ ਸਾਲ ਕੁਝ ਮਹੀਨੇ ਵਿਚ ਵਾਪਸ ਮੁੜਨ ਦੀ ਤਮੰਨਾ ਹਾਵੀ ਹੈ, ਸੋ ਮੈਂ ਕੁਝ ਨਹੀ ਲਿਆ ਸਕਦਾ।

ਦਲਜੀਤ ਦੇ ਇਮਤਿਹਾਨ ਅਪਰੈਲ ਵਿਚ ਹੋ ਜਾਣਗੇ। ਸ਼ੋਕਰਾਂ ਦੀਆਂ ਘਟਨਾਵਾਂ ਯਾਦ ਆ ਜਾਂਦੀਆਂ ਹਨ। ਮਨ ਬਿਹਬਲ ਹੋ ਉਠਦਾ ਹੈ। ਮਾਡਲ ਟਾਊਨ ਦੇ ਮਕਾਨ ਦੀ ਚਿੰਤਾ ਨਾ ਕਰੋ। ਆਪੇ ਕਿਰਾਏਦਾਰ ਮੁਰੰਮਤ ਕਰਵਾ ਲਵੇਗਾ ਅਤੇ ਕਿਰਾਏ ਵਿਚੋਂ ਕੱਟ ਲਵੇਗਾ। ਮਾਤਾ ਜੀ ਨੂੰ ਮੱਥਾ ਟੇਕਣਾ। ਬੱਚਿਆਂ ਨੂੰ ਪਿਆਰ।

ਪਿਆਰ ਸਹਿਤ,
ਤੇਰਾ
ਹਰਦੇਵ

ਪੈਰਿਸ
27.2.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਜਿੱਥੇ ਕਿਲ੍ਹੇ ਵਾਲੀ ਅਸਲੀ ਰਾਨੀ ਨੂੰ ਖਤ ਲਿਖਿਆ ਹੈ, ਉਥੇ ਹੁਣ ਆਪਣੀ ਨਕਲੀ ਰਾਨੀ ਨੂੰ ਵੀ ਖਤ ਲਿਖ ਰਿਹਾ ਹਾਂ। ਅਸਲੀ ਅਤੇ ਨਕਲੀ ਦਾ ਫਰਕ ਰਤਾ ਭਰ ਵੀ ਨਹੀਂ ਰਿਹਾ। ਉਹ ਕਿਲ੍ਹੇ ਦੀ ਕੈਦ ਵਿਚ ਬੈਠੀ ਉਦਾਸ ਅਤੇ ਤੂੰ ਆਪਣੇ ਘਰ ਦੀ ਕੈਦ ਵਿੱਚ ਬੈਠੀ ਗਮਗੀਨ। ਇਕ ਨੂੰ ਆਪਣੀ ਜੀਵਨ ਮੰਜਿਲ ਵਿਚ ਦਾਖਲ ਹੁੰਦਿਆਂ ਡਰ ਲੱਗ ਰਿਹਾ ਹੈ ਅਤੇ ਦੂਸਰੀ ਨੂੰ ਜੀਵਨ ਦੀ ਝੋਲੀ ਭਰੀ ਹੋਣ ਕਰਕੇ ਸੰਭਾਲਣ ਦਾ ਡਰ ਖਾ ਰਿਹਾ ਹੈ। ਅਮਰੀਕਾ ਤੋਂ ਗੁਰਬਖਸ਼ ਦਾ ਪੱਤਰ ਆਇਆ ਹੈ। ਮੈਂ ਲਿਖਿਆ ਸੀ ਕਿ ਖੋਜ ਦਾ ਕੰਮ ਮੁਕਾ ਮੈਂ ਪਟਿਆਲੇ ਪਰਤ ਜਾਵਾਂਗਾ ਅਤੇ ਅਮਰੀਕਾ ਨਹੀਂ ਆਵਾਂਗਾ। ਉਹ ਕਹਿੰਦਾ, ਭਾਈ ਸਾਹਿਬ ਦੁਨੀਆਂ ਵਿਚ ਕਿਤੇ ਵੀ ਚਲੇ ਜਾਵੋ ਪਰ ਮਨ ਨੂੰ ਸ਼ਾਂਤੀ ਨਹੀਂ ਮਿਲਦੀ। ਇਸ ਨੂੰ ਰੈਟ-ਰੇਸ (ਚੂਹੇ ਦੀ ਦੌੜ) ਕਹਿੰਦੇ ਹਨ। ਹਰ ਕੋਈ ਅਮਰੀਕਾ ਜਾਣ ਨੂੰ ਤਰਸ ਰਿਹਾ ਹੈ, ਪਰ ਸ਼ਾਂਤੀ ਉਥੇ ਵੀ ਨਹੀਂ ਮਿਲਦੀ।

ਕਿਲ੍ਹੇ ਵਾਲੀ 'ਮਾਰੀ ਕਰਿਸਤੀਨਾ' ਦਾ ਪੱਤਰ ਕਾਹਦਾ ਹੁੰਦਾ ਹੈ, ਇਕ ਹੌਕਿਆਂ ਭਰਿਆ ਤਰਲਾ ਜਿਹਾ। ਪਿੰਜਰੇ ਵਿਚ ਕੈਦ ਇਕ ਪੰਛੀ ਦੀ ਫੜਫੜਾਹਟ ਜਹੀ। ਕਹਿੰਦੀ, "ਮੇਰੇ ਸਾਰੇ ਭੇਦ ਤੇਰੇ ਪਾਸ ਹਨ, ਕਿਤੇ ਐਵੇਂ ਧੋਖਾ ਹੀ ਨਾ ਦੇ ਜਾਵੀਂ ਸੱਜਣਾ।" ਉਸ ਦੇ ਸਵਾਲ ਜੀਵਨ ਦੀਆਂ ਸਮੱਸਿਆਵਾਂ ਬਾਰੇ ਹੁੰਦੇ ਹਨ। ਮੈਂ ਕਿਹਾ ਇਹ ਕੋਈ ਹਿਸਾਬ ਦਾ ਵਿਸ਼ਾ ਨਹੀਂ, ਜੀਵਨ ਵਧੇਰੇ ਗੁੰਝਲਦਾਰ ਹੁੰਦਾ ਹੈ। ਜੋ ਜਵਾਬ ਮੇਰੇ ਲਈ ਢੁਕਵੇਂ ਹਨ, ਉਹ ਕਿਸੇ ਹੋਰ ਲਈ ਢੁਕਵੇਂ ਨਹੀਂ ਹੋ ਸਕਦੇ। ਉਸ ਦਾ ਦੋਸਤ ਉਸ ਨੂੰ ਕੰਵਾਰੀ ਕੁੜੀ ਸਮਝਦਾ ਹੈ ਪਰ ਫਰਾਂਸ ਵਿਚ ਕੰਵਾਰੀ ਕੁੜੀ ਲੱਭਣਾ 'ਖਾਲਾ ਜੀ ਦਾ ਵਾੜਾ' ਨਹੀਂ ਹੈ।

ਕਈ ਦਿਨਾਂ ਤੋਂ ਮਨ ਉਪਰ ਉਦਾਸੀ ਛਾਈ ਰਹਿੰਦੀ ਹੈ। ਸ਼ਾਇਦ ਖੋਜ ਦੇ ਕੰਮ ਵਿਚ ਵਿਘਨ ਪੈ ਜਾਣ ਕਰਕੇ ਕਿਸੇ ਦੀ ਹੋਂਦ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ। ਤੂੰ ਦੂਰ ਬੈਠੀ ਹੈਂ, ਮੇਰੇ ਨਵੇਂ ਮਿੱਤਰ ਵੀ ਦੂਰ ਹੋ ਬੈਠੇ ਹਨ। ਤੇਰੇ ਪੁਰਾਣੇ ਪੱਤਰਾਂ ਨੂੰ ਪੜ੍ਹ ਕੇ ਕੁਝ ਰਾਹਤ ਮਿਲ ਜਾਂਦੀ ਹੈ। ਐਤਵਾਰ ਨੀਤਾ ਦੇ ਘਰ ਹੋ ਆਉਂਦਾ ਹਾਂ, ਜੋ ਸਹਿਜ ਦੀ ਮੂਰਤ ਹੈ।

ਮਾਰੀ ਕਲੌਂਡ ਨੇ ਤੇਰੇ ਭੇਜੇ ਸਕਾਰਫ ਦਾ ਸ਼ੁਕਰੀਆ ਕਰਨ ਲਈ ਫਰੈਂਚ ਵਿਚ ਤੇਰੇ ਨਾਮ ਤੇ ਖਤ ਭੇਜਿਆ ਹੈ। ਮਿਸਜ਼ ਗਿੱਲ ਤੋਂ ਪੜ੍ਹਵਾ ਲੈਣਾ। ਖਤ ਉਪਰ ਉਹ ਫੁੱਲ ਚਿਤਰ ਕੇ ਭੇਜਦੀ ਹੈ। ਜੋ ਤੋਹਫਾ ਉਸ ਨੇ ਦਿੱਤਾ ਸੀ, ਮੈਂ ਕਾਹਲੀ ਵਿਚ ਬਗੈਰ ਰਜਿਸਟਰੀ ਕਰਵਾਇਆਂ ਭੇਜ ਦਿਤਾ ਅਤੇ ਉਹ ਰਾਹ ਵਿਚ ਹੀ ਗੁੰਮ ਹੋ ਗਿਆ। ਜੇਕਰ ਕਸਟਮ ਤੋਂ ਲੰਘ ਜਾਵੇ ਤਾਂ ਡਾਕਘਰ ਵਾਲੇ ਗੁੰਮ ਕਰ ਦਿੰਦੇ ਹਨ ਜਾਂ ਗਾਇਬ ਕਰਕੇ ਕੇ ਆਪਣੇ ਬੱਚਿਆਂ ਲਈ ਰੱਖ ਲੈਂਦੇ ਹਨ।

ਘਰ ਦੇ ਕੰਮ ਲਈ ਠਾਕਰ ਪਲੰਬਰ ਨੂੰ ਬੁਲਾ ਲੈਣਾ। ਉਹ ਈਮਾਨਦਾਰ ਬੰਦਾ ਹੈ। ਜੇਕਰ ਕਿਰਾਏਦਾਰ ਉਪਰ ਕਮਰਾ ਬਣਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਕਹੋ ਕਿ ਆਪ ਹੀ ਤਰੱਦਦ ਕਰ ਲਵੇ। ਤੂੰ ਕਿੱਥੇ ਮਾਡਲ ਟਾਊਨ ਦੇ ਗੇੜੇ ਮਾਰਦੀ ਰਹੇਂਗੀ। ਸੁੰਦਰ ਆਪਣੀ ਖੋਜ ਗਰੀਨੋਬਲ ਸ਼ੁਰੂ ਕਰੇਗਾ। ਉਸ ਦਾ ਸਾਥੀ ਰੋਇਆਂ ਤੋਂ ਆਇਆ ਸੀ ਅਤੇ ਕਹਿ ਰਿਹਾ ਸੀ ਕਿ ਅੱਜ ਕੱਲ ਉਹ ਬਹੁਤ ਖੁਸ਼ ਹੈ। ਹੁਣ ਘਰ ਦਾ ਖਿਆਲ ਨਹੀਂ ਕਰਦਾ। ਮੈਂ ਕਿਹਾ ਜੇਕਰ ਉਹ ਪੈਰਿਸ ਜਾਂ ਗਰੀਨੋਬਲ 'ਚ ਹੁੰਦਾ ਤਾਂ ਵਹੁਟੀ ਵੀ ਭੁੱਲ ਜਾਂਦਾ। ਗਰਮੀ ਦੀਆਂ ਛੁੱਟੀਆਂ ਵਿਚ ਮੈਂ ਗਰੀਨੋਬਲ ਗਿਆ ਸੀ ਅਤੇ ਮਾਰੀ ਕਲੌਂਡ ਦਾ ਟਾਕਰਾ ਉਥੇ ਹੀ ਹੋਇਆ ਸੀ।

ਤਿੱਬਤੀ ਦਾ ਕੀ ਹਾਲ ਹੈ? ਇਥੇ ਬੁੱਧ ਧਰਮ ਨੂੰ ਬਹੁਤ ਮੰਨਦੇ ਹਨ। ਮੈਂ ਵੀ ਅਜੰਤਾ ਦੀਆਂ ਗੁਫਾਵਾਂ ਅੰਦਰ ਬੋਧੀ ਚਿਤਰਕਲਾ ਦੀ ਪੁਸਤਕ ਪੜ੍ਹੀ ਹੈ। ਪੈਰਿਸ ਵਿਚ ਜਿਆਦਾ ਬੋਧੀ ਭਿਕਸ਼ੂ ਲੰਕਾ, ਥਾਈਲੈਂਡ, ਜਪਾਨ, ਵੀਅਤਨਾਮ ਅਤੇ ਕੰਬੋਡੀਆ ਦੇ ਹਨ। ਕਿਉਂਕਿ ਇਹ ਦੇਸ਼ ਫਰਾਂਸ ਦੀਆਂ ਕਲੋਨੀਆਂ ਵਿਚ ਸ਼ਾਮਲ ਸਨ। ਇਸ ਵਾਰ ਤਾਂ ਠੰਡ ਪੰਜਾਬ ਵਿਚ ਸ਼ਿਮਲੇ ਵਾਂਗ ਹੀ ਪੈ ਰਹੀ ਹੈ।

ਹੋਰ ਸਭ ਠੀਕ ਹੈ। ਕਈ ਵਾਰ ਤਾਂ ਮਨ ਕਰਦਾ ਹੈ ਕਿ ਪਟਿਆਲੇ ਜਲਦੀ ਪਰਤ ਚੱਲੀਏ। ਪਰ ਜਿਉਂ ਜਿਉਂ ਧੁੱਪਾਂ ਦੇ ਦਿਨ ਆ ਰਹੇ ਹਨ ਤਾਂ ਇੰਡੀਆ ਵਾਂਗ ਹੀ ਜਾਪਣ ਲੱਗਦਾ ਹੈ। ਕਹੀਦਾ ਹੈ ਫਿਰ ਕਿਸ ਨੇ ਪੈਰਿਸ ਪਰਤਣਾ ਹੈ। ਇਸ ਐਤਵਾਰ ਅਰਜਨਟਾਈਨਾ ਦੀ ਮੁਟਿਆਰ ਤਾਂ ਖਾਣੇ ਉਪਰ ਨਾ ਆਈ ਪਰੰਤੂ ਮੇਰਾ ਦੋਸਤ ਬੁਲਗਾਰੀਆ ਦਾ 'ਦਮਿਤਰੋਵ' ਆਪਣੀ ਸਹੇਲੀ ਸਮੇਤ ਆ ਗਿਆ। ਚੰਗਾ ਦਿਲ ਪ੍ਰਚਾਵਾ ਹੋ ਗਿਆ, ਪੰਜਾਬੀ ਖਾਣਾ ਅਤੇ ਪੰਜਾਬੀ ਸੰਗੀਤ ਸਦਕਾ।

ਮਾਤਾ ਜੀ ਨੂੰ ਸਤਿ ਸਿਰੀ ਅਕਾਲ। ਰਾਜਾ, ਬੱਬਲ ਅਤੇ ਬਿੰਕੂ ਨੂੰ ਬਹੁਤ ਬਹੁਤ ਪਿਆਰ। ਪਿਆਰ ਸਹਿਤ,

ਤੇਰਾ
ਹਰਦੇਵ

ਪੈਰਿਸ
7.3.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਜੋ ਉਲਾਂਭਾ ਮੈਂ ਦੇਣ ਦਾ ਸੋਚ ਰਿਹਾ ਸੀ, ਉਹ ਤੇਰੇ ਵਲੋਂ ਵੀ ਆ ਗਿਆ ਹੈ। ਜਦੋਂ ਖੋਜ ਦਾ ਕੰਮ ਠੀਕ ਚੱਲ ਰਿਹਾ ਹੋਵੇ ਤਾਂ ਐਸੀ ਮਸਤੀ ਚੜ੍ਹ ਜਾਂਦੀ ਹੈ ਕਿ ਨਾ ਘਰ, ਨਾ ਪਿਆਰ ਅਤੇ ਨਾ ਹੀ ਯਾਦਾਂ ਨੇੜੇ ਲਗਦੀਆਂ ਹਨ, ਜਿਸ ਕਰਕੇ ਚਿੱਠੀ ਲਿਖਣ ਵਿਚ ਦੇਰੀ ਹੋ ਜਾਂਦੀ ਹੈ। ਪਰੰਤੂ ਜਦੋਂ ਕੰਮ ਰੁਕਿਆ ਜਾਪਦਾ ਹੈ ਤਾਂ ਇਹ ਸਭ ਕੁਝ ਆ ਸਤਾਂਦਾ ਹੈ। ਘਰ ਪਰਤਣ ਦੀ ਖਿੱਚ ਹਰ ਵੇਲੇ ਪਿੱਛਾ ਨਹੀਂ ਛੱਡਦੀ। ਇਸ ਸਾਲ ਨਾ ਤਾਂ ਕੋਈ ਪੱਕਾ ਸਾਥ ਹੀ ਲੱਭਾ ਕਿਉਂਕਿ ਹਫਤਾਵਾਰੀ ਸੈਰ ਦੇ ਪ੍ਰੋਗਰਾਮ ਪੁਰਾਣੀਆਂ ਥਾਵਾਂ ਬਾਰੇ ਚੱਲ ਰਹੇ ਹਨ ਅਤੇ ਮੈਨੂੰ ਦੋਬਾਰਾ ਵੇਖਣ ਦਾ ਕੋਈ ਸ਼ੌਂਕ ਨਹੀਂ।

ਪੁਰਾਣੇ ਬਣੇ ਸਾਥੀਆਂ ਵਿਚੋਂ ਕੁਝ ਤਾਂ ਆਪਣੇ ਦੇਸ਼ਾਂ ਨੂੰ ਪਰਤ ਗਏ ਹਨ ਜਿਵੇਂ ਗਵਰਧਨਾ ਅਤੇ ਟਾਮੀਸਲਾਵ। ਫਲੀਸੀਆ ਵਰਗੀਆਂ ਕੁੜੀਆਂ ਇੱਥੇ ਹੀ ਹਨ ਪਰ ਉਹ ਕਿਸੇ ਵਿਆਹੇ ਹੋਏ ਮਰਦ ਨੂੰ ਦੋਸਤ ਬਣਾਉਣਾ ਆਪਣੇ ਧਰਮ ਦੇ ਅਸੂਲਾਂ ਦੇ ਉਲਟ ਸਮਝਦੀਆਂ ਹਨ। ਮੇਰੇ ਸਾਥੀਆਂ ਵਿਚ ਜੋ ਪ੍ਰਭਾਵ ਕਾਇਮ ਹੋ ਚੁੱਕਾ ਹੈ ਕਿ ਇਹ ਬੰਦਾ ਆਪਣੇ ਅਸੂਲਾਂ ਅਤੇ ਧਾਰਮਿਕ ਅਕੀਦਿਆਂ ਵਿਚ ਅਡੋਲ ਹੈ, ਮੈਂ ਉਸ ਨੂੰ ਬਰਕਰਾਰ ਰੱਖਣਾ ਚਾਹੁੰਦਾ ਹਾਂ। ਮਾਰੀ ਕਲੌਡ ਤੋਂ ਕੁਝ ਡਰ ਲੱਗਦਾ ਸੀ ਕਿ ਉਹ ਮੇਰੇ ਪਿੱਛੇ ਦੀਵਾਨੀ ਹੋਈ ਫਿਰਦੀ ਹੈ ਪਰ ਉਸ ਦੇ ਘਰ ਰਹਿ ਕੇ ਇਹ ਡਰ ਵੀ ਦੂਰ ਹੋ ਗਿਆ। ਉਹ ਮੇਰੀਆਂ ਭਾਵਨਾਵਾਂ ਦੀ ਕਦਰ ਕਰਦੀ ਹੈ ਅਤੇ ਮੈਂ ਉਸ ਦੇ ਪਿਆਰ ਦੀ। ਉਹ ਸਮਝ ਗਈ ਹੈ ਕਿ ਪਿਆਰ ਕਬਜਾ ਨਹੀਂ, ਇਕ ਪਹਿਚਾਣ ਹੈ, ਜਿਵੇਂ ਗੁਰਬਖਸ਼ ਸਿੰਘ ਪ੍ਰੀਤਲੜੀ ਵਾਲੇ ਦੀ ਧਾਰਣਾ ਬਣੀ ਹੋਈ ਸੀ।

ਇਸ ਸਾਲ ਦਾ ਲੇਖਾ ਜੋਖਾ ਕੀਤਾ ਜਾਵੇ ਤਾਂ ਘਾਟੇ ਵਾਲਾ ਸੌਦਾ ਹੀ ਲੱਗਦਾ ਹੈ। ਨਾ ਤਾਂ ਖੋਜ ਕਰਕੇ ਨਵਾਂ ਕਣ ਲੱਭਿਆ ਅਤੇ ਨਾ ਹੀ ਇਸ ਜਨਤ ਦੀਆਂ ਹੂਰਾਂ ਦਾ ਅਨੰਦ ਮਾਣਿਆ। ਇਹ ਖਿਆਲ ਕਿਸੇ ਹਾਰੇ ਹੋਏ ਆਦਮੀ ਦਾ ਹੀ ਹੁੰਦਾ ਹੈ। ਦੋ ਹਫਤੇ ਕਿਸੇ ਦੁਚਿੱਤੀ ਵਿਚ ਹੀ ਲੰਘ ਗਏ ਹਨ। ਚੀਨੀ ਗਾਈਡ ਦੇ ਕਹੇ ਅਨੁਸਾਰ ਚੱਲ ਰਿਹਾ ਹਾਂ ਪਰ ਅਪ੍ਰੈਲ ਤੱਕ ਫੈਸਲਾ ਕਰਨਾ ਹੈ ਕਿ ਖੋਜ

ਕਿਸ ਦਿਸ਼ਾ ਵੱਲ ਮੁੜੇਗੀ। ਕੁਝ ਤੇਰਾ ਪੱਤਰ ਨਾ ਆਇਆ ਇਸ ਕਰਕੇ ਬਹੁਤ ਅਜੀਬ ਸੁਪਨੇ ਆਉਣ ਲੱਗੇ। ਇਕ ਸੁਪਨਾ ਵੇਖਿਆ ਕਿ ਮੈਂ ਪੀ.ਐਚ.ਡੀ. ਦੀ ਡਿਗਰੀ ਬਗੈਰ ਘਰ ਚਲਾ ਗਿਆ ਹਾਂ ਅਤੇ ਸਭ ਹੈਰਾਨ ਹੋ ਰਹੇ ਹਨ। ਦੂਸਰਾ ਇਸ ਤੋਂ ਜਿਆਦਾ ਡਰਾਉਣਾ ਹੈ ਖਾਸ ਕਰਕੇ ਤੇਰੇ ਲਈ। ਘਰ ਪਹੁੰਚ ਕੇ ਆਪਣੇ ਬੱਚਿਆਂ ਨੂੰ ਮਿਲਦਾ ਹਾਂ, ਬੱਚੇ ਤਾਂ ਉਹੋ ਹੀ ਹਨ ਪਰ ਇਨ੍ਹਾਂ ਦੀ ਮਾਂ ਕੋਈ ਪੱਛਮੀ ਔਰਤ ਜੇਹੀ ਲੱਗਦੀ ਹੈ। ਰਿਚਰਡ ਨਾਲ ਸੁਪਨਾ ਸਾਂਝਾ ਕੀਤਾ ਤਾਂ ਉਹ ਕਹਿਣ ਲੱਗਾ ਕਿ ਤੇਰਾ ਬੱਚਿਆਂ ਨਾਲ ਵਧੇਰੇ ਪਿਆਰ ਹੈ ਜਿਸ ਕਰਕੇ ਇਹ ਹੋਇਆ ਹੈ।

ਮੈਨੂੰ ਡਰ ਸੀ ਕਿ ਕਿਤੇ ਬੱਚੇ ਬੀਮਾਰ ਨਾ ਹੋਣ ਜਿਸ ਕਰਕੇ ਤੇਰਾ ਖਤ ਨਹੀਂ ਆਇਆ। ਰੈਸਤੋਰਾਂ ਵਾਲੀਆਂ ਮੇਰੀਆਂ ਚਹੇਤੀਆਂ ਵੀ ਬੱਚਿਆਂ ਬਾਰੇ ਪੁੱਛਦੀਆਂ ਰਹਿੰਦੀਆਂ ਹਨ। ਮੇਰੇ ਚੀਨੀ ਗਾਈਡ ਨੂੰ ਵੀ ਪਤਾ ਲੱਗ ਗਿਆ ਹੈ ਕਿ ਮੈਂ ਉਦਾਸ ਰਹਿੰਦਾ ਹਾਂ। ਮੈਂ ਦੱਸਿਆ ਕਿ ਦੋ ਹਫਤੇ ਤੋਂ ਕੋਈ ਪੱਤਰ ਨਹੀਂ ਮਿਲਿਆ। ਉਹ ਮਖੌਲ ਕਰਨ ਲੱਗਾ ਕਹਿੰਦਾ ਕਿ ਤੇਰੀ ਘਰਵਾਲੀ ਬੱਚਿਆਂ ਸਮੇਤ ਪੈਰਿਸ ਪਹੁੰਚ ਰਹੀ ਹੈ। ਉਹ ਕਹਿ ਰਿਹਾ ਸੀ ਕਿ ਇਕ ਸਾਲ ਹੋਰ ਰਹਿ ਕੇ ਖੋਜ ਕਰੀ ਜਾਵਾਂ ਤੇ ਉਸਦੇ ਕੰਮ ਦੀ ਪੁਸ਼ਟੀ ਕਰਾਂ। ਮੈਂ ਘਰ ਪਰਤਣ ਦੀ ਸੋਚਦਾ ਹਾਂ ਅਤੇ ਉਹ ਮੈਨੂੰ ਪੈਰਿਸ ਵਿਚ ਰੱਖਣ ਦੀ ਪੇਸ਼ਕੱਛ ਕਰ ਰਿਹਾ ਹੈ।

ਹਸਪਤਾਲ ਚੈਕ-ਅੱਪ ਲਈ ਗਿਆ ਤਾਂ ਡਾਕਟਰ ਕਹਿ ਰਹੀ ਸੀ ਕਿ ਇਕ ਮਾਮੂਲੀ ਜਹੇ ਅਪਰੇਸ਼ਨ ਨਾਲ ਅੱਖਾਂ ਦੀਆਂ ਗਿਲਟੀਆਂ ਜੇਹੀਆਂ ਕੱਟ ਦੇਵੇਗੀ। ਮੈਨੂੰ ਵਹਿਮ ਸੀ ਕਿ ਮਾਈਕ੍ਰੋਸਕੋਪ ਤੇ ਕੰਮ ਕਰਨ ਨਾਲ ਅੱਖਾਂ ਖਰਾਬ ਹੋ ਰਹੀਆਂ ਹਨ। ਬਾਹਰ ਕਿਸੇ ਹੋਰ ਡਾਕਟਰ ਦੀ ਰਾਏ ਲਈ ਤਾਂ ਉਸ ਨੇ ਦੱਸਿਆ ਕਿ ਇਸ ਦਾ ਮੇਰੀ ਖੋਜ ਨਾਲ ਕੋਈ ਸਬੰਧ ਨਹੀ, ਇਹ ਤਾਂ ਅੱਖਾਂ ਦੀ ਬੀਮਾਰੀ ਹੁੰਦੀ ਹੈ ਜੋ ਤਰਲ ਦੇ ਘਟ ਜਾਣ ਕਰਕੇ ਹੋ ਜਾਂਦੀ ਹੈ। ਮੈਨੂੰ ਇਸ ਤੋਂ ਕੋਈ ਤਕਲੀਫ ਨਹੀਂ ਪਰ ਵੇਖਣ ਵਾਲੇ ਨੂੰ ਅੱਖੀਆਂ ਉਤੇ ਸੋਜ ਜਾਂ ਗਿਲਟੀ ਨਜ਼ਰ ਆਉਂਦੀ ਹੈ ਜਿਸ ਕਰਕੇ ਉਹ ਪੁੱਛਦੇ ਰਹਿੰਦੇ ਹਨ। ਮੈਂ ਸੋਚਿਆ ਹੈ ਕਿ ਖੋਜ ਦਾ ਕੰਮ ਮੁੱਕਣ ਤੇ ਹੀ ਅਪਰੇਸ਼ਨ ਬਾਰੇ ਵੀਚਾਰ ਕਰਾਂਗਾ। ਹੋਸਟਲ ਵਿਚ ਕਈ ਹੋਰਨਾਂ ਦੀਆਂ ਅੱਖਾਂ ਸੁੱਜੀਆਂ ਵੇਖ ਕੇ ਇਉਂ ਜਾਪਦਾ ਹੈ ਕਿ ਇਹ ਕੋਈ ਅੱਖਾਂ ਦੀ ਬੀਮਾਰੀ ਹੀ ਨਾ ਹੋਵੇ।

ਬਾਕੀ ਰੋਗਾਂ ਦਾ ਵੇਰਵਾ ਭੇਜ ਦਿੱਤਾ ਸੀ। ਦੰਦਾਂ ਦਾ ਡਾਕਟਰ ਮੇਰੀ ਅਕਲ ਦਾੜ੍ਹ ਦੀ ਦਰਦ ਦੂਰ ਕਰ ਰਿਹਾ ਹੈ। ਮੈਂ ਹਰ ਹਫਤੇ ਚੈੱਕ-ਅਪ ਲਈ ਜਾਂਦਾ ਹਾਂ। ਇਕ ਹੋਰ ਬੀਮਾਰੀ ਤੰਗ ਜੁੱਤੀਆਂ ਕਰਕੇ ਹੋ ਗਈ। ਖੱਬੇ ਪੈਰ ਦੀ ਚੀਚੀ ਉਪਰ ਮਗਰੋੜੀ ਹੋ ਜਾਂਦੀ ਹੈ ਜੋ ਬਲੇਡ ਨਾਲ ਕੱਟਣੀ ਪੈਂਦੀ ਹੈ। ਇੰਡੀਆ ਵਾਲੀਆਂ ਜੁੱਤੀਆਂ ਠੰਡ ਵਿਚ ਸੁੰਗੜ ਗਈਆਂ ਹਨ। ਜੋ ਇੱਥੋਂ ਲਈ ਉਹ ਵੀ ਤੰਗ ਕਰ ਰਹੀ ਹੈ। ਇਕ ਹੈਰਾਨੀ ਹੋ ਰਹੀ ਹੈ ਕਿ ਤਕਲੀਫ ਖੱਬੀ ਅੱਖ, ਖੱਬੀ ਦਾੜ ਅਤੇ ਖੱਬੇ ਪੈਰ ਵਿੱਚ ਹੀ ਕਿਉਂ ਵਧੇਰੇ ਹੈ। ਸੱਜਾ ਪਾਸਾ ਠੀਕ ਠਾਕ ਚੱਲ ਰਿਹਾ ਹੈ। ਔਰਤਾਂ ਵਿਚ ਸੱਜੇ ਖੱਬੇ ਦੀ ਬੀਮਾਰੀ ਘੱਟ ਹੁੰਦੀ ਹੈ ਪਰ ਸੁਣਿਆ ਹੈ 'ਧਰਨ' ਠੀਕ ਹੋਣੀ ਚਾਹੀਦੀ ਹੈ ਜੋ ਸ਼ਾਇਦ ਸਰੀਰ ਦਾ ਕੇਂਦਰ ਬਿੰਦੂ ਹੋਵੇ।

ਅੱਜ ਖਤ ਪੜ੍ਹਿਆ ਤਾਂ ਪਤਾ ਲੱਗਾ ਕਿ ਬਿੰਕੂ ਸੇਠ (ਸਭ ਤੋਂ ਛੋਟਾ ਪੁੱਤਰ) ਦਾ ਜਨਮਦਿਨ ਲੰਘ ਗਿਆ। ਪਿਛਲੇ ਖਤ ਵਿਚ ਉਸ ਦੀ ਫੋਟੋ ਭੇਜੀ ਸੀ, ਉਦੋਂ ਦਸ ਮਹੀਨੇ ਦਾ ਹੋਇਆ ਸੀ। ਕੰਮ ਵਿਚ ਰੁੱਝੇ ਹੋਣ ਕਰਕੇ ਮੱਤ ਮਾਰੀ ਜਾਂਦੀ ਹੈ। ਉਸ ਦੇ ਜਨਮ ਦਿਨ ਤੇ ਕੋਈ ਤੋਹਫਾ ਜਾਂ ਕਾਰਡ ਵੀ ਨਹੀਂ ਭੇਜ ਸਕਿਆ। ਚੰਡੀਗੜ੍ਹ ਵਾਲੇ ਮੁੰਡੇ ਨੇ ਫਰੈਂਚ ਕੁੜੀ ਨਾਲ ਸ਼ਾਦੀ ਕਰ ਲਈ ਹੈ। ਉਸ ਦੀ ਸੱਸ ਕਹਿੰਦੀ ਹੈ ਕਿ ਉਹ ਵੀ ਕਿਸੇ ਪੱਗ ਵਾਲੇ ਨੂੰ ਲੱਭ ਰਹੀ ਹੈ। ਮੈਂ ਕਿਹਾ ਉਸ ਦੀ ਧੀ ਨੇ ਗੰਗਾਨਗਰ ਵਾਲਾ ਛੱਡ ਕੇ ਤੇਰੇ ਨਾਲ ਸ਼ਾਦੀ ਕਰ ਲਈ, ਹੁਣ ਤੇਰੀ ਸੱਸ ਉਸ ਪਗੜੀ ਵਾਲੇ ਨਾਲ ਵਿਆਹ ਕਰ ਲਵੇ। ਨਰੇਸ਼ਪਾਲ ਦੀ ਘਰਵਾਲੀ ਮਰਿਆਨ ਵੀ ਉਸ ਤੋਂ ਕਈ ਸਾਲ ਵੱਡੀ ਹੈ।

ਸਿੱਖ ਧਰਮ ਨੂੰ ਪਿਆਰ ਕਰਨ ਵਾਲੀ ਔਰਤ 'ਆਨ ਮੈਰੀ ਮੈਜੋਂ' ਅੱਜ ਕੱਲ੍ਹ ਮੇਰੇ ਨਾਲ ਨਰਾਜ਼ ਹੈ। ਉਸ ਨੂੰ ਸ਼ੱਕ ਹੈ ਕਿ ਮੇਰੀਆਂ ਸਾਥੀ ਕੁੜੀਆਂ ਮੇਰੇ ਉਪਰ ਹਾਵੀ ਹਨ। ਮੈਂ ਕਿਹਾ ਤੂੰ ਐਵੇਂ ਸ਼ੱਕ ਕਰਦੀ ਹੈ, ਹਰ ਇਕ ਦਾ ਕਿੱਸਾ ਮੇਰੀ ਘਰਵਾਲੀ ਕੋਲ ਹੈ। ਕਿਸੇ ਡਰ ਕਰ ਕੇ ਮੈਂ ਇਹ ਕਿੱਸੇ ਕਹਾਣੀਆਂ ਤੈਨੂੰ ਨਹੀਂ ਭੇਜ ਰਿਹਾ ਪਰ ਤੇਰੀ ਇਕ ਦਲੇਰੀ ਕਰਕੇ। ਪਤਾ ਨਹੀਂ ਤੂੰ ਥੱਕ ਚੁਕੀ ਹੈ ਜੋ ਅਜੇ ਵੀ ਡੋਲਣ ਲੱਗ ਪੈਂਦੀ ਹੈਂ। ਪੋਲੈਂਡ ਵਾਲੀ ਕੁੜੀ ਕਹਿ ਰਹੀ ਸੀ ਕਿ ਤੇਰੇ ਬੱਚੇ ਕਿਵੇਂ ਪਛਾਨਣਗੇ? ਉਹਨਾਂ ਲਈ ਤੂੰ ਓਪਰਾ ਬੰਦਾ ਹੋਵੇਂਗਾ। ਖਾਸ ਕਰਕੇ ਛੋਟੇ ਬਿੰਕੂ ਲਈ ਜਿਸ ਦਾ ਜਨਮ ਮੇਰੇ ਪੈਰਿਸ ਪਹੁੰਚਣ ਤੋਂ ਬਾਅਦ ਹੋਇਆ। ਕਿਲ੍ਹੇ ਵਾਲੀ ਕੁੜੀ ਦਾ ਖਤ ਆਇਆ, ਉਹ ਲਿਖਦੀ ਹੈ: 'ਤੂੰ ਦੋਸਤ ਦੇ ਤੌਰ ਤੇ ਉਸ ਤੋਂ ਵੱਧ ਪਤੀ ਦੇ ਤੌਰ ਤੇ ਪੂਰਨ ਹੈਂ।' ਮੈਂ ਕਿਹਾ, 'ਦੋਸਤ ਦੇ

ਤੌਰ ਤੇ ਪੂਰਨ ਕਰਨ ਵਾਲੀ ਮੇਰੀ ਪਤਨੀ ਹੈ ਅਤੇ ਪਤੀ ਦੇ ਤੌਰ ਤੇ ਪੂਰਨ ਕਰਨ ਵਾਲੀਆਂ ਤੁਸੀਂ ਦੋਸਤ ਹੋ।' ਜਦੋਂ ਇਸ ਸੰਤੁਲਨ ਅਤੇ ਸਮੀਕਰਨ ਵਿਚ ਫਰਕ ਪੈ ਗਿਆ ਤਾਂ ਇਹ ਬੰਦਾ ਧਰਤੀ ਤੇ ਧੜੰਮ ਕਰਕੇ ਡਿੱਗ ਪਵੇਗਾ।

ਪਿਆਰ ਸਹਿਤ,
ਤੇਰਾ
ਹਰਦੇਵ

ਪੈਰਿਸ
12.3.72

ਡੀਅਰ ਰਾਨੀ

ਸਤਿ ਸਿਰੀ ਅਕਾਲ ।

ਅਸੀਂ ਆਪਣੇ ਪਿਆਰ ਦੇ ਭਾਵਾਂ ਨੂੰ ਅੱਖਰੀ ਜਾਮਾ ਪਹਿਨਾ ਕੇ ਪੇਸ਼ ਕਰਦੇ ਹਾਂ ਜੋ ਕਿ ਸੰਭਵ ਨਹੀਂ ਹੈ। ਵੈਸੇ ਵੀ ਬਣਾਵਟੀ ਅਤੇ ਰਸਮੀ ਜੀਵਨ ਦੇ ਅਸੀਂ ਦੋਵੇਂ ਆਦੀ ਨਹੀਂ ਹਾਂ। ਪਰ ਦਿਲ ਦੀਆਂ ਡੂਘਾਣਾਂ ਵਿਚ ਜੋ ਤੇਰੀ ਥਾਂ ਹੈ, ਹੋਰ ਕਿਸੇ ਦੀ ਹੋ ਨਹੀਂ ਸਕਦੀ। ਇਸੇ ਅਹਿਸਾਸ ਨਾਲ ਦੋ ਸਾਲ ਦਾ ਵਿਛੋੜਾ ਸਹਿ ਲਿਆ ਹੈ। ਹੋਰ ਸੱਜਣਾਂ ਮਿੱਤਰਾਂ ਦੇ ਪਿਆਰ ਭਰੇ ਖਤ ਆਉਂਦੇ ਰਹਿੰਦੇ ਹਨ। ਪਰ ਜਦੋਂ ਦਿਲ ਵਿੱਚ ਇਕ ਖਿਲਾਅ ਪੈਦਾ ਹੋ ਜਾਂਦਾ ਹੈ ਤਾਂ ਤੇਰੇ ਸਿਵਾਅ ਹੋਰ ਕਿਸੇ ਤੋਂ ਆਸ ਪੂਰੀ ਨਹੀਂ ਹੁੰਦੀ। ਸ਼ਾਹ ਹੁਸੈਨ ਦੇ ਬੋਲ ਯਾਦ ਆ ਜਾਂਦੇ ਹਨ, ''ਸੱਜਣਾ ਦੀ ਮਿਜਮਾਨੀ ਖਾਤਰ ਦਿਲ ਦਾ ਲਹੂ ਛਾਣੀਦਾ। ਹੋਰ ਹਵਾਲ ਨਹੀਂ ਕੁਝ ਮੇਰੇ ਇਕ ਕਟੋਰਾ ਪਾਣੀ ਦਾ।''

ਤੇਰੇ ਖਤ ਨੇ ਤਾਂ ਸਾਰਾ ਦਿਨ ਮਸਤੀ ਵਿਚ ਰੱਖਿਆ, ਜੀ ਕਰੇ ਮੈਂ ਲੈਬ ਵਿੱਚ ਨੱਚਦਾ ਗਾਉਂਦਾ ਹੀ ਜਾਵਾਂ। ਜੋ ਤੇਰਾ ਹਾਲ ਰਿਹਾ ਉਸ ਤੋਂ ਕਈ ਗੁਣਾ ਵੱਧ ਇੱਧਰ ਵੀ ਵਾਪਰਦਾ ਰਿਹਾ। ਬਿਜਲੀ ਅਤੇ ਰੌਸ਼ਨੀ ਦੀਆਂ ਲਹਿਰਾਂ ਵਾਂਗ ਹੀ ਦਿਲ ਦੀਆਂ ਲਹਿਰਾਂ ਵੀ ਤੇਜ ਤਰਾਰ ਗਤੀ ਨਾਲ ਇਕ ਦਿਲ ਤੋਂ ਦੂਜੇ ਦਿਲ ਤੱਕ ਪਹੁੰਚ ਜਾਂਦੀਆਂ ਹਨ। ਕਈ ਦਿਨ ਖੋਜ ਕੰਮ ਦੀ ਪ੍ਰੇਸ਼ਾਨੀ ਕਾਰਨ ਦਿਲ ਉਚਾਟ ਹੋ ਗਿਆ। ਚੀਨੀ ਮੰਨਦਾ ਹੀ ਨਹੀਂ ਕਿ ਉਸ ਦੀ ਖੋਜ ਗਲਤ ਹੋ ਸਕਦੀ ਹੈ। ਮੇਰਾ ਪ੍ਰੋਫੈਸਰ ਤਾਂ ਕਹਿੰਦਾ ਹੈ ਕਿ ਉਹ ਆਪਣੀ ਸ਼ੁਹਰਤ ਖਾਤਰ ਅੜਿਆ ਹੋਇਆ ਹੈ। ਮੈਂ ਆਖਰੀ ਨਿਰਣਾ ਲੈਣ ਖਾਤਰ ਇਕ ਹੋਰ ਤਾਰੇ ਦਾ ਅਧਿਐਨ ਕਰਾਂਗਾ ਅਤੇ ਪੰਦਰਾਂ ਦਿਨ ਵਿਚ ਫੈਸਲਾ ਹੋ ਜਾਵੇਗਾ।

ਆਪਣੀ ਪਰੇਸ਼ਾਨੀ ਡਾ. ਮਲਿਕ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਆਪਣੇ ਘਰ ਖਾਣੇ ਦਾ ਸੱਦਾ ਦੇ ਦਿੱਤਾ। ਉਹ ਮੇਰੇ ਰਾਹਨੁਮਾ ਬਣੇ ਹੋਏ ਹਨ ਅਤੇ ਮੇਰੇ ਭਲੇ ਦੀ ਹਮੇਸ਼ਾ ਸੋਚਦੇ ਹਨ। ਮਲਿਕ ਸਾਹਿਬ ਦਾ ਵੀਚਾਰ ਹੈ ਕਿ ਪ੍ਰੋ. ਮੋਰਾਂ ਨਾਲ ਖੋਜ ਸਿੱਟੇ ਸਾਂਝੇ ਕਰ ਕੇ ਫੈਸਲਾ ਲਿਆ ਜਾਵੇ। ਖੋਜ ਦਾ ਕੰਮ ਬਹੁਤ ਜੋਖਮ ਭਰਿਆ ਮੁੱਦਾ ਬਣ ਗਿਆ ਹੈ। ਇਕ ਰਾਹ ਤਾਂ ਚੀਨੀ ਦੀ ਖੋਜ ਨੂੰ ਗਲਤ ਸਾਬਤ ਕਰਨ ਦਾ ਹੈ ਅਤੇ ਦੂਜਾ ਨਵੀਂ ਖੋਜ ਸਮਸਿਆ ਉਪਰ ਕੰਮ ਕਰਨ ਦਾ। ਦੂਜੇ

ਰਾਹ ਤੇ ਚੱਲਦਿਆਂ ਇਕ ਸਾਲ ਹੋਰ ਬਰਬਾਦ ਹੋਵੇਗਾ ਅਤੇ ਨਵੇਂ ਪ੍ਰੋਫੈਸਰ ਦੀ ਤਲਾਸ਼। ਇਕ ਭਾਰਤੀ ਕੁੜੀ ਨੇ ਆਪਣਾ ਖੋਜ ਗਾਈਡ ਬਗੈਰ ਪ੍ਰੋਫੈਸਰ ਦੀ ਇਜਾਜਤ ਦੇ ਬਦਲ ਲਿਆ ਜਿਸ ਕਰਕੇ ਉਸ ਦਾ ਵਜ਼ੀਫਾ ਹੀ ਬੰਦ ਹੋ ਗਿਆ। ਮੈਂ ਕਿਸੇ ਅਜੇਹੇ ਝੰਝਟ ਵਿੱਚ ਨਹੀਂ ਪੈਣਾ ਚਾਹੁੰਦਾ। ਮੇਰੇ ਲਈ ਇਕ ਤਸੱਲੀ ਹੈ ਕਿ ਪ੍ਰੋ. ਮੋਰਾਂ ਚੀਨੀ ਦੀ ਖੋਜ ਨੂੰ ਰੱਦ ਹੋਈ ਵੇਖਣ ਦਾ ਚਾਹਵਾਨ ਹੈ। ਜੇਕਰ ਕੰਮ ਠੀਕ ਚਲਦਾ ਰਿਹਾ ਤਾਂ ਛੇ ਮਹੀਨੇ ਵਿਚ ਥੀਸੀਜ਼ ਲਿਖ ਕੇ ਡਿਗਰੀ ਹਾਸਲ ਕਰ ਲਵਾਂਗਾ ਅਤੇ ਦਸੰਬਰ ਤੱਕ ਪਟਿਆਲੇ ਪਰਤ ਆਵਾਂਗਾ।

ਬਾਹਰ ਦਾ ਚੱਕਰ ਲਗਾ ਸੀ ਪਰ ਕੋਈ ਚੀਜ ਪਸੰਦ ਨਹੀਂ ਆਈ। ਉਮੀਦ ਹੈ ਹਾਲੈਂਡ ਜਾਂ ਇੰਗਲੈਂਡ ਜਾ ਕੇ ਖੀਰਦੋ-ਫਰੋਖਤ ਕਰਾਂਗਾ। ਪਿਛਲੇ ਸਾਲ ਤਾਂ ਹਾਲੈਂਡ ਦੀ ਯਾਤਰਾ ਸ਼ਾਮੋਂ ਨਾਲ ਹੋਈ ਸੀ। ਇਕੱਲਾ ਬੰਦਾ ਬੋਰ ਹੋ ਜਾਂਦਾ ਹੈ। ਜਰਮਨੀ ਅਤੇ ਹਾਲੈਂਡ ਵਿਚ ਈਲੈਕਟ੍ਰੋਨਿਕਸ ਦਾ ਸਮਾਨ ਸਸਤਾ ਮਿਲ ਜਾਂਦਾ ਹੈ। ਕੱਪੜੇ ਪਰੀਦਣ ਲਈ ਇੰਗਲੈਂਡ ਜਾਣਾ ਚਾਹੀਦਾ ਹੈ। ਲੰਡਨ ਦਾ ਸਾਊਥਾਲ ਤਾਂ ਹੁਣ ਪੰਜਾਬ ਹੀ ਬਣ ਗਿਆ ਹੈ। ਨਾਲੇ ਲੰਡਨ ਦੀ ਵਿਸਾਖੀ ਵੇਖ ਆਵਾਂਗਾ।

ਇਸ ਵਾਰ ਖਾਸ ਤੋਹਫੇ ਨਾ ਭੇਜਣਾ ਪਰ ਕੁਝ ਕੜੇ ਜਰੂਰ ਭੇਜ ਦੇਣਾ। ਰੈਸਤੋਰਾਂ ਵਿਚ ਕੰਮ ਕਰਨ ਵਾਲੀਆਂ ਮੇਰਾ ਕੜਾ ਵੇਖ ਕੇ ਇਸ ਦੀ ਮੰਗ ਕਰਦੀਆਂ ਹਨ। ਸਾਈਜ਼ ਮੇਰੇ ਬਰਾਬਰ ਜਾਂ ਇਸ ਤੋਂ ਵੀ ਵੱਡਾ ਕਿਉਂਕਿ ਉਨ੍ਹਾਂ ਦੀਆਂ ਬਾਹਾਂ ਮੇਰੀਆਂ ਤੋਂ ਵੀ ਮੋਟੀਆਂ ਹਨ। ਸ਼ਾਇਦ ਸੁੰਦਰ ਪਟਿਆਲੇ ਦਾ ਚੱਕਰ ਲਗਾਵੇ। ਜਾਂ ਕੋਈ ਹੋਰ ਸੱਜਣ ਫਰਾਂਸ ਆਉਂਦਾ ਹੋਇਆ ਤਾਂ ਉਸਦਾ ਪਤਾ ਭੇਜ ਦਿਆਂਗਾ।

ਚਿੱਠੀ ਵਿਚ ਰਾਜੇ ਦੀ ਲਿਖੀ ਏ.ਬੀ.ਸੀ. ਪੜ੍ਹ ਕੇ ਮਨ ਖੁਸ਼ ਹੋ ਗਿਆ। ਕਈਆਂ ਨੂੰ ਇਹ ਚਿੱਠੀ ਵਿਖਾਈ। ਅਲੀਗੜ੍ਹ ਯੂਨੀਵਰਸਿਟੀ ਵਿਚ ਮੇਰਾ ਜਮਾਤੀ ਸੰਤੋਖ ਸਿੰਘ ਨਾਗੀ ਵਿਆਹਿਆ ਹੋਇਆ ਸੀ ਅਤੇ ਉਸ ਦਾ ਪੁੱਤਰ ਸਕੂਲੇ ਪੜ੍ਹਦਾ ਸੀ। ਜਦੋਂ ਚਿੱਠੀ ਵਿਚ ਕਿਸੇ ਬੱਚੇ ਦੇ ਲਿਖੇ ਸੁਨੇਹੇ ਆਉਣੇ ਤਾਂ ਉਸ ਨੇ ਕਹਿਣਾ ਮੇਰਾ ਛੋਟਾ ਭਰਾ ਚਿੱਠੀ ਲਿਖ ਰਿਹਾ ਹੈ। ਉਹ ਕਈ ਮਹੀਨੇ ਝੂਠ ਬੋਲਦਾ ਰਿਹਾ। ਪਰ ਉਸਦੀਆਂ ਅੱਖਾਂ ਵਿੱਚ ਪੁੱਤਰ ਮੋਹ ਝਲਕਦਾ ਦਿਸ ਪੈਂਦਾ ਸੀ, ਜੋ ਛੋਟੇ ਭਰਾ ਲਈ ਨਹੀਂ ਹੋ ਸਕਦਾ। ਰਿਚਰਡ ਦਾ ਕਹਿਣਾ ਹੈ ਕਿ

ਬੱਚਿਆਂ ਵਿਚ ਮੋਹ ਦਾ ਕਾਰਨ ਮਾਂ-ਪਿਉ ਦਾ ਸਾਂਝਾ ਖ਼ੂਨ ਜਾਂ ਜੈਨੇਟਿਕ ਕੋਡ ਹੈ ਜੋ ਕਿ ਪਤੀ ਅਤੇ ਪਤਨੀ ਵਿਚ ਨਹੀਂ ਹੁੰਦਾ ਕਿਉਂਕਿ ਉਹ ਵੱਖੋ ਵੱਖਰੇ ਪ੍ਰੀਵਾਰਾਂ ਵਿਚੋਂ ਆਉਂਦੇ ਹਨ।

ਮੇਰੀ ਉਦਾਸੀ ਦਾ ਕਾਰਨ ਇੱਥੇ ਲਵਾਰਸ ਘੁੰਮ ਰਹੇ ਪੰਜਾਬੀ ਮੁੰਡੇ ਹਨ ਜੋ ਇੰਗਲੈਂਡ ਪਹੁੰਚਣ ਲਈ ਹਰ ਚੰਗਾ ਮਾੜਾ ਹੀਲਾ ਵਰਤਦੇ ਹਨ। ਤਰਨਤਾਰਨ ਦੇ ਪਿੰਡ ਮੁਗਲਾਨੀ ਦਾ ਮੁੰਡਾ ਪੈਸੇ ਮੰਗਣ ਮੇਰੇ ਹੋਸਟਲ 'ਚ ਆ ਗਿਆ। ਮੈਂ ਉਸ ਨੂੰ ਬੁਰਾ ਭਲਾ ਕਹਿ ਕੇ ਖਾਲ੍ਹੀ ਮੋੜ ਦਿੱਤਾ। ਬਾਅਦ ਵਿਚ ਫਿਕਰ ਕਰਨ ਲੱਗਾ ਕਿ ਉਹ ਤਾਂ ਰੋਟੀ ਤੋਂ ਨਿਰੁੱਤਰ ਹੋਇਆ ਭੁੱਖਾ ਭਾਣਾ ਪੈਸੇ ਮੰਗ ਰਿਹਾ ਸੀ। ਕਈ ਦਿਨ ਉਸ ਦਾ ਇੰਤਜ਼ਾਰ ਕੀਤਾ ਪਰ ਉਹ ਨਾ ਪਰਤਿਆ।

ਬੱਚਿਆਂ ਨੂੰ ਪਿਆਰ। ਮਾਤਾ ਜੀ ਨੂੰ ਸਤਿ ਸਿਰੀ ਅਕਾਲ।

ਪਿਆਰ ਸਹਿਤ,

ਹਰਦੇਵ

ਪੈਰਿਸ
25.3.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਦੋ ਹਫਤੇ ਤੋਂ ਪੈਰਿਸ ਵਿਚ ਬਹੁਤ ਧੁੱਪ ਨਿਕਲ ਰਹੀ ਹੈ ਅਤੇ ਅੱਜ ਤੋਂ ਛੁਟੀਆਂ ਵੀ ਸ਼ੁਰੂ ਹੋ ਗਈਆਂ ਹਨ ਜੋ 9 ਅਪ੍ਰੈਲ ਨੂੰ ਖਤਮ ਹੋਣਗੀਆਂ। ਨੀਤਾ ਅਤੇ ਰਿਚਰਡ ਤੇਰੇ ਖਤ ਦਾ ਬਹੁਤ ਸ਼ੁਕਰੀਆ ਕਰਦੇ ਸਨ। ਮੈਨੂੰ ਮਿਲੇ ਤਾਂ ਨਹੀਂ ਪਰ ਇਕ ਲਿਖਤੀ ਸੁਨੇਹਾ ਛੱਡ ਗਏ ਹਨ। ਅੱਜ ਸਵੇਰੇ ਉਹ ਸਪੇਨ ਦੀ ਸੈਰ ਕਰਨ ਚਲੇ ਗਏ ਹਨ।

ਮੈਂ ਵੀ ਸੋਚਿਆ ਤਾਂ ਬਹੁਤ ਸੀ ਪਰ ਸੈਰ ਦਾ ਕੋਈ ਪ੍ਰੋਗਰਾਮ ਨਹੀਂ ਬਣਿਆ। ਖੋਜ ਦੀ ਸਮੱਸਿਆ ਨੇ ਰੋਕ ਰੱਖਿਆ ਹੈ। ਕੰਮ ਤਾਂ ਸਦਾ ਚੱਲਦਾ ਹੀ ਰਹਿੰਦਾ ਹੈ। ਪੈਰਿਸ ਦੇ ਲੋਕ ਛੁੱਟੀਆਂ ਮਨਾਉਣ ਦੱਖਣ ਵਿਚ ਸਮੁੰਦਰ ਕਿਨਾਰੇ ਚਲੇ ਜਾਂਦੇ ਹਨ ਅਤੇ ਬਾਹਰ ਦੇ ਯਾਤਰੀ ਇੱਥੇ ਘੁੰਮਣ ਆ ਜਾਂਦੇ ਹਨ। ਅਗਲੇ ਹਫਤੇ ਤਾਂ ਇੱਥੇ ਹੀ ਰਹਾਂਗਾ। ਜੇਕਰ ਲੰਡਨ ਗਿਆ ਤਾਂ ਦਸ ਅਪ੍ਰੈਲ ਤੋਂ ਬਾਅਦ ਹੀ ਜਾਵਾਂਗਾ।

ਰਾਨੇ ਦਾ ਖਤ ਆਇਆ ਸੀ ਕਿ ਇਟਲੀ ਦੀ ਹੱਦ ਤੇ ਪਹੁੰਚ ਜਾਵਾਂ ਤਾਂ ਅੱਗੋਂ ਉਹ ਆਪਣੀ ਕਾਰ ਵਿੱਚ ਤੋਰੀਨੋ ਲੈ ਜਾਵਣਗੇ। ਦੁਚਿੱਤੀ ਕਰਕੇ ਕੋਈ ਫੈਸਲਾ ਨਹੀਂ ਕਰ ਸਕਿਆ। ਕੰਮ ਤੋਂ ਬਗੈਰ ਦਿਨ ਲੰਘਾਉਣਾ ਔਖਾ ਹੋ ਜਾਂਦਾ ਹੈ। ਨਵੇਂ ਕੰਮ ਬਾਰੇ ਅਜੇ ਪ੍ਰੋਫੈਸਰ ਨਾਲ ਸਲਾਹ ਨਹੀਂ ਕੀਤੀ। ਇਹ ਦੁਬਿਧਾ ਪਤਾ ਨਹੀਂ ਕਦੋਂ ਦੂਰ ਹੋਵੇਗੀ। ਇਸ ਵਾਰ ਜਿਸ ਘਰ ਰੋਟੀ ਦਾ ਨਿਉਤਾ ਸੀ, ਉਹ ਬੜੇ ਮਿਲਣਸਾਰ ਨੇ ਅਤੇ ਉਨ੍ਹਾਂ ਦੇ ਤਿੰਨ ਪੁੱਤਰ ਹਨ। ਸਭ ਤੋਂ ਛੋਟਾ ਪੁੱਤਰ ਦੋ ਸਾਲ ਦਾ ਹੈ ਜੋ ਮੇਰੀ ਪੱਗ ਅਤੇ ਸ਼ਕਲ ਵੇਖ ਕੇ ਬਹੁਤ ਹੈਰਾਨ ਹੋ ਰਿਹਾ ਸੀ। ਘਰ ਦੀ ਮਾਲਕਣ ਤੇਰੇ ਵਾਂਗ ਬੱਚੇ ਹੀ ਪਾਲਦੀ ਹੈ ਅਤੇ ਨੌਕਰੀ ਨਹੀਂ ਕਰਦੀ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਕੋਈ ਤੋਹਫ਼ਾ ਭੇਟ ਕਰ ਆਵਾਂ।

ਕੱਲ੍ਹ ਰਾਤੀਂ ਸਾਡੇ ਹੋਸਟਲ 'ਚ 'ਹਰੇ ਰਾਮਾ, ਹਰੇ ਕ੍ਰਿਸ਼ਨਾ' ਗਰੁੱਪ ਵਾਲਿਆਂ ਨੇ ਹਰੀ ਕੀਤਰਨ ਕੀਤਾ। ਇਹ ਹਿੱਪੀਆਂ ਤੋਂ ਵੱਖਰੇ ਹੁੰਦੇ ਹਨ। ਹਿੱਪੀ ਤਾਂ ਗੰਦੇ ਮੰਦੇ ਅਤੇ ਨਸ਼ਿਆਂ ਦੇ ਆਦੀ ਹੁੰਦੇ ਹਨ। ਇਸ ਗਰੁੱਪ ਦੇ ਮੈਂਬਰ

ਤਾਂ ਸ਼ਾਕਾਹਾਰੀ, ਸਿਗਰਟ ਅਤੇ ਸ਼ਰਾਬ ਦਾ ਸੇਵਨ ਵੀ ਨਹੀਂ ਕਰਦੇ। ਇਨ੍ਹਾਂ ਵਿੱਚ ਕੁੜੀਆਂ ਵੀ ਸ਼ਾਮਲ ਹਨ। ਪੈਰਿਸ ਵਿਚ ਇਨ੍ਹਾਂ ਦਾ ਇਕ ਮੰਦਰ ਹੈ। ਸਾਰਾ ਦਿਨ ਇਹ ਬਜ਼ਾਰਾਂ ਵਿਚ ਨੱਚਦੇ, ਟਾਂਪਦੇ ਅਤੇ ਗਾਉਂਦੇ ਆਪਣੇ ਫਿਰਕੇ ਦਾ ਪ੍ਰਚਾਰ ਕਰਦੇ ਹਨ। ਇਕ ਹੋਰ ਗਰੁੱਪ ਯੋਗਾ ਦਾ ਪ੍ਰਚਾਰ ਕਰਦਾ ਹੈ। ਰਾਮਾ ਕ੍ਰਿਸ਼ਨ ਮਿਸ਼ਨ ਵਾਲਿਆਂ ਦਾ ਪੈਰਿਸ ਤੋਂ ਬਾਹਰ ਇਕ ਸੁੰਦਰ ਆਸ਼ਰਮ ਹੈ। ਸਿੱਖ ਧਰਮ ਦਾ ਕੋਈ ਪ੍ਰਚਾਰਕ ਪੈਰਿਸ 'ਚ ਨਹੀਂ ਪਹੁੰਚਿਆ। ਦਿੱਲੀ ਦੇ ਰਾਧਾ ਸੁਆਮੀ ਗੁਰੂ ਕ੍ਰਿਪਾਲ ਸਿੰਘ ਦੇ ਚੇਲੇ ਤਾਂ ਇੱਥੇ ਵੀ ਹਨ।

ਬੱਚਿਆਂ ਨੂੰ ਪਿਆਰ। ਮਾਤਾ ਜੀ ਨੂੰ ਸਤਿ ਸਿਰੀ ਅਕਾਲ।

ਪਿਆਰ ਸਹਿਤ,
ਹਰਦੇਵ

ਪੈਰਿਸ
19.4.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਤੇਰਾ ਖਤ ਅੱਜ ਸਵੇਰੇ ਹੀ ਮਿਲ ਗਿਆ ਜਦ ਕਿ ਰਾਤ, ਅੱਧੀ ਰਾਤੀਂ, ਮੈਂ ਲੰਡਨ ਤੋਂ ਵਾਪਸ ਪਰਤਿਆਂ ਹਾਂ। ਤੈਨੂੰ ਖਤ ਲਿਖਣ ਲਈ ਟਾਈਪ ਮਸ਼ੀਨ ਵੀ ਲੈ ਆਇਆਂ ਹਾਂ ਪਰ ਮੈਨੂੰ ਟਾਈਪ ਕਰਨ ਦੀ ਜਾਚ ਸਿੱਖਣੀ ਪਵੇਗੀ। ਕੱਲ੍ਹ ਹਸਪਤਾਲ ਜਾਣਾ ਹੈ, ਸੋ ਮੈਂ ਕਿਹਾ ਤੈਨੂੰ ਇਹ ਜਰੂਰੀ ਖਤ ਲਿਖ ਦੇਵਾਂ। ਬੱਬਲ ਅਤੇ ਬਿੰਕੂ ਦੀਆਂ ਫੋਟੋ ਬਹੁਤ ਸੋਹਣੀਆਂ ਹਨ। ਰਾਜੇ ਦੀ ਕੋਈ ਫੋਟੋ ਨਹੀਂ ਮਿਲੀ।

ਲੰਡਨ ਜਾਣ ਦੀ ਬਹੁਤ ਖੁਸ਼ੀ ਸੀ ਪਰ ਹਵਾਈ ਜਹਾਜ ਤੋਂ ਉਤਰਦੇ ਹੀ ਇਹ ਮਜ਼ਾ ਕਿਰਕਰਾ ਹੋ ਗਿਆ। ਏਅਰਪੋਰਟ ਤੇ ਬਾਕੀ ਮੁਸਾਫਰ ਤਾਂ ਲੰਘ ਗਏ ਪਰ ਮੇਰੀ ਤਲਾਸ਼ੀ ਵੱਖ ਕਮਰੇ ਵਿਚ ਕਿਸੇ ਮੁਜ਼ਰਮ ਦੀ ਤਰ੍ਹਾਂ ਕੀਤੀ ਗਈ। ਸਮਾਨ ਤਾਂ ਚੈਕ ਕੀਤਾ ਪਰ ਮੇਰੀਆਂ ਦਵਾਈਆਂ ਬਾਰੇ ਵੀ ਪੁੱਛ ਗਿੱਛ ਕੀਤੀ ਜਿਵੇਂ ਕਿਸੇ ਡਰੱਗੀ ਦੀ ਕਰਦੇ ਹਨ। ਮੇਰੇ ਆਉਣ ਦੇ ਕਾਰਨਾਂ ਬਾਰੇ ਤਾਂ ਸਵਾਲਾਂ ਦੀ ਝੜੀ ਲਗਾ ਦਿੱਤੀ। ਹੋ ਸਕਦਾ ਹੈ ਸਾਰੇ 'ਇੰਡੀਅਨਜ਼' ਨਾਲ ਇਹੋ ਸਲੂਕ ਕਰਦੇ ਹੋਣ ਪਰ ਮੈਨੂੰ ਤਾਂ ਪੂਰੀ ਤਰ੍ਹਾਂ ਰੋਣਹਾਕਾ ਕਰ ਛੱਡਿਆ ਸੀ। ਅੰਗਰੇਜ਼ਾਂ ਦਾ ਇਹ ਵਤੀਰਾ ਵੇਖ ਕੇ ਸੋਚਦਾ ਹਾਂ ਕਿ ਸਾਡੇ ਲੋਕ ਕਿਉਂ ਗੁਲਾਮੀ ਕਰਨ ਇੰਗਲੈਂਡ ਆ ਜਾਂਦੇ ਹਨ। ਇੱਥੇ ਹਿੰਦੁਸਤਾਨੀਆਂ ਅਤੇ ਖਾਸ ਕਰਕੇ ਸਿੱਖਾਂ ਨਾਲ ਬਹੁਤ ਭੈੜਾ ਸਲੂਕ ਕਰਦੇ ਹਨ। ਚੱਲੋ ਇਹ ਤਾਂ ਰਹੀ ਸਾਡੀ ਦੁਰਦਸ਼ਾ ਦੀ ਗੱਲ।

ਏਅਰਪੋਰਟ ਤੋਂ ਲੋਕਲ ਟਰੇਨ ਰਾਹੀਂ ਮੈਂ ਲੰਡਨ ਦੇ ਕਿੰਗਜ਼ ਕਰਾਸ ਸਟੇਸ਼ਨ ਤੇ ਜਾ ਉਤਰਿਆ। ਇੰਦਰਜੀਤ ਸਿੰਘ ਹੁਡਿਆਰੇ ਨੇ ਆਪਣੇ ਹੋਸਟਲ ਦਾ ਪਤਾ ਭੇਜ ਰੱਖਿਆ ਸੀ। ਮੇਰੇ ਠਹਿਰਣ ਲਈ ਉਸ ਨੇ ਇੰਡੀਆ ਹਾਊਸ ਵਿਚ ਕਮਰਾ ਬੁੱਕ ਕਰ ਰੱਖਿਆ ਸੀ। ਰੋਟੀ ਪਾਣੀ ਦਾ ਪ੍ਰਬੰਧ ਉਸ ਦੇ ਜਿੰਮੇਂ ਸੀ। ਉਹ ਲੰਡਨ ਯੂਨੀਵਰਸਿਟੀ ਵਿਚ ਪੀ.ਐਚ.ਡੀ. ਕਰ ਰਿਹਾ ਹੈ ਅਤੇ ਮੇਰੇ ਲਈ ਪੁਰਾਣਾ ਵਿਦਿਆਰਥੀ ਹੋਣ ਕਰਕੇ ਬਹੁਤ ਸੇਵਾ ਭਾਵਨਾ ਰੱਖਦਾ ਹੈ। ਉਹ ਮੇਰੇ ਦੋਸਤ ਗੁਰਦਿਆਲ ਸਿੰਘ ਦਾ ਛੋਟਾ ਭਰਾ ਹੈ। ਉਸ ਦੀ ਵੱਡੀ ਭੈਣ

ਬਲਬੀਰ ਕੌਰ ਵੀ ਮੇਰੀ ਵਿਦਿਆਰਥਣ ਰਹੀ ਹੈ।

ਲੰਡਨ ਵਿਚ ਵਿਸਾਖੀ 13 ਅਪ੍ਰੈਲ ਦੀ ਬਜਾਏ ਐਤਵਾਰ 16 ਅਪ੍ਰੈਲ ਨੂੰ ਮਨਾ ਰਹੇ ਸਨ, ਸੋ ਮੈਂ 13 ਤਰੀਕ ਨੂੰ ਕੈਂਬਰਿਜ਼ ਯੂਨੀਵਰਸਿਟੀ ਵੇਖਣ ਚਲਾ ਗਿਆ ਜੋ ਲੰਡਨ ਤੋਂ 150 ਕਿਲੋਮੀਟਰ ਬਾਹਰ ਹੈ। ਕੈਂਬਰਿਜ਼ ਦੀ ਰਦਰਫੋਰਡ ਪ੍ਰਯੋਗਸ਼ਾਲਾ ਵਿਚ ਇਕ ਖੋਜ ਗਰੁੱਪ ਮੇਰੇ ਚੀਨੀ ਗਾਈਡ ਦੀ ਖੋਜ ਨੂੰ ਠੀਕ ਮੰਨਦਾ ਸੀ। ਮੇਰਾ ਪ੍ਰੋਗਰਾਮ ਇੱਥੇ ਇਨ੍ਹਾਂ ਵਿਗਿਆਨੀਆਂ ਨਾਲ ਬਹਿਸ ਕਰਨੀ ਸੀ। ਮੈਂ ਆਪਣੇ ਖੋਜ ਸਿੱਟੇ ਪੇਸ਼ ਕੀਤੇ। ਉਹ ਧਿਆਨ ਨਾਲ ਸੁਣਦੇ ਰਹੇ ਅਤੇ ਜਦੋਂ ਮੇਰੀ ਵਿਆਖਿਆ ਖਤਮ ਹੋਈ ਤਾਂ ਉਨ੍ਹਾਂ ਦਾ ਲੀਡਰ ਕਹਿਣ ਲੱਗਾ ਕਿ ਮੇਰੀ ਖੋਜ ਠੀਕ ਹੈ। ਮੈਨੂੰ ਇਸ ਮੁਲਾਕਾਤ ਤੋਂ ਬਹੁਤ ਤਸੱਲੀ ਹੋਈ ਅਤੇ ਮੈਂ ਫੈਸਲਾ ਕਰ ਲਿਆ ਕਿ ਚੀਨੀ ਦੀ ਖੋਜ ਨੂੰ ਗਲਤ ਸਿੱਧ ਕਰਕੇ ਆਪਣੀ ਡਿਗਰੀ ਹਾਸਲ ਕਰ ਲੈਣੀ ਹੈ। ਤੁਰਨ ਤੋਂ ਪਹਿਲਾਂ ਕੈਂਬਰਿਜ ਦੇ ਵਿਗਿਆਨੀਆਂ ਨੇ ਆਪਣੇ ਖੋਜ ਪੱਤਰ ਮੇਰੇ ਹਵਾਲੇ ਕੀਤੇ ਜੋ ਚੀਨੀ ਦੀ ਖੋਜ ਨੂੰ ਨਿਕਾਰਦੇ ਸਨ। ਮੈਂ ਰੱਬ ਦਾ ਸ਼ੁਕਰ ਕੀਤਾ ਕਿ ਮੇਰੀ ਕੈਂਬਰਿਜ਼ ਫੇਰੀ ਲਾਹੇਵੰਦ ਸਿੱਧ ਹੋਈ ਹੈ।

16 ਅਪ੍ਰੈਲ ਨੂੰ ਵਿਸਾਖੀ ਮਨਾਉਣ ਖਾਤਰ ਸਾਊਥਾਲ ਦੇ ਗੁਰਦਵਾਰੇ ਪਹੁੰਚ ਗਏ, ਸੰਤਾਂ ਦੀ ਕਥਾ, ਰਾਗੀਆਂ ਦਾ ਕੀਰਤਨ, ਤੂੰਬੇ ਦੇ ਗੀਤ ਅਤੇ ਲੰਗਰ ਦੇ ਖੁੱਲ੍ਹੇ ਗੱਫੇ, ਜਿਸ ਵਿੱਚ ਖੀਰਾਂ ਅਤੇ ਕੜਾਹ ਪ੍ਰਸਾਦਿ ਸ਼ਾਮਲ ਸੀ, ਅਤੇ ਉਹ ਵੀ ਕੁਰਸੀਆਂ ਮੇਜਾਂ ਉਪਰ ਛਕਣ ਨੂੰ ਪਹਿਲੀ ਵਾਰ ਮਿਲਿਆ। ਚਾਰ ਵਜੇ ਮਸਾਂ ਭੋਗ ਪਿਆ ਅਤੇ ਅਸੀਂ ਛੇ ਵਜੇ ਘਰ ਪਰਤ ਆਏ। ਇੱਥੋਂ ਮੈਂ ਕੰਘੇ, ਕੜੇ ਅਤੇ ਮਠਿਆਈ ਵੀ ਖਰੀਦੀ ਜੋ ਪੈਰਿਸ ਆਪਣੇ ਦੋਸਤਾਂ ਮਿੱਤਰਾਂ ਦੀ ਮੰਗ ਪੂਰੀ ਕਰਨ ਲਈ ਸੀ।

14 ਅਤੇ 15 ਤਰੀਕ ਮੈਂ ਅਤੇ ਇੰਦਰਜੀਤ ਲੰਡਨ ਵਿੱਚ ਸ਼ਾਪਿੰਗ ਕਰਦੇ ਰਹੇ। 3000 ਫਰੈਂਕ ਦਾ ਸਮਾਨ ਖਰੀਦਿਆ ਹੋਵੇਗਾ ਜਿਸ ਵਿਚ ਕੈਮਰੇ ਦਾ ਫਲੈਸ਼, ਆਪਣੇ ਲਈ ਇਕ ਘੜੀ, 6 ਕਮੀਜਾਂ, ਇਕ ਓਵਰਕੋਟ, ਬੱਚਿਆਂ ਦੇ ਕੱਪੜੇ, ਮਾਤਾ ਜੀ ਦਾ ਸਵੈਟਰ, ਟਾਈਪ ਮਸ਼ੀਨ, ਛਤਰੀ, ਜੁੱਤੇ ਅਤੇ ਹੋਰ ਕਾਫੀ ਨਿਕਸੁਕ, ਜਿਵੇਂ ਸਰਹੁੰ ਦਾ ਤੇਲ ਅਤੇ ਗਰਮ ਮਸਾਲੇ। ਤੇਰੀ ਲਈ ਪੈਰਿਸ ਵਿਚ ਸ਼ੈਫੂਨ ਦੀ ਸਾੜੀ ਵੇਖੀ ਹੈ। ਬਹੁਤੀ ਰਕਮ ਹਵਾਈ ਸਫਰ ਅਤੇ ਫੋਟੋਗਰਾਫੀ ਉਪਰ ਹੀ ਖਰਚ ਹੋਈ ਹੈ। ਜੇਕਰ ਲੰਡਨ ਦੀ ਸੈਰ ਦੀਆਂ ਫੋਟੋਆਂ ਤਿਆਰ ਹੋ ਗਈਆਂ ਤਾਂ ਅਗਲੀ ਚਿੱਠੀ ਵਿੱਚ ਭੇਜ ਦਿਆਂਗਾ। ਮੇਰੇ ਸਾਥੀਆਂ

ਨੇ ਮੇਰੀ ਖਰੀਦੋ ਫਰੋਖਤ ਦੀ ਸਲਾਹਣਾ ਕੀਤੀ ਹੈ। ਉਮੀਦ ਹੈ ਤੇਰੇ ਵੀ ਪਸੰਦ ਆ ਜਾਵੇਗੀ।

ਬੱਚਿਆਂ ਦੀਆਂ ਫੋਟੋਆਂ ਵੇਖ ਕੇ ਮਨ ਬਿਹਬਲ ਹੋ ਜਾਂਦਾ ਹੈ। ਉਮੀਦ ਹੈ ਇੰਤਜਾਰ ਦੀਆਂ ਘੜੀਆਂ ਖਤਮ ਹੋ ਜਾਣਗੀਆਂ। ਬੱਚੇ ਗੁਰੂ ਦੀਆਂ ਦਾਤਾਂ ਹਨ, ਸਾਂਭ ਸਾਂਭ ਰੱਖ, ਸ਼ੁਕਰਾਨੇ ਵਿਚ ਦਿਨ ਕਟੀ ਜਾ। ਫਰਾਂਸ ਪਰਤ ਕੇ ਇਉਂ ਜਾਪਿਆ ਜਿਵੇਂ ਆਪਣੇ ਦੇਸ਼ ਆ ਗਿਆ ਹਾਂ। ਸਭ ਸਤਿਕਾਰ ਕਰਦੇ ਹਨ ਅਤੇ ਪੈਰਿਸ ਵਿਚ ਖਾਲਸੇ ਦੇ ਝੰਡੇ ਗੱਡ ਦਿੱਤੇ ਹਨ। ਹੁਣ ਹੋਰ ਕਿਸੇ ਸਿੱਖ ਵਿਦਿਆਰਥੀ ਨੂੰ ਪਗੜੀ ਅਤੇ ਦਾੜ੍ਹੀ ਦੀ ਸਮੱਸਿਆ ਨਹੀਂ ਆਵੇਗੀ।

ਕੈਂਬਰਿਜ਼ ਯੂਨੀਵਰਸਿਟੀ ਦੀ ਫੇਰੀ ਨੇ ਮੇਰੇ ਹੌਸਲੇ ਬੁਲੰਦ ਕਰ ਦਿੱਤੇ ਹਨ। ਮੈਂ ਥੀਸਜ਼ ਲਿਖਣ ਦੀ ਤਿਆਰੀ ਕਰ ਰਿਹਾਂ ਹਾਂ। ਆਖਰਕਾਰ, ਮੇਰੀ ਘਾਲ ਕਮਾਈ ਰੰਗ ਲਿਆਈ ਹੈ ਅਤੇ ਸੱਚ ਦੀ ਖੋਜ ਪ੍ਰਵਾਨ ਚੜ੍ਹੇਗੀ। ਪ੍ਰੋਫੈਸਰ ਮੋਰਾਂ ਦੀ ਇਜ਼ਾਜਤ ਲੈ ਕੇ ਚੀਨੀ ਗਾਈਡ ਦੀ ਖੋਜ ਨੂੰ ਰੱਦ ਕਰਾਂਗਾ। ਖੋਜ ਲਈ ਇਕ ਹੋਰ ਲੈਬ ਤੋਂ ਸੱਦਾ ਆਇਆ ਹੈ ਜੋ ਟਾਟਾ ਇੰਸਟੀਚਿਊਟ ਨਾਲ ਰਲ ਕੇ ਚੱਲ ਰਹੀ ਹੈ। ਮੈਂ ਇਸ ਨੂੰ ਠੁਕਰਾ ਦਿੱਤਾ ਹੈ ਕਿਉਂਕਿ ਉਨ੍ਹਾਂ ਦੀ ਸ਼ਰਤ ਹੈ ਕਿ ਮੈਂ ਪਟਿਆਲੇ ਦੀ ਜਗਹ ਬੰਬੇ ਜਾ ਕੇ ਖੋਜ ਕਰਾਂ।

ਸਭ ਨੂੰ ਸਤਿ ਸਿਰੀ ਅਕਾਲ ਕਹਿਣਾ। ਬੱਚਿਆਂ ਨੂੰ ਪਿਆਰ।

ਤੇਰਾ
ਹਰਦੇਵ

ਪੈਰਿਸ
13.9.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਅੱਜ ਤੋਂ ਇਕ ਹਫਤੇ ਬਾਅਦ ਮੇਰਾ ਪੀ.ਐਚ.ਡੀ ਦਾ ਇਮਤਿਹਾਨ ਹੈ ਅਤੇ ਮੈਂ ਇਸ ਦੀ ਤਿਆਰੀ ਕਰਨੀ ਹੈ। ਥੀਸਜ਼ ਫਰੈਂਚ ਭਾਸ਼ਾ ਵਿਚ ਲਿਖਿਆ ਹੈ ਅਤੇ ਇਸ ਉਪਰ ਘੱਟ ਤੋਂ ਘੱਟ ਇਕ ਘੰਟਾ ਫਰੈਂਚ ਵਿਚ ਹੀ ਬੋਲਣਾ ਹੈ। ਸਭ ਤੋਂ ਮੁਸ਼ਕਲ ਕੰਮ ਐਗਜ਼ੈਮੀਨਰਜ਼ ਦੇ ਸਵਾਲਾਂ ਦੇ ਜਵਾਬ ਵੀ ਫਰੈਂਚ ਭਾਸ਼ਾ ਵਿਚ ਹੀ ਦੇਣੇ ਹਨ। ਮੇਰਾ ਪ੍ਰੋਫੈਸਰ ਬਾਹਰ ਗਿਆ ਹੋਇਆ ਸੀ ਅਤੇ ਕੱਲ੍ਹ ਹੀ ਪਰਤਿਆ ਹੈ। ਯੂਨੀਵਰਸਿਟੀ ਨੇ ਮੇਰੀ ਰਾਏ ਮੰਗੀ ਸੀ ਅਤੇ ਮੈਂ 20 ਸਤੰਬਰ ਦੀ ਮਿਤੀ ਲਿਖ ਭੇਜੀ ਹੈ। ਆਪਣੇ ਦੇਸ਼ ਵਿਚ ਇਹ ਆਜ਼ਾਦੀ ਨਹੀਂ ਹੈ। ਸਾਰੀ ਪ੍ਰਕ੍ਰਿਆ ਗੁਪਤ ਰੱਖੀ ਜਾਂਦੀ ਹੈ ਅਤੇ ਦਫਤਰ ਦੇ ਬਾਬੂ ਹੀ ਪ੍ਰਧਾਨ ਹੁੰਦੇ ਹਨ।

ਮੈਂ ਕਈ ਦਿਨ ਤੋਂ ਸਿੱਖ ਧਰਮ ਉਪਰ ਕੋਈ ਕਿਤਾਬ ਲੱਭ ਰਿਹਾਂ ਸਾਂ। ਮੈਨੂੰ ਹੈਰਾਨੀ ਹੋਈ ਜਦੋਂ ਇੰਡੀਅਨ ਹੋਸਟਲ ਵਿਚ ਇਕ ਨੋਟਿਸ ਦੇਖਿਆ ਜਿਸ ਵਿਚ ਦਿੱਲੀ ਗੁੜ ਮੰਡੀ ਵਾਲੇ ਰਾਧਾ ਸਵਾਮੀ ਡੇਰੇ ਦੇ ਮੁਖੀ ਸੰਤ ਕ੍ਰਿਪਾਲ ਸਿਘੰ ਪੈਰਿਸ ਦੇ ਗਰੈਂਡ ਹੋਟਲ ਵਿਚ ਸੱਤਸੰਗ ਕਰ ਰਹੇ ਸਨ। ਮੈਂ ਜਦੋਂ ਪਹੁੰਚਿਆ ਤਾਂ ਹਾਲ ਸੰਗਤ ਨਾਲ ਭਰਿਆ ਹੋਇਆ ਸੀ। ਉਨ੍ਹਾਂ ਦੇ ਚੇਲੇ ਯੂਰਪ ਦੇ ਕਈ ਦੇਸ਼ਾਂ ਤੋਂ ਪਧਾਰੇ ਹੋਏ ਸਨ। ਮੈਂ ਪਗੜੀ ਵਾਲਾ ਇਕੱਲਾ ਸਿੱਖ ਸਾਂ। ਜਿਸ ਕਰਕੇ ਸੰਤਾਂ ਨੇ ਆਪਣੇ ਕੋਲ ਬੈਠਣ ਦਾ ਇਸ਼ਾਰਾ ਕੀਤਾ। ਉਹ ਗੁਰਬਾਣੀ ਦੀ ਵਿਆਖਿਆ ਅੰਗਰੇਜ਼ੀ ਵਿਚ ਕਰ ਰਹੇ ਸਨ ਅਤੇ ਇਕ ਜਰਮਨ ਨੌਜਵਾਨ ਇਸ ਨੂੰ ਫਰੈਂਚ ਅਤੇ ਜਰਮਨ ਭਾਸ਼ਾ ਵਿਚ ਉਲੱਥਾ ਕਰ ਰਿਹਾ ਸੀ।

ਸੱਤਸੰਗ ਖਤਮ ਹੋਣ ਤੋਂ ਬਾਅਦ ਮੇਰੇ ਨਾਲ ਹੋਰ ਵੀ ਗੁਫਤਗੂ ਹੋਈ। ਉਹ ਕਹਿ ਰਹੇ ਸਨ ਕਿ ਗੁਰੂ ਨਾਨਕ ਦੇ ਪ੍ਰਚਾਰ ਲਈ ਕਈ ਕੇਂਦਰ ਖੋਲ੍ਹੇ ਹਨ। ਜਪੁਜੀ ਸਾਹਿਬ ਦਾ ਤਰਜਮਾ ਫਰੈਂਚ ਅਤੇ ਜਰਮਨ ਭਾਸ਼ਾਵਾਂ ਵਿਚ ਕਰਵਾਇਆ ਹੈ। ਤੁਰਨ ਲੱਗਿਆਂ ਮੈਨੂੰ ਫਲ ਬਗੈਰਾ ਵੀ ਭੇਟ ਕੀਤੇ ਜੋ ਸੰਗਤ ਦੇ ਗਈ ਸੀ। ਉਨ੍ਹਾਂ ਨੇ ਮੰਤਰ ਦੇਣ ਦੀ ਗੱਲ ਵੀ ਕਹੀ ਜੋ ਮੈਂ ਨਾ ਮੰਨੀ। ਸ਼ਾਇਦ ਉਨ੍ਹਾਂ ਨੂੰ ਸ਼ੱਕ ਸੀ ਕਿ ਮੇਰਾ ਪ੍ਰੀਵਾਰ ਰਾਧਾ ਸਵਾਮੀ ਮੱਤ ਦਾ ਪੈਰੋਕਾਰ ਹੈ। ਸੋ ਐਤਵਾਰ ਦਾ ਦਿਨ ਸੱਤਸੰਗ ਵਿਚ ਲੰਘ ਗਿਆ। ਮੈਨੂੰ ਦਿੱਲੀ ਆ ਕੇ ਮਿਲਣ ਲਈ ਵੀ ਕਿਹਾ ਜੋ

ਮੈਂ ਪ੍ਰਵਾਨ ਕਰ ਲਿਆ।

'ਰੂਹਾਨੀ ਸੱਤਸੰਗ' ਵਿਚ ਹਰ ਕੋਈ ਆਪਣੀ ਗੱਦੀ ਲੈ ਕੇ ਆਉਂਦਾ ਹੈ ਕਿਉਂਕਿ ਚੌਂਕੜਾ ਮਾਰ ਕੇ ਫਰਸ਼ ਤੇ ਬੈਠਣਾ ਪੈਂਦਾ ਹੈ। ਸਭ ਸੰਗਤ ਸਮਾਧੀ ਵਿਚ ਲੀਨ ਹੋ ਕੇ ਸ਼ਬਦ ਦਾ ਜਾਪ ਕਰਦੀ ਹੈ। ਪੱਛਮ ਵਿਚ ਅਮੀਰੀ ਅਤੇ ਪੈਸੇ ਦੀ ਹੋੜ ਘਟ ਰਹੀ ਹੈ ਅਤੇ ਧਾਰਮਿਕ ਰੁਚੀ ਵਧ ਰਹੀ ਹੈ ਜਦ ਕਿ ਸਾਡੇ ਲੋਕ ਇਸ ਦੀ ਉਲਟ ਦਿਸ਼ਾ ਵੱਲ ਜਾ ਰਹੇ ਹਨ। ਬਠਿੰਡੇ ਵਾਲਾ ਗੁਪਤਾ ਦੱਸ ਰਿਹਾ ਸੀ ਕਿ ਅਮਰੀਕਨ ਮੁੰਡੇ ਕੁੜੀਆਂ ਕਿਸੇ ਬੀਚ ਤੇ ਨੰਗ ਮਨੰਗੇ ਨਹਾ ਰਹੇ ਸਨ। ਜਦੋਂ ਉਸ ਨੇ ਫੋਟੋ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਕੋਈ ਬੁਰਾ ਨਹੀਂ ਮਨਾਇਆ ਸਗੋਂ ਆਪ ਹੀ ਪੋਜ ਬਣਾਕੇ ਕੈਮਰੇ ਅੱਗੇ ਆ ਹਾਜ਼ਰ ਹੋਏ। ਸਾਡੇ ਤਾਂ ਜੋਗੀ ਜਤੀ ਵੀ ਸੈਕਸ ਵਿਚ ਗਲਤਾਨ ਰਹਿੰਦੇ ਹਨ ਭਾਵੇਂ ਦੂਜਿਆਂ ਨੂੰ ਬ੍ਰਹਮਚਾਰੀ ਬਨਣ ਦਾ ਉਪਦੇਸ਼ ਦਿੰਦੇ ਹਨ। ਭਾਈ ਜੋਗਾ ਸਿੰਘ ਦੀ ਵਾਰਤਾ ਮੇ ਰੇ ਯਾਦ ਰਹਿੰਦੀ ਹੈ ਅਤੇ ਵਿਸ਼ਵਾਸ਼ ਬਣਿਆ ਹੋਇਆ ਹੈ ਕਿ ਦਸਮ ਪਾਤਸ਼ਾਹ ਆਪ ਹੀ ਡੋਲਣ ਤੋਂ ਬਚਾਏਗਾ।

ਖੋਜ ਪੂਰੀ ਹੋਣ ਬਾਅਦ ਇਸ ਦੇ ਸਿੱਟੇ ਖੋਜ ਰਸਾਲਿਆਂ ਵਿੱਚ ਛਪਣੇ ਜਰੂਰੀ ਹਨ। ਮੇਰੇ ਥੀਸਜ਼ ਦਾ ਨਿਚੋੜ ਨਿਊਕਲੀਅਰ ਫਜ਼ਿਕਸ ਦੇ ਮਸ਼ਹੂਰ ਖੋਜ ਰਸਾਲੇ ਵਿਚ ਛਪਣ ਲਈ ਪ੍ਰਵਾਨ ਹੋ ਚੁੱਕਾ ਹੈ। ਤਿੰਨ ਹੋਰ ਪਰਚੇ ਫਰੈਂਚ ਅਕੈਡਮੀ ਆਫ ਸਾਇੰਸ ਦੇ ਖੋਜ ਰਸਾਲੇ ਵਿਚ ਛਪ ਚੁੱਕੇ ਹਨ। ਮੇਰੀ ਕਿਊਰੀ ਯੂਨੀਵਰਸਿਟੀ ਵਿਚ ਮੇਰਾ ਰੋਲ ਮਾਡਲ ਪ੍ਰਸਿੱਧ ਵਿਗਿਆਨੀ ਮੇਰੀ ਕਿਊਰੀ ਹੈ ਜਿਸ ਦੀ ਧੀ ਵੀ ਨੋਬਲ–ਪੁਰਸਕਾਰ ਜੇਤੂ ਸੀ ਅਤੇ ਹੁਣ ਉਸ ਦੀ ਦੋਹਤੀ ਇੱਥੇ ਪ੍ਰੋਫੈਸਰ ਹੈ।

ਲਾਲੀ ਦਾ ਖਤ ਆਇਆ ਹੈ। ਉਹ ਫਿਲਿਪਸ ਰੀਕਾਰਡਰ ਦੀ ਮੰਗ ਕਰ ਰਿਹਾ ਹੈ। ਮੈਂ ਹੁਣ ਜਰਮਨੀ ਨਹੀਂ ਜਾ ਰਿਹਾ ਅਤੇ ਉਸ ਨੂੰ ਦੱਸ ਦੇਣਾ ਕਿ ਪੈਰਿਸ ਵਿਚ ਇਹ ਬਹੁਤ ਮਹਿੰਗਾ ਮਿਲਦਾ ਹੈ। ਜੇਕਰ ਡਿਊਟੀ ਪੈ ਗਈ ਤਾਂ ਇਸ ਦੀ ਕੀਮਤ ਇੰਡੀਆ ਵਿੱਚ ਪਈ ਕੀਮਤ ਨਾਲੋਂ ਦੁੱਗਣੀ ਹੋ ਜਾਵੇਗੀ। ਮੇਰਾ ਸਾਰਾ ਵਜ਼ੀਫਾ ਸੈਰ ਸਪਾਟਿਆਂ ਉਪਰ ਖਰਚ ਹੋ ਜਾਂਦਾ ਹੈ। ਸੋ ਕਿਸੇ ਨੂੰ ਮੇਰੇ ਪਾਸੋਂ ਉਮੀਦ ਨਹੀਂ ਰੱਖਣੀ ਚਾਹੀਦੀ। ਖਾਲ੍ਹੀ ਹੱਥ ਗਿਆ ਸੀ ਅਤੇ ਖਾਲ੍ਹੀ ਹੱਥ ਹੀ ਪਰਤਾਂਗਾ। ਸਿਰਫ ਇਕ ਕਾਗਜ਼ ਦਾ ਟੁਕੜਾ ਜਾਂ ਡਿਗਰੀ ਲੈ ਕੇ ਮੁੜ ਆਵਾਂਗਾ। ਇੱਥੇ ਕਾਫੀ ਇੰਡੀਅਨ ਨੌਕਰੀ ਦੀ ਤਲਾਸ਼ ਵਿਚ ਘੁੰਮਦੇ ਮਿਲ

ਜਾਂਦੇ ਹਨ। ਮੇਰਾ ਪ੍ਰੋਫੈਸਰ ਕਹਿ ਰਿਹਾ ਸੀ ਇੰਡੀਆ ਪਰਤ ਜਾਣਾ ਅਤੇ ਇੱਥੇ ਦਰ ਦਰ ਠੋਕਰਾਂ ਖਾਣ ਦੀ ਲੋੜ ਨਹੀਂ। ਅਗਲੇ ਹਫਤੇ ਪੀ.ਐਚ.ਡੀ. ਦਾ ਇਮਤਿਹਾਨ ਹੋਵੇਗਾ ਅਤੇ ਉਸੇ ਦਿਨ ਹੀ ਸ਼ੈਂਪੇਨ ਪਾਰਟੀ ਹੋਵੇਗੀ। ਇੱਥੇ ਰਿਵਾਜ ਹੈ ਕਿ ਹਰ ਖੁਸ਼ੀ ਸਮੇਂ ਲੈਬ ਦੇ ਸਾਥੀਆਂ ਅਤੇ ਦੋਸਤਾਂ ਨੂੰ ਸ਼ਰਾਬ ਦੀ ਕਾਕਟੇਲ ਪਾਰਟੀ ਕਰਨੀ ਪੈਂਦੀ ਹੈ। ਉਸ ਮੌਕੇ ਤੂੰ ਤਾਂ ਸ਼ਾਮਲ ਨਹੀਂ ਹੋ ਸਕਦੀ, ਤੇਰੀ ਯਾਦ ਮੇਰੇ ਅੰਗਸੰਗ ਰਹੇਗੀ।

ਮਾਤਾ ਜੀ ਨੂੰ ਸਤਿ ਸਿਰੀ ਅਕਾਲ। ਬੱਚਿਆਂ ਨੂੰ ਪਿਆਰ।

ਪਿਆਰ ਸਹਿਤ,
ਹਰਦੇਵ

ਪੈਰਿਸ
1.10.72

ਡੀਅਰ ਰਾਨੀ,

ਸਤਿ ਸਿਰੀ ਅਕਾਲ।

ਅੱਜ ਆਉਣ ਜਾਣ ਦੇ ਪ੍ਰੋਗਰਾਮ ਬਣਾ ਰਿਹਾ ਸੀ ਕਿ ਰਿਚਰਡ ਅਤੇ ਨੀਤਾ ਵੀ ਆ ਗਏ। ਕਈ ਦਿਨ ਦੇ ਉਹ ਮੇਰੀ ਪੋਲੈਂਡ ਦੀ ਯਾਤਰਾ ਦੀਆਂ ਫੋਟੋ ਵੇਖਣਾ ਚਾਹੁੰਦੇ ਸਨ। ਅੱਜ ਹੁਣੇ ਹੀ ਗਏ ਹਨ। ਨੀਤਾ ਤੇਰੇ ਲਈ ਇਕ ਚਿੱਠੀ ਲਿਖ ਕੇ ਦੇ ਗਈ ਹੈ। ਦੁਪਹਿਰ ਬਾਅਦ ਡਾ. ਮਲਿਕ ਦੇ ਘਰ ਗੱਪ-ਛੱਪ ਮਾਰਨ ਚਲਾ ਗਿਆ ਅਤੇ ਪਕੌੜੇ ਖਾ ਕੇ ਸ਼ਾਮ ਨੂੰ ਮੁੜਿਆ ਹਾਂ। ਉਸ ਦੇ ਪ੍ਰਵਾਰ ਨਾਲ ਸਭ ਸਲਾਹ-ਮਸ਼ਵਰਾ ਬਗੈਰ ਕਿਸੇ ਸੰਗ-ਝੱਕ ਦੇ ਕਰ ਲਈਦਾ ਹੈ।

26 ਸਤੰਬਰ ਨੂੰ ਪੀ.ਐਚ.ਡੀ. ਦੀ ਡਿਗਰੀ ਮਿਲ ਗਈ। ਇੱਥੇ ਕਨਵੋਕੇਸ਼ਨ ਦਾ ਕੋਈ ਝਮੇਲਾ ਨਹੀਂ, ਇਮਤਿਹਾਨ ਦਾ ਨਤੀਜਾ ਆਉਣ ਸਾਰ ਡਿਗਰੀ ਮਿਲ ਗਈ। ਮੇਰੇ ਪ੍ਰੀਖਿਅਕ ਬਹੁਤ ਖੁਸ਼ ਸਨ ਅਤੇ ਯੂਨੀਵਰਸਿਟੀ ਦੀ ਸਭ ਤੋਂ ਵੱਧ ਮਾਨਤਾ ਵਾਲੀ ਡਿਗਰੀ ਦੀ ਸਿਫਾਰਸ਼ ਕਰ ਗਏ। ਅਕਤੂਬਰ ਦਾ ਮਹੀਨਾ ਵਿਹਲ ਦਾ ਹੋਣ ਕਰਕੇ ਮੈਂ ਮਲਿਕ ਹੋਰਾਂ ਨੂੰ ਪੁੱਛਿਆ, 'ਘਰ ਹੋ ਆਵਾਂ ਕਿ ਇੱਥੇ ਹੀ ਰਹਾਂ?' ਘਰ ਜਾਣ ਲਈ 2500 ਫਰੈਂਕ ਕਿਰਾਇਆ ਚਾਹੀਦਾ ਹੈ। ਜੇਕਰ ਖੋਜ ਬੰਦ ਕਰਕੇ ਪੱਕੇ ਪੈਰੀਂ ਵਾਪਸ ਪਟਿਆਲੇ ਚਲਾ ਜਾਵਾਂ ਤਾਂ ਸਾਰਾ ਖਰਚਾ ਫਰਾਂਸ ਸਰਕਾਰ ਦੇਵੇਗੀ।

ਮਲਿਕ ਸਾਹਿਬ ਦੀ ਰਾਏ ਹੈ ਕਿ ਡਿਗਰੀ ਮਿਲਣ ਬਾਅਦ ਘਰ ਪਰਤਣਾ ਹੀ ਠੀਕ ਹੈ। ਜੇਕਰ ਨਵੀਂ ਖੋਜ ਲਈ ਹੋਰ ਕੰਮ ਕਰਨਾ ਹੈ ਤਾਂ ਬਾਅਦ ਵਿੱਚ ਪੋਸਟ-ਡਾਕ (Post-Doc) ਅਸਾਮੀ ਲਈ ਮੁੜ ਚੋਣ ਹੋ ਸਕਦੀ ਹੈ। ਇਕ ਮਹੀਨੇ ਲਈ ਆਪਣੇ ਖਰਚ ਉਪਰ ਇੰਡੀਆ ਆਉਣਾ ਸੋਭਦਾ ਨਹੀਂ। ਯੂਨੀਵਰਸਿਟੀ ਨੂੰ ਸਤੰਬਰ ਵਿਚ ਲਿਖਿਆ ਸੀ ਕਿ ਮੇਰੀ ਛੁੱਟੀ ਵਿਚ ਵਾਧਾ ਕੀਤਾ ਜਾਵੇ ਪਰ ਅਜੇ ਤੱਕ ਕੋਈ ਜਵਾਬ ਨਹੀਂ ਆਇਆ। ਜੇਕਰ ਇਸ ਦੁਚਿੱਤੀ ਵਿਚ ਹੀ ਰਿਹਾ ਤਾਂ ਮਨ ਉਚਾਟ ਹੋ ਜਾਵੇਗਾ। ਅਜੇ ਤੱਕ ਨਵੀਂ ਖੋਜ ਲਈ ਜੇਨੇਵਾ ਤੋਂ ਕੋਈ ਮਨਜ਼ੂਰੀ ਨਹੀਂ ਆਈ। ਉਨ੍ਹਾਂ ਦੀ ਸ਼ਰਤ ਹੈ ਕਿ ਮੈਂ ਪਟਿਆਲੇ ਦੀ ਬਜਾਏ ਬੰਬਈ ਦੇ ਟਾਟਾ ਇੰਸਟੀਚਿਊਟ ਵਿਚ ਖੋਜ ਕਰਾਂ। ਸੋ ਇਸ ਹਾਲਾਤ ਦੇ ਮੱਦੇ-ਨਜ਼ਰ ਮੇਰਾ ਘਰ ਪਰਤਣਾ ਹੀ ਠੀਕ ਰਹੇਗਾ।

ਪੰਜਾਬੀ ਯੂਨੀਵਰਸਿਟੀ ਵਿਚ ਰੀਡਰ ਅਤੇ ਪ੍ਰੋਫੈਸਰ ਦੀ ਖਾਲੀ ਅਸਾਮੀ ਦੀਆਂ ਪੋਸਟਾਂ ਨਿਕਲੀਆਂ ਸਨ। ਮੈਂ ਰੀਡਰ ਲਈ ਅਤੇ ਮਲਿਕ ਹੋਰਾਂ ਨੇ ਪ੍ਰੋਫੈਸਰ ਲਈ ਆਪਣੀ ਅਰਜੀ ਭੇਜ ਦਿੱਤੀ ਸੀ। ਅਜੇ ਤੱਕ ਇੰਟਰਵੀਯੂ ਦੀ ਕੋਈ ਚਿੱਠੀ ਨਹੀਂ ਮਿਲੀ। ਜੇਕਰ ਮੈਂ ਪੈਰਿਸ ਵਿਚ ਬੈਠਾ ਰਿਹਾ ਤਾਂ ਇਹ ਪੋਸਟ ਵੀ ਜਾਂਦੀ ਰਹੇਗੀ। ਸੁੰਦਰ ਸਿੰਘ ਨੂੰ ਕਹਾਂਗਾ ਕਿ ਇੰਟਰਵੀਯੂ ਬਾਰੇ ਪੁੱਛ-ਗਿੱਛ ਕਰਕੇ ਮੈਨੂੰ ਲਿਖ ਭੇਜੇ। ਅੱਗੇ ਮਹਿੰਦਰ ਸਿੰਘ ਬਾਜਵਾ ਇਹੋ ਜਹੇ ਕੰਮ ਕਰਦਾ ਸੀ, ਪਰ ਹੁਣ ਉਹ ਐਮ ਐਸ ਸੀ ਕਰਕੇ ਕਿਤੇ ਨੌਕਰੀ ਕਰਨ ਚਲਾ ਗਿਆ ਹੋਵੇਗਾ। ਜੇਕਰ ਬਗੈਰ ਤਨਖਾਹ ਤੋਂ ਛੁੱਟੀ ਮਿਲ ਵੀ ਜਾਵੇ ਤਾਂ ਹੋਰ ਕੋਈ ਮੁਸੀਬਤਾਂ ਆ ਪੈਣਗੀਆਂ। ਯੂਨੀਵਰਸਿਟੀ ਵਾਲਾ ਘਰ ਖਾਲ੍ਹੀ ਕਰਕੇ ਮਾਡਲ ਟਾਊਨ ਸ਼ਿਫਟ ਹੋਣਾ ਪਵੇਗਾ। ਇਸ ਸਾਰੇ ਹਾਲਾਤ ਦਾ ਲੇਖਾ-ਜੋਖਾ ਕਰਕੇ ਮਲਿਕ ਦੀ ਸਲਾਹ ਮੰਨਣੀ ਪਈ ਕਿ ਪਟਿਆਲੇ ਮੁੜਨਾ ਹੀ ਮੇਰੇ ਭਵਿੱਖ ਲਈ ਬਿਹਤਰ ਹੋਵੇਗਾ।

ਮੇਰਾ ਮਿੱਤਰ ਨਰੇਸ਼ਪਾਲ ਸਿੰਘ ਜੋਰ ਪਾ ਰਿਹਾ ਹੈ ਕਿ ਮੈਂ ਪੈਰਿਸ ਵਿਚ ਹੀ ਟਿਕਿਆ ਰਹਾਂ। ਉਸ ਨੇ ਕਿਸੇ ਨੂੰ ਮੇਰੇ ਲਈ ਕੰਮ ਲੱਭਣ ਲਈ ਕਿਹਾ ਹੈ। ਕਹਿੰਦਾ ਤੂੰ ਇੱਥੋਂ ਦੇ ਕੰਪਿਊਟਰ ਸੈਂਟਰ ਵਿੱਚ ਟੈਕਨੀਕਲ ਅਸਿਸਟੈਂਟ ਲੱਗ ਜਾ ਅਤੇ ਪ੍ਰੀਵਾਰ ਨੂੰ ਪੈਰਿਸ ਮੰਗਾ ਲੈ। ਮੈਂ ਕਿਹਾ ਟੀਚਿੰਗ ਦੀ ਨੌਕਰੀ ਛੱਡ ਕੇ ਅਸਿਸਟੈਂਟ ਲੱਗਣਾ ਕੋਈ ਵਧੀਆ ਚੋਣ ਨਹੀਂ। ਦੂਜਾ ਮੇਰਾ ਪ੍ਰੀਵਾਰ ਆਪਣੀ ਮਾਂ ਸਮੇਤ ਪੰਜ ਜੀਆਂ ਦਾ ਹੈ ਜੋ ਫਰਾਂਸ ਵਿਚ ਨਹੀਂ ਰਹਿ ਸਕਦਾ। ਲਾਤੀਨੀ ਅਮਰੀਕਾ ਦੇ ਵਿਗਿਆਨੀ ਵਾਪਸ ਨਹੀਂ ਪਰਤਦੇ ਪਰ ਮੇਰੇ ਲਈ ਹੋਰ ਕੋਈ ਚਾਰਾ ਨਹੀਂ।

ਘਰ ਮੁੜਨ ਦੀ ਤਿਆਰੀ ਸ਼ੁਰੂ ਹੋ ਗਈ ਹੈ। ਵਜ਼ੀਫਾ ਦਫਤਰ ਵਾਲੇ ਦੋ ਹਫਤੇ ਵਿਚ ਸਾਰੇ ਡਾਕੂਮੈਂਟ ਤਿਆਰ ਕਰਕੇ ਮੇਰੀ ਵਾਪਸੀ ਟਿਕਟ ਦਾ ਪ੍ਰਬੰਧ ਕਰ ਦੇਣਗੇ। ਮੇਰੇ ਪਾਸ ਇਕ ਹਜ਼ਾਰ ਫਰੈਂਕ ਬਚਿਆ ਹੈ ਜੋ ਕਸਟਮ ਡਿਊਟੀ ਲਈ ਕੰਮ ਆਵੇਗਾ। ਪੈਰਿਸ ਮੇਰਾ ਦੂਜਾ ਘਰ ਬਣ ਗਿਆ ਹੈ। ਮੋਨਸਫ ਫਿਕੀਹ ਵਰਗੇ ਪਿਆਰੇ ਦੋਸਤ ਟਿਊਨਿਸ਼ੀਆ ਦਾ ਸੱਦਾ ਦੇ ਰਹੇ ਹਨ। ਜੀਉਂਦੇ ਰਹੇ ਤਾਂ ਮੁੜ ਯੂਰਪ ਅਤੇ ਹੋਰ ਦੇਸ਼ਾਂ ਦੀ ਸੈਰ ਹੋ ਜਾਵੇਗੀ।

ਉਮੀਦ ਹੈ ਤੇਰੀਆਂ ਉਡੀਕ ਦੀਆਂ ਘੜੀਆਂ ਜਲਦੀ ਹੀ ਖਤਮ ਹੋ

ਜਾਣਗੀਆਂ। 26 ਸਤੰਬਰ ਇਮਤਿਹਾਨ ਦੀ ਤਿਆਰੀ ਵਿਚ ਮਸਤ ਰਿਹਾ ਅਤੇ 28 ਸਤੰਬਰ ਆਪਣੀ ਸ਼ਾਦੀ ਦੀ ਪੰਜਵੀਂ ਵਰ੍ਹੇ ਗੰਢ ਯਾਦ ਹੀ ਨਾ ਰਹੀ। ਰਾਤੀਂ ਅਚਨਚੇਤ ਯਾਦ ਆਈ ਪਰ ਕੋਈ ਸੁਨੇਹਾ ਭੇਜਣ ਦਾ ਵਸੀਲਾ ਨਹੀਂ ਸੀ। ਵੈਸੇ ਵੀ ਅਸੀਂ ਪਹਿਲੀ ਵਰ੍ਹੇ ਗੰਢ ਤੇ ਵੀ ਇਕੱਠੇ ਨਹੀਂ ਸਾਂ। ਹੋ ਸਕਦਾ ਹੈ ਪਟਿਆਲੇ ਪਹੁੰਚਣ ਤੋਂ ਪਹਿਲਾਂ ਖਤ ਪੱਤਰ ਨਾ ਭੇਜ ਸਕਾਂ। ਵੇਖੀਏ ਜੋ ਕੁਦਰਤ ਨੂੰ ਮਨਜੂਰ ਹੈ। ਅੱਚਨਚੇਤ ਮਿਲਾਪ ਵਧੇਰੇ ਖੁਸ਼ੀ ਦਾ ਸੋਮਾ ਬਣ ਜਾਂਦਾ ਹੈ।

ਬੱਚਿਆਂ ਨੂੰ ਪਿਆਰ। ਮਾਤਾ ਜੀ ਨੂੰ ਸਤਿ ਸਿਰੀ ਅਕਾਲ।

ਪਿਆਰ ਸਹਿਤ,
ਹਰਦੇਵ

ਨੋਟ: ਪੈਰਿਸ ਤੋਂ ਪਟਿਆਲੇ ਦਸ ਨਵੰਬਰ, 1972 ਦੀਵਾਲੀ ਦੀ ਰਾਤ ਅਚਨਚੇਤ ਹੀ ਪਹੁੰਚ ਗਿਆ। ਮੇਰੇ ਪ੍ਰੀਵਾਰ ਨੂੰ ਮੇਰੇ ਪਹੁੰਚਣ ਦੀ ਕੋਈ ਖਬਰ ਸੁਰਤ ਨਹੀਂ ਸੀ।